ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 5 | 02 February 2022 to 08 February 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸੁਪਰੀਮ ਕੋਰਟ ਵਿੱਚ ਨਵੀਂ ਪਟੀਸ਼ਨ, ਮੋਦੀ ਸਰਕਾਰ ਘਿਰੀ

### ✪ ਵਕੀਲ ਐਮ.ਐਲ. ਸ਼ਰਮਾ ਵੱਲੋਂ ਪਟੀਸ਼ਨ ਰਾਹੀਂ ਸਿਖ਼ਰਲੀ ਅਦਾਲਤ ਨੂੰ 'ਨਿਊਯਾਰਕ ਟਾਈਮਜ਼' ਦੀ ਰਿਪੋਰਟ ਦਾ ਨੋਟਿਸ ਲੈਣ ਦੀ ਅਪੀਲ ✪ ਇਜ਼ਰਾਈਲ ਨਾਲ਼ ਹੋਏ ਰੱਖਿਆ ਸੌਦੇ ਦੀ ਜਾਂਚ ਵੀ ਮੰਗੀ ✪ ਪੈਗਾਸਸ ਮਾਮਲੇ ਦੀ ਜਾਂਚ ਕਰ ਰਹੀ ਹੈ ਸੁਪਰੀਮ ਕੋਰਟ ਦੀ ਕਮੇਟੀ, ਰਿਪੋਰਟ ਦਾ ਇੰਤਜ਼ਾਰ-ਸਰਕਾਰ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਪੈਗਾਸਸ ਜਾਸੂਸੀ ਸਾਫ਼ਟਵੇਅਰ ਖ਼ਰੀਦਣ ਦੇ ਮਾਮਲੇ ਵਿੱਚ ਮੋਦੀ ਸਰਕਾਰ ਬੁਰੀ ਤਰਾਂ ਫਸ ਚੁੱਕੀ ਹੈ । ਜਦੋਂ ਇਹ ਮਾਮਲਾ ਸਾਹਮਣੇ ਆਇਆ ਸੀ ਤਾਂ ਉਸ ਵੇਲੇ ਹੀ ਸਪੱਸ਼ਟ ਹੋ ਗਿਆ ਸੀ ਕਿ ਇਹ ਸਾਫ਼ਟਵੇਅਰ ਸਰਕਾਰ ਨੇ ਖ਼ਰੀਦਿਆ ਹੈ, ਪਰ ਕੇਂਦਰ ਸਰਕਾਰ ਲਗਾਤਾਰ ਝੂਠ ਉੱਤੇ ਝੂਠ ਬੋਲਦੀ ਰਹੀ । ਇਸ ਮੁੱਦੇ ਉੱਤੇ ਪਿਛਲੇ ਸੰਸਦ ਸਮਾਗਮ ਦੌਰਾਨ ਲਗਾਤਾਰ ਸੰਸਦ ਠੱਪ ਰਹੀ। ਕੇਂਦਰੀ ਮੰਤਰੀਆਂ ਨੇ ਇਹੋ ਹੀ ਰੱਟ ਲਾਈ ਰੱਖੀ ਕਿ ਇਹ ਸਾਰਾ ਰੌਲਾ ਭਾਰਤ ਦੇ ਲੋਕਤੰਤਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ, ਹਾਲਾਂਕਿ ਇਜ਼ਰਾਈਲ ਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਜਾਸੂਸੀ ਸਾਫ਼ਟਵੇਅਰ ਬਣਾਉਣ ਵਾਲੀ ਕੰਪਨੀ ਇਸ ਨੂੰ ਇਜ਼ਰਾਈਲੀ ਸਰਕਾਰ ਦੀ ਮਨਜ਼ੂਰੀ ਨਾਲ਼ ਸਿਰਫ਼ ਸਰਕਾਰਾਂ ਜਾਂ ਸਰਕਾਰੀ ਏਜੰਸੀਆਂ ਨੂੰ ਹੀ ਵੇਚ ਸਕਦੀ ਹੈ, ਕਿਸੇ ਪ੍ਰਾਈਵੇਟ ਸੰਸਥਾ ਨੂੰ ਨਹੀਂ।

ਹੁਣ ਅਮਰੀਕੀ ਅਖ਼ਬਾਰ 'ਨਿਊਯਾਰਕ ਟਾਈਮਜ਼' ਨੇ ਆਪਣੇ 28 ਜਨਵਰੀ ਦੇ ਅੰਕ ਵਿੱਚ ਭਾਰਤ ਸਰਕਾਰ ਵੱਲੋਂ ਵਾਰ-ਵਾਰ ਬੋਲੇ ਜਾ ਰਹੇ ਝੂਠ ਦੇ ਬਖੀਏ ਉਧੇੜ ਦਿੱਤੇ ਹਨ।ਆਪਣੀ ਇੱਕ ਸਾਲ ਦੀ ਪੜਤਾਲ ਤੋਂ ਬਾਅਦ ਅਖ਼ਬਾਰ ਨੇ ਕਿਹਾ ਹੈ ਕਿ ਭਾਰਤ ਸਰਕਾਰ ਨੇ ਇਜ਼ਰਾਈਲ ਸਰਕਾਰ ਨਾਲ਼ ਇੱਕ ਰੱਖਿਆ ਸਮਝੌਤੇ ਅਧੀਨ ਇਹ ਜਾਸੂਸੀ ਸਾਫ਼ਟਵੇਅਰ ਖ਼ਰੀਦਿਆ ਸੀ। ਇਸ ਰਿਪੋਰਟ ਮੁਤਾਬਕ ਜੁਲਾਈ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਜ਼ਰਾਈਲ ਦਾ ਦੌਰਾ ਕੀਤਾ ਸੀ। ਇਸ ਮੌਕੇ ਉੱਤੇ ਹੀ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦਰਮਿਆਨ ਦੋ ਅਰਬ ਦੇ ਇੱਕ ਰੱਖਿਆ ਸਮਝੌਤੇ ਅਧੀਨ ਇਸ ਜਾਸੂਸੀ ਸਾਫ਼ਟਵੇਅਰ ਤੇ ਇੱਕ ਮਿਜ਼ਾਈਲ ਸਿਸਟਮ ਦੀ ਖ਼ਰੀਦ ਕੀਤੀ ਗਈ ਸੀ। ਇਸ ਦੇ ਇਵਜ਼ ਵਜੋਂ ਭਾਰਤ ਸਰਕਾਰ ਨੇ ਸੰਯੁਕਤ ਰਾਸ਼ਟਰ ਵਿੱਚ ਫ਼ਲਸਤੀਨੀ ਮਨੁੱਖੀ ਅਧਿਕਾਰ ਸੰਸਥਾ ਦੇ ਮਸਲੇ ਉੱਤੇ ਇਜ਼ਰਾਈਲ ਦੇ ਹੱਕ ਵਿੱਚ ਵੋਟ ਪਾਈ ਸੀ ।

ਰਿਪੋਰਟ ਵਿੱਚ ਵਿਸਥਾਰ ਨਾਲ਼ ਦੱਸਿਆ ਗਿਆ ਹੈ ਕਿ ਇਸ ਜਾਸੂਸੀ ਹਥਿਆਰ ਦਾ ਦੁਨੀਆ ਭਰ ਵਿੱਚ ਕਿਸ ਤਰਾਂ ਦੁਰਉਪਯੋਗ ਕੀਤਾ ਗਿਆ । ਮੈਕਸੀਕੋ ਵਿੱਚ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ, ਸਾਊਦੀ ਅਰਬ ਵਿੱਚ ਕਤਲ ਕਰ ਦਿੱਤੇ ਗਏ ਟਿੱਪਣੀਕਾਰ ਜਮਾਲ ਖਸ਼ੋਗੀ ਦੇ ਸਹਿਯੋਗੀਆਂ ਵਿਰੁੱਧ ਇਸ ਸਾਫ਼ਟਵੇਅਰ ਦੀ ਵਰਤੋਂ ਕੀਤੀ ਗਈ। ਇਜ਼ਰਾਈਲੀ ਰੱਖਿਆ ਮੰਤਰਾਲੇ ਵੱਲੋਂ ਨਵੇਂ ਰੱਖਿਆ ਸੌਦਿਆਂ ਰਾਹੀਂ ਇਹ ਸਾਫ਼ਟਵੇਅਰ ਸਿਰਫ਼ ਭਾਰਤ ਹੀ ਨਹੀਂ, ਪੋਲੈਂਡ, ਹੰਗਰੀ ਤੇ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਵੀ ਵੇਚਿਆ ਗਿਆ ਸੀ । ਭਾਰਤ ਵਿੱਚ ਜਦੋਂ ਇਸ ਸਾਫ਼ਟਵੇਅਰ ਰਾਹੀਂ ਜਾਸੂਸੀ ਕੀਤੇ ਜਾਣ ਦਾ ਭੇਦ ਖੁੱਲਿਆ ਸੀ ਤਾਂ ਬਹੁਤ ਸਾਰੇ ਨਾਂ ਸਾਹਮਣੇ ਆਏ ਸਨ। ਇਨਾਂ ਵਿੱਚ ਕਾਂਗਰਸੀ ਆਗੂ ਰਾਹੁਲ ਗਾਂਧੀ, ਚੋਣ ਕਮਿਸ਼ਨਰ ਅਸ਼ੋਕ ਲਵਾਸਾ, ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਤੇ ਕੇਂਦਰੀ ਸੂਚਨਾ ਮੰਤਰੀ ਅਸ਼ਵਨੀ ਵੈਸ਼ਨਵ ਦੇ ਨਾਂ ਸ਼ਾਮਲ ਸਨ। ਇਨਾਂ ਤੋਂ ਇਲਾਵਾ 40 ਦੇ ਕਰੀਬ ਪੱਤਰਕਾਰਾਂ, ਜਿਨਾਂ ਵਿੱਚ 'ਇੰਡੀਅਨ ਐੱਕਸਪ੍ਰੈੱਸ' ਦੇ ਤਿੰਨ ਸੰਪਾਦਕਾਂ ਤੇ 'ਦੀ ਵਾਇਰ' ਦੇ ਦੋ ਸੰਪਾਦਕਾਂ ਦੇ ਨਾਂ ਵੀ ਸ਼ਾਮਲ ਸਨ, ਇਸ ਜਾਸੂਸੀ ਹਥਿਆਰ ਦੀ ਮਾਰ ਹੇਠ ਆਏ ਸਨ। ਭੀਮਾ-ਕੋਰੇਗਾਂਵ ਮਾਮਲੇ ਵਿੱਚ ਜੇਲੀਂ ਬੰਦ ਬੁੱਧੀਜੀਵੀਆਂ ਨੂੰ ਫਸਾਉਣ ਲਈ ਵੀ ਇਸ ਦੀ ਵਰਤੋਂ ਕੀਤੀ ਗਈ ਸੀ ।

'ਨਿਊਯਾਰਕ ਟਾਈਮਜ਼' ਦੀ ਰਿਪੋਰਟ ਆਉਣ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਨੇ ਇਹ ਜਾਸੂਸੀ ਹਥਿਆਰ ਆਪਣੇ ਵਿਰੋਧੀਆਂ ਤੇ ਅਸਹਿਮਤੀ ਪ੍ਰਗਟ ਕਰਨ ਵਾਲੇ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਵਿਰੁੱਧ ਵਰਤਣ ਲਈ ਬਕਾਇਦਾ ਭੁਗਤਾਨ ਕਰਕੇ ਖ਼ਰੀਦਿਆ ਸੀ ।

ਇਸ ਮਾਮਲੇ ਦੇ ਤੂਲ ਫੜ ਜਾਣ ਤੋਂ ਬਾਅਦ ਬਹੁਤ ਸਾਰੇ ਪੀੜਤ ਵਿਅਕਤੀਆਂ ਵੱਲੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਸੀ। ਉਸ ਸਮੇਂ ਚੀਫ਼ ਜਸਟਿਸ ਨੇ ਸੁਣਵਾਈ ਕਰਦਿਆਂ ਕਿਹਾ ਸੀ ਕਿ ਸਰਕਾਰ ਹਰ ਸਮੇਂ ਕੌਮੀ ਸੁਰੱਖਿਆ ਦੀ ਦੁਹਾਈ ਦੇ ਕੇ ਬਚ ਨਹੀਂ ਸਕਦੀ। ਇਸ ਮਾਮਲੇ ਦੀ ਡੂੰਘੀ ਛਾਣਬੀਣ ਲਈ ਸੁਪਰੀਮ ਕੋਰਟ ਨੇ 27 ਅਕਤੂਬਰ 2021 ਨੂੰ ਸੇਵਾ-ਮੁਕਤ ਜਸਟਿਸ ਆਰ. ਵੀ. ਰਵਿੰਦਰਨ ਦੀ ਅਗਵਾਈ ਹੇਠ ਇੱਕ ਜਾਂਚ ਕਮੇਟੀ ਦਾ ਗਠਨ ਕੀਤਾ ਸੀ । ਹੁਣ ਜਦੋਂ ਸਾਰਾ ਸੱਚ ਸਾਹਮਣੇ ਆ ਚੁੱਕਾ ਹੈ, ਸੁਪਰੀਮ ਕੋਰਟ ਕੀ ਫ਼ੈਸਲਾ ਲੈਂਦੀ ਹੈ, ਇਹ ਆਉਣ ਵਾਲੇ ਦਿਨਾਂ ਵਿੱਚ ਸਾਫ਼ ਹੋ ਜਾਵੇਗਾ ।

ਨਵੀਂ ਪਟੀਸ਼ਨ ਸੁਪਰੀਮ ਕੋਰਟ ਵਿੱਚ ਇਜ਼ਰਾਇਲੀ ਜਾਸੂਸੀ ਸਾਫ਼ਟਵੇਅਰ (ਸਪਾਈਵੇਅਰ) ਪੈਗਾਸਸ ਦੀ ਕਥਿਤ ਵਰਤੋਂ ਦੇ ਮਾਮਲੇ ਵਿੱਚ ਹੁਣ ਸੁਪਰੀਮ ਕੋਰਟ ਵਿੱਚ ਇੱਕ ਨਵੀਂ ਪਟੀਸ਼ਨ ਦਾਇਰ ਕੀਤੀ ਗਈ ਹੈ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਅਦਾਲਤ 'ਨਿਊਯਾਰਕ ਟਾਈਮਜ਼' ਦੀ ਤਾਜ਼ਾ ਰਿਪੋਰਟ ਦਾ ਨੋਟਿਸ ਲਏ ਤੇ 2017 ਵਿੱਚ ਇਜ਼ਰਾਈਲ ਨਾਲ਼ ਹੋਏ ਰੱਖਿਆ ਸੌਦੇ ਦੀ ਜਾਂਚ ਦੇ ਹੁਕਮ ਦਿੱਤੇ ਜਾਣ। ਬਾਕੀ ਸਫ਼ਾ 30 'ਤੇ



## ਮੋਦੀ ਸਰਕਾਰ ਨੇ ਦੇਸ਼ ਧ੍ਰੋਹ ਕੀਤਾ: ਰਾਹੁਲ ਗਾਂਧੀ

**ਨਵੀਂ ਦਿੱਲੀ:** ਸੰਸਦ ਦੇ ਬਜਟ ਇਜਲਾਸ ਤੋਂ ਐਨ ਪਹਿਲਾਂ ਅਮਰੀਕੀ ਅਖ਼ਬਾਰ ਵਿੱਚ ਭਾਰਤ ਵੱਲੋਂ ਜਾਸੂਸੀ ਸਾਫ਼ਟਵੇਅਰ ਪੈਗਾਸਸ ਦੀ ਖ਼ਰੀਦ ਸੰਬੰਧੀ ਖ਼ੁਲਾਸੇ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਉਬਾਲ ਆ ਗਿਆ ਹੈ। ਜਿੱਥੇ ਵਿਰੋਧੀ ਧਿਰ ਕਾਂਗਰਸ ਨੇ ਮੋਦੀ ਸਰਕਾਰ 'ਤੇ ਤਿੱਖਾ ਵਾਰ ਕਰਦਿਆਂ ਲੋਕਾਂ ਦੀ ਗ਼ੈਰ-ਕਾਨੂੰਨੀ ਜਾਸੂਸੀ ਨੂੰ 'ਦੇਸ਼ ਧ੍ਰੋਹ' ਕਰਾਰ ਦਿੱਤਾ, ਉੱਥੇ ਭਾਜਪਾ ਦੇ ਹੀ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਇਸ ਖ਼ੁਲਾਸੇ 'ਤੇ ਆਪਣੀ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰਦਿਆਂ ਸਪੱਸ਼ਟੀਕਰਨ ਦੀ ਮੰਗ ਕੀਤੀ ਹੈ। ਕਾਂਗਰਸ ਆਗੂਆਂ ਨੇ ਸਰਕਾਰ ਖ਼ਿਲਾਫ਼ ਮੋਰਚਾ ਖੋਲਦਿਆਂ ਇਸ ਨੂੰ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜ਼ਿੰਮੇਵਾਰੀ ਕਰਾਰ ਦਿੱਤਾ। ਬਾਕੀ ਸਫ਼ਾ 30 'ਤੇ

# ਭੁੱਲਰ ਦੀ ਰਿਹਾਈ ਕੇਜਰੀਵਾਲ ਸਰਕਾਰ ਦੇ ਬੋਰਡ ਨੇ ਕੀਤੀ ਸੀ ਰੱਦ

### ✪ ਬਾਦਲ ਦਲ ਤੇ ਪੰਥਕ ਜਥੇਬੰਦੀਆਂ ਕੇਜਰੀਵਾਲ ਦੀ ਕੀਤੀ ਨਿਖੇਧੀ

### ✪ ਅੰਮ੍ਰਿਤਸਰ ਵਿੱਚ ਸਿੱਖਾਂ ਵੱਲੋਂ ਕੇਜਰੀਵਾਲ ਦਾ ਘਿਰਾਓ

**ਅੰਮ੍ਰਿਤਸਰ /ਏ.ਟੀ.ਨਿਊਜ਼:** ਦਵਿੰਦਰਪਾਲ ਸਿੰਘ ਭੁੱਲਰ ੧੯੯੫ ਤੋਂ ਹੀ ਭਾਰਤ ਵਿੱਚ ਉਹ ਉਦੋਂ ਤੋਂ ਹੀ ਵੱਖ-ਵੱਖ ਜੇਲਾਂ ਵਿੱਚ ਰਹੇ ਹਨ।ਦਿੱਲੀ ਦੀ ਤਿਹਾੜ ਜੇਲ ਵਿੱਚ ਕੈਦ ਪ੍ਰੋਫ਼ੈਸਰ ਭੁੱਲਰ ਦੀ ਰਿਹਾਈ ਦਾ ਮਸਲਾ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇੱਕ ਅਹਿਮ ਮੁੱਦਾ ਬਣਦਾ ਦਿਖ ਰਿਹਾ ਹੈ। ਪਿਛਲੇ ਦਿਨੀਂ ਦਰਜਨਾਂ ਸਿੱਖ ਸੰਗਠਨ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਫਤਿਹਗੜ ਸਾਹਿਬ ਤੋਂ ਚੰਡੀਗੜ ਤੱਕ ਮਾਰਚ ਕਰਕੇ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਵੀ ਦੇ ਚੁੱਕੀਆਂ ਹਨ। ਇੱਥੇ ਪੰਜਾਬ ਵਿੱਚ ੧੯੮੦ਵਿਆਂ ਦੌਰਾਨ ਸ਼ੁਰੂ ਹੋਈ ਖਾੜਕੂ ਲਹਿਰ ਦੌਰਾਨ ਹਿੰਸਕ ਤੇ ਖਾੜਕੂ ਗਤੀਵਿਧੀਆਂ ਦੇ ਇਲਜ਼ਾਮਾਂ/ ਮਾਮਲਿਆਂ ਤਹਿਤ ਜੇਲਾਂ ਵਿੱਚ ਬੰਦ ਖ਼ਾਲਿਸਤਾਨ ਪੱਖੀ ਕੈਦੀਆਂ ਦੀ ਗੱਲ ਹੋ ਰਹੀ ਹੈ। ਇਨਾਂ ਵਿੱਚ ਕਈ ਤਾਂ ੨੫-੩੦ ਸਾਲ ਤੋਂ ਵੀ ਵੱਧ ਸਮੇਂ ਤੋਂ ਵੱਖ-ਵੱਖ ਸਜ਼ਾਵਾਂ ਤਹਿਤ ਜੇਲਾਂ ਵਿੱਚ ਬੰਦ ਹਨ। ਭਾਰਤ ਦੀ ਮੋਦੀ ਸਰਕਾਰ ਨੇ ੨੦੧੯ ਵਿੱਚ ਗੁਰੂ ਨਾਨਕ ਸਾਹਿਬ ਦੇ ੫੫੦ਵੇਂ ਗੁਰਪੁਰਬ ਮੌਕੇ ੮ ਸਿੱਖ ਕੈਦੀ ਰਿਹਾਅ ਕਰਨ ਦੇ ਹੁਕਮ ਦਿੱਤੇ ਸਨ। ਭੁੱਲਰ ਵੀ ਉਨਾਂ ਅੱਠਾਂ ਵਿੱਚੋਂ ਇੱਕ ਹਨ।



**ਦਵਿੰਦਰਪਾਲ ਸਿੰਘ ਭੁੱਲਰ ਕੌਣ ਹਨ ?**

ਦਵਿੰਦਰਪਾਲ ਸਿੰਘ ਭੁੱਲਰ ਉੱਤੇ ੧੯੯੧ ਵਿੱਚ ਪੰਜਾਬ ਪੁਲਿਸ ਦੇ ਅਧਿਕਾਰੀ ਸੁਮੇਧ ਸੈਣੀ, ਜੋ ਬਾਅਦ ਵਿੱਚ ਪੰਜਾਬ ਦੇ ਡੀ. ਜੀ. ਪੀ. ਵਜੋਂ ਸੇਵਾਮੁਕਤ ਹੋਏ, ਉੱਤੇ ਹੋਏ ਖਾੜਕੂ ਹਮਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲੱਗੇ ਸਨ। ਉਹ ਉਸ ਸਮੇਂ ਲੁਧਿਆਣਾ ਦੇ ਜੀ. ਐੱਨ. ਈ. ਕਾਲਜ ਵਿੱਚ ਕੈਮੀਕਲ ਇੰਜੀਅਨਿੰਗ ਦੇ ਪ੍ਰੋਫ਼ੈਸਰ ਸਨ। ਜਿਸ ਕਾਰਨ ਉਹ ਰੂਪੋਸ਼ ਹੋ ਗਏ।੧੯੯੩ ਵਿੱਚ ਆਲ਼ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਉੱਤੇ ਖਾੜਕੂ ਹਮਲੇ ਵਿੱਚ ਵੀ ਭੁੱਲਰ ਦਾ ਨਾਮ ਲਿਆ ਗਿਆ। ਬਾਕੀ ਸਫ਼ਾ 30 'ਤੇ

## ਕੈਨੇਡੀਅਨ ਸਰਕਾਰ ਨੂੰ 1985 ਦੇ ਦੋ ਏਅਰ ਇੰਡੀਆ ਬੰਬ ਧਮਾਕਿਆਂ ਦੀ ਮੁੜ ਜਾਂਚ ਕਰਨੀ ਚਾਹੀਦੀ ਹੈ

### ਹਾਲੀਆ ਘਟਨਾਵਾਂ ਦੇ ਮੱਦੇਨਜ਼ਰ ਕੈਨੇਡੀਅਨ ਸਿੱਖ ਭਾਈਚਾਰੇ ਵਿੱਚ ਚਿੰਤਾ



**ਵੈਨਕੂਵਰ/ਏ.ਟੀ.ਨਿਊਜ਼ :-** 1985 ਦੇ ਦੋ ਏਅਰ ਇੰਡੀਆ ਬੰਬ ਧਮਾਕਿਆਂ ਦੀ ਅਗਵਾਈ ਵਿੱਚ ਭਾਰਤੀ ਏਜੰਟਾਂ ਦੁਆਰਾ ਨਿਭਾਈ ਗਈ ਭੂਮਿਕਾ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਇੱਕ ਸਾਬਕਾ ਸ਼ੱਕੀ ਅਤੇ ਭਾਰਤੀ ਸਥਾਪਨਾ ਵਿਚਕਾਰ ਵਧ ਰਹੇ ਸੁਖਾਵੇਂ ਸੰਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਡੂੰਘਾਈ ਨਾਲ਼ ਜਾਂਚ ਦਾ ਆਦੇਸ਼ ਦੇਣਾ ਸਮਝਦਾਰੀ ਹੋਵੇਗੀ। ਆਇਰਿਸ਼ ਸਾਗਰ ਦੇ ਉੱਪਰ ਏਅਰ ਇੰਡੀਆ ਦੀ ਉਡਾਣ 182 ਦੇ ਮੱਧ ਹਵਾਈ ਬੰਬ ਧਮਾਕੇ ਵਿੱਚ 329 ਲੋਕ ਮਾਰੇ ਗਏ ਸਨ। ਇਸ ਤੋਂ ਇਲਾਵਾ, ਸਮਾਨ ਵਿੱਚ ਸਟੀਰੀਓ ਟਿਊਨਰ ਵਿੱਚ ਰੱਖੇ ਇੱਕ ਹੋਰ ਬੰਬ ਕਾਰਨ ਨਰੀਤਾ ਹਵਾਈ ਅੱਡੇ 'ਤੇ ਦੋ ਸਮਾਨ ਹੈਂਡਲਰ ਦੀ ਮੌਤ ਹੋ ਗਈ ਸੀ।

ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੂਟਕੇਸ ਬੰਬਾਂ ਦੀ ਜਾਂਚ ਕੀਤੀ ਗਈ ਸੀ। ਬੀ ਸੀ ਦੀ ਧਰਤੀ 'ਤੇ ਰਚੀ ਗਈ ਇਸ ਸਾਜ਼ਿਸ਼ ਦਾ ਦੋਸ਼ ਭਾਰਤ ਸਰਕਾਰ ਤੋਂ ਬਦਲਾ ਲੈਣ ਲਈ ਸਿੱਖਾਂ 'ਤੇ ਲਗਾਇਆ ਗਿਆ ਸੀ। ਇਹ ਉਦੋਂ ਹੋਇਆ ਜਦੋਂ ਸੱਤਾਧਾਰੀ ਪਾਰਟੀ ਨੇ 1984 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਹੱਤਿਆ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਨੂੰ ਅੰਜਾਮ ਦਿੱਤਾ ਸੀ। ਉਸੇ ਸਾਲ ਜੂਨ ਦੇ ਸ਼ੁਰੂ ਵਿੱਚ, ਗਾਂਧੀ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਹੁਕਮ ਦਿੱਤਾ ਸੀ। ਮੁੱਠੀ ਭਰ ਜੁਝਾਰੂਆਂ ਨਾਲ਼ ਨਜਿੱਠਣ ਲਈ ਬਦਕਿਸਮਤੀ ਨਾਲ਼ ਫ਼ੌਜੀ ਅਪ੍ਰੇਸ਼ਨ ਸ਼ੁਰੂ ਕੀਤਾ ਗਿਆ ਸੀ, ਜਿਨਾਂ 'ਤੇ ਪਵਿੱਤਰ ਸਥਾਨ ਦੇ ਅੰਦਰ ਹਥਿਆਰਾਂ ਦਾ ਭੰਡਾਰ ਕਰਨ ਦਾ ਦੋਸ਼ ਸੀ। ਬਾਕੀ ਸਫ਼ਾ 30 'ਤੇ

TRANS-ALLIANCE

TOGETHER WE SAVE

**FUEL DISCOUNTS**

UPTO 80 CENTS PER GALLON DISCOUNT

MAJOR NETWORK OF TRUCK STOPS

**FUEL CARDS**

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

**YOU BREAK DOWN**

WE SHOW UP

24-HOUR ROADSIDE ASSISTANCE

**TRUCK REPAIR & TIRE DISCOUNTS**

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

**FUEL MANAGEMENT**

DAILY FUEL RATES IN PHONE APP

CALL FOR MORE INFO

(855)641-6955, (888)795-7035

# ਬਰਤਾਨੀਆ ਵਿੱਚ ਭਾਈ ਹਰਮੀਤ ਸਿੰਘ ਪੀ.ਐੱਚ.ਡੀ ਦੀ ਯਾਦ ਵਿੱਚ ਹੋਇਆ ਵਿਸ਼ਾਲ ਸ਼ਹੀਦੀ ਸਮਾਗਮ

## 'ਸਿੱਖਾਂ ਦਾ ਸੰਘਰਸ਼ ਤੋਂ ਧਿਆਨ ਭਟਕਾਉਣ ਲਈ ਵੱਖ-ਵੱਖ ਸਮਾਜਿਕ ਪ੍ਰੋਜੈਕਟ ਹੋਂਦ ਵਿੱਚ ਆਏ : ਡੱਲੇਵਾਲ'



**ਲੰਡਨ/ਏ.ਟੀ.ਨਿਊਜ਼ :-** ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਛੇਵੇਂ ਮੁਖੀ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਵੱਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਸੂਰਬੀਰ ਜੁਝਾਰੂ ਭਾਈ ਹਰਮੀਤ ਸਿੰਘ ਉਰਫ ਹੈੱਪੀ ਉਰਫ ਪੀ.ਐੱਚ. ਡੀ ਅਤੇ ਭਾਈ ਅਮਰਜੀਤ ਸਿੰਘ ਸ਼ਹਿਜਾਦਾ ਦੀ ਯਾਦ ਵਿੱਚ ਗੁਰੂ ਨਾਨਕ ਗੁਰਦਵਾਰਾ ਲੈਸਟਰ ਵਿਖੇ 30 ਜਨਵਰੀ ਐਤਵਾਰ ਨੂੰ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਇਆ ਗਿਆ। ਗੁਰਦਵਾਰਾ ਪ੍ਰਬੰਧਕ ਕਮੇਟੀ, ਸਿੱਖ ਨੌਜਵਾਨਾਂ, ਸਿੱਖ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਅਰੰਭ ਕਰਵਾਏ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਉਣ ਉਪਰੰਤ ਭਾਰੀ ਦੀਵਾਨ ਸਜਾਇਆ ਗਿਆ। ਜਿਸ ਵਿੱਚ ਕੀਰਤਨੀ ਜੱਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ । ਸਿੱਖ ਜਥੇਬੰਦੀਆਂ ਨੇ ਭਾਈ ਹਰਮੀਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਸ਼ਹਿਜਾਦਾ ਸਮੇਤ ਖ਼ਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸਮੂਹ ਸ਼ਹੀਦਾਂ ਨੂੰ ਜਿੱਥੇ ਸ਼ਰਧਾ ਦੇ ਫੁੱਲ ਅਰਪਤ ਕੀਤੇ ਉੱਥੇ ਜੇਲਾਂ ਵਿੱਚ ਬੰਦ ਸਿੰਘਾਂ ਦੀ ਸੁਰੱਖਿਆ ਅਤੇ ਰਿਹਾਈ ਲਈ ਅਵਾਜ਼ ਬੁਲੰਦ ਕੀਤੀ। ਸ਼ਹੀਦ ਭਾਈ ਕੁਲਵੰਤ ਸਿੰਘ ਖੁਖਰਾਣਾ ਦੇ ਸਪੁੱਤਰ ਭਾਈ ਅਵਤਾਰ ਸਿੰਘ ਖੰਡਾ ਵੱਲੋਂ ਸਟੇਜ ਦੀ ਸੇਵਾ ਨਿਭਾਈ ਗਈ। ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਸਿੱਖ ਫ਼ੈਡਰੇਸ਼ਨ ਯੂ.ਕੇ. ਦੇ ਵਾਈਸ ਚੇਅਰਮੈਨ ਭਾਈ ਕੁਲਦੀਪ ਸਿੰਘ ਚਹੇੜੂ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਰਾਜਮਨਵਿੰਦਰ ਸਿੰਘ ਰਾਜਾ ਕੰਗ, ਕੇ.ਟੀ.ਵੀ ਮਾਲਕ ਭਾਈ ਜਗਜੀਤ ਸਿੰਘ ਜੀਤਾ, ਸਿੱਖ ਯੂਥ ਯੂ.ਕੇ. ਦੇ ਮੁਖੀ ਭਾਈ ਦੀਪਾ ਸਿੰਘ, ਨੌਜਵਾਨ ਭਾਈ ਤਾਜਵਿੰਦਰ ਸਿੰਘ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ । ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਲੋੜਵੰਦ ਸ਼ਹੀਦ ਪਰਿਵਾਰਾਂ ਜਾਂ ਜੇਲਾਂ ਵਿੱਚ ਬੰਦ ਸਿੰਘਾਂ ਦੀ ਸਿੱਧੇ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕਿਸੇ ਚੈਰਟੀ ਜਾਂ ਸੰਸਥਾ ਰੂਪੀ ਵਿਚੋਲਿਆਂ ਤੋਂ ਬਚਿਆ ਜਾਵੇ ਕਿਉਂਕਿ ਸ਼ਹੀਦਾਂ ਦੇ ਖ਼ੂਨ ਨਾਲ਼ ਆਰਥਿਕ ਅਤੇ ਸਿਆਸੀ ਲਾਭ ਲੈਣ ਵਾਲੇ ਪੌਣ ਕੁੱਕੜਾਂ ਦੀ ਬੜੀ ਭਰਮਾਰ ਹੈ । ਭਾਈ ਰਾਜਨਮਵਿੰਦਰ ਸਿੰਘ ਰਾਜਾ ਕੰਗ ਨੇ ਭਾਈ ਹਰਮੀਤ ਸਿੰਘ ਦੀ ਸ਼ਹਾਦਤ ਨੂੰ ਈਰਖਾ ਦੀ ਉਪਜ ਆਖਿਆ ਕਿ ਵੱਡੇ ਬੰਦੇ ਛੋਟਿਆਂ ਨੂੰ ਕਬੂਲ ਨਹੀਂ ਕਰਦੇ। ਜਦਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਸੰਗਤਾਂ ਨੂੰ ਸੁਚੇਤ ਕਰਦਿਆਂ ਆਖਿਆ ਕਿ ਭਾਰਤ ਸਰਕਾਰ ਵੱਲੋਂ ਸਿੱਖ ਸੰਗਤਾਂ ਦਾ ਸੰਘਰਸ਼ ਤੋਂ ਧਿਆਨ ਲਾਂਭੇ ਕਰਨ ਲਈ ਵੱਖ-ਵੱਖ ਸਮਾਜਿਕ ਪ੍ਰੋਜੈਕਟ ਹੋਂਦ ਵਿੱਚ ਲਿਆਂਦੇ ਗਏ। ਜਿਸ ਕਾਰਨ ਜੋ ਸਿੱਖ ਸੰਗਤਾਂ ਦੀ ਮਾਇਆ ਸੰਘਰਸ਼ ਦੌਰਾਨ ਸ਼ਹੀਦ ਹੋਏ ਸਿੰਘਾਂ ਦੇ ਪਰਿਵਾਰਾਂ, ਜੇਲਾਂ ਵਿੱਚ ਬੰਦ ਸਿੰਘਾਂ ਦੀ ਪੈਰਵਈ ਅਤੇ ਸੰਘਰਸ਼ਮਈ ਯੋਧਿਆਂ ਤੇ ਲੱਗਣੀ ਸੀ ਉਹ ਇਨਾਂ ਸਮਾਜਿਕ ਪ੍ਰੋਜੈਕਟਾਂ 'ਤੇ ਲੱਗ ਰਹੀ ਹੈ। ਭਾਈ ਹਰਮੀਤ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕੀਤੀ ਅਤੇ ਉਸਦੀ ਸ਼ਹਾਦਤ ਨੂੰ ਕੌਮੀ ਪੱਧਰ 'ਤੇ ਪਿਆ ਵੱਡਾ ਘਾਟਾ ਕਰਾਰ ਦਿੱਤਾ ਗਿਆ। ਕਾਵੈਂਟਰੀ ਦੀਆਂ ਛੋਟੀਆਂ ਬੱਚੀਆਂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ਼ ਕੌਮ ਨੂੰ ਹਲੂਣਾ ਅਤੇ ਸਿੱਖ ਦੁਸ਼ਮਣ ਦਿੱਲੀ ਤਖ਼ਤ ਨੂੰ ਵੰਗਾਰਦੀਆਂ ਕਵਿਤਾਵਾਂ ਪੜੀਆਂ ਗਈਆਂ। ਸ਼ਹੀਦੀ ਸਮਾਗਮ ਵਿੱਚ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

# ਤਿਹਾੜ ਜੇਲ ਅੰਦਰ ਬੰਦ ਜੱਗੀ ਜੌਹਲ ਦੇ ਜਨਮ ਦਿਹਾੜੇ 9 ਫਰਵਰੀ ਨੂੰ ਉਸਦੀ ਰਿਹਾਈ ਲਈ ਹੋਵੇਗੀ ਅੰਤਰਰਾਸ਼ਟਰੀ ਗੁਰੂਘਰਾਂ ਵਿਚ ਅਰਦਾਸ

## ਗੈਰਕਾਨੂੰਨੀ ਤੌਰ 'ਤੇ ਨਜ਼ਰਬੰਦ ਜੱਗੀ ਦੇ ਜਨਮ ਦਿਨ ਲਈ ਸਿੱਖ ਭਾਈਚਾਰਾ ਇੱਕਜੁੱਟ ਹੋਇਆ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** 9 ਫਰਵਰੀ ਨੂੰ ਜੱਗੀ ਦਾ 35ਵਾਂ ਜਨਮ ਦਿਨ ਹੈ ਅਤੇ ਇਹ ਸਾਲ ਹਿੰਦੁਸਤਾਨੀ ਜੇਲ ਵਿੱਚ ਗੈਰਕਾਨੂੰਨੀ ਢੰਗ ਨਾਲ ਨਜ਼ਰਬੰਦ ਕੀਤੇ ਜਾਣ ਦਾ 5ਵਾਂ ਸਾਲ ਹੋਵੇਗਾ।

ਉਸ ਨੂੰ ਵਿਆਹ ਤੋਂ ਦੋ ਹਫ਼ਤੇ ਬਾਅਦ 4 ਨਵੰਬਰ, 2017 ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਉਦੋਂ ਤੋਂ ਉਹ ਤਸੀਹੇ, ਦੁਰਵਿਵਹਾਰ ਅਤੇ ਆਪਣੇ ਪਰਿਵਾਰ ਤੋਂ ਵਿਛੋੜੇ ਦਾ ਸੰਤਾਪ ਭੋਗ ਰਿਹਾ ਹੈ।

ਦੁਨੀਆ ਭਰ ਦੇ ਸਿੱਖ ਜੱਗੀ ਦੀ ਅਵਾਜ਼ ਬਣਨ ਲਈ ਇੱਕਜੁੱਟ ਹੋਏ ਹਨ ਅਤੇ ਜੱਗੀ ਦੀ ਰਿਹਾਈ ਅਤੇ ਯੂਕੇ ਵਾਪਸ ਆਉਣ ਲਈ ਇੱਕ ਅੰਤਰਰਾਸ਼ਟਰੀ ਪ੍ਰਾਰਥਨਾ (ਚੌਪਈ ਸਾਹਿਬ ਅਤੇ ਅਰਦਾਸ) ਦਾ ਆਯੋਜਨ ਕੀਤਾ ਜਾ ਰਿਹਾ ਹੈ।

ਦੀਪਾ ਸਿੰਘ, ਸਿੱਖ ਰਾਜਨੀਤਿਕ ਕਾਰਕੁਨ ਜੋ ਬਹੁਤ ਸਾਰੇ ਪ੍ਰੋਜੈਕਟਾਂ ਅਤੇ ਮੁਹਿੰਮਾਂ ਨੂੰ ਚਲਾਉਂਦਾ ਹੈ, ਫ੍ਰੀ ਜੱਗੀ ਨਾਓ ਮੁਹਿੰਮ ਵਿੱਚ ਸਰਗਰਮ ਰੂਪ ਵਿੱਚ ਸ਼ਾਮਲ ਹੋਇਆ ਹੈ, ਨੇ ਕਿਹਾ: 'ਅਸੀਂ ਕਈ ਸਾਲਾਂ ਤੋਂ ਜੱਗੀ ਦੇ ਪਰਿਵਾਰ ਦੀ ਮਦਦ ਕਰਨ ਲਈ ਮੁਹਿੰਮ ਚਲਾ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ



ਕਿ ਉਸਦੀ ਮੁਹਿੰਮ ਸਫਲ ਹੋਵੇ। ਇਹ ਸ਼ਰਮ ਦੀ ਗੱਲ ਹੈ ਕਿ ਹਿੰਦੁਸਤਾਨ ਅਤੇ ਯੂ.ਕੇ. ਦੀਆਂ ਸਰਕਾਰਾਂ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜੋ ਸਿੱਖ ਮਨੁੱਖੀ ਅਧਿਕਾਰਾਂ ਦੇ ਅੱਤਿਆਚਾਰਾਂ ਬਾਰੇ ਜਾਗਰੂਕਤਾ ਪੈਦਾ ਕਰਦੇ ਹਨ। ਜੱਗੀ ਦੇ ਭਰਾ ਅਤੇ ਫਰੀ ਜੱਗੀ ਨਾਓ ਮੁਹਿੰਮ ਦੇ ਆਗੂ ਗੁਰਪ੍ਰੀਤ ਸਿੰਘ ਜੌਹਲ ਨੇ ਅੱਗੇ ਕਿਹਾ: 'ਅਸੀਂ ਸੰਗਤ (ਸਿੱਖ ਭਾਈਚਾਰੇ) ਦੇ ਸਮਰਥਨ ਦੀ ਸ਼ਲਾਘਾ ਕਰਦੇ ਹਾਂ, ਜਿਨਾਂ ਨੇ ਪਹਿਲੇ ਦਿਨ ਤੋਂ ਸਾਡੇ ਪਰਿਵਾਰ ਅਤੇ ਜੱਗੀ ਦਾ ਲਗਾਤਾਰ ਸਮਰਥਨ ਕੀਤਾ ਹੈ। ਜੱਗੀ ਨੂੰ 4 ਨਵੰਬਰ 2017 ਤੋਂ ਅਣਮਨੁੱਖੀ ਅਤੇ ਅਪਮਾਨਜਨਕ ਸਲੂਕ ਦੇ ਅਧੀਨ, ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤਾ ਗਿਆ ਹੈ, ਯੂ.ਕੇ. ਵਿੱਚ ਸਿੱਖ ਕਾਰਕੁਨਾਂ ਦੀਆਂ ਤਸਵੀਰਾਂ ਦਿਖਾਉਂਦੇ ਹੋਏ ਖਾਲੀ ਕਾਗਜ਼ਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਹੈ। ਜੱਗੀ ਨੂੰ ਹਿੰਦੋਸਤਾਨ ਅਤੇ ਯੂ.ਕੇ. ਸਰਕਾਰ ਦੁਆਰਾ ਅਸਫਲ ਕੀਤਾ ਗਿਆ ਹੈ ਜੋ ਵਪਾਰ 'ਤੇ ਧਿਆਨ ਕੇਂਦਰਤ ਕਰ ਰਹੇ ਹਨ, ਪਰ ਸਿੱਖ ਭਾਈਚਾਰੇ ਦੁਆਰਾ ਅਸਫਲ ਨਹੀਂ ਹੋਇਆ ਹੈ।

ਕੈਨੇਡਾ ਭਰ ਦੇ ਗੁਰਦੁਆਰਿਆਂ ਨੇ ਭਾਈ ਜਗਤਾਰ ਸਿੰਘ ਜੌਹਲ ਅਤੇ ਹੋਰ ਸਾਰੇ ਸਿੱਖ ਸਿਆਸੀ ਕੈਦੀਆਂ ਦੀ ਚੜਦੀ ਕਲਾ ਲਈ ਦਿਨ 'ਤੇ ਅਰਦਾਸ ਅਤੇ ਚੌਪਈ ਸਾਹਿਬ ਕਰਨ ਦੇ ਸੱਦੇ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਮਲ ਹੋ ਗਏ ਹਨ।

ਬਾਕੀ ਸਫ਼ਾ 32 'ਤੇ

# ਇਟਲੀ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰ ਰਹੀ ਦੌੜਾਕ ਲਵਪ੍ਰੀਤ

## ਨੈਸ਼ਨਲ ਪੱਧਰ ਦੀਆਂ 400 ਮੀਟਰ ਦੀਆਂ ਦੌੜਾਂ ਦੇ ਫ਼ਾਈਨਲ ਲਈ ਕੀਤਾ ਕੁਆਲੀਫ਼ਾਈ



**ਮਿਲਾਨ/ਏ.ਟੀ.ਨਿਊਜ਼ :** ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਦੇ ਪਿੰਡ ਖ਼ਾਨਖ਼ਾਨਾ ਦੇ ਨਾਲ਼ ਸਬੰਧ ਰੱਖਣ ਵਾਲੀ ਲਵਪ੍ਰੀਤ ਕੌਰ ਰਾਏ ਨੇ ਰਾਸ਼ਟਰੀ ਪੱਧਰ 'ਤੇ 400 ਮੀਟਰ ਦੀਆਂ ਹੋਣ ਵਾਲੀਆਂ ਦੌੜਾਂ ਵਿੱਚ ਫ਼ਾਈਨਲ ਲਈ ਕੁਆਲੀਫ਼ਾਈ ਕਰ ਲਿਆ ਹੈ, ਇਸ ਤੋਂ ਇਲਾਵਾ ਉਹ ਰਾਸ਼ਟਰੀ ਪੱਧਰ 'ਤੇ ਹੀ 800 ਮੀਟਰ ਦੀਆਂ ਹੋਣ ਜਾ ਰਹੀਆਂ ਦੌੜਾਂ ਲਈ ਤਿਆਰੀ ਕਰ ਰਹੀ ਹੈ। ਲਵਪ੍ਰੀਤ ਰਾਏ ਜੋ ਕਿ ਇਟਲੀ ਦੇ ਸ਼ਹਿਰ ਰਾਵੇਨਾ ਦੇ ਕਸਬਾ ਬ੍ਰਿਸੀਗੇਲਾ ਦੀ ਰਹਿਣ ਵਾਲੀ ਹੈ, ਇਸ ਦੀ ਉਮਰ 17 ਸਾਲ ਹੈ ਅਤੇ ਇਟਲੀ ਦੀ ਹੀ ਜੰਮਪਲ ਹੈ ਤੇ ਪੜਾਈ ਵੀ ਕਰ ਰਹੀ ਹੈ। ਉਸ ਦੇ ਪਿਤਾ ਅਮਰਜੀਤ ਸਿੰਘ ਰਾਏ ਨੇ ਦੱਸਿਆ ਕਿ ਉਨਾਂ ਦੀ ਬੇਟੀ ਹੁਣ ਤੱਕ ਵੱਡੀ ਗਿਣਤੀ ਵਿੱਚ ਸਟੇਟ ਪੱਧਰ ਅਤੇ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਮੈਡਲ ਜਿੱਤ ਚੁੱਕੀ ਹੈ ਤੇ ਪੂਰੀ ਮਿਹਨਤ ਅਤੇ ਲਗਨ ਨਾਲ਼ ਆਪਣੀ ਖੇਡ ਵੱਲ ਧਿਆਨ ਦੇ ਰਹੀ ਹੈ, ਜਿਸ ਨੇ ਪਿਛਲੇ ਦਿਨੀਂ 400 ਮੀਟਰ ਦੀਆਂ ਦੌੜਾਂ ਵਿੱਚ ਫ਼ਾਈਨਲ ਲਈ ਕੁਆਲੀਫ਼ਾਈ ਕਰ ਲਿਆ ਹੈ, ਜਿਸ ਦਾ ਫ਼ਾਈਨਲ ਅਗਲੇ ਮਹੀਨੇ ਹੋਵੇਗਾ ਤੇ 800 ਮੀਟਰ ਦੀਆਂ ਦੌੜਾਂ ਵਿੱਚ ਵੀ ਜਲਦੀ ਹੀ ਉਹ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਤਿਆਰੀ ਕਰ ਰਹੀ ਹੈ।

# ਇੰਟਰਨੈਸ਼ਨਲ ਢਾਡੀ ਜੱਥਾ ਗਿਆਨੀ ਲਖਬੀਰ ਸਿੰਘ ਕੋਮਲ ਅਮਰੀਕਾ ਫੇਰੀ 'ਤੇ



**ਨਿਊਯਾਰਕ/ਰਾਜ ਗੋਗਨਾ :-** ਛੇਵੇਂ ਪਾਤਸ਼ਾਹ ਧੰਨ ਗੁਰੂ ਹਰਿਗੋਬਿੰਦ ਮਹਾਰਾਜ ਜੀ ਵੱਲੋਂ ਚਲਾਈ ਢਾਡੀ ਪਰੰਪਰਾ ਨੂੰ ਅੱਗੇ ਵਧਾਉਂਦੇ ਢਾਡੀ ਗਿਆਨੀ ਲਖਵੀਰ ਸਿੰਘ ਕੋਮਲ ਆਪਣੇ ਢਾਡੀ ਜੱਥੇ ਭਾਈ ਕਰਮ ਸਿੰਘ ਤਾਲ਼ਿਬ ਅਤੇ ਸਾਰੰਗੀ ਮਾਸਟਰ ਸੀਤਲ ਸਿੰਘ ਨਾਲ਼ ਆਪਣੀ ਅਮਰੀਕਾ ਫੇਰੀ ਦੌਰਾਨ ਨਿਊਯਾਰਕ ਪਹੁੰਚੇ ਹਨ। ਨਿਊਯਾਰਕ ਵਿੱਚ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਵਿਖੇ ਢਾਡੀ ਵਾਰਾਂ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਜੱਥੇ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ, ਢਾਡੀ ਲਖਵੀਰ ਸਿੰਘ ਕੋਮਲ : ੩੪੭੪੨੧੭੨੫੪, ਢਾਡੀ ਭਾਈ ਕਰਮ ਸਿੰਘ ਤਾਲ਼ਿਬ : ੯੨੯੪੩੫੧੯੯੧ ਅਤੇ ਸਰੰਗੀ ਮਾਸਟਰ ਸੀਤਲ ਸਿੰਘ ਦਾ ਨੰ. ੩੪੭੪੩੫੭੯੬੩ ਹੈ।

# ਪੰਜਾਬ ਨੂੰ ਮਿਲੇ ਪੰਜ ਪਦਮ ਐਵਾਰਡ



**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦੇ ਹਿੱਸੇ ਇਸ ਵਾਰ ਪੰਜ ਪਦਮ ਐਵਾਰਡ ਆਏ ਹਨ। ਐਵਾਰਡ ਹਾਸਲ ਕਰਨ ਵਾਲੀਆਂ ਹਸਤੀਆਂ ਵਿੱਚੋਂ ਲੰਮੀ ਹੇਕ ਵਾਲੀ ਗਾਇਕਾ ਗੁਰਮੀਤ ਬਾਵਾ ਨੂੰ ਪਦਮ ਭੂਸ਼ਨ ਐਵਾਰਡ (ਮਰਨ ਉਪਰੰਤ) ਨਾਲ਼ ਨਵਾਜਿਆ ਗਿਆ ਹੈ। ਉਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਤੇ ਚੜਦੀ ਕਲਾ ਅਖ਼ਬਾਰ ਦੇ ਬਾਨੀ ਤੇ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਚੇਅਰਮੈਨ ਜਗਜੀਤ ਸਿੰਘ ਦਰਦੀ ਨੂੰ ਪਦਮਸ੍ਰੀ ਨਾਲ਼ ਸਨਮਾਨਿਤ ਕੀਤਾ ਗਿਆ ਹੈ। ਸ੍ਰੀ ਦਰਦੀ ਨੂੰ ਇਹ ਐਵਾਰਡ ਉਨਾਂ ਵੱਲੋਂ ਕੌਮੀ ਏਕਤਾ, ਭਾਈਚਾਰਕ ਸਾਂਝ, ਮੀਡੀਆ ਤੇ ਵਿੱਦਿਆ ਖੇਤਰ 'ਚ ਪਾਏ ਯੋਗਦਾਨ ਸਦਕਾ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਹਰਮੋਹਿੰਦਰ ਸਿੰਘ ਬੇਦੀ ਨੂੰ ਸਾਹਿਤ ਤੇ ਵਿੱਦਿਆ ਦੇ ਖੇਤਰ 'ਚ ਪਾਏ ਯੋਗਦਾਨ ਲਈ ਪਦਮਸ੍ਰੀ ਨਾਲ਼ ਸਨਮਾਨਿਆ ਗਿਆ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਬਾਬਾ ਇਕਬਾਲ ਸਿੰਘ ਤੇ ਸ੍ਰੀ ਪ੍ਰੇਮ ਸਿੰਘ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਪਾਏ ਯੋਗਦਾਨ ਸਦਕਾ ਪਦਮਸ੍ਰੀ ਐਵਾਰਡਾਂ ਨਾਲ਼ ਸਨਮਾਨਿਤ ਕੀਤਾ ਗਿਆ ਹੈ।

## ਮਾਮਲਾ ਕੈਨੇਡਾ ਵਿੱਚ ਨਸ਼ਿਆਂ ਦਾ

# ਚਾਰ ਪੰਜਾਬੀ ਗ੍ਰਿਫ਼ਤਾਰ, ਇੱਕ ਪੰਜਾਬੀ ਨੂੰ 13 ਸਾਲ ਕੈਦ

**ਟੋਰਾਂਟੋ/ਏ.ਟੀ.ਨਿਊਜ਼ :-** ਉਂਟਾਰੀਓ ਪ੍ਰਾਂਤ ਵਿੱਚ ਹਾਲਟਨ ਪੁਲਿਸ ਨੇ ਕਈ ਮਹੀਨਿਆਂ ਦੀ ਜਾਂਚ ਮਗਰੋਂ ਅਪ੍ਰੈਲ 2021 ਵਿੱਚ ਰਸਾਇਣਕ ਨਸ਼ਿਆਂ (ਫ਼ੈਂਟਾਨਿਲ, ਕੋਕੀਨ) ਦੀ ਤਸਕਰੀ ਦੇ ਵੱਡੇ ਕੇਸ ਵਿੱਚ 7 ਸ਼ੱਕੀ ਗ੍ਰਿਫ਼ਤਾਰ ਕੀਤੇ ਸਨ ਜਿਨਾਂ ਵਿੱਚ ਚਾਰ ਪੰਜਾਬੀ ਹਨ। ਅਦਾਲਤ ਵਿੱਚ ਹੁਣ ਉਸ ਕੇਸ ਦੇ ਫ਼ੈਸਲੇ ਆਉਣੇ ਸ਼ੁਰੂ ਹੋ ਗਏ ਹਨ ।ਬੀਤੇ ਹਫ਼ਤੇ ਫ਼ੈਂਟਾਨਿਲ ਦੇ ਕੇਸ ਵਿੱਚ ਅਜਮੇਰ ਸਿੰਘ (45) ਨੂੰ ਜੱਜ ਵੱਲੋਂ ਸਾਢੇ 13 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕੋਕੀਨ ਦੇ ਇੱਕ ਵੱਖਰੇ ਕੇਸ ਵਿੱਚ ਉਸ ਨੂੰ 10 ਸਾਲ ਦੀ ਹੋਰ ਕੈਦ ਹੋਈ ਹੈ ਅਤੇ ਇਹ ਸਜ਼ਾਵਾਂ ਇਕੱਠੀਆਂ ਚੱਲਣਗੀਆਂ । ਇਸ ਦੇ ਨਾਲ਼ ਹੀ ਜੱਜ ਨੇ ਦੋਸ਼ੀ ਤੋਂ ਮਿਲੇ 727883 ਡਾਲਰ ਅਤੇ ਸੋਨਾ ਜ਼ਬਤ ਕਰਨ ਦਾ ਹੁਕਮ ਵੀ ਦਿੱਤਾ ਹੈ। ਅਜਮੇਰ ਦੇ ਨਾਲ਼ ਕਾਬੂ ਆਏ ਛੇ ਦੋਸ਼ੀਆਂ ਦੇ ਕੇਸਾਂ ਦੀ ਸੁਣਵਾਈ ਜਾਰੀ ਹੈ।

# ਟਰੱਕਾਂ ਵਾਲਿਆਂ ਵੱਲੋਂ ਕੋਵਿਡ-19 ਤੇ ਟੀਕਿਆਂ ਸਬੰਧੀ ਪਾਬੰਦੀਆਂ ਦੇ ਵਿਰੋਧ ਵਜੋਂ ਅੰਦੋਲਨ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੂਰੇ ਕੈਨੇਡਾ ਵਿੱਚ ਹਫ਼ਤੇ ਭਰ ਦੇ ਲੰਮੇ ਸਫ਼ਰ ਤੋਂ ਬਾਅਦ, ਵਾਹਨਾਂ ਦਾ ਇੱਕ ਵੱਡਾ ਕਾਫ਼ਲਾ ਰਾਸ਼ਟਰੀ ਰਾਜਧਾਨੀ ਓਟਾਵਾ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਘਿਰਾਓ ਕਰੀ ਬੈਠਾ ਹੈ। ਕੈਨੇਡਾ ਦੇ ਟਰੱਕਾਂ ਵਾਲਿਆਂ ਦਾ ਇਹ ਕਾਫ਼ਲਾ ਇੱਥੇ, ਕੋਵਿਡ-19 ਅਤੇ ਟੀਕਿਆਂ ਸਬੰਧੀ ਪਾਬੰਦੀਆਂ ਦਾ ਵਿਰੋਧ ਕਰਨ ਲਈ ਪਹੁੰਚਿਆ ਹੋਇਆ ਹੈ। ਹਾਲਾਂਕਿ ਆਯੋਜਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਅੰਦੋਲਨ ਸ਼ਾਂਤੀਪੂਰਨ ਰਹੇਗਾ, ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਗੰਭੀਰ ਸਥਿਤੀ ਲਈ ਤਿਆਰ ਹਨ। ਟਰੱਕਾਂ ਵਾਲਿਆਂ ਨੇ ਇਸ ਨੂੰ 'ਅਜ਼ਾਦੀ ਦਾ ਕਾਫ਼ਲਾ' ਨਾਮ ਦਿੱਤਾ ਗਿਆ ਹੈ ਅਤੇ ਇਸਦੀ ਵਿਸ਼ਵ ਪੱਧਰ ਉੱਪਰ ਖ਼ੂਬ ਚਰਚਾ ਹੋ ਰਹੀ ਹੈ। ਇਸ ਦੌਰਾਨ ਕੁਝ ਪ੍ਰਦਰਸ਼ਨਕਾਰੀਆਂ ਨੇ ਕੋਵਿਡ ਪਾਬੰਦੀਆਂ ਦੀ ਤੁਲਨਾ ਫ਼ਾਸੀਵਾਦ ਨਾਲ਼ ਕੀਤੀ ਅਤੇ ਕੈਨੇਡੀਅਨ ਝੰਡੇ ਦੇ ਨਾਲ਼ ਨਾਜ਼ੀ ਚਿੰਨ ਪ੍ਰਦਰਸ਼ਿਤ ਕੀਤੇ। ਪੁਲਿਸ ਵੱਲੋਂ ਅੰਦੋਲਨ ਤੋਂ ਡਰਦਿਆਂ ਸੁਰੱਖਿਆ ਕਾਰਨਾਂ ਕਰਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਪਰਿਵਾਰ ਨੂੰ ਕਿਸੇ ਅਣਦੱਸੀ ਥਾਂ ਉੱਤੇ ਲਿਜਾਇਆ ਗਿਆ ਹੈ।

ਇਹ ਅੰਦੋਲਨ, ਇਸ ਮਹੀਨੇ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਦੁਆਰਾ ਲਾਗੂ ਆਦੇਸ਼ਾਂ ਤੋਂ ਬਾਅਦ ਸ਼ੁਰੂ ਹੋਇਆ, ਜਿਨਾਂ ਵਿੱਚ ਯੂ. ਐਸ.-ਕੈਨੇਡਾ ਸਰਹੱਦ ਪਾਰ ਕਰਨ ਵਾਲੇ ਟਰੱਕਾਂ ਲਈ ਕੋਵਿਡ-19 ਦੇ ਟੀਕੇ ਸਬੰਧੀ ਪਾਬੰਦੀ ਲਗਾਈ ਗਈ ਹੈ। ਇਨਾਂ ਨਵੀਆਂ ਹਦਾਇਤਾਂ ਅਨੁਸਾਰ ਕੈਨੇਡੀਅਨ ਟਰੱਕਾਂ ਨੂੰ ਦੋ ਦੇਸ਼ਾਂ ਦੀ ਸੀਮਾ ਪਾਰ ਕਰਨ ਤੋਂ ਬਾਅਦ, ਘਰ ਪਰਤਣ ਮਗਰੋਂ ਕੁਆਰੰਟਾਈਨ ਹੋਣਾ ਪਵੇਗਾ। ਇਸ ਫ਼ੈਸਲੇ ਨਾਲ਼ ਪਰੇਸ਼ਾਨ ਟਰੱਕ ਡਰਾਈਵਰਾਂ ਨੇ ਪੱਛਮੀ ਕੈਨੇਡਾ ਵਿੱਚ ਕ੍ਰਾਸ-ਕੰਟਰੀ ਡਰਾਈਵ ਦਾ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਲੋਕ ਪਹਿਲਾਂ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨਾਂ ਦੀ ਰਾਜਨੀਤੀ ਦਾ ਵਿਰੋਧ ਕਰ ਰਹੇ ਹਨ ਅਤੇ ਹੁਣ ਮਹਾਂਮਾਰੀ ਸਬੰਧੀ ਇਨਾਂ ਹਦਾਇਤਾਂ ਤੋਂ






ਉਹ ਹੋਰ ਨਿਰਾਸ਼ ਹੋ ਗਏ ਹਨ।

ਸੜਕਾਂ ਦੇ ਕਿਨਾਰਿਆਂ ਅਤੇ ਓਵਰਪਾਸਾਂ 'ਤੇ ਇਕੱਠੇ ਹੋਏ ਲੋਕ ਟਰੱਕ ਡਰਾਈਵਰਾਂ ਦੀ ਹੌਂਸਲਾ ਅਫ਼ਜ਼ਾਈ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਟਰੂਡੋ ਦੇ ਖ਼ਿਲਾਫ਼ ਕੈਨੇਡੀਅਨ ਝੰਡੇ ਅਤੇ ਨਿਸ਼ਾਨਾਂ ਨੂੰ ਲਹਿਰਾ ਰਹੇ ਹਨ। ਪੋਡਕਾਸਟਰ ਜੋਅ ਰੋਗਨ, ਡੌਨਲਡ ਟਰੰਪ ਜੂਨੀਅਰ- ਸਾਬਕਾ ਅਮਰੀਕੀ ਰਾਸ਼ਟਰਪਤੀ ਦੇ ਪੁੱਤਰ ਅਤੇ ਬ੍ਰਿਟਿਸ਼ ਕਾਮੇਡੀਅਨ ਰਸਲ ਬ੍ਰਾਂਡ ਨੇ ਵੀ ਇਨਾਂ ਦਾ ਸਮਰਥਨ ਕੀਤਾ ਹੈ।

ਪ੍ਰਦਰਸ਼ਨਕਾਰੀ ਘੱਟੋ-ਘੱਟ ਹਫ਼ਤੇ ਦੇ ਅੰਤ ਤੱਕ ਪਾਰਲੀਮੈਂਟ ਹਿੱਲ ਦੇ ਨੇੜੇ ਓਟਾਵਾ ਦੇ ਡਾਊਨਟਾਊਨ ਵਿੱਚ ਰਹਿਣ ਦੀ ਯੋਜਨਾ ਬਣਾ ਰਹੇ ਹਨ ਅਤੇ ਉਨਾਂ ਦੀਆਂ ਮੰਗਾਂ ਹਨ ਸਰਹੱਦੀ ਵੈਕਸੀਨ ਸਬੰਧੀ ਆਦੇਸ਼ ਨੂੰ ਰੱਦ ਕਰੋ ਤੇ ਦੇਸ਼ ਭਰ ਵਿੱਚ ਅਜਿਹੇ ਸਾਰੇ ਆਦੇਸ਼ਾਂ ਨੂੰ ਖ਼ਤਮ ਕਰੋ।

ਓਟਾਵਾ ਦੇ ਪੁਲਿਸ ਮੁਖੀ ਪੀਟਰ ਸਲੋਲੀ ਨੇ ਕਿਹਾ, 'ਇਸ ਹਫ਼ਤੇ ਦੇ ਅੰਤ ਵਿੱਚ ਪ੍ਰਦਰਸ਼ਨ ਵਿਲੱਖਣ, ਜੋਖ਼ਮ ਭਰਪੂਰ ਹੋਣਗੇ ਅਤੇ 'ਬਦਕਿਸਮਤੀ ਨਾਲ਼ ਸੁਭਾਅ ਤੋਂ ਧਰੁਵੀਕਰਨ ਵਾਲੇ ਹਨ'। ਇਸ ਸਬੰਧੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਸਰਕਾਰੀ ਹਲਕਿਆਂ ਨੇ ਇਸ ਗੱਲੋਂ ਚਿੰਤਾ ਪ੍ਰਗਟਾਈ ਗਈ ਹੈ ਕਿ ਪ੍ਰੋਟੈਸਟਰਾਂ ਕੋਲ਼ ਫੜੇ ਝੰਡਿਆਂ ਵਿੱਚ ਇੱਕ ਨਾਜ਼ੀ ਝੰਡਾ ਵੀ ਨਜ਼ਰ ਆਇਆ।

ਪ੍ਰਧਾਨ ਮੰਤਰੀ ਟਰੂਡੋ ਨੇ ਇਸ ਵਿਰੋਧ ਅਤੇ ਇਸ ਦੇ ਸਮਰਥਕਾਂ ਨੂੰ ਨਕਾਰਿਆ ਹੈ ਤੇ ਕਿਹਾ ਹੈ ਕਿ ਇਨਾਂ ਦੀ ਗਿਣਤੀ ਬਹੁਤ ਥੋੜੀ ਹੈ।

ਇਸ ਅੰਦੋਲਨ ਨੂੰ ਕੰਜ਼ਰਵੇਟਿਵ ਸਿਆਸਤਦਾਨਾਂ ਦਾ ਸਮਰਥਨ ਹੈ ਜੋ ਕਹਿੰਦੇ ਹਨ ਕਿ ਇਹ ਮਹਾਂਮਾਰੀ ਦੇ ਦੋ ਸਾਲਾਂ ਵਿੱਚ ਕੈਨੇਡਾ ਦੀ ਆਰਥਿਕਤਾ ਡਿੱਗੀ ਹੈ। ਇਸ ਲਈ ਟਰੂਡੋ ਜ਼ਿੰਮੇਵਾਰ ਹੈ। ਇਸ ਲਈ ਵਧ ਰਹੀ ਲੋਕਾਂ ਦੀ ਚਿੰਤਾ ਇਸ ਦੇ ਨਾਲ਼ ਹੀ, ਪ੍ਰਧਾਨ ਮੰਤਰੀ ਟਰੂਡੋ ਦੀਆਂ ਨਵੀਆਂ ਹਦਾਇਤਾਂ ਨੇ ਕੁਝ ਹੋਰ ਕਾਰਨਾਂ ਕਰਕੇ ਵੀ ਲੋਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਬਹੁਤ ਸਾਰੇ ਦੇਸ਼ਾਂ ਦੀ ਤਰਾਂ, ਕੈਨੇਡਾ ਵੀ ਵਧਦੀ ਮਹਿੰਗਾਈ ਅਤੇ ਸਪਲਾਈ ਲੜੀ ਨਾਲ਼ ਨਜਿੱਠ ਰਿਹਾ ਹੈ ਜੋ ਪਹਿਲਾਂ ਹੀ ਮਹਾਂਮਾਰੀ, ਮਜ਼ਦੂਰਾਂ ਦੀ ਘਾਟ ਤੇ ਖ਼ਰਾਬ ਮੌਸਮ ਕਾਰਨ ਤਣਾਅ ਵਿੱਚ ਹੈ। ਭੋਜਨ ਅਤੇ ਪੈਟਰੋਲ ਸਮੇਤ ਕੀਮਤਾਂ ਵਧ ਰਹੀਆਂ ਹਨ। ਕਰਿਆਨੇ ਦੀਆਂ ਦੁਕਾਨਾਂ ਦੀਆਂ ਸ਼ੈਲਫਾਂ 'ਤੇ ਕੁਝ ਪਦਾਰਥਾਂ ਨੂੰ ਲੱਭਣਾ ਮੁਸ਼ਕਲ ਹੋ ਰਿਹਾ ਹੈ।

ਕੈਨੇਡਾ ਦੀ ਆਰਥਿਕਤਾ ਬਹੁਤ ਹੱਦ ਤੱਕ ਟਰੱਕਾਂ ਵਾਲਿਆਂ 'ਤੇ ਨਿਰਭਰ ਹੈ ਜੋ ਦੇਸ਼ ਵਿੱਚ ਖ਼ਪਤ ਹੋਣ ਵਾਲੇ ਭੋਜਨ ਅਤੇ ਵਸਤੂਆਂ ਦੀ ਵੱਡੀ ਬਹੁਗਿਣਤੀ ਨੂੰ ਸਰਹੱਦ ਪਾਰ ਤੋਂ ਦੇਸ਼ ਵਿੱਚ ਲੈ ਕੇ ਆਉਂਦੇ ਹਨ।

ਕੈਨੇਡੀਅਨ ਟਰੱਕਿੰਗ ਅਲਾਇੰਸ ਦਾ ਅੰਦਾਜ਼ਾ ਹੈ ਕਿ 120,000 ਕੈਨੇਡੀਅਨ ਟਰੱਕ ਡਰਾਈਵਰਾਂ ਵਿੱਚੋਂ 85% ਤੋਂ 90% ਜੋ ਕਿ ਸਰਹੱਦ ਪਾਰ ਰੂਟਾਂ 'ਤੇ ਕੰਮ ਕਰਦੇ ਹਨ ਅਤੇ ਉਨਾਂ ਨੂੰ ਟੀਕਾ ਲਗਾਇਆ ਗਿਆ ਹੈ। ਇਸ ਅਲਾਈਂਸ ਦਾ ਕਹਿਣਾ ਹੈ ਕਿ ਓਟਾਵਾ ਵਿੱਚ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਦਾ ਇਸ ਉਦਯੋਗ ਨਾਲ਼ ਕੋਈ ਸਬੰਧ ਹੀ ਨਹੀਂ ਹੈ। ਹਾਲਾਂਕਿ ਗੱਠਜੋੜ ਕਾਫ਼ਲੇ ਦਾ ਸਮਰਥਨ ਨਹੀਂ ਕਰਦਾ ਅਤੇ ਇਸ ਨੇ ਕਿਹਾ ਹੈ ਕਿ ਉਦਯੋਗ ਨੂੰ ਆਦੇਸ਼ ਦੇ ਅਨੁਕੂਲ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ ਆਦੇਸ਼ਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਕਰੀਬ 16,000 ਡਰਾਈਵਰਾਂ ਨੂੰ ਹਟਾਇਆ ਜਾ ਸਕਦਾ ਹੈ। ਬਹੁਤ ਸਾਰੇ ਕਾਰੋਬਾਰੀ ਸਮੂਹਾਂ ਨੇ ਵੀ ਕਿਹਾ ਹੈ ਕਿ ਉਹ ਚਿੰਤਤ ਹਨ ਕਿ ਨਵਾਂ ਆਦੇਸ਼, ਸਿਰਫ਼ ਮੌਜੂਦਾ ਸਪਲਾਈ ਚੇਨ ਸਬੰਧੀ ਸਮੱਸਿਆਵਾਂ ਨੂੰ ਵਧਾਏਗਾ।

ਹਾਲੇ ਤੱਕ ਟਰੂਡੋ ਨੇ ਇਸ ਫ਼ੈਸਲੇ ਤੋਂ ਪਿੱਛੇ ਹਟਣ ਦਾ ਕੋਈ ਇਰਾਦਾ ਨਹੀਂ ਜਤਾਇਆ ਹੈ।

ਇਸ ਦੌਰਾਨ ਕੁਝ ਪ੍ਰਦਰਸ਼ਨਕਾਰੀ ਮੁੱਖ ਜੰਗੀ ਯਾਦਗਾਰ 'ਤੇ ਨੱਚਦੇ ਨਜ਼ਰ ਆਏ, ਜਿਸ ਦੀ ਕੈਨੇਡਾ ਦੇ ਚੋਟੀ ਦੇ ਸਿਪਾਹੀ ਜਨਰਲ ਵੇਨ ਆਇਰ ਤੇ ਕੈਨੇਡਾ ਦੀ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਨਿੰਦਾ ਕੀਤੀ ਹੈ। ਕੈਨੇਡਾ ਵਿੱਚ ਟਰੱਕ ਵਾਲਿਆਂ ਵਿੱਚੋਂ ਇੱਕ-ਚੌਥਾਈ ਤੋਂ ਵੱਧ ਭਾਰਤੀ ਮੂਲ, ਖ਼ਾਸਕਰ ਪੰਜਾਬੀ ਹਨ।

# ਅਮਰੀਕਾ ਦੇ ਸਿੱਖ ਭਾਈਚਾਰੇ ਨੇ ਫਰਿਜ਼ਨੋ ਵਿਖੇ ਫ਼ਤਹਿ ਦਿਵਸ ਮਨਾਇਆ

## 'ਅਮਰੀਕਨ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨਾਲ਼ ਖੜਨ ਦੀ ਪ੍ਰਗਟਾਈ ਵਚਨਬੱਧਤਾ'

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਜਿਸ ਤਰਾਂ ਕਿਸਾਨ ਅੰਦੋਲਨ ਦੇ ਸ਼ੁਰੂ ਵਿੱਚ ਦੁਨੀਆ ਦੀ ਭਾਰਤ ਸਰਕਾਰ ਦੇ ਕਾਲ਼ੇ ਕਾਨੂੰਨਾਂ ਖ਼ਿਲਾਫ਼ ਸਭ ਤੋਂ ਪਹਿਲੀ ਰੈਲੀ ਫਰਿਜ਼ਨੋ ਵਿਖੇ ਹੋਈ ਸੀ, ਉਸ ਤੋਂ ਬਾਅਦ ਬਹੁਤ ਰੈਲੀਆਂ ਅਤੇ ਫੰਡ ਰੇਜ਼ਰ ਹੋਏ ਅਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਮਦਦ ਕੀਤੀ। ਇਸ ਕਿਸਾਨ ਅੰਦੋਲਨ ਦੀ ਸਫ਼ਲਤਾ ਤੋਂ ਬਾਅਦ ਫਰਿਜ਼ਨੋ ਵਿਖੇ ਸਮੁੱਚੇ ਅਮਰੀਕਨ ਸਿੱਖ ਭਾਈਚਾਰੇ ਵੱਲੋਂ ਫ਼ਤਹਿ ਦਿਵਸ ਮਨਾਉਂਦੇ ਹੋਏ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਜਿਸ ਵਿੱਚ ਭਾਰਤੀ ਭਾਈਚਾਰੇ ਤੋਂ ਇਲਾਵਾ ਅਮਰੀਕਾ ਦੇ ਵੱਖ-ਵੱਖ ਵਿਭਾਗਾਂ ਤੋਂ ਸਰਕਾਰੀ ਅਧਿਕਾਰੀ ਸ਼ਾਮਿਲ ਹੋਏ ਅਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਹਰ ਸਮੇਂ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ। ਜਿਨਾਂ ਵਿੱਚ ਫਰਿਜ਼ਨੋ ਸਿਟੀ ਕੌਂਸਲ ਦੇ ਮੇਅਰ ਜੈਰੀ ਡਾਇਰ ਅਤੇ ਸਾਰੇ ਕੌਂਸਲ ਮੈਂਬਰ। ਇਸੇ ਤਰਾਂ ਇਲਾਕੇ ਦੇ ਕਾਂਗਰਸਮੈਨ ਡੇਵਿਡ ਵਲਡਿਓ ਅਤੇ ਹੋਰ ਵੱਡੇ ਅਧਿਕਾਰੀ ਵੀ ਪਹੁੰਚੇ। ਇਸ ਸਮੇਂ ਖ਼ਾਸ ਤੌਰ 'ਤੇ ਭਾਰਤ ਤੋਂ ਡਾ. ਵਰਿੰਦਰਪਾਲ ਸਿੰਘ, ਇੰਗਲੈਂਡ ਤੋਂ




ਯੂਨਾਈਟਿਡ ਨੇਸ਼ਨ ਦੇ ਅਡਵਾਈਜ਼ਰ ਡਾ. ਇਕਤੀਦਾਰ ਚੀਮਾ ਨੇ ਸਿੱਖਾਂ ਦੀ ਦੁਨੀਆ ਦੇ ਸਮੁੱਚੇ ਭਾਈਚਾਰੇ ਲਈ ਦੇਣ ਅਤੇ ਆ ਰਹੀਆਂ ਮੁਸ਼ਕਲਾਂ ਬਾਰੇ ਭਾਸ਼ਣ ਦਿੱਤੇ। ਇਸ ਸਮੇਂ ਫਰਿਜ਼ਨੋ ਸਿਟੀ ਕੌਂਸਲ ਕੋਲ਼ ਸਿੱਖ ਭਾਈਚਾਰੇ ਲਈ ਸਕੂਲਾਂ ਅਤੇ ਹੋਰ ਥਾਂਵਾਂ 'ਤੇ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਗੱਲ ਹੋਈ। ਇਸ ਸਮੁੱਚੇ ਪ੍ਰੋਗਰਾਮ ਦਾ ਟੀਚਾ ਭਾਰਤ ਦੇ ਕਿਸਾਨੀ ਭਾਈਚਾਰੇ ਨੂੰ ਉੱਚਾ ਚੁੱਕਣਾ, ਇੱਥੋਂ ਦੇ ਸਿੱਖ ਭਾਈਚਾਰੇ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੀ ਮਦਦ ਕਰਨ ਵਰਗੇ ਵਿਸ਼ੇ ਵੀ ਸ਼ਾਮਿਲ ਰਹੇ। ਇਸ ਪ੍ਰੋਗਰਾਮ ਦੌਰਾਨ ਫਰਿਜ਼ਨੋ ਸਿਟੀ ਕੌਂਸਲ ਵੱਲੋਂ ਇਤਿਹਾਸ ਸਿਰਜਦੇ ਹੋਏ 30 ਜਨਵਰੀ ਦਾ ਦਿਨ 'ਫਤਹਿ ਦਿਵਸ' ਦੇ ਤੌਰ 'ਤੇ ਦਰਜ ਕੀਤਾ ਗਿਆ। ਹੁਣ ਆਉਣ ਵਾਲੇ ਹਰ ਸਾਲ ਅਮਰੀਕਾ ਵੱਲੋਂ ਸਰਕਾਰੀ ਤੌਰ 'ਤੇ 30 ਜਨਵਰੀ ਨੂੰ ਫ਼ਤਹਿ ਦਿਵਸ ਕਰਕੇ ਮਨਾਇਆ ਜਾਇਆ ਕਰੇਗਾ। ਇਸ ਮੌਕੇ ਸਿਟੀ ਅਧਿਕਾਰੀਆਂ ਵੱਲੋਂ ਪੰਜਾਬੀ ਭਾਈਚਾਰੇ ਲਈ ਸ਼ਹਿਰ ਵਿੱਚ 40 ਏਕੜ ਵਿੱਚ ਅਤਿ-ਆਧੁਨਿਕ ਸਹੂਲਤਾਂ ਨਾਲ਼ ਲੈਸ ਇੱਕ ਖ਼ੂਬਸੂਰਤ ਪਾਰਕ ਬਣਾਉਣ ਦਾ ਪ੍ਰਸਤਾਵ ਵੀ ਰੱਖਿਆ ਗਿਆ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਰਾਜ ਪੰਨੂ ਨੇ ਬਾਖ਼ੂਬੀ ਨਿਭਾਇਆ। ਵਿਦੇਸ਼ਾਂ ਵਿੱਚ ਰਹਿੰਦੇ ਹੋਏ ਅਮਰੀਕਨ ਭਾਈਚਾਰੇ ਵੱਲੋਂ ਇਹ ਪ੍ਰੋਗਰਾਮ ਆਪਸੀ ਸਾਂਝ ਦਾ ਸੁਨੇਹਾ ਦਿੰਦਾ ਇਤਿਹਾਸਕ ਪੈੜਾਂ ਪਾ ਗਿਆ।

# ਦਿੱਲੀ ਦੀ ਪੀੜਿਤ ਸਿੱਖ ਬੀਬੀ ਨੂੰ ਅਧਿਕਾਰੀਆਂ ਤੋਂ ਨਿਆਂ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਦੀ ਪੂਰੀ ਤਾਕਤ ਮਹਿਸੂਸ ਕਰਵਾਉਣੀ ਚਾਹੀਦੀ ਹੈ : ਤਨ ਢੇਸੀ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਦੇ ਸ਼ਹਾਦਰਾ ਇਲਾਕੇ ਵਿਚ 26 ਜਨਵਰੀ ਨੂੰ ਇਕ ਸਿੱਖ ਬੀਬੀ ਨਾਲ ਕੀਤੇ ਗਏ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਵਾਕਿਆਤ ਬਾਰੇ ਬਰਤਾਨੀਆਂ ਦੇ ਸਿੱਖ ਐਮ.ਪੀ ਤਨਮਨਜੀਤ ਸਿੰਘ ਢੇਸੀ ਨੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ 'ਦਿੱਲੀ ਤੋਂ ਇੱਕ ਸਿੱਖ ਔਰਤ ਨਾਲ ਇਸ ਤਰਾਂ ਦੇ ਘਿਣਾਉਣੇ ਤਰੀਕੇ ਨਾਲ ਦੁਰਵਿਵਹਾਰ ਕੀਤੇ ਜਾਣ ਦੇ ਹੈਰਾਨ ਕਰਨ ਵਾਲੇ ਦ੍ਰਿਸ਼ਾਂ ਦੀ ਫੁਟੇਜ ਦੇਖ ਕੇ ਮੈਂ ਹੈਰਾਨ ਰਹਿ ਗਿਆ ਹਾਂ। ਉਸ ਨੂੰ ਅਧਿਕਾਰੀਆਂ ਤੋਂ ਨਿਆਂ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਦੀ ਪੂਰੀ ਤਾਕਤ ਮਹਿਸੂਸ ਕਰਵਾਨੀ ਚਾਹੀਦੀ ਹੈ।' ਜ਼ਿਕਰਯੋਗ ਹੈ ਕਿ 26 ਜਨਵਰੀ ਨੂੰ



ਗਣਤੰਤਰ ਦਿਵਸ ਮੌਕੇ ਇਕ ਲੜਕੀ ਨਾਲ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਹੋਈ ਸੀ। ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਦੀ ਵੀਡੀਓ ਵੀ ਦੋਸ਼ੀਆ ਵਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀ ਗਈ ਸੀ। ਵੀਡੀਓ ਵਿਚ ਦੇਖਿਆ ਜਾ ਰਿਹਾ ਸੀ ਕਿ ਲੜਕੀ ਨੂੰ ਲੋਕਾਂ 'ਚ ਜ਼ਲੀਲ ਕੀਤਾ ਜਾ ਰਿਹਾ ਹੈ। ਉਸ ਨੂੰ ਮਾਰਿਆ-ਕੁੱਟਿਆ ਜਾ ਰਿਹਾ ਹੈ। ਇੰਨਾ ਹੀ ਨਹੀਂ ਲੜਕੀ ਨੂੰ ਗੰਜਾ ਬਣਾ ਕੇ ਉਸ ਦਾ ਮੂੰਹ ਕਾਲਾ ਕਰਕੇ ਚੱਪਲਾਂ ਦੀ ਮਾਲਾ ਪਾ ਕੇ ਪੂਰੇ ਬਾਜ਼ਾਰ ਵਿਚ ਘੁਮਾਇਆ ਗਿਆ। ਮਾਮਲੇ ਦੀ ਸੂਚਨਾ ਮਿਲਦੇ ਹੀ ਦਿੱਲੀ ਪੁਲਿਸ ਨੇ ਕਾਰਵਾਈ ਕਰਦੇ ਹੋਏ 11 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਚੋਣ ਕਮਿਸ਼ਨ ਨੇ ਸੰਯੁਕਤ ਸਮਾਜ ਮੋਰਚਾ ਦੇ ਨਾਂ ਨੂੰ ਦਿੱਤੀ ਮਨਜ਼ੂਰੀ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਨਾਮਜ਼ਦਗੀਆਂ ਦੇ ਆਖ਼ਰੀ ਦਿਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੇ ਸੰਯੁਕਤ ਸਮਾਜ ਮੋਰਚਾ ਦੇ ਨਾਂ ਨੂੰ ਚੋਣ ਕਮਿਸ਼ਨ ਨੇ ਮਨਜ਼ੂਰੀ




ਦੇ ਦਿੱਤੀ ਹੈ। ਕਈ ਦਿਨਾਂ ਤੋਂ ਮੋਰਚੇ ਦੇ ਨੇਤਾ ਚੋਣ ਕਮਿਸ਼ਨ ਤੋਂ ਮੰਗ ਕਰ ਰਹੇ ਸਨ ਕਿ ਉਨਾਂ ਦੀ ਅਰਜ਼ੀ 'ਤੇ ਧਿਆਨ ਦਿੱਤਾ ਜਾਵੇ ਪਰ ਨਾਮਜ਼ਦਗੀਆਂ ਦੇ ਆਖ਼ਰੀ ਦਿਨ ਤੱਕ ਇਹ ਖ਼ਦਸ਼ਾ ਬਣਿਆ ਰਿਹਾ ਕਿ ਮੋਰਚਾ ਦੇ ਨਾਂ ਨੂੰ ਮਾਨਤਾ ਮਿਲੇਗੀ ਜਾਂ ਨਹੀਂ ਪਰ ਬੀਤੇ ਮੰਗਲਵਾਰ ਦੇਰ ਰਾਤ ਚੋਣ ਕਮਿਸ਼ਨ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ।ਪਰ ਕਮਿਸ਼ਨ ਵੱਲੋਂ ਸੰਯੁਕਤ ਸਮਾਜ ਮੋਰਚਾ ਨੂੰ ਕੋਈ ਚੋਣ ਨਿਸ਼ਾਨ ਜਾਰੀ ਨਹੀਂ ਕੀਤਾ ਹੈ।ਇਹ ਜਾਣਕਾਰੀ ਸੰਯੁਕਤ ਸਮਾਜ ਮੋਰਚਾ ਦੇ ਬੁਲਾਰੇ ਅਤੇ ਮੁਹਾਲੀ ਤੋਂ ਉਮੀਦਵਾਰ ਰਵਨੀਤ ਸਿੰਘ ਬਰਾੜ ਨੇ ਦਿੱਤੀ।

### ਮਾਮਲਾ ਬੰਦੀ ਸਿੱਖਾਂ ਦੀ ਰਿਹਾਈ ਦਾ

# ਸੋਮ ਪ੍ਰਕਾਸ਼ ਦੇ ਨਾ ਮਿਲਣ 'ਤੇ ਨਾਰਾਜ਼ ਹੋਏ ਸਿੱਖ ਆਗੂ

## ਜੀ. ਟੀ. ਰੋਡ 'ਤੇ ਧਰਨਾ ਦੇ ਕੇ ਦੋ ਘੰਟੇ ਆਵਾਜਾਈ ਰੋਕੀ

**ਫਗਵਾੜਾ/ਏ.ਟੀ.ਨਿਊਜ਼ :-** ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਕਿਸਾਨ ਤੇ ਸਿੱਖ ਜਥੇਬੰਦੀਆਂ ਨੇ ਜੀ. ਟੀ. ਰੋਡ 'ਤੇ ਧਰਨਾ ਲਗਾ ਕੇ ਆਵਾਜਾਈ ਠੱਪ ਕਰ ਦਿੱਤੀ। ਜਾਣਕਾਰੀ ਅਨੁਸਾਰ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਘਰ ਦੇ ਨੇੜੇ ਪਾਰਕ ਵਿੱਚ ਪੁੱਜੇ ਲੋਕਾਂ ਨੂੰ ਪਾਰਕ ਵਿੱਚ ਮਿਲਣ ਦੀ ਥਾਂ ਘਰ ਆਉਣ ਦਾ ਸੱਦਾ ਦਿੱਤਾ। ਜਥੇਬੰਦੀਆਂ ਮੰਤਰੀ ਦੇ ਘਰ ਨਾ ਜਾਣ ਲਈ ਅੜ ਗਈਆਂ ਅਤੇ ਰੋਸ ਵਜੋਂ ਉਨਾਂ ਫਗਵਾੜਾ-ਲੁਧਿਆਣਾ ਜੀ. ਟੀ. ਰੋਡ ਜਾਮ ਕਰ ਦਿੱਤਾ।



ਬੰਦੀ ਸਿੰਘਾਂ ਦੀ ਰਿਹਾਈ ਲਈ ਭਾਰਤੀ ਕਿਸਾਨ ਯੂਨੀਅਨ ਦੋਆਬਾ, ਦਮਦਮੀ ਟਕਸਾਲ ਸਮੇਤ ਕਈ ਸੰਸਥਾਵਾਂ ਨੇ ਦਾਣਾ ਮੰਡੀ ਤੋਂ ਰੋਸ ਮਾਰਚ ਸ਼ੁਰੂ ਕਰ ਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਰਿਹਾਇਸ਼ ਨਜ਼ਦੀਕ ਪੁੱਜੇ, ਜਿੱਥੇ ਪੁਲਿਸ ਨੇ ਬੈਰੀਕੇਡਿੰਗ ਕਰ ਕੇ ਇਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਹ ਅੱਗੇ ਵਧ ਗਏ। ਇਸ ਤੋਂ ਬਾਅਦ ਦੂਸਰੀ ਬੈਰੀਕੇਡਿੰਗ 'ਤੇ ਪੁਲਿਸ ਨੇ ਇਨਾਂ ਨੂੰ ਰੋਕ ਲਿਆ ਤੇ ਜਥੇਬੰਦੀਆਂ ਨੇ ਉੱਥੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਅਧਿਕਾਰੀਆਂ ਵੱਲੋਂ ਮੰਤਰੀ ਸੋਮ ਪ੍ਰਕਾਸ਼ ਨੂੰ ਮਿਲਵਾਉਣ ਲਈ 10 ਤੋਂ 11 ਮੈਂਬਰਾਂ ਨੂੰ ਜਾਣ ਦੀ ਆਗਿਆ ਦਿੱਤੀ। ਜਦੋਂ ਇਹ ਆਗੂ ਪਾਰਕ ਨਜ਼ਦੀਕ ਪੁੱਜੇ ਤੇ ਕੁਝ ਸਮਾਂ ਇੰਤਜ਼ਾਰ ਕਰਨ ਦੇ ਬਾਵਜੂਦ ਸੋਮ ਪ੍ਰਕਾਸ਼ ਬਾਹਰ ਨਹੀਂ ਆਏ ਤਾਂ ਆਗੂਆਂ ਨੇ ਉੱਥੇ ਨਾਅਰੇਬਾਜ਼ੀ ਕੀਤੀ। ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ, ਸਤਨਾਮ ਸਿੰਘ ਸਾਹਨੀ, ਗੁਰਪਾਲ ਸਿੰਘ ਪਾਲਾ ਮੌਲੀ, ਸੁਖਦੇਵ ਸਿੰਘ, ਦਲ ਖ਼ਾਲਸਾ ਦੇ ਹਰਦੀਪ ਸਿੰਘ ਨੇ ਕਿਹਾ ਕਿ ਪ੍ਰਸ਼ਾਸਨ ਨੇ ਮੀਟਿੰਗ ਤੈਅ ਕਰਵਾ ਕੇ ਉਨਾਂ ਨੂੰ ਬੁਲਾਇਆ ਸੀ ਪਰ ਸੋਮ ਪ੍ਰਕਾਸ਼ ਉਨਾਂ ਨੂੰ ਮਿਲੇ ਨਹੀਂ। ਉਨਾਂ ਚਿਤਾਵਨੀ ਦਿੱਤੀ ਕਿ ਅਗਲੀ ਵਾਰ ਉਹ ਆਪਣੀ ਤਿਆਰੀ ਕਰਕੇ ਹੀ ਇੱਥੇ ਆਉਣਗੇ ਤੇ ਦਿੱਲੀ ਵਾਂਗ ਇੱਥੇ ਪੱਕੇ ਮੋਰਚੇ ਲਗਾਏ ਜਾਣਗੇ ਤਾਂ ਜੋ ਇਸ ਸਰਕਾਰ ਦੀ ਜਾਗ ਖੁੱਲ ਸਕੇ। ਕਰੀਬ ਦੋ ਘੰਟੇ ਮਗਰੋਂ ਇਹ ਧਰਨਾ ਸਮਾਪਤ ਕੀਤਾ ਗਿਆ।

# ਮਾਮਲਾ ਸੰਤੋਖ ਸਿੰਘ ਨੂੰ ਅਗਵਾ ਤੇ ਲਾਪਤਾ ਕਰਨ ਦਾ

## ਇੰਸਪੈਕਟਰ ਨੂੰ 10 ਸਾਲ ਕੈਦ ਤੇ 70 ਹਜ਼ਾਰ ਰੁਪਏ ਜੁਰਮਾਨਾ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :** ਸੀ. ਬੀ. ਆਈ. ਅਦਾਲਤ ਦੇ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਨੇ ਜੁਲਾਈ 1991 ਵਿਚ ਪੁਲਿਸ ਵਲੋਂ ਸੰਤੋਖ ਸਿੰਘ ਵਾਸੀ ਪਿੰਡ ਜਸਪਾਲ ਜ਼ਿਲਾ ਅੰਮ੍ਰਿਤਸਰ ਨੂੰ ਘਰੋਂ ਜ਼ਬਰਦਸਤੀ ਚੁੱਕ ਕੇ ਲਿਜਾਣ ਉਪਰੰਤ ਅੱਜ ਤੱਕ ਉਸ ਦਾ ਕੋਈ ਅਤਾ-ਪਤਾ ਨਾ ਲੱਗਣ ਦੇ ਮਾਮਲੇ ਵਿਚ ਸਾਬਕਾ ਇੰਸਪੈਕਟਰ ਮੇਜਰ ਸਿੰਘ ਨੂੰ ਧਾਰਾ-364 ਵਿਚ 10 ਸਾਲ ਦੀ ਕੈਦ ਤੇ 50 ਹਜ਼ਾਰ ਰੁ. ਜੁਰਮਾਨਾ ਅਤੇ ਧਾਰਾ 344 ਵਿਚ 3 ਸਾਲ ਦੀ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ, ਜਦਕਿ ਜੁਰਮਾਨਾ ਅਦਾ ਨਾ ਕਰਨ 'ਤੇ 1 ਸਾਲ ਦੀ ਹੋਰ ਕੈਦ ਕੱਟਣੀ ਪਵੇਗੀ। ਇਸ ਮਾਮਲੇ ਦੀ ਪੈਰਵਾਈ ਸੀਬੀਆਈ ਦੇ ਵਕੀਲ ਗੁਰਵਿੰਦਰ ਸਿੰਘ ਅਤੇ ਸ਼ਿਕਾਇਤਕਰਤਾ ਧਿਰ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਤੇ ਪੁਸ਼ਪਿੰਦਰ ਸਿੰਘ ਨੱਤ ਕਰ ਰਹੇ ਸਨ। ਇਸ ਸਬੰਧੀ ਬਚਾਅ ਪੱਖ ਦੇ ਵਕੀਲਾਂ ਨੇ ਦੱਸਿਆ ਕਿ 31 ਜੁਲਾਈ 1991 ਨੂੰ ਰਾਤ ਦੇ 8 ਵਜੇ ਦੇ ਕਰੀਬ ਥਾਣਾ ਸਦਰ ਤਰਨਤਾਰਨ ਦਾ ਉਸ ਸਮੇਂ ਦਾ ਮੁਖੀ ਮੇਜਰ ਸਿੰਘ ਪੁਲਿਸ ਪਾਰਟੀ ਸਮੇਤ ਸੰਤੋਖ ਸਿੰਘ ਦੇ ਘਰ ਆਇਆ ਅਤੇ ਸੰਤੋਖ ਸਿੰਘ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ।

ਬਾਕੀ ਸਫ਼ਾ 32 'ਤੇ



ਸੰਤੋਖ ਸਿੰਘ ਦੀ ਮਾਤਾ ਸਵਰਨ ਕੌਰ ਅਤੇ ਉਨ੍ਹਾਂ ਦੇ ਵਕੀਲ ਜਾਣਕਾਰੀ ਦਿੰਦੇ ਹੋਏ ਅਤੇ ਹਾਸ਼ੀਏ 'ਚ ਮ੍ਰਿਤਕ ਸੰਤੋਖ ਸਿੰਘ ਦੀ ਤਸਵੀਰ। ਤਸਵੀਰ : ਵਰਿੰਦਰਜੀਤ ਸਿੰਘ

# ਪੰਜਾਬ ਦੇ ਮੰਤਰੀ ਤੇ ਲੀਡਰ ਸਿੰਥੈਟਿਕ ਨਸ਼ਿਆਂ ਲਈ ਜ਼ਿੰਮੇਵਾਰ : ਗੁਰਨਾਮ ਸਿੰਘ ਚੜੂਨੀ

## ਕਿਸਾਨਾਂ ਦੀਆਂ ਆਤਮ-ਹੱਤਿਆਵਾਂ ਲਈ ਸਰਕਾਰ ਜ਼ਿੰਮੇਵਾਰ

**ਭਾਦਸੋਂ/ਏ.ਟੀ.ਨਿਊਜ਼ :** ਕੌਮੀ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਹਲਕਾ ਨਾਭਾ ਦੇ ਸ਼ਹਿਰ ਭਾਦਸੋਂ ਵਿਖੇ ਸੰਯੁਕਤ ਸੰਘਰਸ਼ ਕਮੇਟੀ ਤੇ ਸੰਯੁਕਤ ਸਮਾਜ ਮੋਰਚਾ ਦੇ ਸਾਂਝੇ ਉਮੀਦਵਾਰ ਬਰਿੰਦਰ ਬਿੱਟੂ ਦੇ ਹੱਕ ਵਿੱਚ ਕਿਸਾਨਾਂ ਦੀ ਇੱਕ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਸੱਤਰ ਸਾਲਾਂ ਤੋਂ ਕਿਸਾਨਾਂ ਦੀਆਂ ਫ਼ਸਲਾਂ ਦੇ ਮੁੱਲ ਘਟ ਰਹੇ ਨੇ ਤੇ ਕਰਜਾ ਵਧ ਰਿਹਾ ਹੈ। ਅਜਿਹੇ ਵਿੱਚ ਦੇਸ਼ ਦੇ ਭ੍ਰਿਸ਼ਟ ਲੀਡਰਾਂ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ ਤੇ ਕਿਸਾਨਾਂ ਨੂੰ ਰਾਜ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ ਅਪਣੀਆਂ ਸਰਕਾਰਾਂ ਤੇ ਲੋਕ ਹਿੱਤੂ ਕਾਨੂੰਨ ਬਣਾਉਣੇ ਚਾਹੀਦੇ ਹਨ। ਚੜੂਨੀ ਨੇ ਕਿਹਾ ਕਿ ਹਰ ਸੱਤ ਸਾਲ ਵਿੱਚ ਕਿਸਾਨਾਂ ਦੀ ਆਮਦਨ ਦੂਜੇ ਵਰਗਾਂ ਤੋਂ ਅੱਧੀ ਰਹਿ ਜਾਂਦੀ ਹੈ। ਪੰਜਾਬ ਦੇ ਤਿੰਨ ਚਾਰ ਕਿਸਾਨ ਤੇ ਅਠਾਈ ਬੇਰੁਜ਼ਗਾਰ ਹਰ ਰੋਜ਼ ਕਰਜ਼ੇ ਤੋਂ ਤੰਗ ਆ ਕੇ ਆਤਮ-ਹੱਤਿਆ ਕਰ ਜਾਂਦੇ ਹਨ। ਅਸੀਂ ਕਰਜ਼ਾ ਲੈ ਕੇ



ਦੇਸ਼ ਦੀ ਭੁਖਮਰੀ ਮਿਟਾਉਣ ਲਈ ਟਰੈਕਟਰ ਖ਼ਰੀਦੇ ਤੇ ਦੇਸ਼ ਦੇ ਕੇਂਦਰੀ ਪੂਲ ਵਿੱਚ ਪੈਂਹਟ-ਸੱਤਰ ਫ਼ੀਸਦੀ ਅਨਾਜ ਪਹੁੰਚਾਇਆ। ਸਾਡਾ ਓਹੀ ਕਰਜ਼ਾ ਵਧ-ਵਧ ਕੇ ਆਤਮ-ਹੱਤਿਆ ਲਈ ਮਜਬੂਰ ਕਰਦਾ ਹੈ ਤੇ ਸਾਡੇ ਪੋਸਟਰ ਤੇ ਫੋਟੋਆਂ ਬੈਂਕਾਂ ਵਿੱਚ ਲਗਾ ਦਿੱਤੇ ਜਾਂਦੇ ਨੇ, ਪਰ ਦੂਜੇ ਪਾਸੇ ਐਗਰੀਕਲਚਰ ਤੋਂ ਦੋ ਗੁਣਾ ਜ਼ਿਆਦਾ ਪੈਸਾ ਭਾਵ ਪੰਦਰਾਂ ਲੱਖ ਕਰੋੜ ਕਾਰਪੋਰੇਟ ਘਰਾਣਿਆਂ ਨੇ ਮਾਰ ਲਿਆ ਜਿਸ ਨੂੰ ਵਾਪਸ ਕਰਵਾਉਣ ਦਾ ਬੈਂਕਾਂ ਕੋਲ਼ ਕੋਈ ਕਾਨੂੰਨ ਨਹੀਂ। ਪੰਜਾਬ ਵਿੱਚ ਨਸ਼ੇ ਦੇ ਦੈਂਤ ਦਾ ਜਨਮਦਾਤਾ ਸਿਆਸੀ ਲੋਕਾਂ ਨੂੰ ਦੱਸਦੇ ਹੋਏ ਚੜੂਨੀ ਨੇ ਕਿਹਾ ਕਿ ਸੂਬੇ ਦੇ ਮੰਤਰੀ ਤੇ ਲੀਡਰ ਹੀ ਸਿੰਥੈਟਿਕ ਨਸ਼ੇ ਵਿਕਵਾਉਂਦੇ ਹਨ। ਅਜਿਹੇ ਵਿੱਚ ਕਿਸਾਨਾਂ ਦਾ ਰਾਜਨੀਤਿਕ ਖੇਤਰ ਵਿੱਚ ਪ੍ਰਵੇਸ਼ ਜ਼ਰੂਰੀ ਹੈ। ਪੰਜਾਬ ਦੇ ਅੱਸੀ ਲੱਖ ਅਤੇ ਯੂ.ਪੀ. ਦੇ ਸਾਢੇ ਅੱਠ ਕਰੋੜ ਕਿਸਾਨ ਵੋਟਰ ਮਜ਼ਦੂਰਾਂ ਤੇ ਵਪਾਰੀਆਂ ਨਾਲ਼ ਮਿਲ ਕੇ ਸੂਬਾ ਸਰਕਾਰਾਂ ਬਣਾਉਣ ਦੇ ਸਮਰੱਥ ਹਨ।

# ਪਰਮਿੰਦਰ ਸਿੰਘ ਢੀਂਡਸਾ ਦਾ ਪੰਜਾਬੀਆਂ ਨੂੰ ਸਪੱਸ਼ਟੀਕਰਨ

## ਅਖੇ, ਪੰਜਾਬ ਦੇ ਮਸਲੇ ਹੱਲ ਕਰਵਾਉਣ ਲਈ ਹੀ ਕੀਤਾ ਬੀਜੇਪੀ ਨਾਲ ਸਮਝੌਤਾ



**ਲਹਿਰਾਗਾਗਾ/ਏ.ਟੀ.ਨਿਊਜ਼ :-** ਅਸੀਂ ਪੰਜਾਬ ਦੇ ਬਹੁਤ ਸਾਰੇ ਮਸਲੇ ਹੱਲ ਕਰਵਾਉਣ ਲਈ ਹੀ ਬੀਜੇਪੀ ਨਾਲ ਸਮਝੌਤਾ ਕੀਤਾ ਹੈ ਤਾਂ ਜੋ ਪੰਜਾਬ ਦੇ ਬਹੁਤ ਸਾਰੇ ਲਟਕਦੇ ਮਸਲੇ ਹੱਲ ਕਰਵਾਏ ਜਾਣ। ਇਹ ਵਿਚਾਰ ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ, ਹਲਕਾ ਵਿਧਾਇਕ, ਸ਼੍ਰੋਮਣੀ ਅਕਾਲੀ ਦਲ ਸੰਯੁਕਤ, ਭਾਜਪਾ, ਪੰਜਾਬ ਲੋਕ ਕਾਂਗਰਸ ਦੇ ਲਹਿਰਾਗਾਗਾ ਤੋਂ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ ਨੇ ਨੇੜਲੇ ਪਿੰਡ ਗੋਬਿੰਦਪੁਰਾ ਜਵਾਹਰ ਵਾਲਾ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਨਾਂ ਕਿਹਾ ਕਿ ਸਾਨੂੰ ਪਤਾ ਹੈ ਕਿ ਤੁਹਾਨੂੰ ਸਰਕਾਰ ਪ੍ਰਤੀ ਰੋਸ ਹੈ। ਕਿਉਂਕਿ ਬੀਜੇਪੀ ਨੇ ਕਾਨੂੰਨ ਪਾਸ ਕੀਤੇ, ਪ੍ਰੰਤੂ ਆਪਾਂ ਸਭਨਾਂ ਨੇ ਮਿਲ ਕੇ ਉਹ ਲੜਾਈ ਜਿੱਤੀ। ਜਦੋਂਕਿ ਦੂਜਾ ਪੱਖ ਇਹ ਹੈ, ਕਿ ਅੱਗੇ ਬਾਰੇ ਵੀ ਸੋਚਣਾ ਹੈ ਪੰਜਾਬ ਦੇ ਬਹੁਤ ਸਾਰੇ ਮਸਲੇ ਹਨ। ਜਿੰਨਾਂ ਵਿੱਚ ਬੇਰੁਜ਼ਗਾਰੀ, ਕਰਜ਼ਾ, ਆਰਥਿਕ ਮੰਦਹਾਲੀ, ਨਸ਼ਿਆਂ ਖ਼ਿਲਾਫ਼, ਅਤੇ ਕਿਸਾਨਾਂ ਮਜ਼ਦੂਰਾਂ ਦੇ ਮਸਲੇ ਸ਼ਾਮਿਲ ਹਨ ਜੋ ਕੇਂਦਰ ਦੇ ਸਹਿਯੋਗ ਤੋਂ ਬਿਨਾਂ ਹੱਲ ਨਹੀਂ ਕਰਵਾਏ ਜਾ ਸਕਦੇ।

# ਫ਼ਿਲਮ ਜਗਤ ਤੇ ਰੰਗ-ਮੰਚ ਦੇ ਅਦਾਕਾਰ ਵਿਜੈ ਸ਼ਰਮਾ ਚੱਲ ਵਸੇ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਫ਼ਿਲਮ ਜਗਤ ਅਤੇ ਰੰਗ-ਮੰਚ ਦੇ ਪ੍ਰਸਿੱਧ ਅਦਾਕਾਰ ਵਿਜੈ ਸ਼ਰਮਾ ਦਾ ਦੇਹਾਂਤ ਹੋਣ ਕਰ ਕੇ ਫ਼ਿਲਮ ਜਗਤ ਅਤੇ ਰੰਗ-ਮੰਚ ਦੇ ਕਲਾਕਾਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਜ਼ਿਕਰਯੋਗ ਹੈ ਕਿ ਕਈ ਫ਼ਿਲਮਾਂ ਤੇ ਰੰਗ-ਮੰਚ ਦੇ ਅਨੇਕਾਂ ਹੀ ਨਾਟਕਾਂ ਵਿੱਚ ਆਪਣੀ ਕਲਾ ਦੇ ਜੌਹਰ ਵਿਖਾਉਣ ਵਾਲੇ ਅਦਾਕਾਰ ਵਿਜੈ ਸ਼ਰਮਾ ਪਿਛਲੇ ਮਹੀਨਿਆਂ ਤੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ਼ ਜੂਝ ਰਹੇ ਸਨ। ਵਿਜੈ ਸ਼ਰਮਾ ਦੇ ਇਸ ਬੇਵਕਤ ਵਿਛੋੜੇ ਤੇ ਵਿਰਸਾ ਵਿਹਾਰ ਦੇ ਪ੍ਰਧਾਨ ਤੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਜਤਿੰਦਰ ਬਰਾੜ, ਪ੍ਰਸਿੱਧ ਨਾਟਕਕਾਰ ਜਗਦੀਸ਼ ਸਚਦੇਵਾ, ਅਦਾਕਾਰ ਵਿਪਨ ਧਵਨ, ਗੁਲਸ਼ਨ ਸੱਗੀ, ਪ੍ਰਸਿੱਧ ਸੰਗੀਤਕਾਰ ਹਰਿੰਦਰ ਸੋਹਲ, ਜੀ. ਐੱਸ. ਕੇ. ਪ੍ਰੋਡਕਸ਼ਨ ਤੋਂ ਗੁਰਦੀਪ ਸਿੰਘ ਕੰਧਾਰੀ ਤੋਂ ਇਲਾਵਾ ਹੋਰਨਾਂ ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਸ਼ਰਾਬੀ ਪਿਓ ਨੇ ਆਪਣੇ ਹੀ ਡੇਢ ਸਾਲ ਦੇ ਬੇਟੇ ਦੀ ਕੀਤੀ ਹੱਤਿਆ

**ਹੁਸ਼ਿਆਰਪੁਰ/ਏ.ਟੀ.ਨਿਊਜ਼ :-** ਥਾਣਾ ਮਾਡਲ ਟਾਊਨ ਦੇ ਕੋਲ਼ ਪਾਰਕਿੰਗ ਵਾਲੇ ਕਮਰੇ ਵਿੱਚ ਰਹਿਣ ਵਾਲੇ ਉੱਤਰ ਪ੍ਰਦੇਸ਼ ਨਾਲ ਸਬੰਧਤ ਇੱਕ ਵਿਅਕਤੀ ਨੇ ਨਸ਼ੇ ਵਿੱਚ ਧੁੱਤ ਹੋ ਕੇ ਹੋਸ਼ ਗੁਆ ਕੇ ਰਾਤ ਨੂੰ ਆਪਣੇ ਹੀ ਡੇਢ ਸਾਲ ਦੇ ਬੇਟੇ ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਘਟਨਾ ਤੋਂ ਬਾਅਦ ਦੋਸ਼ੀ ਫ਼ਰਾਰ ਹੋ ਗਿਆ ਹੈ। ਪੁਲਿਸ ਨੇ ਮਾਮਲਾ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ। ਬੱਚੇ ਦੀ ਮਾਂ ਅੰਜਲੀ ਨੇ ਦੱਸਿਆ ਕਿ ਉਹ ਪਾਰਕ ਵਿੱਚ ਬਣੇ ਕਮਰੇ ਵਿੱਚ ਰਹਿੰਦੀ ਹੈ। ਬੀਤੀ ਰਾਤ ਉਸ ਦਾ ਪਤੀ ਸੁਨੀਲ ਨਸ਼ੇ ਦੀ ਹਾਲਤ ਵਿੱਚ ਘਰ ਆਇਆ ਅਤੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਅੰਜਲੀ ਨੇ ਦੱਸਿਆ ਕਿ ਹਮਲੇ ਤੋਂ ਦੁਖੀ ਹੋ ਕੇ ਉਹ ਆਪਣੇ ਲੜਕੇ ਨੂੰ ਘਰ ਛੱਡ ਕੇ ਆਪਣੀ ਮਾਸੀ ਦੇ ਘਰ ਚਲੀ ਗਈ। ਜਦੋਂ ਉਹ ਸਵੇਰੇ ਘਰ ਪਰਤੀ ਤਾਂ ਉਸ ਦਾ ਲੜਕਾ ਜ਼ਮੀਨ 'ਤੇ ਮਰਿਆ ਪਿਆ ਸੀ। ਰਾਤ ਸਮੇਂ ਉਸ ਦੇ ਪਤੀ ਨੇ ਉਸ ਦੇ ਡੇਢ ਸਾਲ ਦੇ ਬੇਟੇ ਸ਼ਿਵ ਨੂੰ ਪੈਰਾਂ ਤੋਂ ਫੜ ਕੇ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਫ਼ਰਾਰ ਹੋ ਗਿਆ।

# ਮਨੁੱਖੀ ਤਸਕਰੀ ਦਾ ਮਾਮਲਾ

## ਫਲੋਰਿਡਾ ਤੱਟ ਨੇੜੇ ਉਲਟੀ ਕਿਸ਼ਤੀ ਕਾਰਨ ਲਾਪਤਾ ਹੋਏ 40 ਵਿਅਕਤੀਆਂ ਵਿੱਚੋਂ 5 ਦੀਆਂ ਲਾਸ਼ਾਂ ਮਿਲੀਆਂ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਬੀਤੇ ਦਿਨ ਗ਼ੈਰ ਕਾਨੂੰਨੀ ਢੰਗ ਨਾਲ਼ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਯਤਨ ਦੌਰਾਨ ਫਲੋਰਿਡਾ ਤੱਟ ਨੇੜੇ ਉਲਟੀ ਕਿਸ਼ਤੀ ਵਿੱਚ ਸਵਾਰ 34 ਵਿਅਕਤੀਆਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਹੁਣ ਤੱਕ 5 ਲਾਸ਼ਾਂ ਬਰਾਮਦ ਹੋਈਆਂ ਹਨ।ਐਟਲਾਂਟਿਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਕੋਸਟ ਗਾਰਡ ਟੀਮ ਨੂੰ ਹੁਣ ਤੱਕ 5 ਲਾਸ਼ਾਂ ਮਿਲ ਚੁੱਕੀਆਂ ਹਨ ਤੇ ਇੱਕ ਵਿਅਕਤੀ ਜੋ ਕਿਸੇ ਤਰਾਂ ਉਲਟੀ ਕਿਸ਼ਤੀ ਦੇ ਉੱਪਰ ਚੜ ਗਿਆ ਸੀ, ਨੂੰ ਬਚਾਅ ਲਿਆ ਗਿਆ ਹੈ। ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਕੋਸਟ ਗਾਰਡ ਕੈਪਟਨ ਜੋ ਐਨ ਬਰਡੀਅਨ ਨੇ ਕਿਹਾ ਕਿ ਸ਼ਾਮ ਹੁੰਦਿਆਂ ਹੀ ਤਲਾਸ਼ੀ ਦੀ ਕਾਰਵਾਈ ਬੰਦ ਕਰਨੀ ਪੈਂਦੀ ਹੈ। ਕਿਸ਼ਤੀ ਵਿੱਚ ਕੁੱਲ 40 ਵਿਅਕਤੀ ਸਵਾਰ ਸਨ ਜਿਨਾਂ ਕੋਲ ਲਾਈਫ਼ ਸੇਵਿੰਗ ਜੈਕਟਾਂ ਵੀ ਨਹੀਂ ਸਨ। ਉਨਾਂ ਕਿਹਾ ਕਿ ਹਾਲਾਂਕਿ ਤਲਾਸ਼ੀ ਕਾਰਵਾਈ ਜਾਰੀ ਹੈ ਪ੍ਰੰਤੂ ਕਿਸੇ ਦੇ ਵੀ ਜਿਊਂਦਾ ਮਿਲਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ।



ਯੂ ਐਸ ਕੋਸਟ ਗਾਰਡ ਦੁਆਰਾ ਉਲਟੀ ਕਿਸ਼ਤੀ ਦੀ ਜਾਰੀ ਕੀਤੀ ਗਈ ਤਸਵੀਰ

# ਤਸਵੀਰ ਖਿੱਚਦਿਆਂ ਪੈਰ ਤਿਲਕਣ ਨਾਲ਼ ਸੈਲਾਨੀ ਦੀ ਮੌਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਲੌਸਟ ਡੱਚਮੈਨ ਸਟੇਟ ਪਾਰਕ ਵਿੱਚ ਇੱਕ ਸੈਲਾਨੀ ਤਸਵੀਰ ਖਿੱਚਣ ਦੀ ਕੋਸ਼ਿਸ਼ ਦੌਰਾਨ ਪੈਰ ਤਿਲਕ ਜਾਣ ਦੇ ਸਿੱਟੇ ਵਜੋਂ ਸੈਂਕੜੇ ਫੁੱਟ ਹੇਠਾਂ ਡਿੱਗ ਗਿਆ ਜਿਸ ਦੀ ਮੌਕੇ ਉੱਪਰ ਹੀ ਮੌਤ ਹੋ ਗਈ। ਪੀਨਲ ਕਾਊਂਟੀ ਸ਼ੈਰਿਫ ਦਫ਼ਤਰ ਦੇ ਬੁਲਾਰੇ ਲੌਰੇਨ ਰੀਮਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸੈਲਾਨੀ ਦੀ ਸ਼ਨਾਖ਼ਤ 21 ਸਾਲਾ ਰਿਚਰਡ ਜੈਕੋਬਰਸਨ ਵਜੋਂ ਹੋਈ ਤੇ ਉਸ ਦੀ ਲਾਸ਼ 700 ਫੁੱਟ ਹੇਠਾਂ ਖੱਡ ਵਿੱਚੋਂ ਮਿਲੀ ਹੈ। ਜੈਕੋਬਰਸਨ ਦੇ ਦੋਸਤ ਵੱਲੋਂ ਘਟਨਾ ਸਬੰਧੀ ਫ਼ੋਨ ਉੱਪਰ ਸੂਚਿਤ ਕਰਨ ਉਪਰੰਤ ਪੁਲਿਸ ਮੌਕੇ 'ਤੇ ਪੁੱਜੀ ਜਿਸ ਉਪਰੰਤ ਜੈਕੋਬਰਸਨ ਦੀ ਲਾਸ਼ ਲੱਭਣ ਲਈ ਹੈਲੀਕਾਪਟਰ ਦੀਆਂ ਸੇਵਾਵਾਂ ਲਈਆਂ ਗਈਆਂ।

# ਸਿੱਖ ਰੈਜੀਮੈਂਟ ਦੇ ਜਵਾਨ ਭਾਰਤ-ਚੀਨ ਸਰਹੱਦ ’ਤੇ ਨਹੀਂ, ਸਗੋਂ ਲੇਹ ਦੇ ਇਕ ਗੁਰਦੁਆਰਾ ਸਾਹਿਬ ’ਤੇ ਝੰਡਾ ਲਗਾ ਰਹੇ ਹਨ









**ਚੰਡੀਗੜ/ਏ.ਟੀ.ਨਿਊਜ਼:-** ਸੋਸ਼ਲ ਮੀਡੀਆ ਦੁਆਰਾ ਇੱਕ ਵਾਇਰਲ ਵੀਡੀਓ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਲੋਕ ਝੂਠਾ ਦਾਅਵਾ ਕਰ ਰਹੇ ਹਨ ਕਿ ਭਾਰਤੀ ਫ਼ੌਜ ਦੀ ਸਿੱਖ ਰੈਜੀਮੈਂਟ ਭਾਰਤ-ਚੀਨ ਸਰਹੱਦ ’ਤੇ ਇੱਕ ਸਿੱਖ ਗੁਰਦੁਆਰਾ ਦੀ ਸਥਾਪਨਾ ਕਰ ਰਹੀ ਹੈ। ਵੀਡੀਓ ਵਿੱਚ ਉੱਚ-ਉੱਚਾਈ ਵਾਲੇ ਖੇਤਰ ਵਿੱਚ ਫ਼ੌਜ ਦੇ ਜਵਾਨਾਂ ਅਤੇ ਨਾਗਰਿਕਾਂ ਦੀ ਭੀੜ ਦਿਖਾਈ ਦਿੰਦੀ ਹੈ ਜਿਸ ਵਿੱਚ ਸੰਗਤ ਵਲੋਂ ਨਿਸ਼ਾਨ ਸਾਹਿਬ ਚੜਾਇਆ ਜਾ ਰਿਹਾ ਹੈ। ਵੀਡੀਓ ਵਿੱਚ ਜ਼ਿਆਦਾਤਰ ਸਿੱਖ ਰੈਜੀਮੈਂਟ ਹੈ। ਸਿੱਖ ਲਾਈਟ ਇਨਫੈਂਟਰੀ ਦੇ ਜੰਗੀ ਨਾਹਰੇ ‘ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ’ ਦੇ ਬੋਲ ਵੀ ਇਸ ਵੀਡੀਓ ਵਿੱਚ ਸੁਣੇ ਜਾ ਸਕਦੇ ਹਨ। ਟਵਿੱਟਰ ਦੇ ਇੱਕ ਯੂਜ਼ਰ ਨੇ ਟਵਿੱਟਰ ਰਾਹੀਂ ਕਲਿੱਪ ਸ਼ੇਅਰ ਕਰਦੇ ਹੋਏ ਕਿਹਾ : ‘ਸਿੱਖ ਰੈਜੀਮੈਂਟ ਨੇ ਚੀਨ ਦੀ ਸਰਹੱਦ ’ਤੇ ਗੁਰਦੁਆਰਾ ਬਣਾਇਆ ਅਤੇ ਨਿਸ਼ਾਨ ਲਗਾਇਆ, ਇਹ ਮੋਦੀ ਸਰਕਾਰ ਦਾ ਤੋਹਫ਼ਾ ਹੈ’।

ਇੱਕ ਹੋਰ ਟਵੀਟ ਵਿੱਚ ਲਿਖਿਆ ਹੈ: ‘ਨਜਾਇਜ਼ ਤੌਰ ’ਤੇ ਕਬਜ਼ੇ ਵਾਲੀ ਸਾਈਚਿਨ ਸਰਹੱਦ ’ਤੇ ਪ੍ਰਧਾਨ ਮੰਤਰੀ ਮੋਦੀ ਦੇ ਸਖ਼ਤ ਰੁਖ ਕਾਰਨ, ਜਿਸ ਨੂੰ ਚੀਨ ਆਪਣੀ ਹੋਣ ਦਾ ਦਾਅਵਾ ਕਰਦਾ ਹੈ, ਭਾਰਤੀ ਫ਼ੌਜ ਦੀ ਸਿੱਖ ਰੈਜੀਮੈਂਟ ਨੇ ਮੀਲਾਂ ਤੋਂ ਦਿਖਾਈ ਦੇਣ ਵਾਲੇ ਵਿਸ਼ਾਲ ‘ਨਿਸ਼ਾਨ ਸਾਹਿਬ’ ਦੇ ਨਾਲ ਇੱਕ ਗੁਰਦੁਆਰੇ ਦਾ ਨਿਰਮਾਣ ਕੀਤਾ ਹੈ। ਹਾਲਾਂਕਿ, ਕਲਿੱਪ ਵਿੱਚ ਭਾਰਤ-ਚੀਨ ਸਰਹੱਦ ’ਤੇ ਸਿੱਖ ਗੁਰਦੁਆਰਾ ਨਹੀਂ ਦਿਖਾਇਆ ਗਿਆ ਹੈ। ਇਹ ਭਾਰਤ ਵਿੱਚ ਲੱਦਾਖ ਦੇ ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਸਾਂਝੀ ਰਾਜਧਾਨੀ ਅਤੇ ਸਭ ਤੋਂ ਵੱਡੇ ਸ਼ਹਿਰ ਲੇਹ ਵਿੱਚ ਗੁਰਦੁਆਰਾ ਪੱਥਰ ਸਾਹਿਬ ਵਿਖੇ ਇੱਕ ਸਮਾਰੋਹ ਦਾ ਵੀਡੀਓ ਹੈ। ਇਸ ਰਸਮ ਵਿੱਚ ਇੱਕ ‘ਨਿਸ਼ਾਨ ਸਾਹਿਬ’ ਚੜਾਇਆ ਗਿਆ। ਮਿਲੀ ਜਾਣਕਾਰੀ ਅਨੁਸਾਰ, ਭਾਰਤੀ ਫ਼ੌਜ ਦੇ ਬੁਲਾਰੇ ਸੁਧੀਰ ਚਮੋਲੀ ਨੇ ਕਿਹਾ, ‘ਭਾਰਤ-ਚੀਨ ਸਰਹੱਦ ’ਤੇ ਅਜਿਹਾ ਕੋਈ ਗੁਰਦੁਆਰਾ ਨਹੀਂ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਵੀਡੀਓ ਲੇਹ ਸਥਿਤ ਪੱਥਰ ਸਾਹਿਬ ਦੀ ਹੈ। ਇਹ ਲੇਹ ਤੋਂ ਕਾਰਗਿਲ ਵੱਲ 20 ਕਿਲੋਮੀਟਰ ਦੀ ਦੂਰੀ ’ਤੇ ਹੈ।

ਇਹ ਵੀਡੀਓ ਪਹਿਲੀ ਵਾਰ ਅਕਤੂਬਰ 2021 ਵਿੱਚ ਟਵਿੱਟਰ ’ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਨੇਤਾ, ਮਨਜਿੰਦਰ ਸਿੰਘ ਸਿਰਸਾ ਦੁਆਰਾ ਪੋਸਟ ਕੀਤਾ ਗਿਆ ਸੀ, ਜਿਸ ਵਿੱਚ ਇੱਕ ਕੈਪਸ਼ਨ ਸੀ, ‘ਗੁਰਦੁਆਰਾ ਪੱਥਰ ਸਾਹਿਬ, ਲੇਹ ਵਿਖੇ ਸਥਾਪਿਤ ਕੀਤੇ ਗਏ 80 ਫੁੱਟ ਨਿਸ਼ਾਨ ਸਾਹਿਬ ਦੇ ਦਰਸ਼ਨ ਕਰਕੇ ਇੱਕ ਮੁਬਾਰਕ ਅਹਿਸਾਸ। ਸਥਾਨਕ ਰਿਪੋਰਟਾਂ ਅਨੁਸਾਰ, ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਗੁਰਦੁਆਰਾ ਪੱਥਰ ਸਾਹਿਬ ਲੇਹ-ਕਾਰਗਿਲ ਮਾਰਗ ’ਤੇ ਸਮੁੰਦਰ ਤਲ ਤੋਂ 12000 ਫੁੱਟ ਦੀ ਉਚਾਈ ’ਤੇ ਬਣਾਇਆ ਗਿਆ ਸੀ। ਇਹ 1517 ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਲੱਦਾਖ ਖੇਤਰ ਦੀ ਯਾਤਰਾ ਦੀ ਯਾਦ ਵਿੱਚ ਬਣਾਇਆ ਗਿਆ ਸੀ। ਇਸ ਦੀ ਦੇਖ-ਰੇਖ ਭਾਰਤੀ ਫ਼ੌਜ ਕਰਦੀ ਹੈ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਇੱਕ ‘80 ਫੁੱਟ ਨਿਸ਼ਾਨ ਸਾਹਿਬ’ ਗੁਰਦੁਆਰੇ ਵਿੱਚ ਉੱਚਾ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਅਜਿਹੀ ਗ਼ਲਤ ਜਾਣਕਾਰੀ ਦੇ ਕੇ ਸਿਆਸਤ ਕਰਨਾ ਸਹੀ ਨਹੀਂ ਹੈ।

### ਮਾਮਲਾ ਦਿੱਲੀ ਸਿੱਖ ਕਤਲੇਆਮ ਦਾ

# ਮਨਜਿੰਦਰ ਸਿੰਘ ਸਿਰਸਾ ਦੀ ਪਟੀਸ਼ਨ ’ਤੇ ਸਿਟ ਨੂੰ ਨੋਟਿਸ

## ਕਾਂਗਰਸ ਨੇਤਾ ਕਮਲਨਾਥ ਵਿਰੁੱਧ ਕਾਰਵਾਈ ਦੀ ਸੰਭਾਵਨਾ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਹਾਈ ਕੋਰਟ ਨੇ ਵਿਸ਼ੇਸ਼ ਜਾਂਚ ਦਲ (ਐੱਸ.ਆਈ.ਟੀ.) ਨੂੰ 1984 ਸਿੱਖ ਵਿਰੋਧੀ ਕਤਲੇਆਮ ਨਾਲ਼ ਜੁੜੇ ਮਾਮਲੇ ਵਿੱਚ ਕਾਂਗਰਸ ਨੇਤਾ ਕਮਲਨਾਥ ਦੀ ਭੂਮਿਕਾ ਦੀ ਜਾਂਚ ਦੀ ਮੰਗ ਸੰਬੰਧੀ ਇੱਕ ਅਰਜ਼ੀ ’ਤੇ ਸਥਿਤੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ। ਜੱਜ ਸੁਬਰਮਣੀਅਮ ਪ੍ਰਸਾਦ ਨੇ ਭਾਜਪਾ ਦੇ ਮਨਜਿੰਦਰ ਸਿੰਘ ਸਿਰਸਾ ਦੀ ਪਟੀਸ਼ਨ ’ਤੇ ਐੱਸ.ਆਈ.ਟੀ. ਨੂੰ ਨੋਟਿਸ ਜਾਰੀ ਕੀਤਾ ਅਤੇ ਮਾਮਲੇ ਦੀ ਅਗਲੀ ਸੁਣਵਾਈ ਦੀ ਤਾਰੀਖ਼ 28 ਮਾਰਚ ਤੈਅ ਕੀਤੀ। ਕੇਂਦਰੀ ਗ੍ਰਹਿ ਮੰਤਰਾਲਾ ਨੇ ਇਸ ਦਾ ਗਠਨ ਕੀਤਾ ਸੀ। ਇੱਕ ਬਿਆਨ ’ਚ ਸਿਰਸਾ ਨੇ ਕਿਹਾ ‘ਇਨਾਂ ਸਿੱਖ ਵਿਰੋਧੀ ਕਤਲੇਆਮ ਮਾਮਲਿਆਂ ਵਿੱਚ ਸਿੱਖ ਭਾਈਚਾਰੇ ਵੱਲੋਂ ਇਨਸਾਫ਼ ਦੀ ਮੰਗ ਕਰਦੇ ਹੋਏ 37 ਸਾਲ ਤੋਂ ਵੱਧ ਸਮਾਂ ਹੋ ਗਿਆ। ਹਾਲਾਂਕਿ ਸੱਜਣ ਕੁਮਾਰ ਕਾਂਗਰਸ ਨੇਤਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਨਾਲ਼ ਹੀ ਕੁਝ ਸਫ਼ਲਤਾ ਮਿਲੀ ਹੈ ਪਰ ਹਾਲੇ ਵੀ ਕਾਫ਼ੀ ਕੁਝ ਕੀਤਾ ਜਾਣਾ ਬਾਕੀ ਹੈ, ਕਿਉਂਕਿ ਹੋਰ ਗ਼ੁਨਾਹਗਾਰ ਕਮਲਨਾਥ ਅਤੇ ਹੋਰ ਕਾਂਗਰਸ ਨੇਤਾਵਾਂ ਦੀ ਹਾਲੇ ਤੱਕ ਸੁਣਵਾਈ ਨਹੀਂ ਕੀਤੀ ਗਈ ਅਤੇ ਉਨਾਂ ਨੂੰ ਸਜ਼ਾ ਨਹੀਂ ਸੁਣਾਈ ਗਈ। ਉਨਾਂ ਕਿਹਾ, ‘ਅੱਜ ਦੇ ਅਦਾਲਤ ਦੇ ਫ਼ੈਸਲੇ ਨੇ ਭਾਈਚਾਰੇ ਵਿੱਚ ਇੱਕ ਉਮੀਦ ਮੁੜ ਜਗਾਈ ਹੈ ਕਿ ਹਰ ਗ਼ੁਨਾਹਗਾਰ ਨੂੰ ਉਨਾਂ ਦੇ ਗ਼ੁਨਾਹਾਂ ਦੀ ਸਜ਼ਾ ਮਿਲੇਗੀ।’



ਸਿਰਸਾ ਨੇ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਆਪਣੀ ਪਟੀਸ਼ਨ ਵਿੱਚ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਐੱਸ.ਆਈ.ਟੀ. ਨੂੰ ਸੰਸਦ ਸਟ੍ਰੀਟ ਥਾਣੇ ਵਿੱਚ 1984 ਨੂੰ ਦਰਜ ਕੀਤੀ ਗਈ ਸ਼ਿਕਾਇਤ ਵਿੱਚ ਕਮਲਨਾਥ ਵਿਰੁੱਧ ਕਾਰਵਾਈ ਕਰਨ ਦਾ ਨਿਰਦੇਸ਼ ਦੇਣ, ਇਸ ਮਾਮਲੇ ਵਿੱਚ 5 ਵਿਅਕਤੀਆਂ ਨੂੰ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ ਅਤੇ ਉਨਾਂ ਨੂੰ ਕਾਂਗਰਸ ਨੇਤਾ ਦੇ ਘਰ ਰੋਕਿਆ ਗਿਆ ਸੀ। ਇਨਾਂ ਦੋਸ਼ੀਆਂ ਨੂੰ ਸਬੂਤ ਦੀ ਕਮੀ ਕਾਰਨ ਬਰੀ ਕਰ ਦਿੱਤਾ ਗਿਆ। ਹਾਲਾਂਕਿ ਕਮਲਨਾਥ ਨੂੰ ਸ਼ਿਕਾਇਤ ਵਿੱਚ ਕਦੇ ਨਾਮਜ਼ਦ ਨਹੀਂ ਕੀਤਾ ਗਿਆ। ਸਿਰਸਾ ਨੇ ਆਪਣੀ ਪਟੀਸ਼ਨ ’ਚ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਕਮਲਨਾਥ ਨੂੰ ਬਿਨਾਂ ਦੇਰੀ ਗ੍ਰਿਫ਼ਤਾਰ ਕਰਨ ਦਾ ਨਿਰਦੇਸ਼ ਦੇਣ। ਸਿਰਸਾ ਦਾ ਪੱਖ ਅਦਾਲਤ ਵਿੱਚ ਸੀਨੀਅਰ ਵਕੀਲ ਮਨਿੰਦਰ ਸਿੰਘ ਅਤੇ ਵਕੀਲ ਗੁਰਬਖ਼ਸ਼ ਸਿੰਘ ਨੇ ਰੱਖਿਆ। ਇਹ ਮਾਮਲਾ ਇੱਥੇ ਗੁਰਦੁਆਰਾ ਰਕਾਬ ਗੰਜ ਵਿੱਚ ਹਿੰਸਕ ਗੁੰਡਿਆਂ ਵੱਲੋਂ ਹਮਲੇ ਨਾਲ਼ ਜੁੜਿਆ ਹੈ। ਕਮਲਨਾਥ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਐੱਸ.ਆਈ.ਟੀ. ਨੇ ਸਤੰਬਰ 2019 ਵਿੱਚ 9 ਸਿੱਖ ਵਿਰੋਧੀ ਕਤਲੇਆਮ ਮਾਮਲਿਆਂ ਨੂੰ ਮੁੜ ਖੋਲਣ ਦਾ ਫ਼ੈਸਲਾ ਕੀਤਾ ਸੀ, ਜਿੱਥੇ ਦੋਸ਼ੀ ਜਾਂ ਤਾਂ ਬਰੀ ਕਰ ਦਿੱਤੇ ਗਏ ਜਾਂ ਸੁਣਵਾਈ ਬੰਦ ਕਰ ਦਿੱਤੀ ਗਈ। ਨੋਟੀਫ਼ਿਕੇਸ਼ਨ ਜਨਤਕ ਹੋਣ ਤੋਂ ਬਾਅਦ ਸਿਰਸਾ ਨੇ ਦਾਅਵਾ ਕੀਤਾ ਕਿ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਨੇ ਉਨਾਂ 5 ਲੋਕਾਂ ਨੂੰ ਸ਼ਰਨ ਦਿੱਤੀ ਸੀ ਜੋ 7 ਮਾਮਲਿਆਂ ਵਿੱਚੋਂ ਇੱਕ ਵਿੱਚ ਦੋਸ਼ੀ ਹੈ।

# ਪਾਕਿਸਤਾਨ ਦੇ ਕਿਸਾਨ ਇਮਰਾਨ ਸਰਕਾਰ ਖ਼ਿਲਾਫ਼ ਕਰਨਗੇ ਅੰਦੋਲਨ



**ਇਸਲਾਮਾਬਾਦ/ਏ.ਟੀ.ਨਿਊਜ਼ :-** ਪਾਕਿਸਤਾਨ ਵਿੱਚ ਕਿਸਾਨਾਂ ਦੀ ਮੰਗ ਪੂਰੀ ਨਾ ਹੋਣ ਕਾਰਨ 14 ਫ਼ਰਵਰੀ ਨੂੰ ਕਿਸਾਨ ਆਪਣੇ ਪਸ਼ੂਆਂ ਦੇ ਨਾਲ਼ ਵਿਰੋਧ ਪ੍ਰਦਰਸ਼ਨ ਕਰਨਗੇ। ਪਾਕਿਸਤਾਨ ਕਿਸਾਨ ਇੱਤੇਹਾਦ (ਪੀ .ਕੇ.ਆਈ.) ਦੇ ਪ੍ਰਧਾਨ ਖ਼ਾਲਿਦ ਮਹਿਮੂਦ ਖੋਖਰ ਨੇ ਕਿਹਾ ਕਿ ਸੰਘੀ ਅਤੇ ਸੂਬਾ ਸਰਕਾਰਾਂ ਦੇ ਪ੍ਰਤੀਨਿਧੀਆਂ ਦੇ ਨਾਲ਼ ਕਈ ਬੈਠਕਾਂ ਹੋਣ ਦੇ ਬਾਵਜੂਦ ਕੋਈ ਰਸਤਾ ਨਹੀਂ ਨਿਕਲ ਸਕਿਆ। ਇਸ ਲਈ ਪੀ. ਕੇ. ਆਈ. ਨੂੰ ਸਾਰੇ ਜ਼ਿਲਿਆਂ, ਸੂਬਾਈ ਅਤੇ ਸੰਘੀ ਰਾਜਧਾਨੀਆਂ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਣਾ ਪਿਆ। ਸਰਕਾਰ ਵੱਲੋਂ ਹਾਲ ਹੀ ਵਿੱਚ ਖੇਤੀਬਾੜੀ ਨਿਵੇਸ਼ ਤੋਂ ਜੀ.ਐਸ.ਟੀ. ਛੋਟ ਨੂੰ ਰੱਦ ਕਰਨ ਦਾ ਤਾਜ਼ਾ ਫ਼ੈਸਲਾ ਕਿਸਾਨਾਂ ਲਈ ਚਿੰਤਾ ਦਾ ਵਿਸ਼ਾ ਹੈ। ਖੋਖਰ ਨੇ ਕਿਹਾ ਕਿ ਜੇਕਰ ਕਿਸਾਨਾਂ ਨੂੰ ਆਈ.ਐਮ.ਐਫ. ਤੋਂ ਕਰਜ਼ਾ ਨਹੀਂ ਮਿਲਦਾ ਹੈ ਤਾਂ ਆਈ.ਐਮ.ਐਫ. ਦੀਆਂ ਸ਼ਰਤਾਂ ਦੇ ਆਧਾਰ ’ਤੇ ਉਨਾਂ ਦਾ ਜੀਵਨ ਮੁਸੀਬਤ ਵਿੱਚ ਕਿਉਂ ਪਾਇਆ ਜਾ ਰਿਹਾ ਹੈ।

# ਭਾਜਪਾ ਛਡਕੇ ਸਾਬਕਾ ਕੈਬਨਿਟ ਮੰਤਰੀ ਮਿੱਤਲ ਪੁੱਤਰ ਸਮੇਤ ਬਾਦਲ ਦਲ ਵਿੱਚ ਸ਼ਾਮਲ

**ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** ਭਾਜਪਾ ਨੂੰ ਉਸ ਸਮੇਂ ਤਕੜਾ ਝਟਕਾ ਲੱਗਿਆ ਜਦੋਂ ਪੰਜਾਬ ਭਾਜਪਾ ਦੇ ਸਾਬਕਾ ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ ਆਪਣੇ ਸਪੁੱਤਰ ਐਡਵੋਕੇਟ ਅਰਵਿੰਦ ਮਿੱਤਲ ਸਮੇਤ ਭਾਜਪਾ ਨੂੰ ਝਟਕਾ ਦਿੰਦੇ ਹੋਏ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਮਦਨ ਮੋਹਨ ਮਿੱਤਲ ਨੇ ਕਿਹਾ ਕਿ ਉਹ 1962 ਤੋਂ ਭਾਜਪਾ ਨਾਲ਼ ਜੁੜੇ ਹੋਏ ਸਨ ਅਤੇ ਇਸ ਦੌਰਾਨ ਉਨਾਂ ਵੱਲੋਂ ਵੱਖਲੂ-ਵੱਖ ਅਹੁਦਿਆਂ ਤੇ ਰਹਿੰਦਿਆਂ ਪਾਰਟੀ ਦੀ ਸੇਵਾ ਕੀਤੀ ਗਈ। ਉਨਾਂ ਭਰੇ ਮਨ ਨਾਲ਼ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਵੱਲੋਂ ਉਮਰ ਦੇ ਤਕਾਜ਼ੇ ਨੂੰ ਦੇਖਦਿਆਂ ਉਨਾਂ ਦੀ ਟਿਕਟ ਕੱਟ ਕੇ ਪਰਮਿੰਦਰ ਸ਼ਰਮਾ ਨੂੰ ਉਮੀਦਵਾਰ ਬਣਾਇਆ ਗਿਆ ਸੀ ਪਰ ਇਸ ਵਾਰ ਉਨਾਂ ਨੂੰ ਆਸ ਸੀ ਕਿ ਪਾਰਟੀ ਉਨਾਂ ਦੇ ਪਰਿਵਾਰ ਨੂੰ ਇਸ ਵਾਰ ਟਿਕਟ ਜ਼ਰੂਰ ਦੇਵੇਗੀ ਪ੍ਰੰਤੂ ਪਾਰਟੀ ਵੱਲੋਂ ਉਨਾਂ ਅਤੇ ਹਲਕੇ ਦੇ ਵੋਟਰਾਂ ਦੀ ਅਣਦੇਖੀ ਕਰਦਿਆਂ ਉਨਾਂ ਦੇ ਸਪੁੱਤਰ ਐਡਵੋਕੇਟ ਅਰਵਿੰਦ ਮਿੱਤਲ ਦੀ ਜਗਾ ਦੁਬਾਰਾ ਫਿਰ ਪਿਛਲੀ ਵਾਰ ਬੁਰੀ ਤਰਾਂ ਚੋਣ ਹਾਰੇ ਪਰਮਿੰਦਰ ਸ਼ਰਮਾ ਨੂੰ ਹੀ ਆਪਣਾ ਉਮੀਦਵਾਰ ਬਣਾਇਆ ਗਿਆ। ਉਨਾਂ ਕਿਹਾ ਕਿ ਉਨਾਂ ਕੋਲ ਹੁਣ ਹੋਰ ਕੋਈ ਬਦਲ ਨਹੀਂ ਬਚਿਆ, ਇਸ ਲਈ ਉਹ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਜਾਣਕਾਰੀ ਮੁਤਾਬਕ ਐਡਵੋਕੇਟ ਅਰਵਿੰਦ ਮਿੱਤਲ ਬਸਪਾ ਚੋਣ ਨਿਸ਼ਾਨ ’ਤੇ ਸ੍ਰੀ ਅਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ-ਬਸਪਾ ਗੱਠਜੋੜ ਵੱਲੋਂ ਚੋਣ ਲੜ ਸਕਦੇ ਹਨ।

# ਪਿਛਲੇ ਹਫ਼ਤੇ ਹੋਏ ਦੋ ਧਮਾਕਿਆਂ ਦੇ ਮਾਮਲੇ ਵਿੱਚ ਇੱਕ ਵਿਅਕਤੀ ਗ੍ਰਿਫ਼ਤਾਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਪਿਛਲੇ ਹਫ਼ਤੇ ਸੈਕਰਾਮੈਂਟੋ, ਕੈਲੀਫ਼ੋਰਨੀਆ ਵਿੱਚ ਹੋਏ ਦੋ ਧਮਾਕਿਆਂ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ 23 ਸਾਲਾ ਵਿਅਕਤੀ ਨੂੰ ਗਿਫ਼ਫਤਾਰ ਕੀਤਾ ਹੈ। ਸੈਕਰਾਮੈਂਟੋ ਪੁਲਿਸ ਵਿਭਾਗ ਦੁਆਰਾ ਜਾਰੀ ਪ੍ਰੈਸ ਰੀਲੀਜ਼ ਅਨੁਸਾਰ ਇੱਕ ਧਮਾਕੇ ਕਾਰਨ ਇੱਕ ਵਾਹਣ ਨੂੰ ਨੁਕਸਾਨ ਪੁੱਜਾ ਸੀ। ਪੁਲਿਸ ਨੂੰ ਮੌਕੇ ਉੱਪਰ ਕੀਤੀ ਗਈ ਜਾਂਚ ਪੜਤਾਲ ਦੌਰਾਨ ਦੋ ਜ਼ਿੰਦਾ ਪਾਈਪ ਬੰਬ ਮਿਲੇ ਸਨ ਤੇ ਗ੍ਰਿਫ਼ਤਾਰ ਸ਼ੱਕੀ ਵੱਲੋਂ ਪਾਈਪ ਬੰਬ ਨਾਲ਼ ਧਮਾਕਾ ਕਰਨ ਦੇ ਸਬੂਤ ਵੀ ਪੁਲਿਸ ਨੇ ਕਬਜੇ ਵਿੱਚ ਲਏ ਸਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖ਼ਤ ਕੌਡੀ ਵਿਗਜ਼ ਵਜੋਂ ਹੋਈ ਹੈ। ਪੁਲਿਸ ਨੇ ਜਾਰੀ ਪ੍ਰੈਸ ਰੀਲੀਜ਼ ਵਿੱਚ ਇਹ ਨਹੀਂ ਦੱਸਿਆ ਕਿਸ ਆਧਾਰ ’ਤੇ ਵਿਗਜ਼ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਪੁਲਿਸ ਨੇ ਸਬੂਤ ਮਿਲਣ ਦੀ ਗੱਲ ਕਹੀ ਹੈ। ਵਿਗਜ਼ ਵਿਰੁੱਧ ਜਨਤਕ ਜਗਾ ’ਤੇ ਧਮਾਕਾਖੇਜ ਸਮੱਗਰੀ ਤੇ ਆਪਣੇ ਕੋਲ਼ ਚਾਕੂ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਵਿਭਾਗ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਕਿਸੇ ਕੋਲ਼ ਵੀ ਇਨਾਂ ਧਮਾਕਿਆਂ ਸੰਬੰਧੀ ਜਾਂ ਹੋਰ ਅਜਿਹੀਆਂ ਘਟਨਾਵਾਂ ਬਾਰੇ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ਼ ਸੰਪਰਕ ਕਰੇ।

# ਸੰਘੀ ਅਦਾਲਤ ਨੇ ਨਫ਼ਰਤੀ ਅਪਰਾਧ ਦੇ ਮਾਮਲੇ ਵਿੱਚ ‘ਸਮਝੌਤਾ ਬੇਨਤੀ’ ਕੀਤੀ ਰੱਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇੱਕ ਸੰਘੀ ਅਦਾਲਤ ਨੇ ਅਹਮਦ ਆਰਬਰੀ ਨਾਮੀ ਵਿਅਕਤੀ ਦੀ ਹੱਤਿਆ ਲਈ ਦੋਸ਼ੀ ਕਰਾਰ ਦਿੱਤੇ ਪਿਓ-ਪੁਤ ਦੇ ਮਾਮਲੇ ਵਿੱਚ ‘ਸਮਝੌਤਾ ਬੇਨਤੀ’ ਰੱਦ ਕਰ ਦਿੱਤੀ। ਯੂ ਐਸ ਡਿਸਟ੍ਰਿਕਟ ਜੱਜ ਲੀਸਾ ਗਾਡਬੇਅ ਵੁੱਡ ਨੇ ਆਰਬਰੀ ਦੇ ਪਰਿਵਾਰ ਵੱਲੋਂ ਰਖੇ ਜਜ਼ਬਾਤੀ ਪੱਖ ਨੂੰ ਸੁਣਨ ਉਪਰੰਤ ਟਰਾਵਿਸ ਮੈਕਮਾਈਕਲ ਨਾਲ਼ ‘ਡੀਲ’ ਦਾ ਪ੍ਰਸਤਾਵ ਰੱਦ ਕਰ ਦਿੱਤਾ। ਜੱਜ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਪਰਿਵਾਰ ਦੀ ਇੱਛਾ ਨੂੰ ਮੁੱਖ ਰੱਖਕੇ ਹੀ ਵਿਚਾਰ ਕੀਤੀ ਜਾਣੀ ਹੈ ਤੇ ਪਰਿਵਾਰ ਪ੍ਰਸਤਾਵਿਤ ਸਮਝੌਤੇ ਦੇ ਵਿਰੁੱਧ ਹੈ। ਆਰਬਰੀ ਦੇ ਪਿਤਾ ਮਾਰਕਸ ਨੇ ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਕਿਹਾ ਕਿ ਉਹ ਮੇਰਾ ਪੁੱਤਰ ਸੀ ਜਿਸ ਦਾ ਕੋਈ ਬਦਲ ਨਹੀਂ ਹੈ। ਉਸ ਨੂੰ ਰੰਗਭੇਦ ਦੇ ਆਧਾਰ ’ਤੇ ਮਾਰਿਆ ਗਿਆ ਹੈ। ਅਸੀਂ ਅੱਧਾ ਨਹੀਂ ਪੂਰਾ ਇਨਸਾਫ਼ ਚਹੁੰਦੇ ਹਾਂ। ਅਦਾਲਤ ਨੇ ਅਜੇ ਟਰਾਵਿਸ ਮੈਕਮਾਈਕਲ ਦੇ ਪਿਤਾ ਗਰੇਗ ਮੈਕਮਾਈਕਲ ਦੀ ‘ਸਮਝੌਤਾ ਬੇਨਤੀ’ ਬਾਰੇ ਫ਼ੈਸਲਾ ਨਹੀਂ ਸੁਣਾਇਆ। ਇੱਥੇ ਜ਼ਿਕਰਯੋਗ ਹੈ ਕਿ 25 ਸਾਲਾ ਆਰਬਰੀ ਦੀ ਬਰਨਜਵਿਕ, ਜਾਰਜੀਆ ਵਿੱਚ 23 ਫਰਵਰੀ 2020 ਨੂੰ ਦੌੜਾ-ਦੌੜਾ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਅਦਾਲਤ ਨੇ 35 ਸਾਲਾ ਟਰਾਵਿਸ ਮੈਕਮਾਈਕਲ ਤੇ 65 ਸਾਲਾ ਗਰੇਗ ਮੈਕਮਾਈਕਲ ਨੂੰ ਜੀਵਨ ਕਾਲ ਲਈ ਜੇਲ ਦੀ ਸਜ਼ਾ ਸੁਣਾਈ ਸੀ। ਉਨਾਂ ਦਾ ਗਵਾਂਢੀ 52 ਸਾਲਾ ਬਰਾਇਨ ਜਿਸ ਨੇ ਹੱਤਿਆ ਦੀ ਵੀਡੀਓ ਬਣਾਈ ਸੀ, ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਤੇ ਅਦਾਲਤ ਨੇ ਕਿਹਾ ਸੀ ਕਿ ਬਰਾਇਨ ਦੀ ਅਗਲੇ 30 ਸਾਲਾਂ ਦੌਰਾਨ ਜ਼ਮਾਨਤ ਦੀ ਸੰਭਾਵਨਾ ਹੋ ਸਕਦੀ ਹੈ।

# ਜੇਕਰ ਹਿੰਦ ਸਰਕਾਰ ਦਸੰਬਰ 2021 ਵਿੱਚ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ਼ ਕੀਤੇ ਵਾਅਦਿਆਂ ਤੋਂ ਮੁਕਰਦੀ ਹੈ ਤਾਂ ਕਿਸਾਨਾਂ ਕੋਲ਼ ਮੁੜ ਤੋਂ ਅੰਦੋਲਨ ਸ਼ੁਰੂ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚੇਗਾ : ਸੰਯੁਕਤ ਕਿਸਾਨ ਮੋਰਚਾ

## ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਦੇਸ਼ ਭਰ ਵਿੱਚ ਹਜ਼ਾਰਾਂ ਥਾਵਾਂ 'ਤੇ ਕਿਸਾਨਾਂ ਨੇ 'ਵਿਸ਼ਵਾਸਘਾਤ ਦਿਵਸ' ਮਨਾਇਆ

ਦੇਸ਼ ਦੇ ਸੈਂਕੜੇ ਜ਼ਿਲਿਆਂ ਅਤੇ ਤਹਿਸੀਲਾਂ ਵਿੱਚ ਰੋਸ ਮੁਜ਼ਾਹਰੇ ਹੋਏ ਅਤੇ ਜ਼ਿਲਾ ਕਲੈਕਟਰਾਂ, ਐਸ. ਡੀ. ਐਮ.'ਜ਼ ਅਤੇ ਏ. ਡੀ. ਐਮ.'ਜ਼ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪੇ ਗਏ ਅਤੇ ਪੁਤਲੇ ਸਾੜੇ ਗਏ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:- ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਦੇਸ਼ ਭਰ ਵਿੱਚ ਹਜ਼ਾਰਾਂ ਥਾਵਾਂ 'ਤੇ ਕਿਸਾਨਾਂ ਨੇ 'ਵਿਸ਼ਵਾਸਘਾਤ ਦਿਵਸ' ਮਨਾਇਆ ਅਤੇ ਦੇਸ਼ ਦੇ ਸੈਂਕੜੇ ਜ਼ਿਲਿਆਂ ਅਤੇ ਤਹਿਸੀਲਾਂ ਵਿੱਚ ਰੋਸ ਮੁਜ਼ਾਹਰੇ ਹੋਏ, ਅਤੇ ਜ਼ਿਲਾ ਕਲੈਕਟਰਾਂ, ਐਸ. ਡੀ. ਐਮ.'ਜ਼ ਅਤੇ ਏ. ਡੀ. ਐਮ.'ਜ਼ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਮ ਮੰਗ ਪੱਤਰ ਸੌਂਪੇ ਗਏ ਅਤੇ ਪੁਤਲੇ ਸਾੜੇ ਗਏ । ਕਿਸਾਨ ਨੇਤਾ ਡਾ. ਦਰਸ਼ਨ ਪਾਲ, ਹਨਨ ਮੌਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ ਸ਼ਰਮਾ 'ਕੱਕਾਜੀ', ਯੁੱਧਵੀਰ ਸਿੰਘ, ਯੋਗਿੰਦਰ ਯਾਦਵ ਨੇ ਕਿਹਾ ਕਿ ਰਾਸ਼ਟਰਪਤੀ ਨੂੰ ਦਿੱਤੇ ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੇ ਮੁਖੀ ਹੋਣ ਦੇ ਨਾਤੇ ਦੇਸ਼ ਦੇ ਸਭ ਤੋਂ ਵੱਡੇ ਵਰਗ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਸਰਕਾਰ ਨੂੰ ਕਿਸਾਨਾਂ ਦੇ ਖ਼ਿਲਾਫ਼ ਇਹ ਧੋਖਾਧੜੀ ਕਰਨ ਦੇ ਖ਼ਿਲਾਫ਼ ਚੇਤਾਵਨੀ ਦੇਣਾ ਰਾਸ਼ਟਰਪਤੀ ਦਾ ਸੰਵਿਧਾਨਕ ਫ਼ਰਜ਼ ਹੈ। ਮੰਗ ਪੱਤਰ ਵਿੱਚ ਯਾਦ ਕਰਵਾਇਆ ਗਿਆ ਹੈ ਕਿ ਕਿਸਾਨਾਂ ਦੀ ਮਿਹਨਤ ਸਦਕਾ ਦੇਸ਼ ਅਨਾਜ ਦੇ ਮਾਮਲੇ ਵਿੱਚ ਆਤਮ ਨਿਰਭਰ ਹੋਇਆ ਹੈ। 'ਕਿਸਾਨਾਂ ਦੇ ਅਣਥੱਕ ਯਤਨਾਂ ਨਾਲ਼, ਲਾਕਡਾਊਨ ਅਤੇ ਆਰਥਿਕ ਮੰਦੀ ਦੇ ਬਾਵਜੂਦ, ਦੇਸ਼ ਦੇ ਖੇਤੀਬਾੜੀ ਉਤਪਾਦਨ ਵਿੱਚ ਲਗਾਤਾਰ ਵਾਧਾ ਹੋਇਆ ਹੈ। ਕਿਸਾਨਾਂ ਨਾਲ਼ ਧੋਖਾ ਕਰਨਾ ਵਿਨਾਸ਼ਕਾਰੀ ਹੋ ਸਕਦਾ ਹੈ' ਇਹ ਕਿਸਾਨਾਂ ਦੇ ਮੈਮੋਰੰਡਮ ਵਿੱਚ ਕਿਹਾ ਗਿਆ ਹੈ। ਪੰਜਾਬ, ਹਰਿਆਣਾ, ਉੱਤਰ-ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ, ਮਹਾਰਾਸ਼ਟਰ, ਕਰਨਾਟਕ, ਮੱਧ-ਪ੍ਰਦੇਸ਼, ਆਂਧਰਾ-ਪ੍ਰਦੇਸ਼, ਹਿਮਾਚਲ-ਪ੍ਰਦੇਸ਼, ਤੇਲੰਗਾਨਾ, ਉੜੀਸਾ, ਤਾਮਿਲਨਾਡੂ, ਰਾਜਸਥਾਨ, ਗੁਜਰਾਤ, ਤ੍ਰਿਪੁਰਾ ਸਮੇਤ ਹੋਰ ਰਾਜਾਂ ਵਿੱਚ ਪ੍ਰਦਰਸ਼ਨਾਂ, ਮਾਰਚਾਂ ਅਤੇ ਪੁਤਲੇ ਫੂਕ ਕੇ 'ਵਿਸ਼ਵਾਸਘਾਤ ਦਿਵਸ' ਵਜੋਂ ਮਨਾਇਆ ਗਿਆ। ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ





9 ਦਸੰਬਰ, 2021 ਨੂੰ ਸੰਯੁਕਤ ਕਿਸਾਨ ਮੋਰਚਾ ਨੂੰ ਪੱਤਰ ਵਿੱਚ ਭਾਰਤ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਵਿੱਚੋਂ ਕੋਈ ਵੀ ਪੂਰਾ ਨਹੀਂ ਕੀਤਾ ਗਿਆ ਹੈ। ਮੋਰਚਾ ਭਾਜਪਾ ਸਰਕਾਰ ਨੂੰ ਕਿਸਾਨਾਂ ਦੇ ਸਬਰ ਨੂੰ ਵੰਗਾਰਨ ਵਿਰੁੱਧ ਚੇਤਾਵਨੀ ਦਿੰਦਾ ਹੈ ਅਤੇ ਐਲਾਨ ਕਰਦਾ ਹੈ ਕਿ ਜੇਕਰ ਵਾਅਦਿਆਂ ਨੂੰ ਜਲਦੀ ਪੂਰਾ ਨਾ ਕੀਤਾ ਗਿਆ ਤਾਂ ਕਿਸਾਨਾਂ ਕੋਲ਼ ਮੁੜ ਤੋਂ ਅੰਦੋਲਨ ਸ਼ੁਰੂ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚੇਗਾ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸੰਯੁਕਤ ਕਿਸਾਨ ਮੋਰਚਾ 'ਮਿਸ਼ਨ ਉੱਤਰ ਪ੍ਰਦੇਸ਼' ਨੂੰ ਜਾਰੀ ਰੱਖੇਗਾ ਅਤੇ ਭਾਜਪਾ ਨੂੰ ਸਜ਼ਾ ਦੇਣ ਅਤੇ ਹਰਾਉਣ ਲਈ ਰਾਜ ਭਰ ਵਿੱਚ ਮੁਹਿੰਮ ਚਲਾਏਗਾ। ਮਿਸ਼ਨ ਦੇ ਨਵੇਂ ਪੜਾਅ ਦਾ ਐਲਾਨ 3 ਫਰਵਰੀ ਨੂੰ ਪ੍ਰੈਸ ਕਾਨਫਰੰਸ ਨਾਲ਼ ਕੀਤਾ ਜਾਵੇਗਾ। ਐਸ. ਕੇ. ਐਮ. ਨੇ ਕੇਂਦਰੀ ਮਜ਼ਦੂਰ ਸੰਗਠਨਾਂ ਵੱਲੋਂ ਚੱਲ ਰਹੀਆਂ ਚੋਣਾਂ ਦੇ ਮੱਦੇਨਜ਼ਰ ਦੇਸ਼ ਵਿਆਪੀ ਪੇਂਡੂ ਹੜਤਾਲ ਦੇ ਦਿਨ ਨੂੰ 23-24 ਫ਼ਰਵਰੀ ਤੋਂ 28-29 ਮਾਰਚ ਤੱਕ ਬਦਲਣ ਦੇ ਫ਼ੈਸਲਾ ਦਾ ਨੋਟਿਸ ਲਿਆ ਹੈ। ਐਸ. ਕੇ. ਐਮ. ਮਜ਼ਦੂਰ ਜਥੇਬੰਦੀਆਂ ਦੇ ਸੱਦੇ ਦਾ ਪੂਰਾ ਸਮਰਥਨ ਕਰਦੀ ਹੈ ਅਤੇ ਭਾਰਤ ਭਰ ਦੇ ਮਜ਼ਦੂਰਾਂ ਅਤੇ ਮਿਹਨਤਕਸ਼ ਨਾਲ਼ ਖੜੀ ਹੈ। ਹਿੰਦ ਸਰਕਾਰ ਆਰਥਿਕ ਸਰਵੇਖਣ ਰਿਪੋਰਟ 2021-22 ਦੇ ਨਾਲ਼ ਮੌਜੂਦਾ ਐਮ. ਐਸ. ਪੀ. (ਘੋਸ਼ਣਾ) ਪ੍ਰਣਾਲੀ, ਅਤੇ ਅਜਿਹੇ ਐਮ. ਐਸ. ਪੀ. ਦੀ ਘੋਸ਼ਣਾ ਲਈ ਵਰਤੀ ਜਾ ਰਹੀ ਲਾਗਤ ਫ਼ਾਰਮੂਲੇ ਬਾਰੇ ਆਪਣੇ ਝੂਠਾਂ 'ਤੇ ਕਾਇਮ ਹੈ। ਲਾਗਤ ਦਾ ਜੋ ਫ਼ਾਰਮੂਲਾ ਵਰਤਿਆ ਜਾ ਰਿਹਾ ਹੈ ਉਹ 12+ ਪਰਿਵਾਰਕ ਮਜ਼ਦੂਰੀ ਹੈ, ਜਦਕਿ ਉਤਪਾਦਨ ਦੀ 32 ਲਾਗਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਕਿਸਾਨਾਂ ਨੂੰ ਉਨਾਂ ਦੇ ਅਸਲ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਫ਼ਸਲੀ ਵਿਭਿੰਨਤਾ ਦੇ ਨਾਲ਼ ਘੱਟੋ-ਘੱਟ ਸਮਰਥਨ ਮੁੱਲ ਘੋਸ਼ਿਤ ਕਰਨ ਦੇ ਖੋਖਲੇ ਵਾਅਦੇ ਕੀਤੇ ਗਏ ਹਨ-ਕਿਸਾਨ ਜਾਣਦੇ ਹਨ ਕਿ ਅਜਿਹੀ ਵਿਭਿੰਨਤਾ ਸੱਚਮੁੱਚ ਸੰਭਵ ਹੈ ਜੇਕਰ ਘੱਟੋ-ਘੱਟ ਸਮਰਥਨ ਮੁੱਲ ਤੇਲ ਵਾਲੀਆਂ ਫ਼ਸਲਾਂ, ਬਾਜਰੇ ਅਤੇ ਦਾਲਾਂ ਸਮੇਤ ਸਾਰੀਆਂ ਫ਼ਸਲਾਂ ਲਈ ਕਾਨੂੰਨੀ ਤੌਰ 'ਤੇ ਗਾਰੰਟੀ ਦਿੱਤੀ ਜਾਂਦੀ ਹੈ। ਇਹ ਇੱਕ ਵੱਡਾ ਕਾਰਨ ਹੈ ਕਿ ਐਸ. ਕੇ. ਐਮ. ਵੀ ਕਾਨੂੰਨੀ ਤੌਰ 'ਤੇ ਗਾਰੰਟੀਸ਼ੁਦਾ ਐਮ. ਐਸ. ਪੀ. ਦੀ ਮੰਗ ਕਰਦਾ ਹੈ।

# ਸੋਸ਼ਲ ਮੀਡੀਆ 'ਤੇ ਮਾਨ, ਸਿੱਧੂ ਤੇ ਕੈਪਟਨ ਉੱਪਰ ਸੁਖਬੀਰ ਭਾਰੂ

## ✪ ਸੁਖਬੀਰ ਬਾਦਲ ਦੇ ਫੇਸਬੁੱਕ 'ਤੇ 23,57,029 ਫਾਲੋਅਰਜ਼ ✪ ਮੁੱਖ ਮੰਤਰੀ ਚੰਨੀ ਦੇ ਫੇਸਬੁੱਕ ਪੇਜ 'ਤੇ ਫਾਲੋਅਰਜ਼ ਤੇ ਲਾਈਕਸ ਦੀ ਗਿਣਤੀ 2,75,108

ਜਲੰਧਰ/ਏ.ਟੀ.ਨਿਊਜ਼ :- ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ ਦਿੱਗਜ ਆਗੂ ਵੀ ਘਰ-ਘਰ ਪ੍ਰਚਾਰ ਕਰਨ ਦੇ ਨਾਲ਼ ਇੰਟਰਨੈੱਟ ਮੀਡੀਆ 'ਤੇ ਚੋਣ ਪ੍ਰਚਾਰ ਕਰ ਰਹੇ ਹਨ। ਇੰਟਰਨੈੱਟ ਤੇ ਸੋਸ਼ਲ ਮੀਡੀਆ 'ਤੇ ਸੁਖਬੀਰ ਬਾਦਲ ਪਹਿਲੇ ਨੰਬਰ 'ਤੇ, ਭਗਵੰਤ ਮਾਨ ਦੂਜੇ ਨੰਬਰ 'ਤੇ ਅਤੇ ਨਵਜੋਤ ਸਿੰਘ ਸਿੱਧੂ ਤੀਜੇ ਨੰਬਰ 'ਤੇ ਹਨ। ਇਸੇ ਤਰਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇੰਟਰਨੈੱਟ ਮੀਡੀਆ 'ਤੇ ਚੋਣ ਹਲਚਲ ਦੌਰਾਨ ਇੱਕ-ਦੂਜੇ ਨੂੰ ਘੇਰਨ ਦੀ ਹਰ ਸੰਭਵ ਕੋਸ਼ਿਸ਼ ਵਿੱਚ ਜੁਟੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਇੰਟਰਨੈੱਟ ਮੀਡੀਆ (ਫੇਸਬੁੱਕ) 'ਤੇ 23,57,029 ਫਾਲੋਅਰਜ਼ ਹਨ। ਸੁਖਬੀਰ ਬਾਦਲ 24 ਘੰਟਿਆਂ ਵਿੱਚ ਆਪਣੇ ਫੇਸਬੁੱਕ ਪੇਜ 'ਤੇ ਤਿੰਨ ਤੋਂ ਚਾਰ ਪੋਸਟਾਂ ਪਾ ਕੇ ਵੋਟਰਾਂ ਨੂੰ ਲੁਭਾ ਰਹੇ ਹਨ। ਕਿਸਾਨਾਂ ਤੋਂ ਲੈ ਕੇ ਪਾਰਟੀ ਦੇ ਚੋਣ ਐਲਾਨ ਤੱਕ ਸੁਖਬੀਰ ਸਭ ਤੋਂ ਅੱਗੇ ਹਨ। ਰੋਜ਼ਾਨਾ ਦੀਆਂ ਗਤੀਵਿਧੀਆਂ ਦੇ ਨਾਲ਼-ਨਾਲ਼ ਸੁਖਬੀਰ ਨੇ ਆਪਣੇ ਪੇਜ 'ਤੇ ਵੱਧ ਤੋਂ ਵੱਧ ਐਲਾਨ ਅਤੇ ਵਾਅਦਿਆਂ ਸਬੰਧੀ ਪੋਸਟ ਪਾਈ ਹੈ।

ਇਹੀ ਹਾਲ ਆਪ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਦਾ ਹੈ, ਜੋ ਇੰਟਰਨੈੱਟ ਮੀਡੀਆ 'ਤੇ ਦੂਜੇ ਨੰਬਰ 'ਤੇ ਹਨ। ਭਗਵੰਤ ਮਾਨ ਦੇ 21,31,571 ਫਾਲੋਅਰਜ਼ ਹਨ। ਭਗਵੰਤ ਮਾਨ ਨੇ ਵੀ ਆਪਣੇ ਫੇਸਬੁੱਕ ਪੇਜ 'ਤੇ ਅਜਿਹਾ ਕੋਈ ਮੌਕਾ ਨਹੀਂ ਛੱਡਿਆ ਜਿਸ ਨੂੰ ਕਵਰ ਨਾ ਕੀਤਾ ਹੋਵੇ। ਜ਼ਿਆਦਾਤਰ ਵੀਡੀਓਜ਼ ਤੇ ਤਸਵੀਰਾਂ ਵਿੱਚ ਮਾਨ ਪੀਲੀ ਪੱਗ ਬੰਨ ਕੇ ਆਪਣੇ ਆਪ ਨੂੰ ਬਾਕੀ ਚੋਣ ਉਮੀਦਵਾਰਾਂ ਤੋਂ ਵੱਖਰਾ ਕਰਨ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ। ਇਨਕਲਾਬ ਜ਼ਿੰਦਾਬਾਦ ਵਰਗੇ ਨਾਅਰਿਆਂ ਵਾਲੇ ਗੀਤਾਂ ਨਾਲ ਭਗਵੰਤ ਮਾਨ ਨੇ ਪਿਛਲੇ ਕੁਝ ਦਿਨਾਂ ਵਿੱਚ ਫੇਸਬੁੱਕ ਪੇਜ 'ਤੇ ਆਪਣੇ ਫਾਲੋਅਰਜ਼ ਵਧਾਏ ਹਨ। ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਬਣਨ ਤੋਂ ਬਾਅਦ ਰੋਜ਼ਾਨਾ ਉਨਾਂ ਦੇ ਫਾਲੋਅਰਜ਼ ਵਿੱਚ ਵਾਧਾ ਵੀ ਹੋ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਜੋ ਕਿ ਇੰਟਰਨੈੱਟ ਮੀਡੀਆ 'ਤੇ ਆਪਣੇ-ਆਪ ਨੂੰ ਸਟਾਰ ਸਮਝਦੇ ਹਨ, ਤੀਜੇ ਨੰਬਰ 'ਤੇ ਚੱਲ ਰਹੇ ਹਨ। ਨਵਜੋਤ ਸਿੰਘ ਸਿੱਧੂ ਦੇ ਫੇਸਬੁੱਕ ਪੇਜ 'ਤੇ 16,96,348



ਫਾਲੋਅਰਜ਼ ਹਨ। ਨਵਜੋਤ ਸਿੱਧੂ ਆਪਣੇ ਫੇਸਬੁੱਕ ਪੇਜ 'ਤੇ ਪੰਜਾਬ ਮਾਡਲ ਨੂੰ ਸਭ ਤੋਂ ਵੱਧ ਪ੍ਰਮੋਟ ਕਰ ਰਹੇ ਹਨ। ਸਿੱਧੂ ਜਾਂ ਸਿੱਧੂ ਦੀ ਟੀਮ ਵੱਲੋਂ ਹਰ ਰੋਜ਼ 5 ਤੋਂ 6 ਚੋਣ ਪ੍ਰਚਾਰ ਸੰਬੰਧੀ ਸਮੱਗਰੀ ਆਪਣੇ ਪੇਜ 'ਤੇ ਪਾਈ ਜਾ ਰਹੀ ਹੈ। ਇਸ ਦੇ ਨਾਲ ਹੀ ਆਪਣੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੀ ਸਿੱਧੂ ਚੋਣ ਗੜਬੜ ਵਿੱਚ ਵੀ ਕਿਸੇ ਤੋਂ ਪਿੱਛੇ ਨਜ਼ਰ ਨਹੀਂ ਆ ਰਹੇ ਹਨ। ਹਾਲਾਂਕਿ, ਨੰਬਰ ਇੱਕ ਅਤੇ ਤਿੰਨ ਵਿੱਚ ਲਗਭਗ ਛੇ ਲੱਖ ਫਾਲੋਅਰਜ਼ ਦਾ ਅੰਤਰ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਹਾਕੀ ਸਟਿੱਕ ਦੇ ਪ੍ਰਚਾਰ ਦੇ ਨਾਲ਼-ਨਾਲ਼ ਆਪਣੇ ਫੇਸਬੁੱਕ ਪੇਜ 'ਤੇ ਲੋਕ ਕਾਂਗਰਸ ਪਾਰਟੀ ਲਈ ਖੁੱਲ ਕੇ ਪ੍ਰਚਾਰ ਕਰ ਰਹੇ ਹਨ। ਕੈਪਟਨ ਦੇ ਪੇਜ 'ਤੇ 13,72,929 ਫਾਲੋਅਰਜ਼ ਹਨ। ਕੈਪਟਨ ਅਮਰਿੰਦਰ ਵੱਲੋਂ ਹਰ ਰੋਜ਼ ਤਿੰਨ ਤੋਂ ਚਾਰ ਪੋਸਟਾਂ ਪਾਈਆਂ ਜਾ ਰਹੀਆਂ ਹਨ। ਕੈਪਟਨ ਨੇ ਵੀ ਆਪਣੇ ਪੇਜ 'ਤੇ ਲੋਕਾਂ ਨੂੰ ਖ਼ਾਸ ਦਿਨਾਂ ਬਾਰੇ ਜਾਗਰੂਕ ਕੀਤਾ ਹੈ।ਮੁੱਖ ਮੰਤਰੀ ਬਣਨ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਦੇ ਫੇਸਬੁੱਕ ਪੇਜ 'ਤੇ ਉਨਾਂ ਦੇ ਫਾਲੋਅਰਜ਼ ਤੇ ਲਾਈਕਸ ਦੀ ਗਿਣਤੀ 2,75,108 ਹੋ ਗਈ ਹੈ। ਪਹਿਲਾਂ ਚੰਨੀ ਦੇ ਫਾਲੋਅਰਜ਼ ਹਜ਼ਾਰਾਂ ਦੀ ਗਿਣਤੀ ਵਿੱਚ ਸਨ।

# ਅਮਰੀਕਾ ਵਿੱਚ ਜ਼ਬਰਦਸਤ ਬਰਫ਼ੀਲੇ ਤੂਫਾਨ ਦੀ ਲਪੇਟ ਵਿੱਚ ਆਉਣ ਨਾਲ਼ 3 ਵਿਅਕਤੀਆਂ ਦੀ ਮੌਤ, ਬੱਤੀ ਗੁੱਲ, ਰਿਕਾਰਡ ਤੋੜ ਬਰਫ਼ਬਾਰੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਅਮਰੀਕਾ ਦੇ ਪੂਰਬੀ ਤੱਟ 'ਤੇ ਆਏ ਜ਼ਬਰਦਸਤ ਬਰਫ਼ੀਲੇ ਤੂਫ਼ਾਨ ਕਾਰਨ ਨਿਊਯਾਰਕ ਖੇਤਰ ਵਿੱਚ 3 ਲੋਕਾਂ ਦੀ ਮੌਤ ਹੋ ਗਈ ਹੈ ਤੇ ਬਿਜਲੀ ਵਿੱਚ ਵਿਘਨ ਪੈਣ ਕਾਰਨ ਹਜ਼ਾਰਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ। ਬਰਫ਼ੀਲੇ ਤੂਫ਼ਾਨ ਨੇ ਸਮੁੱਚੇ ਪੂਰਬੀ ਤੱਟ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ ਤੇ ਉੱਤਰ ਪੂਰਬੀ ਖੇਤਰਾਂ ਵਿੱਚ 30 ਇੰਚ ਤੱਕ ਬਰਫ਼ਬਾਰੀ ਹੋਈ ਹੈ। ਤੂਫ਼ਾਨ ਦੀ ਲਪੇਟ ਵਿੱਚ ਆ ਕੇ ਇੱਕ ਬਜ਼ੁਰਗ ਵਿਅਕਤੀ ਦੀ ਤਲਾਸ਼ ਵਿੱਚ ਡਿੱਗ ਕੇ ਮੌਤ ਹੋ ਗਈ। ਨਸਾਊ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ 53 ਤੇ 75 ਸਾਲ ਦੇ ਦੋ ਵਿਅਕਤੀ ਸਾਇਸੈਟ ਕਸਬੇ ਵਿੱਚ ਮਾਰੇ ਗਏ। ਕੌਮੀ ਮੌਸਮ ਸੇਵਾ ਅਨੁਸਾਰ ਬੋਸਟਨ ਵਿੱਚ ਇੱਕ ਦਿਨ ਵਿੱਚ ਰਿਕਾਰਡ 23.6 ਇੰਚ ਬਰਫ਼ਬਾਰੀ ਹੋਈ। ਦੱਖਣੀ ਸਟੋਘਟਨ, ਮਾਸਾਚੂਸੈਟਸ ਵਿੱਚ 30.6 ਇੰਚ ਬਰਫ਼ਬਾਰੀ ਹੋਈ ਜੋ ਇੱਕ ਰਿਕਾਰਡ ਹੈ। ਨਿਊਯਾਰਕ ਸ਼ਹਿਰ ਦੇ ਆਸ ਪਾਸ ਦੇ ਖੇਤਰਾਂ ਵਿੱਚ ਇੱਕ ਫੁੱਟ ਤੱਕ ਬਰਫ਼ਬਾਰੀ ਹੋਈ ਹੈ। ਟਾਲਾਹੈਸੀ, ਫਲੋਰਿਡਾ ਵਿੱਚ ਤਾਪਮਾਨ ਮਨਫ਼ੀ 20 ਡਿਗਰੀ ਤੱਕ ਲੁੜਕ ਗਿਆ ਹੈ। ਪਿਛਲੇ 10 ਸਾਲਾਂ ਦੌਰਾਨ ਪਹਿਲੀ ਵਾਰ ਇੱਥੇ ਤਾਪਮਾਨ ਵਿੱਚ ਏਨੀ ਗਿਰਾਵਟ ਦਰਜ ਹੋਈ ਹੈ। ਫ਼ਲੋਰਿਡਾ ਦੇ ਪ੍ਰਮੁੱਖ ਮੈਰਾਥਾਨ ਇੰਟਰਨੈਸ਼ਨਲ ਏਅਰ ਪੋਰਟ 'ਤੇ ਤਾਪਮਾਨ ਵਿੱਚ ਗਿਰਾਵਟ ਦਾ 65 ਸਾਲ ਪੁਰਾਣਾ ਰਿਕਾਰਡ ਟੁੱਟ ਗਿਆ ਹੈ ਤੇ ਇੱਥੇ ਤਾਪਮਾਨ ਮਨਫ਼ੀ 46 ਡਿਗਰੀ ਰਿਕਾਰਡ ਹੋਇਆ ਹੈ। ਇੱਕ ਲੱਖ ਤੋਂ ਵੱਧ ਲੋਕਾਂ ਦੀ ਬੱਤੀ ਗੁੱਲ ਹੋ ਗਈ ਹੈ। ਮਾਸਾਚੂਸੈਟਸ ਵਿੱਚ ਰਹਿੰਦੇ ਲੋਕ ਜ਼ਿਆਦਾ ਪ੍ਰਭਾਵਿਤ ਹੋਏ ਹਨ। ਮਾਸਾਚੂਸੈਟਸ ਦੀ ਲੈਫ਼ਟੀਨੈਂਟ ਗਵਰਨਰ ਕਰੀਨ ਪੋਲੀਟੋ ਨੇ ਲੋਕਾਂ ਨੂੰ ਸੜਕਾਂ ਉੱਪਰ ਨਾ ਆਉਣ ਤੇ ਘਰਾਂ ਵਿੱਚ ਰਹਿਣ ਲਈ ਕਿਹਾ ਹੈ।

# ਨਾਵੇਡਾ ਵਿੱਚ ਤੇਜ਼ ਰਫ਼ਤਾਰ ਕਾਰ ਕਈ ਵਾਹਨਾਂ ਨਾਲ਼ ਟਕਰਾਈ, 9 ਮੌਤਾਂ ਤੇ ਕਈ ਜ਼ਖ਼ਮੀ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਨਾਵੇਡਾ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ 9 ਵਿਅਕਤੀਆਂ ਦੀ ਮੌਤ ਹੋ ਗਈ ਤੇ ਕੁਝ ਹੋਰ ਜ਼ਖ਼ਮੀ ਹੋ ਗਏ ਜਿਨਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ। ਉੱਤਰੀ ਲਾਸ ਵੇਗਾਸ ਪੁਲਿਸ ਨੇ ਹਾਦਸੇ ਦਾ ਵੇਰਵਾ ਦਿੰਦਿਆਂ ਕਿਹਾ ਹੈ ਕਿ ਇੱਕ ਤੇਜ ਰਫ਼ਤਾਰ ਕਾਰ ਨੇ ਕਈ ਹੋਰ ਵਾਹਨਾਂ ਨੂੰ ਟੱਕਰ ਮਾਰੀ । ਪੁਲਿਸ ਅਧਿਕਾਰੀ ਅਲੈਗਜੈਂਡਰ ਕੁਵਾਸ ਨੇ ਘਟਨਾ ਨੂੰ ਬਹੁਤ ਹੀ ਦੁਖਦਾਈ ਕਰਾਰ ਦਿੰਦਿਆਂ ਕਿਹਾ ਕਿ ਮਾਰੇ ਗਏ ਲੋਕਾਂ ਵਿੱਚ ਬੱਚੇ ਤੇ ਅੱਧਖੜ ਉਮਰ ਦੇ ਲੋਕ ਸ਼ਾਮਿਲ ਹਨ। ਉਨਾਂ ਕਿਹਾ ਕਿ ਸੜਕ ਹਾਦਸੇ ਵਿੱਚ ਇਸ ਤਰਾਂ ਹੋਈਆਂ ਸਮੂਹਿਕ ਮੌਤਾਂ ਦਾ ਮੰਜ਼ਰ ਪਹਿਲਾਂ ਕਦੀ ਵੀ ਨਹੀਂ ਵੇਖਿਆ। ਉਨਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡੌਜ ਚਾਰਜਰ ਕਾਰ ਦੀ ਰਫਤਾਰ ਬਹੁਤ ਤੇਜ਼ ਸੀ। ਪ੍ਰਮੁੱਖ ਚੌਕ ਵਿੱਚ ਲਾਲ ਬੱਤੀ ਦੀ ਪਰਵਾਹ ਕੀਤੇ ਬਿਨਾਂ ਤੇਜ਼ ਰਫ਼ਤਾਰ ਕਾਰ ਅੱਗੇ ਖੜੀਆਂ 6 ਕਾਰਾਂ ਨਾਲ਼ ਜਾ ਟਕਰਾਈ ਜਿੰਨਾਂ ਵਿੱਚ 15 ਲੋਕ ਸਵਾਰ ਸਨ। ਹਾਦਸਾ ਏਨਾ ਜ਼ਬਰਦਸਤ ਸੀ ਕਿ ਕਾਰਾਂ ਇੱਕ ਦੂਸਰੇ ਵਿੱਚ ਧੱਸ ਗਈਆਂ ਤੇ ਲਾਸ਼ਾਂ ਨੂੰ ਭਾਰੀ ਮੁਸ਼ਕਤ ਤੋਂ ਬਾਅਦ ਕਾਰਾਂ ਵਿੱਚੋਂ ਕੱਢਿਆ ਗਿਆ। ਡੌਜ ਚਾਰਜਰ ਕਾਰ ਵਿੱਚ ਸਵਾਰ ਦੋਨੋਂ ਵਿਅਕਤੀ ਵੀ ਇਸ ਹਾਦਸੇ ਵਿੱਚ ਮਾਰੇ ਗਏ। ਉਨਾਂ ਕਿਹਾ ਕਿ ਤੇਜ਼ ਰਫ਼ਤਾਰ ਹੀ ਹਾਦਸੇ ਦਾ ਕਾਰਨ ਬਣੀ ਹੈ।

# ਓਮੀਕ੍ਰੋਨ ਭਾਰਤ ਸਮੇਤ ਦੁਨੀਆ ਦੀ ਅਰਥਵਿਵਸਥਾ ’ਤੇ ਪਿਆ ਭਾਰੂ

## ਆਈ. ਐਮ. ਐਫ਼. ਨੇ ਚਾਲੂ ਵਿੱਤੀ ਸਾਲ ਲਈ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ 0.5 ਫ਼ੀਸਦੀ ਘਟਾ ਕੇ 9 ਫ਼ੀਸਦੀ ਕੀਤਾ

**ਵਾਸ਼ਿੰਗਟਨ/ਏ.ਟੀ.ਨਿਊਜ਼:** ਓਮੀਕ੍ਰੋਨ ਕੋਰੋਨਾ ਵਾਇਰਸ ਦੀ ਲਾਗ ਦਾ ਇੱਕ ਨਵਾਂ ਰੂਪ, ਭਾਰਤ ਸਮੇਤ ਦੁਨੀਆ ਭਰ ਵਿੱਚ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਅੰਤਰਰਾਸ਼ਟਰੀ ਮੁਦਰਾ ਫੰਡ ਨੇ ਆਰਥਿਕ ਵਿਕਾਸ ਦਰ ਬਾਰੇ ਪਹਿਲਾਂ ਦੇ ਅਨੁਮਾਨ ਵਿੱਚ ਬਦਲਾਅ ਕਰਦੇ ਹੋਏ ਭਾਰਤ ਅਤੇ ਵਿਸ਼ਵ ਦੀ ਅਨੁਮਾਨਿਤ ਆਰਥਿਕ ਵਿਕਾਸ ਦਰ ਵਿੱਚ ਕਟੌਤੀ ਕੀਤੀ ਹੈ। ਆਈ. ਐਮ. ਐਫ਼. ਨੇ ਬੀਤੇ ਦਿਨੀਂ ਚਾਲੂ ਵਿੱਤੀ ਸਾਲ ਲਈ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ 0.5 ਫ਼ੀਸਦੀ ਘਟਾ ਕੇ 9 ਫ਼ੀਸਦੀ ਕਰ ਦਿੱਤਾ ਹੈ। ਆਈ. ਐਮ. ਐਫ਼. ਦੀ ਮੁੱਖ ਅਰਥ ਸ਼ਾਸਤਰੀ ਗੀਤਾ ਗੋਪੀਨਾਥ ਨੇ ਕਿਹਾ ਕਿ ਮਾਮੂਲੀ ਗਿਰਾਵਟ ਮੁੱਖ ਤੌਰ ’ਤੇ ਓਮੀਕ੍ਰੋਨ ਵੇਰੀਐਂਟ ਦੇ ਫ਼ੈਲਣ ਦੀ ਵਜਾ ਨਾਲ਼ ਹੈ।



ਗੀਤਾ ਗੋਪੀਨਾਥ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ, ‘ਜੇਕਰ ਤੁਸੀਂ 2021-22 ਦੇ ਵਿੱਤੀ ਸਾਲ ’ਤੇ ਨਜ਼ਰ ਮਾਰੋ ਤਾਂ ਅਗਲੇ ਵਿੱਤੀ ਸਾਲ 2022-23 ਲਈ -0.5 ਫ਼ੀਸਦੀ ਅੰਕਾਂ ਦੀ ਮਾਮੂਲੀ ਗਿਰਾਵਟ ਅਤੇ 0.5 ਫ਼ੀਸਦੀ ਅੰਕਾਂ ਦਾ ਮਾਮੂਲੀ ਲਾਭ ਹੈ।’ ਵਾਸ਼ਿੰਗਟਨ ਸਥਿਤ ਅੰਤਰਰਾਸ਼ਟਰੀ ਵਿੱਤੀ ਸੰਸਥਾ ਨੇ ਪਿਛਲੇ ਸਾਲ ਅਕਤੂਬਰ ਵਿੱਚ ਮੌਜੂਦਾ ਵਿੱਤੀ ਸਾਲ (2021-22) ਲਈ ਭਾਰਤ ਦੀ 9.5 ਫ਼ੀਸਦੀ ਦੀ ਜੀ.ਡੀ. ਪੀ. ਵਿਕਾਸ ਦਰ ਦਾ ਅਨੁਮਾਨ ਲਗਾਇਆ ਸੀ। ਹੁਣ ਆਈ. ਐਮ. ਐਫ਼. ਨੇ ਇਸ ਨੂੰ ਘਟਾ ਦਿੱਤਾ ਹੈ। ਹਾਲਾਂਕਿ ਦੁਨੀਆ ਦੀ ਵਿਕਾਸ ਦਰ ਦੇ ਅਨੁਮਾਨ ਵਿੱਚ ਵੀ ਕਟੌਤੀ ਕੀਤੀ ਗਈ ਹੈ।

ਆਈ. ਐਮ. ਐਫ਼. ਨੇ ਕੋਵਿਡ-19 ਦੇ ਓਮੀਕ੍ਰੋਨ ਵੇਰੀਐਂਟ ਦੇ ਪਸਾਰ, ਉੱਚ ਊਰਜਾ ਦੀਆਂ ਕੀਮਤਾਂ, ਮਹਿੰਗਾਈ ਵਿੱਚ ਤੇ ਚੀਨ ਵਿੱਚ \ਵਿੱਤੀ ਤਣਾਅ ਦਾ ਹਵਾਲਾ ਦਿੰਦੇ ਹੋਏ ਇਸ ਸਾਲ ਵਿਸ਼ਵ ਅਰਥਵਿਵਸਥਾ ਦੇ ਆਪਣੇ ਅਨੁਮਾਨ ਨੂੰ ਘਟਾ ਦਿੱਤਾ। ਏਜੰਸੀ ਨੇ ਹੁਣ ਭਵਿੱਖਬਾਣੀ ਕੀਤੀ ਹੈ ਕਿ 2022 ਵਿੱਚ ਵਿਸ਼ਵ ਅਰਥਚਾਰੇ ਵਿੱਚ 4.4% ਦਾ ਵਾਧਾ ਹੋਵੇਗਾ। ਇਹ ਪਿਛਲੇ ਸਾਲ ਦੇ ਅਨੁਮਾਨਿਤ 5.9% ਤੋਂ ਘੱਟ ਹੈ। ਇੰਨਾ ਹੀ ਨਹੀਂ ਇਹ ਅਕਤੂਬਰ ਤੋਂ 2022 ਲਈ ਆਈ. ਐਮ. ਐਫ਼. ਵੱਲੋਂ 4.9% ਦੇ ਵਿਸਤਾਰ ਦੇ ਅਨੁਮਾਨ ਤੋਂ ਵੀ ਘੱਟ ਹੈ।

ਆਈ. ਐਮ. ਐਫ਼. ਨੇ ਅਮਰੀਕਾ, ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਲਈ ਵਿਕਾਸ ਦਰ ਦਾ ਅਨੁਮਾਨ ਅਕਤੂਬਰ ਵਿੱਚ 5.2% ਤੋਂ ਘਟਾ ਕੇ 4% ਕਰ ਦਿੱਤਾ। ਏਜੰਸੀ ਨੂੰ ਹੁਣ ਰਾਸ਼ਟਰਪਤੀ ਜੋਅ ਬਾਈਡੇਨ ਦੇ ‘ਬਿਲਡ ਬੈਕ ਬੈਟਰ ਸੋਸ਼ਲ ਪਾਲਿਸੀ ਬਿੱਲ’ ਤੋਂ ਕਿਸੇ ਆਰਥਿਕ ਪ੍ਰਗਤੀ ਦੀ ਉਮੀਦ ਨਹੀਂ ਹੈ। ਚੀਨ ਦੀ ਆਰਥਿਕਤਾ ਇਸ ਸਾਲ 4.8% ਦੀ ਦਰ ਨਾਲ ਵਧਣ ਦਾ ਅਨੁਮਾਨ ਹੈ ਜੋ ਪਿਛਲੇ ਸਾਲ 8.1% ਤੋਂ ਘੱਟ ਹੈ ਤੇ ਅਕਤੂਬਰ ਵਿੱਚ ਆਈ. ਐਮ. ਐਫ਼. ਦੀ ਉਮੀਦ ਨਾਲ਼ੋਂ 0.8% ਘੱਟ ਹੈ।

# ਬਾਈਡਨ ਪ੍ਰਸ਼ਾਸਨ ਵੱਲੋਂ ਵੱਡੇ ਕਾਰੋਬਾਰੀ ਅਦਾਰਿਆਂ ’ਤੇ ਲਾਗੂ ਲਾਜ਼ਮੀ ਟੀਕਾਕਰਨ ਤੇ ਟੈਸਟਿੰਗ ਨਿਯਮ ਵਾਪਿਸ ਲੈਣ ਦੀ ਤਿਆਰੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸੁਪਰੀਮ ਕੋਰਟ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਵੱਡੇ ਕਾਰੋਬਾਰੀ ਅਦਾਰਿਆਂ ਉੱਪਰ ਲਾਜ਼ਮੀ ਕੋਵਿਡ-19 ਟੀਕਾਕਰਨ ਜਾਂ ਨਿਰੰਤਰ ਟੈਸਟਿੰਗ ਲਈ ਲਾਗੂ ਕੀਤੇ ਨਿਯਮ ਉੱਪਰ ਪਾਬੰਦੀ ਲਾ ਦੇਣ ਉਪਰੰਤ ਬਾਈਡਨ ਪ੍ਰਸ਼ਾਸਨ ਇਸ ਆਦੇਸ਼ ਨੂੰ ਵਾਪਿਸ ਲੈ ਰਿਹਾ ਹੈ। ਅਮਰੀਕਾ ਦੇ ‘ਲੇਬਰ ਆਕੂਪੇਸ਼ਨਲ ਸੇਫ਼ਟੀ ਐਂਡ ਹੈਲਥ ਐਡਮਿਨਿਸਟ੍ਰੇਸ਼ਨ’ ( ਓ. ਐਸ. ਐਚ. ਏ.) ਨੇ ਕਿਹਾ ਹੈ ਕਿ ਉਸ ਵੱਲੋਂ 100 ਤੋਂ ਵੱਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ ’ਤੇ ਲਾਗੂ ਲਾਜ਼ਮੀ ਵੈਕਸੀਨੇਸ਼ਨ ਤੇ ਟੈਸਟਿੰਗ ਦੀ ਸ਼ਰਤ ਵਾਪਿਸ ਲਈ ਜਾ ਰਹੀ ਹੈ। ਅਮਰੀਕੀ ਕਿਰਤ ਵਿਭਾਗ ਦੇ ਇੱਕ ਬੁਲਾਰੇ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਂ ਕਿ ਉਹ ਵੈਕਸੀਨੇਸ਼ਨ ਤੇ ਟੈਸਟਿੰਗ ਵਾਪਿਸ ਲੈ ਰਿਹਾ ਹੈ ਪ੍ਰੰਤੂ ਇਸ ਨਾਲ਼ ਹੰਗਾਮੀ ਆਰਜੀ ਮਾਪਦੰਡ ਪ੍ਰਭਾਵਿਤ ਨਹੀਂ ਹੋਣਗੇ ਤੇ ਇਹ ਪ੍ਰਸਤਾਵਿਤ ਨਿਯਮ ਵਜੋਂ ਕਾਇਮ ਰਹਿਣਗੇ। ਬੁਲਾਰੇ ਨੇ ਕਿਹਾ ਹੈ ਕਿ ਵਿਭਾਗ ਕੋਵਿਡ-19 ਤੋਂ ਸਿਹਤ ਮੁਲਾਜ਼ਮਾਂ ਨੂੰ ਬਚਾਉਣ ਲਈ ਤੇਜ਼ੀ ਨਾਲ਼ ਕੰਮ ਕਰ ਰਿਹਾ ਹੈ ਤੇ ਇਸ ਸੰਬੰਧੀ ਮਾਪਦੰਡਾਂ ਨੂੰ ਛੇਤੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਦੋ ਹਫ਼ਤਿਆਂ ਦੇ ਵੀ ਘੱਟ ਸਮੇ ਤੋਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਦਿੱਤਾ ਗਿਆ ਫ਼ੈਸਲਾ ਰਾਸ਼ਟਰਪਤੀ ਬਾਈਡਨ ਨੂੰ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ ਜੋ ਸੰਘੀ ਸਰਕਾਰ ਦੀ ਤਾਕਤ ਦੀ ਵਰਤੋਂ ਰਾਹੀਂ ਜਬਰਨ ਕੋਵਿਡ-19 ਨਿਯਮ ਥੋਪਣਾ ਚਾਹੁੰਦਾ ਸੀ। ਇਸ ਨਿਯਮ ਵਿੱਚ ਬਾਈਡਨ ਪ੍ਰਸ਼ਾਸਨ ਨੇ 100 ਤੋਂ ਵੱਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਮੁਲਾਜ਼ਮਾਂ ਦਾ ਲਾਜ਼ਮੀ ਕੋਵਿਡ ਟੀਕਾਕਰਨ ਕਰਨ ਲਈ ਕਿਹਾ ਸੀ ਤੇ ਜਿਹੜਾ ਮੁਲਾਜ਼ਮ ਟੀਕਾਕਰਨ ਨਹੀਂ ਕਰਵਾਉਂਦਾ ਉਸ ਦਾ ਨਿਰੰਤਰ ਟੈਸਟ ਕਰਨ ਲਈ ਕਿਹਾ ਸੀ। ਇਸ ਨਿਯਮ ਵਿੱਚ ਮਾਸਕ ਲਾਜ਼ਮੀ ਪਾਉਣ ਦੀ ਵੀ ਹਦਾਇਤ ਦਿੱਤੀ ਗਈ ਸੀ।

# ਓਮੀਕ੍ਰੋਨ ਪਲਾਸਟਿਕ ’ਤੇ 8 ਦਿਨ ਤੇ ਚਮੜੀ ’ਤੇ 21 ਦਿਨ ਤੱਕ ਕਾਇਮ ਰਹਿੰਦਾ ਏ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤ ਵਿੱਚ ਕੋਰੋਨਾ ਦੇ ਕੁੱਲ 2,85,914 ਲੱਖ ਮਾਮਲੇ ਦਰਜ ਕੀਤੇ ਗਏ ਹਨ। ਉੱਥੇ ਹੀ ਹੁਣੇ ਜਿਹੇ 24 ਘੰਟਿਆਂ ਵਿੱਚ ਇਸ ਮਹਾਮਾਰੀ ਨਾਲ਼ 665 ਲੋਕਾਂ ਦੀ ਮੌਤ ਹੋਈ ਹੈ। ਇਸ ਦੇ ਨਾਲ਼ ਹੀ ਕੋਵਿਡ-19 ਦੇ ਕੁੱਲ ਮਾਮਲਿਆਂ ਦੀ ਗਿਣਤੀ 4 ਕਰੋੜ ਤੋਂ ਉੱਪਰ ਪਹੁੰਚ ਗਈ ਹੈ। ਕੋਰੋਨਾ ਵਾਇਰਸ ਦੀ ਲਪੇਟ ਵਿੱਚ ਆਉਣ ਵਾਲੇ ਲੋਕਾਂ ਦੀ ਗੱਲ ਕਰੀਏ ਤਾਂ ਭਾਰਤ ਦੁਨੀਆਂ ਭਰ ਵਿੱਚੋਂ ਦੂਸਰੇ ਸਥਾਨ ’ਤੇ ਹੈ। ਅਮਰੀਕਾ 7.29 ਕਰੋੜ ਲੋਕਾਂ ਦੇ ਸੰਕ੍ਰਮਣ ਨਾਲ਼ ਪਹਿਲੇ ਸਥਾਨ ’ਤੇ ਹੈ। ਇਹ ਮਾਮਲੇ ਕੋਰੋਨਾ ਦੇ ਨਵੇਂ ਵੇਰੀਐਂਟ ਓਮੀਕ੍ਰੋਨ ਕਰਕੇ ਵਧ ਰਹੇ ਹਨ। ਜਾਪਾਨੀ ਸੋਧਕਰਤਾਵਾਂ ਨੇ ਲੈਬ ਪਰੀਖਣ ਵਿੱਚ ਇਹ ਪਾਇਆ ਕਿ ਓਮੀਕ੍ਰੋਨ ਵੇਰੀਐਂਟ ਪਲਾਸਟਿਕ ਤੇ ਮਨੁੱਖੀ ਚਮੜੀ ’ਤੇ ਕੋਰੋਨਾ ਦੇ ਪੁਰਾਣੇ ਵੇਰੀਐਂਟ ਦੀ ਬਜਾਏ ਜ਼ਿਆਦਾ ਸਮਾਂ ਜ਼ਿੰਦਾ ਰਹਿ ਸਕਦਾ ਹੈ।

ਪਲਾਸਟਿਕ ’ਤੇ ਅਲਫ਼ਾ, ਬੀਟਾ, ਗ਼ਾਮਾ ਤੇ ਡੈਲਟਾ ਵੇਰੀਐਂਟ ਦਾ ਜ਼ਿੰਦਾ ਰਹਿਣ ਦਾ ਔਸਤ ਸਮਾਂ ਕ੍ਰਮਵਾਰ-56 ਘੰਟੇ, 191.3 ਘੰਟੇ, 156.6 ਘੰਟੇ, 59.3 ਘੰਟੇ ਤੇ 114.0 ਘੰਟੇ ਸੀ। ਉੱਥੇ ਹੀ ਓਮੀਕ੍ਰੋਨ 193.5 ਘੰਟੇ ਜ਼ਿੰਦਾ ਰਹਿ ਸਕਦਾ ਹੈ। ਚਮੜੀ ’ਤੇ ਅਲਫ਼ਾ 19.6 ਘੰਟੇ, ਬੀਟਾ 19.1 ਘੰਟੇ, ਗ਼ਾਮਾ 11 ਘੰਟੇ, ਡੈਲਟਾ 16.8 ਘੰਟੇ ਤੇ ਓਮੀਕ੍ਰੋਨ 21.1 ਘੰਟੇ ਜ਼ਿੰਦਾ ਰਹਿ ਸਕਦਾ ਹੈ।ਸੋਧ ਵਿੱਚ ਇਹ ਪਾਇਆ ਗਿਆ ਹੈ ਕਿ ਅਲਕੋਹਲ ਯੁਕਤ ਕੋਈ ਵੀ ਸੈਨੇਟਾਈਜ਼ਰ ਵਰਤਣ ਨਾਲ਼ 15 ਸੈਕਿੰਡ ਵਿੱਚ ਕਿਸੇ ਵੀ ਤਰਾਂ ਦਾ ਵੇਰੀਐਂਟ ਖ਼ਤਮ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਸੈਨੇਟਾਈਜ਼ਰ ਦੀ ਵਰਤੋਂ ਕਰਨ ’ਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਵੀ ਲਗਾਤਾਰ ਕੋਰੋਨਾ ਨਾਲ਼ ਜੁੜੀਆਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੰਦਾ ਹੈ ਜਿਸ ਵਿੱਚ ਮਾਸਕ ਪਾਉਣਾ, ਸਰੀਰਕ ਦੂਰੀ ਬਣਾ ਕੇ ਰੱਖਣਾ ਤੇ ਸਫ਼ਾਈ ਦਾ ਧਿਆਨ ਰੱਖਣਾ ਸ਼ਾਮਲ ਹੈ।

# ਭੁੱਖਮਰੀ ਕਾਰਨ ਅ.ਫਗਾਨੀ ਮਾਪੇ ਬੱਚਿਆਂ ਦੇ ਅੰਗ ਤੱਕ ਵੇਚਣ ਲਈ ਮਜਬੂਰ

**ਬਰਲਿਨ/ਏ.ਟੀ.ਨਿਊਜ਼ :-** ਸੰਯੁਕਤ ਰਾਸ਼ਟਰ ਦੇ ਵਿਸ਼ਵ ਖ਼ੁਰਾਕ ਪ੍ਰੋਗਰਾਮ (ਡਬਲਯੂ. ਐਫ. ਪੀ.) ਮੁਖੀ ਡੇਵਿਡ ਬੀਸਲੀ ਨੇ ਅਫ਼ਗਾਨਿਸਤਾਨ ’ਚ ਮਨੁੱਖੀ ਸੰਕਟ ’ਤੇ ਆਪਣੀ ਚਿੰਤਾ ਦੁਹਰਾਉਂਦੇ ਹੋਏ ਕਿਹਾ ਕਿ ਜਿਉਂਦੇ ਰਹਿਣ ਲਈ ਅਫ਼ਗਾਨੀ ਆਪਣੇ ਬੱਚਿਆਂ ਤੇ ਆਪਣੀ ਕਿਡਨੀ ਤੱਕ ਵੇਚਣ ਲਈ ਮਜਬੂਰ ਹਨ। ਅਫ਼ਗਾਨਿਸਤਾਨ ਸੋਕਾ, ਮਹਾਮਾਰੀ, ਆਰਥਿਕ ਤੰਗੀ ਤੇ ਸਾਲਾਂ ਤੋਂ ਜੰਗ ਦੇ ਪ੍ਰਭਾਵਾਂ ਨਾਲ ਜੂਝ ਰਿਹਾ ਹੈ। ਲਗਭਗ 2.3 ਕਰੋੜ ਲੋਕ ਗੰਭੀਰ ਖ਼ੁਰਾਕੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਸ਼ੰਕਾ ਹੈ ਕਿ ਦੇਸ਼ ਦੀ 97 ਫ਼ੀਸਦੀ ਅਬਾਦੀ ਇਸ ਸਾਲ ਗ਼ਰੀਬੀ ਰੇਖਾ ਤੋਂ ਹੇਠਾਂ ਆ ਸਕਦੀ ਹੈ।

ਬੀਸਲੀ ਨੇ ਜਰਮਨ ਪ੍ਰਸਾਰਕ ਡਾਇਚੇ ਵੇਲੇ (ਡੀ. ਡਬਲਯੂ.) ਨੂੰ ਦੱਸਿਆ, ‘ਅਫ਼ਗਾਨਿਸਤਾਨ ਪਹਿਲਾਂ ਤੋਂ ਹੀ ਦੁਨੀਆ ਦੇ ਸਭ ਤੋਂ ਗ਼ਰੀਬ ਦੇਸ਼ਾਂ ਵਿੱਚੋਂ ਇੱਕ ਸੀ। ਹੁਣ ਅਸੀਂ ਜੋ ਦੇਖ ਰਹੇ ਹਾਂ, ਉਹ ਤਬਾਹਕਾਰੀ ਹੈ। ਦੇਸ਼ ਦੀ ਕਰੀਬ ਚਾਰ ਕਰੋੜ ਆਬਾਦੀ ’ਚੋਂ 2.3 ਕਰੋੜ ਲੋਕ ਭੁੱਖਮਰੀ ਦੀ ਕਗਾਰ ’ਤੇ ਹਨ।’ ਉਨਾਂ ਅਫ਼ਗਾਨਿਸਤਾਨ ਦੀ ਇੱਕ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ, ‘ਇੱਕ ਬੀਬੀ ਨੇ ਦੱਸਿਆ ਸੀ ਕਿ ਉਸ ਨੂੰ ਆਪਣੀ



ਬੇਟੀ ਦੂਜੇ ਪਰਿਵਾਰ ਨੂੰ ਇਸ ਲਈ ਵੇਚਣੀ ਪਈ, ਤਾਂਕਿ ਮਾਸੂਮ ਨੂੰ ਚੰਗਾ ਖਾਣਾ ਨਸੀਬ ਹੋ ਸਕੇ। ਹੇਰਾਤ ਸੂਬਾ ਨਿਵਾਸੀ ਇੱਕ ਵਿਅਕਤੀ ਨੂੰ ਆਪਣੀ ਕਿਡਨੀ ਇਸ ਲਈ ਵੇਚਣੀ ਪਈ, ਤਾਂਕਿ ਉਸ ਦੇ ਪਰਿਵਾਰ ਨੂੰ ਭੋਜਨ ਮਿਲ ਸਕੇ। ਡਬਲਯੂ. ਐਫ. ਪੀ. ਮੁਖੀ ਨੇ ਦੁਨੀਆ ਦੇ ਅਮੀਰ ਲੋਕਾਂ ਨੂੰ ਅਫ਼ਗਾਨੀਆਂ ਦੀ ਮਦਦ ਦੀ ਅਪੀਲ ਕੀਤੀ। ਉਨਾਂ ਕਿਹਾ, ‘ਕੋਵਿਡ ਦੀ ਇਸ ਮਹਾਂਮਾਰੀ ਦਰਮਿਆਨ ਦੁਨੀਆ ਭਰ ਦੇ ਅਰਬਪਤੀਆਂ ਨੇ ਬਹੁਤ ਜ਼ਿਆਦਾ ਕਮਾਈ ਕੀਤੀ। ਸਾਨੂੰ ਇਸ ਅਣਕਿਆਸੀ ਸਮੱਸਿਆ ਦੇ ਹੱਲ ਲਈ ਸਿਰਫ਼ ਉਨਾਂ ਦੀ ਇੱਕ ਦਿਨ ਦੀ ਕਮਾਈ ਦੀ ਲੋੜ ਹੈ।’

ਬ੍ਰਿਟੇਨ ਦੀ ਵਿਦੇਸ਼ ਮੰਤਰੀ ਲਿਜ਼ ਟ੍ਰਸ ਨੇ ਕਿਹਾ, ‘ਅਸੀਂ ਅਫ਼ਗਾਨੀਆਂ ਨੂੰ ਮਨੁੱਖੀ ਸੰਕਟ ਵਿੱਚੋਂ ਕੱਢਣ ਲਈ ਯਤਨਸ਼ੀਲ ਹਾਂ ਤੇ ਉਨਾਂ ਲਈ ਵਾਧੂ ਮਦਦ ਵੀ ਭੇਜ ਰਹੇ ਹਾਂ।’ ਕਿਡਨੀ ਵਿੱਕਰੀ ਸਬੰਧੀ ਰਿਪੋਰਟ ’ਤੇ ਉਨਾਂ ਕਿਹਾ, ‘ਆਰਥਿਕ ਪਾਬੰਦੀਆਂ ਹਟਾਉਣ ਤੇ ਰੋਕੇ ਗਏ ਉਨਾਂ ਦੇ ਅਰਬਾਂ ਡਾਲਰ ਨੂੰ ਜਾਰੀ ਕਰਨ ਨਾਲ਼ ਅਫ਼ਗਾਨਿਸਤਾਨ ਨੂੰ ਇਸ ਸੰਕਟ ਨਾਲ਼ ਨਜਿੱਠਣ ਵਿੱਚ ਮਦਦ ਮਿਲੇਗੀ।’ ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਅਫ਼ਗਾਨਿਸਤਾਨ ਦੇ ਮਨੁੱਖੀ ਸੰਕਟ ਨੂੰ ਲੈ ਕੇ ਨਾਰਵੇ ਰਾਜਧਾਨੀ ਓਸਲੋ ਵਿੱਚ ਤਾਲਿਬਾਨੀ ਵਫ਼ਦ ਤੇ ਅਮਰੀਕਾ ਤੇ ਯੂਰਪੀ ਦੇਸ਼ਾਂ ਦੇ ਪ੍ਰਤੀਨਿਧੀਆਂ ਦੀ ਗੱਲਬਾਤ ਹੋਈ ਹੈ। ਸਾਰਿਆਂ ਨੇ ਸੰਕਟਗ੍ਰਸਤ ਅਫ਼ਗਾਨੀਆਂ ਦੀ ਮਦਦ ਦੀ ਵਚਨਬੱਧਤਾ ਦੁਹਰਾਈ ਹੈ।

# ਪਿਟਸਬਰਗ ਵਿੱਚ ਪੁੱਲ ਹੋਇਆ ਢਹਿ-ਢੇਰੀ, 10 ਜ਼ਖ਼ਮੀ

## 50 ਸਾਲ ਪੁਰਾਣੇ ਪੁਲ ਦੀ ਮੁਰੰਮਤ ਦੀ ਲੋੜ ਸੀ ਜੋ ਨਹੀਂ ਕੀਤੀ ਗਈ



*ਡਿੱਗੇ ਪੁਲ ਦੀ ਦੂਰੋਂ ਲਈ ਗਈ ਇੱਕ ਤਸਵੀਰ*

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਪਿਟਸਬਰਗ ਵਿੱਚ ਬਰਫ਼ ਨਾਲ਼ ਢੱਕਿਆ ਇੱਕ ਪੁਲ ਅਚਾਨਕ ਢਹਿ-ਢੇਰੀ ਹੋ ਗਿਆ ਤੇ ਉਸ ਉੱਪਰੋਂ ਦੀ ਲੰਘ ਰਹੇ ਵਾਹਨ ਹੇਠਾਂ ਡਿੱਗ ਗਏ ਜਿਨਾਂ ਵਿੱਚ ਸਵਾਰ 10 ਵਿਅਕਤੀ ਜ਼ਖ਼ਮੀ ਹੋ ਗਏ ਜਿਨਾਂ ਵਿੱਚੋਂ 3 ਜਣਿਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਪਿਆ ਹੈ। ਪਿਟਸਬਰਗ ਦੇ ਅੱਗ ਬੁਝਾਊ ਵਿਭਾਗ ਦੇ ਮੁਖੀ ਡੈਰਿਲ ਜੋਨਜ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਸਪਤਾਲ ਦਾਖ਼ਲ ਕਰਵਾਏ ਲੋਕਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਉਨਾਂ ਦੱਸਿਆ ਕਿ ਜਦੋਂ ਪੁਲ ਡਿੱਗਾ ਤਾਂ ਉਸ ਸਮੇਂ ਉਸ ਉੱਪਰੋਂ 5 ਵਾਹਨ ਤੇ ਇੱਕ ਬੱਸ ਲੰਘ ਰਹੀ ਸੀ, ਕਿ ਅਚਾਨਕ ਪੁਲ ਦਾ ਇੱਕ ਹਿੱਸਾ ਟੁੱਟ ਕੇ ਹੇਠਾਂ ਡਿੱਗ ਗਿਆ। ਜੋਨਜ ਅਨੁਸਾਰ ਕੁਝ ਸਾਲ ਪਹਿਲਾਂ ਇਸ ਪੁਲ ਦੀ ਜਾਂਚ ਹੋਈ ਸੀ ਤੇ ਇਹ ਪਾਇਆ ਗਿਆ ਸੀ ਕਿ ਇਸ ਦੀ ਹਾਲਤ ਮਾੜੀ ਹੈ। ਇਸ ਦੀ ਤੁਰੰਤ ਮੁਰੰਮਤ ਕਰਨ ਦੀ ਲੋੜ ਹੈ ਪ੍ਰੰਤੂ ਇਹ ਮੁਰੰਮਤ ਨਹੀਂ ਕੀਤੀ ਗਈ। ਪੁਲ ਡਿੱਗਣ ਨਾਲ਼ ਕੁਝ ਵਾਹਨ ਵੀ ਹੇਠਾਂ ਡਿੱਗ ਗਏ ਜਿਨਾਂ ਨੂੰ ਕਰੇਨ ਦੀ ਮਦਦ ਨਾਲ਼ ਚੁੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੁਲ ਦਾ ਮਲਬਾ 150 ਫੁੱਟ ਦੇ ਕਰੀਬ ਹੇਠਾਂ ਖੱਡ ਵਿੱਚ ਡਿੱਗਾ ਹੈ ਜਿੱਥੇ ਪਹੁੰਚਣ ਲਈ ਰਾਹਤ ਕਰਮਚਾਰੀਆਂ ਵੱਲੋਂ ਰੱਸਿਆਂ ਦੀ ਵਰਤੋਂ ਕੀਤੀ ਗਈ। ਸਵੇਰ ਵੇਲੇ ਹਾਦਸਾ ਵਾਪਰਨ ਕਾਰਨ ਆਸ ਪਾਸ ਸੈਰ ਕਰ ਰਹੇ ਜਾਂ ਲੰਘ ਰਹੇ ਲੋਕਾਂ ਨੇ ਵੀ ਬਚਾਅ ਕਾਰਵਾਈ ਵਿੱਚ ਮਦਦ ਕੀਤੀ। ਇਹ ਪੁਲ ਤਕਰੀਬਨ 50 ਸਾਲ ਪੁਰਾਣਾ ਹੈ ਜਿਸ ਦਾ ਨਿਰਮਾਣ 1970 ਵਿੱਚ ਹੋਇਆ ਸੀ। ਪੁਲ ਦੇ ਨਿਰਮਾਣ ਨਾਲ਼ ਜੁੜੀ ਇੱਕ ਏਜੰਸੀ ਅਨੁਸਾਰ ਪੁਲ ਦੀ ਮੁਰੰਮਤ ਲਈ 1.5 ਮਿਲੀਅਨ ਡਾਲਰਾਂ ਦੀ ਲੋੜ ਸੀ ਪ੍ਰੰਤੂ ਪੁਲ ਦੀ ਮੁਰੰਮਤ ਨਹੀਂ ਹੋਈ ਤੇ ਇਸ ਪੁਲ ਦੀ ਹਰ ਸਾਲ ਜਾਂਚ ਕਰਨ ਲਈ ਕਿਹਾ ਗਿਆ। ਪਿਟਸਬਰਗ ਮੇਅਰ ਐਡ ਗੈਨੀ ਦੇ ਬੁਲਾਰੇ ਸੈਮ ਵੈਸਰਮੈਨ ਨੇ ਕਿਹਾ ਹੈ ਕਿ ਪੁਲ ਦੀ ਆਖ਼ਰੀ ਜਾਂਚ ਸਤੰਬਰ 2021 ਵਿੱਚ ਮੁਕੰਮਲ ਹੋਈ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਿੱਧੂ-ਮਜੀਠੀਆ ਚੋਣ ਦੰਗਲ ਕਾਰਨ ਅੰਮ੍ਰਿਤਸਰ-ਪੂਰਬੀ ਵਿਧਾਨ ਸਭਾ ਹਾਟ ਸੀਟ ਬਣਿਆ

## ✪ ਸਿੱਧੂ ਦੀ ਵੱਡੀ ਭੈਣ ਨੇ ਲਾਏ ਸਿੱਧੂ 'ਤੇ ਦੋਸ਼,ਅਖੇ ਪ੍ਰਾਪਰਟੀ 'ਤੇ ਕਬਜ਼ਾ ਕਰ ਕੇ ਮਾਂ ਨੂੰ ਕੀਤਾ ਬੇਘਰ ✪ ਸਿੱਧੂ ਦਾ ਜਵਾਬ ਕਿ ਮਾਂ ਨੂੰ ਮਰਿਆਂ 40 ਸਾਲ ਹੋ ਗਏ ਨੇ ਤੇ ਹੁਣ ਕੀਤੀ ਜਾ ਰਹੀ ਏ ਸਿਆਸਤ ✪ ਸਿੱਧੂ ਦੀ ਮਜੀਠੀਆ ਨੂੰ ਚੁਣੌਤੀ, ਕਿਹਾ-ਮਜੀਠਾ ਛੱਡ ਸਿਰਫ਼ ਅੰਮ੍ਰਿਤਸਰ ਪੂਰਬੀ ਤੋਂ ਲੜਨ ਚੋਣ

**ਜਲੰਧਰ/ਏ.ਟੀ.ਨਿਊਜ਼ :-** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਵਾਰ ਮਿੱਥ ਕੇ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ-ਪੂਰਬੀ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਹੈ ਜਿੱਥੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਚੋਣ ਲੜ ਰਹੇ ਹਨ। ਕਿਉਂਕਿ ਨਵਜੋਤ ਸਿੰਘ ਸਿੱਧੂ ਨੇ ਮਜੀਠੀਆ ਵਿਰੁੱਧ ਡਰੱਗ ਦੇ ਪੁਰਾਣੇ ਕੇਸ ਨੂੰ ਖੁੱਲਵਾ ਕੇ ਬਾਦਲ ਦਲ ਲਈ ਧਰਮ ਸੰਕਟ ਖੜਾ ਕਰ ਦਿੱਤਾ ਹੈ। ਇਸੇ ਤੋਂ ਖੁਣਸ ਖਾ ਕੇ ਬਾਦਲ ਪਰਿਵਾਰ ਵੱਲੋਂ ਬਾਦਲ ਦਲ ਦੇ ਮਾਝੇ ਦੇ ਜਰਨੈਲ ਕਹੇ ਜਾਂਦੇ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ-ਪੂਰਬੀ ਵਿਧਾਨ ਸਭਾ ਹਲਕਾ ਤੋਂ ਕਾਂਗਰਸੀ ਉਮੀਦਵਾਰ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਰੁੱਧ ਖੜਾ ਕਰ ਦਿੱਤਾ ਹੈ। ਇਸ ਤਰਾਂ ਇਹ ਹਲਕਾ ਹਾਟ ਸੀਟ ਬਣ ਗਿਆ ਹੈ। ਸੁਭਾਵਕ ਤੌਰ 'ਤੇ ਇਸ ਹਲਕੇ ਦੀਆਂ ਚੋਣ ਸਰਗਰਮੀਆਂ ਤੇ ਚੋਣ ਨਤੀਜਿਆਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਸਭ ਦੀ ਦਿਲਚਸਪੀ ਰਹੇਗੀ।

ਨਵਜੋਤ ਸਿੱਧੂ ਖ਼ਿਲਾਫ਼ ਅੰਮ੍ਰਿਤਸਰ ਈਸਟ ਹਲਕੇ ਤੋਂ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕਰਵਾਉਣ ਤੋਂ ਬਾਅਦ ਮਜੀਠੀਆ ਨੇ ਕਿਹਾ ਕਿ ਲੋਕਾਂ ਦੀ ਮੰਗ ਅਤੇ ਪਾਰਟੀ ਦੇ ਹੁਕਮ ਅਨੁਸਾਰ ਹੀ ਉਨਾਂ ਸਿੱਧੂ ਖ਼ਿਲਾਫ਼ ਕਾਗਜ਼ ਭਰੇ ਹਨ। ਸਿੱਧੂ 'ਤੇ ਹਮਲਾ ਬੋਲਦਿਆਂ ਮਜੀਠੀਆ ਨੇ ਇਹ ਵੀ ਦੋਸ਼ ਲਾਇਆ ਕਿ ਉਨਾਂ ਨੂੰ ਵਿਧਾਨ ਸਭਾ ਚੋਣਾਂ ਲੜਨ ਤੋਂ ਰੋਕਣ ਲਈ ਐੱਨ. ਡੀ. ਪੀ. ਐੱਸ. ਐਕਟ ਦੀ ਦੁਰਵਰਤੋਂ ਕੀਤੀ ਗਈ ਅਤੇ ਸੁਪਰੀਮ ਕੋਰਟ ਦੀ ਹਦਾਇਤ ਦੇ ਬਾਵਜੂਦ ਉਨਾਂ ਦੇ ਘਰਾਂ 'ਤੇ ਛਾਪੇ ਮਾਰੇ ਗਏ। ਮਜੀਠੀਆ ਨੇ ਦੱਸਿਆ ਕਿ ਇਸ ਸਬੰਧੀ ਉਨਾਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਦੇ ਕੇ ਜ਼ਿੰਮੇਵਾਰ ਅਫ਼ਸਰਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜਿਹੜਾ ਮਾਡਲਾਂ ਦੀਆਂ ਗੱਲ ਕਰ ਰਿਹਾ ਹੈ, ਉਸ ਦਾ ਆਪਣਾ ਮਾਡਲ ਵਿਗੜਿਆ ਪਿਆ ਹੈ। ਜਿਸ ਤਰਾਂ ਨਵਜੋਤ ਸਿੱਧੂ ਦੀ ਭੈਣ ਸੁਮਨ ਕੌਰ ਨੇ ਹਾਲਾਤ ਬਿਆਨ ਕੀਤੇ ਹਨ, ਇਹੋ ਜਿਹੇ ਹਾਲਾਤ ਰੱਬ ਕਿਸੇ ਨੂੰ ਨਾ ਦੇਵੇ। ਸਿੱਧੂ ਦੀ ਭੈਣ ਤਰਸਯੋਗ ਹਾਲਾਤ ਵਿੱਚ ਰਹਿ ਰਹੀ ਸੀ। ਇੱਥੇ ਜ਼ਿਕਰਯੋਗ ਹੈ ਕਿ ਸਿੱਧੂ ਤੇ ਮਜੀਠੀਆ ਦੀ ਸਿਆਸੀ ਜੰਗ ਦੌਰਾਨ ਅਚਨਚੇਤ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਅਮਰੀਕਾ ਵਿੱਚ ਰਹਿ ਰਹੀ ਭੈਣ ਡਾਕਟਰ ਸੁਮਨ ਤੂਰ ਨੇ ਉਨਾਂ 'ਤੇ ਗੰਭੀਰ ਦੋਸ਼ ਲਾਏ ਹਨ ਕਿ ਪਿਤਾ ਭਗਵੰਤ ਸਿੱਧੂ ਦੀ ਮੌਤ ਤੋਂ ਬਾਅਦ ਭਰਾ ਸਿੱਧੂ ਨੇ ਮਾਂ ਨਿਰਮਲ ਭਗਵੰਤ ਤੇ ਭੈਣਾਂ ਨੂੰ ਘਰੋਂ ਕੱਢ ਦਿੱਤਾ ਸੀ। ਸਿੱਧੂ ਨੇ ਲੋਕਾਂ ਨੂੰ ਝੂਠ ਬੋਲਿਆ ਕਿ ਜਦੋਂ ਉਹ (ਸਿੱਧੂ) ਦੋ ਸਾਲ ਦਾ ਸੀ ਤਾਂ ਉਸਦੇ ਮਾਤਾ-ਪਿਤਾ ਵੱਖ ਹੋ ਗਏ ਸਨ। ਸੁਮਨ ਤੂਰ ਨੇ ਦੱਸਿਆ ਕਿ ਉਨਾਂ ਦੀ ਮਾਂ ਨੇ ਲਾਵਾਰਸ ਹਾਲਤ 'ਚ ਦਿੱਲੀ ਰੇਲਵੇ ਸਟੇਸ਼ਨ 'ਤੇ ਦਮ ਤੋੜਿਆ ਸੀ। ਸਿੱਧੂ ਦੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਸੁਮਨ ਤੂਰ ਨੇ ਕਿਹਾ ਕਿ ਉਹ ਸਿੱਧੂ ਨੂੰ ਉਨਾਂ ਦੇ ਅੰਮ੍ਰਿਤਸਰ ਸਥਿਤ ਘਰ ਮਿਲਣ ਗਏ ਸਨ ਪਰ ਉਨਾਂ ਗੇਟ ਨਹੀਂ ਖੋਲਿਆ। ਇੱਥੋਂ ਤੱਕ ਕਿ ਉਸ ਦਾ ਮੋਬਾਈਲ ਨੰਬਰ ਵੀ ਬੰਦ ਸੀ।



ਮਜੀਠੀਆ ਨੇ ਇਸ ਬਾਰੇ ਸਿੱਧੂ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਲਿਹਾਜ਼ਾ ਸਿੱਧੂ ਨੂੰ ਆਪਣੀ ਭੈਣ ਸੁਮਨ ਤੂਰ ਕੋਲ਼ੋਂ ਜਨਤਕ ਤੌਰ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਸ ਨੂੰ ਆਪਣੀ ਮ੍ਰਿਤਕ ਮਾਂ ਕੋਲ਼ੋਂ ਵੀ ਮੁਆਫ਼ੀ ਮੰਗਣੀ ਚਾਹੀਦੀ ਹੈ। 18 ਸਾਲ ਵੱਡੇ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਵੀ ਸਿੱਧੂ ਦੀ ਪ੍ਰਾਪਤੀ ਜ਼ੀਰੋ ਦੇ ਬਰਾਬਰ ਹੈ। ਸਿੱਧੂ ਪਹਿਲਾਂ ਇਹ ਦੱਸੇ ਕਿ ਘਰ-ਘਰ ਨੌਕਰੀ ਦਾ ਕੀ ਬਣਿਆ, ਸੋਸ਼ਲ ਵੈਲਫ਼ੇਅਰ ਸਕੀਮਾਂ ਦਾ ਕੀ ਬਣਿਆ ਹੈ। ਮਜੀਠੀਆ ਨੇ ਚੁਟਕੀ ਲੈਂਦਿਆਂ ਕਿਹਾ ਕਿ ਇੰਝ ਲੱਗਦੈ ਜਿਵੇਂ ਜੇ ਕਾਂਗਰਸ ਨੇ ਮੁੱਖ ਮੰਤਰੀ ਨਾ ਬਣਾਇਆ ਤਾਂ ਸਿੱਧੂ ਕਿਤੇ ਪਾਕਿਸਤਾਨ ਵਿੱਚ ਜਾ ਕੇ ਇਮਰਾਨ ਖ਼ਾਨ ਨਾਲ਼ ਗੰਡ ਤੁੱਪ ਕਰਕੇ ਪਾਕਿਸਤਾਨ ਮੁਸਲਿਮ ਲੀਗ ਦਾ ਪ੍ਰਧਾਨ ਨਾ ਲੱਗ ਜਾਵੇ। ਫਿਰ ਉੱਥੇ ਜਾ ਕੇ ਮਾਡਲ ਵੇਚਣੇ ਸ਼ੁਰੂ ਕਰ ਦੇਵੇਗਾ, ਇਸ ਲਈ ਧੋਖੇ ਦੇ ਮਾਡਲ ਦਾ ਪਰਦਾਫ਼ਾਸ਼ ਹੋ ਰਿਹਾ ਹੈ।

ਸਿੱਧੂ ਵੱਲੋਂ ਮਜੀਠੀਆ ਨੂੰ ਚੁਣੌਤੀ

ਦੂਸਰੇ ਪਾਸੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਚੋਣ ਲੜਨ ਲਈ ਕਾਂਗਰਸ ਦੇ ਉਮੀਦਵਾਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਬੀਤੇ ਦਿਨੀਂ ਆਪਣਾ ਨਾਮਜ਼ਦਗੀ ਪੱਤਰ ਭਰ ਦਿੱਤਾ ਸੀ। ਇਸ ਦੌਰਾਨ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ 'ਤੇ ਕਈ ਨਿਸ਼ਾਨੇ ਵਿੰਨੇ। ਨਵਜੋਤ ਨੇ ਕਿਹਾ ਕਿ ਮਜੀਠੀਆ 2 ਹਲਕਿਆਂ ਤੋਂ ਚੋਣ ਲੜ ਕੇ ਜਿੱਤ ਹਾਸਲ ਕਰਨਾ ਚਾਹੁੰਦਾ ਹੈ। ਜੇਕਰ ਉਸ ਵਿੱਚ ਹਿੰਮਤ ਹੈ ਤਾਂ ਉਹ ਮਜੀਠਾ ਹਲਕਾ ਛੱਡ ਕੇ ਇਕੱਲੇ ਉਸ ਦੇ ਹਲਕੇ ਵਿੱਚੋਂ ਚੋਣ ਲੜਨ।

ਮਜੀਠੀਆ 'ਤੇ ਤੰਜ ਕਸਦੇ ਹੋਏ ਨਵਜੋਤ ਨੇ ਕਿਹਾ ਕਿ ਜਿਹੜੇ ਲੋਕ ਖ਼ੁਦ ਮੁਲਜ਼ਮ ਹਨ ਅਤੇ ਰਾਹਤ ਪਾਉਣ ਲਈ ਦਰ-ਦਰ ਦੀਆਂ ਠੋਕਰਾ ਖਾ ਰਹੇ ਹਨ, ਉਹ ਨਵਜੋਤ ਸਿੱਧੂ ਨੂੰ ਸਵਾਲ ਕਰਨ ਦੀ ਔਕਾਤ ਨਹੀਂ ਰੱਖ ਸਕਦੇ। ਉਨਾਂ ਮਜੀਠੀਆ ਬਾਰੇ ਆਖਿਆ ਕਿ ਉਹ ਨਸ਼ਿਆਂ ਦੇ ਮਾਮਲੇ ਦਾ ਸਾਹਮਣਾ ਕਰ ਰਿਹਾ ਹੈ ਅਤੇ ਆਪਣੀ ਜ਼ਮਾਨਤ ਬਚਾਉਣ ਲਈ ਦਰ-ਦਰ ਭੱਜ ਰਿਹਾ ਹੈ। ਅਜਿਹਾ ਵਿਅਕਤੀ ਮੇਰੇ ਖ਼ਿਲਾਫ਼ ਕਿਸ ਆਧਾਰ 'ਤੇ ਬਿਆਨਬਾਜ਼ੀ ਕਰ ਸਕਦਾ ਹੈ। ਸਿੱਧੂ ਨੇ ਸ਼ਹਿਰ ਵਿੱਚ ਰਹਿ ਕੇ ਪਰਚੇ ਦਰਜ ਨਹੀਂ ਕਰਵਾਏ। ਸਿੱਧੂ ਨੇ ਨਾ ਲੋਕਾਂ ਨੂੰ ਕੁੱਟਿਆ ਹੈ ਅਤੇ ਨਾ ਹੀ ਪੰਜਾਬ ਨੂੰ ਲੁੱਟਿਆ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਉਹ ਪਿਛਲੇ 17 ਸਾਲਾ ਤੋਂ ਸਿਆਸਤ ਵਿੱਚ ਹਨ। ਸਿੱਧੂ ਨੇ ਕਿਹਾ ਕਿ ਅਸੀਂ ਕਦੇ ਆਪਣਾ ਇਮਾਨ ਨਹੀਂ ਵੇਚਿਆ ਅਤੇ ਇਨਾਂ ਨੇ ਚਿੱਟਾ ਵੇਚਿਆ ਹੈ। ਪੰਜਾਬ ਦੇ ਲੋਕਾਂ ਦੀ ਜਵਾਨੀ ਨਸ਼ੇ ਵਿੱਚ ਤਬਾਹ ਕਰ ਦਿੱਤੀ, ਜਿਸ ਕਰਕੇ ਇਨਾਂ ਨੂੰ ਲੋਕਾਂ ਨੇ ਮੂੰਹ ਨਹੀਂ ਲਾਉਣਾ। ਅਕਾਲੀਆਂ 'ਤੇ ਸ਼ਬਦੀ ਹਮਲਾ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਇਨਾਂ ਨੇ ਪੰਜਾਬ 'ਚ ਆਪਣੀਆਂ ਬੱਸਾਂ ਚਲਾਉਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਇਨਾਂ ਨੇ ਆਪਣੇ ਹੋਟਲ ਖੋਲੇ ਹੋਏ ਹਨ। ਇਨਾਂ ਨੂੰ ਲਾਹਨਤ ਪੱਤਰ ਤੱਕ ਲਿਖੇ ਗਏ। ਅਕਾਲੀ ਉਮੀਦਵਾਰ 'ਤੇ ਰੇਤ, ਸ਼ਰਾਬ, ਭੌਂ ਆਦਿ ਮਾਫ਼ੀਆ ਦੇ ਦੋਸ਼ ਲਾਉਂਦਿਆਂ ਉਨਾਂ ਕਿਹਾ ਕਿ ਇਹ ਸਾਰੇ ਸਿੱਧੂ ਤੋਂ ਇਸ ਲਈ ਡਰਦੇ ਹਨ ਕਿ ਜੇਕਰ ਉਸ ਦੇ ਹੱਥ ਸਿਆਸਤ ਆ ਗਈ ਤਾਂ ਇਨਾਂ ਦੇ ਮਾੜੇ ਕਾਰੋਬਾਰ ਖ਼ਤਮ ਹੋ ਜਾਣਗੇ। ਉਨਾਂ ਦੋਸ਼ ਲਾਇਆ ਕਿ ਪੰਜਾਬ ਸਿਰ ਚੜਿਆ ਕਰਜ਼ਾ ਵੀ ਇਨਾਂ ਸਿਆਸੀ ਆਗੂਆਂ ਦੀ ਜੇਬ ਵਿੱਚ ਗਿਆ ਹੈ ਅਤੇ ਇਸੇ ਧਨ ਨੂੰ ਮੁੜ ਚੋਣਾਂ ਵਿੱਚ ਵਰਤਿਆ ਜਾਵੇਗਾ। ਸਿੱਧੂ ਨੇ ਕਿਹਾ ਕਿ ਇਸ ਸ਼ਹਿਰ ਦੇ ਲੋਕਾਂ ਦਾ ਕਾਂਗਰਸ ਸਰਕਾਰ 'ਤੇ ਭਰੋਸਾ ਸੀ, ਹੁਣ ਵੀ ਹੈ ਅਤੇ ਅੱਗੇ ਵੀ ਰਹੇਗਾ। ਸਿੱਧੂ ਨੇ ਕਿਹਾ ਕਿ ਉਹ ਕਿਸੇ ਦੀ ਬਦਮਾਸ਼ੀ ਨਹੀਂ ਚੱਲਣ ਦੇਣਗੇ। ਸਿੱਧੂ ਨੇ ਚਿਤਾਵਨੀ ਦਿੱਤੀ ਕਿ 'ਜੇਕਰ ਮੇਰੇ ਵਰਕਰਾਂ ਨਾਲ਼ ਕਿਸੇ ਨੇ ਬਦਮਾਸ਼ੀ ਕੀਤੀ ਤਾਂ ਉਸਨੂੰ ਗੱਡ ਦਿਆਂਗਾ। ਇਨਾਂ ਤੋਂ ਦੂਜੇ ਹੋਣਗੇ, ਜਿਹੜੇ ਡਰਦੇ ਹੋਣ। ਇਹ ਕਾਂਗਰਸ ਦੀ ਸੀਟ ਹੈ ਅਤੇ ਸਾਡੀ ਵੀ ਮੁੱਛ ਦਾ ਸਵਾਲ ਹੈ। ਇੱਟ ਦਾ ਜਵਾਬ ਪੱਥਰ ਨਾਲ ਦੇਵਾਂਗੇ।'

**ਭੈਣ ਵੱਲੋਂ ਲਾਏ ਇਲਜ਼ਾਮਾਂ 'ਤੇ ਆਇਆ ਨਵਜੋਤ ਸਿੱਧੂ ਦਾ ਬਿਆਨ**

ਨਵਜੋਤ ਸਿੰਘ ਸਿੱਧੂ ਨੇ ਆਪਣੀ ਵੱਡੀ ਭੈਣ ਸੁਮਨ ਤੂਰ ਵੱਲੋਂ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਨੂੰ ਇੱਕ ਸਿਆਸਤ ਦਾ ਹਿੱਸਾ ਕਿਹਾ। ਸਿੱਧੂ ਨੇ ਕਿਹਾ ਕਿ ਉਨਾਂ ਦੀ ਮਾਂ ਨੂੰ ਮਰਿਆ 40 ਸਾਲ ਹੋ ਗਏ ਹਨ ਤੇ ਹੁਣ ਉਨਾਂ ਦੀ ਮਰੀ ਮਾਂ ਨੂੰ ਲੈ ਕੇ ਸਿਆਸਤ ਕੀਤੀ ਜਾ ਰਹੀ ਹੈ। ਸਿੱਧੂ ਨੇ ਐੱਨ. ਆਰ. ਆਈ. ਭੈਣ ਸੁਮਨਜੋਤ ਤੂਰ ਵੱਲੋਂ ਲਾਏ ਗਏ ਦੋਸ਼ਾਂ ਨੂੰ ਵਿਰੋਧੀਆਂ ਦੀ ਘਟੀਆ ਸਿਆਸਤ ਕਰਾਰ ਦਿੱਤਾ ਹੈ। ਉਨਾਂ ਕਿਹਾ ਕਿ ਇਹ ਲੋਕ ਏਨੇ ਡਿੱਗ ਗਏ ਹਨ ਕਿ ਆਪਣੀ ਸਿਆਸਤ ਲਈ ਉਨਾਂ ਦੇ ਮਾਤਾ-ਪਿਤਾ ਨੂੰ ਕਬਰ ਵਿੱਚੋਂ ਕੱਢ ਲਿਆਏ ਹਨ। ਉਨਾਂ ਦੀ ਮਾਂ ਨੂੰ ਗੁਜ਼ਰੇ 40 ਸਾਲ ਹੋ ਗਏ ਹਨ। ਅਜਿਹੇ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਜਿਹੜੇ ਸਿਆਸਤ ਕਰ ਰਹੇ ਹਨ। ਸਿੱਧੂ ਕਦੇ ਏਨਾ ਨਹੀਂ ਡਿੱਗਾ ਤੇ ਨਾ ਹੀ ਆਪਣੀ ਮਾਂ ਨੂੰ ਚਿੱਕੜ ਵਿੱਚ ਸੁੱਟੇਗਾ। ਉਨਾਂ ਕਿਹਾ ਕਿ ਸਿਆਸਤ ਕਰਨ ਵਾਲੇ ਕੀ ਚਾਹੁੰਦੇ ਹਨ ਕਿ ਉਨਾਂ ਦੀ ਮਾਂ ਜਿਹੜੀ 40 ਸਾਲ ਪਹਿਲਾਂ ਮਰ ਚੁੱਕੀ ਹੈ, ਉਨਾਂ ਨੂੰ ਗਵਾਹੀ ਲਈ ਲੈ ਕੇ ਆਵੇ। ਅਜਿਹੇ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਜਿਹੜੇ ਅਜਿਹੀ ਹੋਛੀ ਸਿਆਸਤ 'ਤੇ ਉੱਤਰ ਆਏ ਹਨ।

**ਸਿੱਧੂ ਨੇ ਕੈਪਟਨ ਨੂੰ ਵੀ ਅੰਮ੍ਰਿਤਸਰ ਆ ਕੇ ਚੋਣ ਲੜਨ ਲਈ ਵੰਗਾਰਿਆ**

ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਚੁਣੌਤੀ ਦਿੱਤੀ ਹੈ ਕਿ ਜੇਕਰ ਉਹ ਚੋਣਾਂ ਵਿੱਚ ਜ਼ੋਰ-ਅਜ਼ਮਾਈ ਕਰਨਾ ਚਾਹੁੰਦੇ ਹਨ ਤਾਂ ਅੰਮ੍ਰਿਤਸਰ ਪੂਰਬੀ ਹਲਕੇ ਵਿੱਚ ਆ ਕੇ ਉਨਾਂ ਖ਼ਿਲਾਫ਼ ਚੋਣ ਲੜਨ।

## ਸਿੱਧੂ ਵੱਲੋਂ ਇੱਕ ਹਲਕੇ ਤੋਂ ਚੋਣ ਲੜਨ ਦੀ ਚੁਣੌਤੀ ਨੂੰ ਜਲਦ ਪੂਰਾ ਕਰਾਂਗੇ-ਮਜੀਠੀਆ

**ਵੇਰਕਾ : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਹਲਕਾ ਪੂਰਬੀ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਦੁਆਰਾ ਬਿਕਰਮ ਸਿੰਘ ਮਜੀਠੀਆ ਨੂੰ ਇੱਕ ਹਲਕੇ ਤੋਂ ਚੋਣ ਲੜਨ ਦੀ ਦਿੱਤੀ ਚੁਣੌਤੀ ਦਾ ਜਵਾਬ ਦਿੰਦਿਆ ਹਲਕੇ ਦੇ ਦੌਰੇ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਸਿੱਧੂ ਦੀ ਇਸ ਚੁਣੌਤੀ ਨੂੰ ਉਹ ਜਲਦ ਪੂਰਿਆਂ ਕਰਕੇ ਕੇਵਲ ਵਿਧਾਨ ਸਭਾ ਹਲਕਾ ਪੂਰਬੀ ਤੋਂ ਹੀ ਚੋਣ ਲੜਨ ਦਾ ਇੱਕ ਦੋ ਦਿਨਾਂ ਵਿੱਚ ਪਾਰਟੀ ਹਾਈ ਕਮਾਂਡ ਨਾਲ਼ ਸਲਾਹ ਮਸ਼ਵਰਾ ਕਰ ਕੇ ਐਲਾਨ ਕਰਨਗੇ ਅਤੇ ਹਲਕਾ ਮਜੀਠਾ ਤੋਂ ਆਪਣੇ ਹੀ ਕਿਸੇ ਇੱਕ ਪਰਿਵਾਰਕ ਮੈਂਬਰ ਨੂੰ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰਨਗੇ ।**

# ਆਖ਼ਰ ਵੋਟ ਕਿਸ ਨੂੰ ਪਾਈਏ ?



**ਗੋਬਿੰਦਰ ਸਿੰਘ ਢੀਂਡਸਾ**

ਪ੍ਰਸਿੱਧ ਲੇਖਕ ਮਾਰਕ ਟਵੇਨ ਦੇ ਸ਼ਬਦ ਹਨ ਕਿ 'ਜੇ ਵੋਟ ਪਾਉਣ ਨਾਲ਼ ਕੋਈ ਫ਼ਰਕ ਪੈਣਾ ਹੁੰਦਾ ਤਾਂ ਇਨਾਂ ਨੇ ਸਾਨੂੰ ਵੋਟ ਦਾ ਹੱਕ ਦੇਣਾ ਹੀ ਨਹੀਂ ਸੀ।' ਜੇ ਲੋਕਤੰਤਰੀ ਵਿਵਸਥਾ ਵਿੱਚ ਮਾਰਕ ਟਵੇਨ ਦੇ ਕਥਨ ਅਨੁਸਾਰ ਵੋਟ ਪਾਉਣ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਤਾਂ ਕੀ ਫਿਰ ਵੋਟ ਨਾ ਪਾ ਕੇ ਸਰ ਸਕਦਾ ਹੈ ? ੧੯੯੨ ਵਿੱਚ ਪੰਜਾਬ ਵਿੱਚ ਵੋਟਾਂ ਦਾ ਬਾਈਕਾਟ ਕਰਕੇ ਵੀ ਵੇਖ ਲਿਆ, ਪ੍ਰੰਤੂ ਬਾਈਕਾਟ ਦੇ ਬਾਵਜੂਦ, ਘੱਟ ਪੋਲਿੰਗ ਦੇ ਬਾਵਜੂਦ ਵੀ ਇੱਕ ਹਾਕਮੀ ਜਮਾਤ ਬਣੀ। ਇੱਥੋਂ ਇਹ ਪਤਾ ਚੱਲਦਾ ਹੈ ਕਿ ਵੋਟ ਨਾ ਪਾਉਣਾ ਵੀ ਕਿਸੇ ਪੱਖੋਂ ਹੱਕ ਵਿੱਚ ਨਹੀਂ ਜਾਂਦਾ। ਵੋਟ ਨਾ ਪਾ ਕੇ ਆਪਣੇ-ਆਪ ਹੀ ਵਿਰੋਧੀ ਨੂੰ ਇੱਕ ਵੋਟ ਜਿਤਾਉਣਾ ਸਾਬਤ ਹੁੰਦਾ ਹੈ। ਸਵਾਲ ਬਣਦਾ ਹੈ ਕਿ ਆਖ਼ਰ ਕਿਸ ਨੂੰ ਵੋਟ ਪਾਈਏ ? ਵੋਟ ਦੀ ਸਹੀ ਅਹਿਮੀਅਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਕਿਸੇ ਰਾਜੇ ਦੀ ਜਨਤਾ ਬਣਨ ਦੀ ਥਾਂ ਦੇਸ ਅਤੇ ਲੋਕਤੰਤਰੀ ਵਿਵਸਥਾ ਵਿੱਚ ਨਾਗਰਿਕ ਬਣਿਆ ਜਾਵੇ। ਆਪਣੀ ਵੋਟ ਦੀ ਮਹੱਤਤਾ ਨੂੰ ਸਮਝਿਆ ਜਾਵੇ ਕਿ ਇੱਕ ਅਮੀਰ ਵਿਅਕਤੀ ਦੀ ਵੋਟ ਤੇ ਗ਼ਰੀਬ ਵਿਅਕਤੀ ਦੀ ਵੋਟ ਦੀ ਸ਼ਕਤੀ ਬਰਾਬਰ ਹੈ। ਨਸ਼ੇ, ਪੈਸੇ, ਡਰ ਜਾਂ ਕਿਸੇ ਲਾਲਚ ਵੱਸ ਆਪਣੀ ਵੋਟ ਦਾ ਸੌਦਾ ਕਰ ਲੈਣਾ, ਵੇਚ ਦੇਣਾ ਆਪਣੇ ਭਵਿੱਖ ਅਤੇ ਆਪਣੀ ਆਉਣ ਵਾਲੀ ਪੀੜੀ ਦੇ ਭਵਿੱਖ ਨੂੰ ਖੂਹ ਵਿੱਚ ਧੱਕ ਦੇਣਾ ਹੈ। ਵੋਟ ਦੀ ਤਾਕਤ ਨੂੰ ਸਮਝਣਾ ਚਾਹੀਦਾ ਹੈ, ਮੁਲਾਜ਼ੇਦਾਰੀਆਂ, ਧਰਮ, ਜਾਤ ਆਦਿ ਦੇ ਚੱਕਰਾਂ ਵਿੱਚ ਪੈ ਕੇ ਨਹੀਂ ਪਾਉਣੀ ਚਾਹੀਦਾ, ਸਗੋਂ ਸੋਚ ਵਿਚਾਰ ਕੇ ਹੀ ਵੋਟ ਪਾਉਣੀ ਚਾਹੀਦੀ ਹੈ।

ਚੋਣ ਲੜ ਰਹੀਆਂ ਪਾਰਟੀਆਂ ਅਤੇ ਉਮੀਦਵਾਰਾਂ ਦੇ ਚੋਣ ਮਨੋਰਥ ਪੱਤਰਾਂ ਨੂੰ ਘੋਖਣਾ ਚਾਹੀਦਾ ਹੈ। ਅੱਖਾਂ ਮੀਟ ਕੇ ਪਾਰਟੀਆਂ ਪਿੱਛੇ ਨਹੀਂ ਲੱਗਣਾ ਚਾਹੀਦਾ, ਸਗੋਂ ਪਾਰਟੀ ਤਰਫ਼ੋਂ ਦਿੱਤੇ ਉਮੀਦਵਾਰ ਨੂੰ ਵੀ ਆਪਣੀ ਵਿਚਾਰਾਂ ਦੀ ਕਸੌਟੀ 'ਤੇ ਵਿਚਾਰਨਾ ਚਾਹੀਦਾ ਹੈ। ਹਲਕੇ ਵਿੱਚ ਜੋ ਉਮੀਦਵਾਰ ਚੋਣ ਲੜ ਰਹੇ ਹੋਣ, ਉਨਾਂ ਵਿੱਚੋਂ ਕੌਣ ਪਹਿਲਾਂ ਤੋਂ ਲੋਕਾਂ ਵਿੱਚ ਵਿਚਰ



ਰਿਹਾ ਹੈ ਅਤੇ ਕੌਣ ਚੋਣਾਂ ਸਮੇਂ ਬਰਸਾਤੀ ਡੱਡੂ ਬਣਿਆ ਹੈ, ਜ਼ਮੀਨੀ ਗੱਲ ਕਿਹੜਾ ਉਮੀਦਵਾਰ ਕਰਦਾ ਹੈ ਤੇ ਹਵਾਈ ਗੱਲਾਂ ਕਿਹੜਾ ਕਰਦਾ ਹੈ ਇਸ ਦਾ ਅੰਤਰ ਸਮਝਣਾ ਚਾਹੀਦਾ ਹੈ। ਕਿਸ ਉਮੀਦਵਾਰ ਤੱਕ ਪਹੁੰਚ ਕਰਨਾ ਸੌਖਾ ਹੈ, ਕਿਹੜਾ ਉਮੀਦਵਾਰ ਗੱਲ ਸੁਣਦਾ ਹੈ ਤੇ ਕਿਹੜਾ ਲੋੜ ਪੈਣ ਤੇ ਲੋਕਾਂ ਨਾਲ਼ ਖੜਦਾ ਵਿਖਾਈ ਦਿੰਦਾ ਹੈ, ਲੋਕਾਂ ਦੀ ਆਵਾਜ਼ ਬੁਲੰਦ ਕਰਦਾ ਹੈ, ਦੁੱਖ ਸੁੱਖ ਵਿੱਚ ਸ਼ਰੀਕ ਹੁੰਦਾ ਹੈ। ਉਮੀਦਵਾਰ ਦਾ ਕਿਰਦਾਰ ਕਿਸ ਤਰਾਂ ਦਾ ਹੈ ? ਕਿਤੇ ਉਮੀਦਵਾਰ ਸਿੱਧੇ ਅਸਿੱਧੇ ਢੰਗਾਂ ਨਾਲ਼ ਡਰਾ ਕੇ, ਪੈਸੇ ਨਾਲ਼, ਜਾਤੀ, ਧਰਮ ਆਦਿ ਵਿਸ਼ੇਸ ਤੇ ਵੋਟ ਤਾਂ ਨਹੀਂ ਮੰਗ ਰਿਹਾ ਜਾਂ ਫਿਰ ਤੁਹਾਡੇ ਮੁੱਦਿਆਂ ਅਤੇ ਵਿਕਾਸ ਦੀ ਗੱਲ ਕਰਕੇ ਵੋਟ ਮੰਗ ਰਿਹਾ ਹੈ। ਜੋ ਤੁਹਾਡੇ ਹਲਕੇ ਦਾ ਉਮੀਦਵਾਰ ਹੈ ਉਸਦੇ ਆਲੇ ਦੁਆਲੇ, ਉਸਦੇ ਸਰਕਲ ਵਿੱਚ ਕਿਸ ਤਰਾਂ ਦੇ ਬੰਦੇ ਹਨ ? ਉਮੀਦਵਾਰ ਦਾ ਬਦਮਾਸ਼, ਧੱਕਾ ਕਰਨ ਵਾਲਾ, ਲੁੱਟ ਮਚਾਉਣ ਵਾਲਾ, ਰਿਸ਼ਵਤਖ਼ੋਰ ਅਤੇ ਖ਼ੂੰਖਾਰ ਅਪਰਾਧਿਕ ਰਿਕਾਰਡ ਤਾਂ ਨਹੀਂ। ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਈ ਜਾ ਸਕਦੀ ਹੈ ਅਤੇ ਜੇਕਰ ਹਲਕੇ ਵਿੱਚ ਚੋਣ ਲੜ ਰਹੇ ਉਮੀਦਵਾਰਾਂ ਵਿੱਚੋਂ ਕੋਈ ਵੀ ਉਮੀਦਵਾਰ ਸਹੀ ਨਹੀਂ ਜਾਪਦਾ ਤਾਂ ਵੋਟਿੰਗ ਮਸ਼ੀਨ ਜਾਂ ਵੋਟ ਪਰਚੀ ਤੇ ਸਭ ਤੋਂ ਅਖ਼ੀਰ ਵਿੱਚ 'ਨੋਟਾ-ਇਨਾਂ ਵਿੱਚੋਂ ਕੋਈ ਨਹੀਂ **(NOTA – None of the above)**' ਨੂੰ ਵੋਟ ਕੀਤੀ ਜਾ ਸਕਦੀ ਹੈ।

ਚੋਣ ਕਮਿਸ਼ਨ ਨੇ ਚੋਣਾਂ ਦੀ ਘੋਸ਼ਣਾ ਕਰ ਦਿੱਤੀ ਤੇ ਬਿਨਾਂ ਕੁਝ ਸੋਚੇ-ਸਮਝੇ, ਬਿਨਾਂ ਕੁਝ ਵਿਚਾਰੇ ਵੋਟ ਪਾ ਆਏ, ਕੋਈ ਜਿੱਤ ਗਿਆ ਤੇ ਕੋਈ ਹਾਰ ਗਿਆ ਤੇ ਸਾਨੂੰ ਕੀ ? ਇਹ ਸੁਚੇਤ ਵੋਟਰ ਦੀ ਨਿਸ਼ਾਨੀ ਨਹੀਂ। ਵੋਟ ਭਵਿੱਖ ਤੈਅ ਕਰਦੀ ਹੈ, ਜਦ ਵੋਟਰ ਵੋਟ ਦੀ ਮਹੱਤਤਾ ਸਮਝੇਗਾ ਅਤੇ ਸੋਚ ਵਿਚਾਰ ਕਰਕੇ ਆਪਣੀ ਵੋਟ ਪਾਵੇਗਾ ਤੇ ਯੋਗ ਉਮੀਦਵਾਰ ਚੁਣਨ ਦੀ ਕੋਸ਼ਿਸ਼ ਕਰੇਗਾ ਤਦ ਹੀ ਲੋਕਤੰਤਰ ਨੂੰ ਅਮਲੀਜਾਮਾ ਪ੍ਰਾਪਤ ਹੋਵੇਗਾ।

# ਦਿੱਲੀ ਵਿਚ ਵਿਆਹੀ ਨੌਜਵਾਨ ਸਿੱਖ ਲੜਕੀ ਨਾਲ ਸਮੂਹਿਕ ਬਲਾਤਕਾਰ

## ✪ ਜਥੇਦਾਰ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਪ੍ਰਧਾਨ, ਰਵਨੀਤ ਬਿੱਟੂ ਵਲੋਂ ਤਿੱਖੀ ਆਲੋਚਨਾ

## ✪ ਦੋਸ਼ੀਆਂ ਨੂੰ ਸਜ਼ਾ ਨਾ ਮਿਲੀ ਤਾਂ ਪੰਥ ਸਜ਼ਾ ਦੇਵੇਗਾ : ਜਥੇਦਾਰ ਅੰਮ੍ਰਿਤਪਾਲ ਸਿੰਘ

**ਦਿੱਲੀ/ਏ.ਟੀ.ਨਿਊਜ਼ :-** ਗਣਤੰਤਰ ਦਿਵਸ 'ਤੇ ਬੁੱਧਵਾਰ ਦੌਰਾਨ ਵਿਵੇਕ ਵਿਹਾਰ ਦੇ ਕਸਤੂਰਬਾ ਨਗਰ ਦਿੱਲੀ ਵਿਚ ਵਿਆਹੀ ਸਿੱਖ ਲੜਕੀ ਨਾਲ ਸਮੂਹਿਕ ਬਲਾਤਕਾਰ ਦੀ ਵਾਪਰੀ ਘਟਨਾ ਨੇ ਰਾਜਧਾਨੀ ਨੂੰ ਸ਼ਰਮਸਾਰ ਕਰ ਦਿੱਤਾ। ਸਮੂਹਿਕ ਬਲਾਤਕਾਰ ਤੋਂ ਬਾਅਦ ਗੁੰਡਿਆ ਅਤੇ ਕੁਝ ਔਰਤਾਂ ਨੇ ਮੂੰਹ 'ਤੇ ਕਾਲਖ ਮਲ ਕੇ ਉਸ ਨੂੰ ਸੜਕਾਂ ਉਪਰ ਅਰਧ ਨੰਗੀ ਘੁਮਾਇਆ। ਗੁੰਡਿਆਂ ਨੇ ਉਸ ਦੇ ਕੇਸ ਕੱਟ ਦਿੱਤੇ ਅਤੇ ਉਸ ਦੇ ਗਲੇ ਵਿੱਚ ਜੁੱਤੀਆਂ ਤੇ ਚੱਪਲਾਂ ਦਾ ਹਾਰ ਵੀ ਪਾ ਦਿੱਤਾ।

ਪੁਲਿਸ ਦੇ ਡਿਪਟੀ ਕਮਿਸ਼ਨਰ ਆਰ ਸੱਤਿਆਸੁੰਦਰਮ ਨੇ ਦੱਸਿਆ ਕਿ ਸੱਤ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਦ ਕਿ ਦੋ ਨਾਬਾਲਗਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਅਨੁਸਾਰ ਗੁੰਡਿਆਂ ਨੇ ਪੀੜਤ ਔਰਤ ਨੂੰ ਉਸ ਦੇ ਕਰਕਰਦੂਮਾ ਸਥਿਤ ਘਰ ਤੋਂ ਅਗਵਾ ਕਰ ਲਿਆ ਸੀ । ਸੂਚਨਾ ਅਨੁਸਾਰ ਔਰਤ ਨਾਲ ਗੈਰ-ਕੁਦਰਤੀ ਸੈਕਸ ਕਰਨ ਤੋਂ ਬਾਅਦ ਤਿੰਨ ਵਿਅਕਤੀਆਂ ਨੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ, ਬਦਸਲੂਕੀ ਕੀਤੀ ਤੇ ਮਿਰਚ ਪਾਊਡਰ ਉਸ ਦੇ ਗੁਪਤ ਅੰਗ ਵਿੱਚ ਪਾ ਦਿੱਤਾ। ਦਰਅਸਲ ਦੋਸ਼ੀ ਪਰਿਵਾਰ ਦਾ 16 ਸਾਲਾ ਲੜਕਾ ਪੀੜਤ ਲੜਕੀ ਨਾਲ ਦੋਸਤੀ ਕਰਨ ਲਈ ਦਬਾਅ ਪਾ ਰਿਹਾ ਸੀ। ਪਿਛਲੇ ਸਾਲ ਨਵੰਬਰ ਵਿਚ ਲੜਕੀ ਨੇ ਨਾਬਾਲਗ ਲੜਕੇ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਗੁੱਸੇ ਵਿਚ ਆਏ ਲੜਕੇ ਨੇ 12 ਨਵੰਬਰ ਨੂੰ ਵਿਵੇਕ ਵਿਹਾਰ ਵਿਚ ਟਰੇਨ ਅੱਗੇ ਛਾਲ ਮਾਰ ਕੇ ਜਾਨ ਦੇ ਦਿੱਤੀ। ਲੜਕੇ ਦੇ ਪਰਿਵਾਰ ਨੇ ਉਸ ਨੂੰ ਆਪਣੇ ਬੇਟੇ ਦੀ ਮੌਤ ਲਈ ਜ਼ਿੰਮੇਵਾਰ ਠਹਿਰਾਇਆ। ਮ੍ਰਿਤਕ ਪਰਿਵਾਰ ਦਾ ਸਭ ਤੋਂ ਵੱਡਾ ਪੁੱਤਰ ਸੀ। ਉਸ ਦੇ ਪਰਿਵਾਰ ਵਿੱਚ ਉਸ ਦੇ ਮਾਪਿਆਂ ਤੋਂ ਇਲਾਵਾ ਇੱਕ ਛੋਟੀ ਭੈਣ ਅਤੇ ਭਰਾ ਵੀ ਹੈ। ਵਿਆਹ ਤੋਂ ਬਾਅਦ ਔਰਤ ਆਪਣੇ ਸਹੁਰੇ ਘਰ ਸੀਮਾਪੁਰੀ ਰਹਿੰਦੀ ਸੀ ਪਰ ਲੜਕੇ ਦੀ ਮੌਤ ਤੋਂ ਬਾਅਦ ਜਦੋਂ ਉਸ ਦੇ ਪਰਿਵਾਰ ਵਾਲਿਆਂ ਨੇ ਲੜਕੀ ਦੀ ਭਾਲ ਸ਼ੁਰੂ ਕੀਤੀ ਤਾਂ ਉਹ ਗੁਪਤ ਰੂਪ ਵਿਚ ਕੜਕੜਡੂਮਾ ਵਿਚ ਰਹਿਣ ਲੱਗੀ। ਪੁਲਿਸ ਡੀਸੀਪੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪਹੁੰਚੀ ਪੁਲਸ ਨਾਲ ਵੀ ਦੋਸ਼ੀਆਂ ਨੇ ਬਦਸਲੂਕੀ ਕੀਤੀ ਹੈ।ਪੁਲੀਸ ਨੇ ਗੁੰਡਿਆਂ ਦੀ ਭੀੜ ਵਿਚੋਂ ਪੀੜਤ ਔਰਤ ਨੂੰ ਬਚਾਇਆ ਤੇ ਥਾਣੇ ਲਿਆਂਦਾ ਗਿਆ। ਵਿਵੇਕ ਵਿਹਾਰ ਥਾਣਾ ਪੁਲਿਸ ਨੇ ਉਸ ਦਾ ਮੈਡੀਕਲ ਕਰਵਾਉਣ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਹੈ। ਸੂਚਨਾ ਅਨੁਸਾਰ ਬੀਤੇ ਬੁੱਧਵਾਰ ਸਵੇਰੇ ੧੦.੪੫ ਵਜੇ ਔਰਤ ਦੀ ਛੋਟੀ ਭੈਣ ਆਪਣੀ ਭੈਣ ਲਈ ਘਰ ਤੋਂ ਕੁਝ ਸਾਮਾਨ ਲੈ ਕੇ ਘਰੋਂ ਨਿਕਲੀ। ਲੜਕੇ ਦਾ ਪਰਿਵਾਰ ਉਸ ਦੇ ਪਿੱਛੇ-ਪਿੱਛੇ ਆ ਗਿਆ। ਫਿਰ ਉਹ ਕੜਕੜਡੂਮਾ ਵਿੱਚ ਪੀੜਤ ਦੇ ਘਰ ਪਹੁੰਚਿਆ। ਉਥੇ, ਕਈ ਔਰਤਾਂ ਅਤੇ ਹੋਰ ਲੋਕਾਂ ਨੇ ਪੀੜਤਾ ਨੂੰ ਅਗਵਾ ਕਰ ਲਿਆ ਅਤੇ ਉਸ ਨੂੰ ਆਟੋ ਵਿੱਚ ਬਿਠਾ ਲਿਆ। ਰਸਤੇ ਵਿਚ ਹੀ ਉਸ ਦੀ ਕੁੱਟਮਾਰ ਕੀਤੀ। ਫਿਰ ਉਸ ਨੂੰ ਕਸਤੂਰਬਾ ਨਗਰ ਦੇ ਇੱਕ ਘਰ ਵਿੱਚ ਲਿਆਂਦਾ ਗਿਆ ਅਤੇ ਦੋ ਨਾਬਾਲਗਾਂ ਅਤੇ ਇੱਕ ਹੋਰ ਲੜਕੇ ਦੇ ਹਵਾਲੇ ਕਰ ਦਿੱਤਾ ਗਿਆ। ਵੀਡੀਓ ਵਿਚ ਪੀੜਤਾ ਨੂੰ ਕੁੱਟਣ 'ਤੇ ਭੀੜ ਵਿਚ ਮੌਜੂਦ ਬਦਮਾਸ਼ ਲੋਕ ਉੱਚੀ-ਉੱਚੀ ਰੌਲਾ ਪਾਉਂਦੇ ਅਤੇ ਹੂਟਿੰਗ ਕਰਦੇ ਨਜ਼ਰ ਆ ਰਹੇ ਹਨ। ਕਿਸੇ ਨੇ ਵੀ ਉਸ ਪੀੜਤਾ ਦੀ ਮਦਦ ਨਹੀਂ ਕੀਤੀ।

**ਅਪਰਾਧੀ ਨਸ਼ੇ ਦੇ ਸਮਗਲਰ**

ਦੋਸ਼ੀ ਪਰਿਵਾਰ ਅਪਰਾਧੀ ਕਿਸਮ ਦੇ ਲੋਕ ਹਨ। ਉਹਨਾਂ ਉਪਰ ਸ਼ਰਾਬ ਅਤੇ ਨਸ਼ਾ ਵੇਚਣ ਦੇ ਕਈ ਮਾਮਲੇ ਦਰਜ ਹਨ। ਵੀਡੀਓ ਵਾਇਰਲ ਹੋਣ ਤੋਂ ਬਾਅਦ ਦਿੱਲੀ ਮਹਿਲਾ ਕਮਿਸ਼ਨ ਨੇ ਨੋਟਿਸ ਲੈਂਦਿਆਂ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕੀਤਾ।

**ਮਹਿਲਾ ਕਮਿਸ਼ਨ ਵਲੋਂ ਦਿੱਲੀ ਪੁਲਿਸ ਨੂੰ ਨੋਟਿਸ**

ਦਿੱਲੀ ਮਹਿਲਾ ਕਮਿਸ਼ਨ ਨੇ ਇਸ ਘਟਨਾ ਸਬੰਧੀ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕਰਕੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਜਲਦੀ ਕਦਮ ਚੁੱਕਣ ਦੀ ਮੰਗ ਕੀਤੀ ਹੈ। ਇਸ ਸਬੰਧੀ ਟਵੀਟ ਕਰਦਿਆਂ ਦਿੱਲੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਸਵਾਤੀ ਮਾਲੀਵਾਲ ਨੇ ਲਿਖਿਆ 'ਕਸਤੂਰਬਾ ਨਗਰ ਵਿਚ ਇਕ 20 ਸਾਲ ਦੀ ਲੜਕੀ ਦਾ ਗੈਰ-ਕਾਨੂੰਨੀ ਸ਼ਰਾਬ ਵੇਚਣ ਵਾਲਿਆਂ ਵਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। ਉਸ ਦਾ ਸਿਰ ਮੁੰਨ ਦਿੱਤਾ ਗਿਆ ਅਤੇ ਉਸ ਦਾ ਮੂੰਹ ਕਾਲਾ ਕਰ ਦਿੱਤਾ ਗਿਆ। ਮੈਂ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕਰ ਰਹੀ ਹਾਂ। ਸਾਰੇ ਦੋਸ਼ੀ ਮਰਦਾਂ ਅਤੇ ਔਰਤਾਂ







ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਲੜਕੀ ਤੇ ਉਸ ਦੇ ਪਰਿਵਾਰ ਨੂੰ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੇ ਸ਼ਾਹਦਰਾ ਇਲਾਕੇ ਦੇ ਕਸਤੂਰਬਾ ਨਗਰ ਵਿਚ ਇਕ ਔਰਤ ਨੂੰ ਅਗਵਾ ਕਰਨ ਅਤੇ ਸਮੂਹਿਕ ਬਲਾਤਕਾਰ ਦੇ ਮਾਮਲੇ ਵਿਚ ਪੁਲਿਸ ਨੇ ਹੁਣ ਤੱਕ ੯ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਪੁਲਿਸ ਨੇ ਵੀਰਵਾਰ ਸ਼ਾਮ ਤੱਕ ਸੱਤ ਔਰਤਾਂ ਨੂੰ ਗ੍ਰਿਫਤਾਰ ਕੀਤਾ ਸੀ। ਇਨਾਂ ਦੀ ਪਛਾਣ ਸ਼ਾਲੂ, ਰਾਜਜੀ, ਪ੍ਰੇਰਨਾ, ਕੋਮਲ, ਵਰਸ਼ਾ, ਪ੍ਰੀਤੀ ਅਤੇ ਬੇਬੀ ਵਜੋਂ ਹੋਈ ਹੈ। ਸਾਰੀਆਂ ਔਰਤਾਂ ਇੱਕ ਦੂਜੇ ਦੀਆਂ ਰਿਸ਼ਤੇਦਾਰ ਹਨ।ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਐਫਆਈਆਰ ਵਿਚ 11 ਲੋਕਾਂ ਦੇ ਨਾਮ ਦਰਜ ਕੀਤੇ ਗਏ ਹਨ। ਦਿੱਲੀ ਪੁਲਿਸ ਨੇ ਇਹ ਵੀ ਦੱਸਿਆ ਕਿ ਜਲਦ ਹੀ ਹੋਰ ਗ੍ਰਿਫਤਾਰੀਆਂ ਕੀਤੀਆਂ ਜਾਣਗੀਆਂ।

ਗਲਤ ਅਫਵਾਹਾਂ ਫੈਲਾਉਣ ਵਾਲਿਆਂ ਵਿਰੁਧ ਕੇਸ ਦਰਜ

ਇਸ ਸਬੰਧੀ ਡੀ. ਸੀ. ਪੀ. (ਸ਼ਾਹਦਰਾ) ਆਰ ਸਤਿਆਸੁੰਦਰਮ ਨੇ ਦੱਸਿਆ ਕਿ ਅਸੀਂ ਤਿੰਨ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਐਫ. ਆਈ.ਆਰ. ਦਰਜ ਕੀਤੀਆਂ ਹਨ, ਜਿਨਾਂ ਕਸਤੂਰਬਾ ਨਗਰ ਵਿਚ ਵਾਪਰੀ ਉਕਤ ਘਟਨਾ ਬਾਰੇ ਗਲਤ ਜਾਣਕਾਰੀਆਂ ਤੇ ਅਫਵਾਹਾਂ ਫੈਲਾਈਆਂ ਹਨ, ਜਦਕਿ ਇਸ ਘਟਨਾ ਨੂੰ ਧਾਰਮਿਕ ਰੰਗਤ ਦਿੱਤੀ ਹੈ । ਉਨਾਂ ਕਿਹਾ ਕਿ ਇਸ ਮਾਮਲੇ ਸਬੰਧੀ ਬਾਕੀਆਂ ਦੀ ਪਛਾਣ ਕੀਤੀ ਜਾ ਰਹੀ ਹੈ।

**ਲੜਕੀ ਦਾ ਪਰਿਵਾਰ ਦਹਿਸ਼ਤ ਵਿਚ**

ਲੜਕੇ ਦੀ ਆਤਮ ਹਤਿਆ ਬਾਅਦ ਉਸ ਪੀੜਤਾ 'ਤੇ ਕਈ ਵਾਰ ਹਮਲਾ ਹੋ ਚੁਕਾ ਹੈ। ਉਸ ਨੇ ਦੋ ਵਾਰ ਪੁਲਿਸ ਨੂੰ ਸ਼ਿਕਾਇਤ ਵੀ ਕੀਤੀ । ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਪੁਲਿਸ ਸ਼ਿਕਾਇਤ ਮਿਲਣ ਤੋਂ ਇਨਕਾਰ ਕਰਦੀ ਹੈ। ਸਮੂਹਿਕ ਬਲਾਤਕਾਰ ਦੀ ਘਟਨਾ ਬਾਅਦ ਪੀੜਤ ਪਰਿਵਾਰ ਦਹਿਸ਼ਤ ਵਿੱਚ ਹੈ। ਉਨਾਂ ਨੂੰ ਆਪਣੀ ਜਾਨ ਦੀ ਚਿੰਤਾ ਹੈ। ਘਰ ਵਿਚ ਛੋਟੀ ਭੈਣ ਅਤੇ ਅੰਗਹੀਣ ਬੀਮਾਰ ਪਿਤਾ ਤੋਂ ਇਲਾਵਾ ਹੋਰ ਕੋਈ ਨਹੀਂ ਹੈ। ਪਰਿਵਾਰ ਨੇ ਪੁਲਿਸ ਤੋਂ ਸੁਰੱਖਿਆ ਦੀ ਮੰਗ ਕੀਤੀ ਹੈ। ਪਰਿਵਾਰ ਅਨੁਸਾਰ ਦੋਸ਼ੀ ਗੁੰਡਾ ਅਨਸਰ ਪੁਲਿਸ ਜਾਂ ਜੇਲ ਜਾਣ ਤੋਂ ਨਹੀਂ ਡਰਦੇ। ਉਹ ਸ਼ਰੇਆਮ ਕਤਲ ਕਰਨ ਦੀਆਂ ਧਮਕੀਆਂ ਦਿੰਦੇ ਹਨ। ਪਿਛਲੇ ਸਾਲ ਦਿਲ ਦਾ ਦੌਰਾ ਪੈਣ ਨਾਲ ਪੀੜਤ ਦੀ ਮਾਂ ਦੀ ਮੌਤ ਹੋ ਗਈ ਸੀ। ਵਿਆਹ ਤੋਂ ਪਹਿਲਾਂ ਪੀੜਤਾ ਆਂਗਣਵਾੜੀ ਸੈਂਟਰ ਵਿਚ ਕੰਮ ਕਰਦੀ ਸੀ। ਵਿਆਹ ਤੋਂ ਬਾਅਦ, ਉਹ ਆਪਣੇ ਪਤੀ ਨਾਲ ਰਹਿੰਦੀ ਸੀ। ਪਤੀ ਪੂਰਬੀ ਦਿੱਲੀ ਦੇ ਇੱਕ ਹੋਟਲ ਵਿੱਚ ਕੇਅਰ ਟੇਕਰ ਹੈ। ਪੀਤੜ ਲੜਕੀ ਦੇ ਪਰਿਵਾਰ ਨੂੰ ਸੁਰੱਖਿਆ ਸ਼ਾਹਦਰਾ ਦੇ ਡਿਪਟੀ ਕਮਿਸ਼ਨਰ ਆਫ ਪੁਲਿਸ ਆਰ ਸਤਿਆਸੁੰਦਰਮ ਨੇ ਕਿਹਾ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਪੀੜਤ ਅਤੇ ਉਸ ਦੇ ਪਰਿਵਾਰ ਨੂੰ ਪੁਲਿਸ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਕਸਤੂਰਬਾ ਨਗਰ ਵਿੱਚ ਪੀੜਤ ਦੇ ਘਰ ਅਤੇ ਕਰਕਰਡੂਮਾ ਪਿੰਡ ਵਿੱਚ ਉਸਦੇ ਘਰ ਦੇ ਬਾਹਰ ਕੁਝ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੁਰੱਖਿਆ ਕੁਝ ਦਿਨਾਂ ਤੱਕ ਜਾਰੀ ਰਹੇਗੀ। ਦੇਰ ਸ਼ਾਮ ਪੀੜਤਾ ਪੁਲਸ ਹਿਰਾਸਤ ਵਿਚੋਂ ਆਪਣੇ ਪਤੀ ਕੋਲ ਵਾਪਸ ਆ ਗਈ ਸੀ।

**ਕੀ ਕਹਿੰਦੇ ਨੇ ਕੇਜਰੀਵਾਲ**

ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ, ਦਿੱਲੀ ਨੇ ਕਿਹਾ ਕਿ ਇਹ ਬਹੁਤ ਸ਼ਰਮਨਾਕ ਗੱਲ ਹੈ। ਕੇਂਦਰੀ ਗ੍ਰਹਿ ਮੰਤਰੀ ਅਤੇ ਉਪ ਰਾਜਪਾਲ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਪੁਲਿਸ ਨੂੰ ਇਸ ਮਾਮਲੇ ਵਿੱਚ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੇ ਹੁਕਮ ਦੇਣ। ਕੇਜਰੀਵਾਲ ਨੇ ਕਿਹਾ ਕਿ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਇਹਨਾਂ ਦਰਿੰਦਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਪੀੜਤ ਨੂੰ ਹਰ ਤਰਾਂ ਦੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

**ਰਵਨੀਤ ਬਿੱਟੂ ਵਲੋਂ ਨਿਖੇਧੀ**

ਰਾਸ਼ਟਰੀ ਰਾਜਧਾਨੀ ਵਿਚ ਸਿੱਖ ਲੜਕੀ ਨਾਲ ਜਬਰ ਜਨਾਹ ਦੇ ਮਾਮਲੇ ਨੂੰ ਲੈ ਕੇ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਟਵੀਟ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਭਾਜਪਾ ਅਤੇ ਆਪ ਪਾਰਟੀ ਵਿਚਾਲੇ ਸੱਤਾ ਦੀ ਲੜਾਈ ਨੇ ਸਮਾਜਿਕ ਅਤੇ ਨੈਤਿਕ ਤਾਣੇ-ਬਾਣੇ ਨੂੰ ਢਾਹ ਲਾਈ ਹੈ। ਉਨਾਂ ਲਿਖਿਆ, 'ਰਾਜਧਾਨੀ ਦਿੱਲੀ ਵਿਚ ਇੱਕ ਸਿੱਖ ਮਾਂ ਨਾਲ ਜਬਰ ਜਨਾਹ ਕੀਤਾ ਗਿਆ ਅਤੇ ਜਨਤਕ ਤੌਰ 'ਤੇ ਸ਼ਰਮਸਾਰ ਕੀਤਾ ਗਿਆ। ਭਾਜਪਾ ਅਤੇ 'ਆਪ' ਵਿਚਾਲੇ ਸੱਤਾ ਦੀ ਲੜਾਈ ਨੇ ਦਿੱਲੀ ਦੇ ਸਮਾਜਿਕ ਅਤੇ ਨੈਤਿਕ ਤਾਣੇ-ਬਾਣੇ ਨੂੰ ਢਾਹ ਲਾਈ ਹੈ। ਸ਼ੀਲਾ ਜੀ ਦੇ ਰਾਜ ਵਿਚ ਅਜਿਹਾ ਨਹੀਂ ਹੁੰਦਾ ਸੀ।ਕੇਜਰੀਵਾਲ ਦਾ ਕਹਿਣਾ ਗਲਤ ਹੈ ਕਿ ਦਿੱਲੀ ਵਿਚ ਔਰਤਾਂ ਸੁਰੱਖਿਅਤ ਹਨ। ਅਸਲ ਵਿਚ ਦਿੱਲੀ ਕੋਲ ਕੋਈ ਆਗੂ ਨਹੀਂ ਹੈ ਕਿਉਂਕਿ ਮੁੱਖ ਮੰਤਰੀ ਗੋਆ ਅਤੇ ਪੰਜਾਬ ਵਿਚ ਵਧੇਰੇ ਸ਼ਕਤੀ ਲਈ ਪ੍ਰਚਾਰ ਕਰਨ ਵਿਚ ਰੁੱਝੇ ਹੋਏ ਹਨ।'

**ਜਥੇਦਾਰ ਅੰਮ੍ਰਿਤਪਾਲ ਸਿੰਘ ਨੇ ਲਲਕਾਰਿਆ**

ਅਕਾਲੀ ਦਲ ਅੰਮ੍ਰਿਤਸਰ ਦੇ ਤਰਨਤਾਰਨ ਹਲਕੇ ਦੇ ਉਮੀਦਵਾਰ ਪੀੜਤ ਪਰਿਵਾਰ ਕੋਲ ਪਹੁੰਚੇ।

ਬਾਕੀ ਸਫ਼ਾ 19 'ਤੇ

**ਆਸਟ੍ਰੇਲੀਆ ਡੇਅ 'ਤੇ 'ਸਿਟੀਜਨ ਆਫ਼ ਦ ਈਅਰ' ਐਵਾਰਡ ਨਾਲ਼ ਅਮਰ ਸਿੰਘ ਦਾ ਸਨਮਾਨ**

ਆਸਟ੍ਰੇਲੀਆ ਵਿੱਚ ਖ਼ਾਲਸਾ ਪੰਥ ਦਾ ਨਾਮ ਰੌਸ਼ਨ ਕਰਨ ਵਾਲੇ ਅਮਰ ਸਿੰਘ ਨੂੰ ਆਸਟ੍ਰੇਲੀਆ ਡੇਅ 'ਤੇ 'ਸਿਟੀਜਨ ਆਫ਼ ਦ ਈਅਰ' ਐਵਾਰਡ ਨਾਲ਼ ਸਨਮਾਨਿਤ ਕੀਤਾ ਗਿਆ। ਅਮਰ ਸਿੰਘ ਟਰਬਨ ਫ਼ਾਰ ਆਸਟ੍ਰੇਲੀਆ ਦੇ ਪ੍ਰਧਾਨ ਹਨ, ਜੋ ਕਿ ਆਸਟ੍ਰੇਲੀਆ ਵਿੱਚ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ ਚੜ ਕੇ ਹਿੱਸਾ ਲੈਂਦੇ ਹਨ। ਆਸਟ੍ਰੇਲੀਆ ਦੇ ਲਗਭਗ 26 ਮਿਲੀਅਨ ਲੋਕਾਂ ਵਿੱਚੋਂ 300 ਲੋਕ ਇਸ ਐਵਾਰਡ ਲਈ ਚੁਣੇ ਗਏ ਹਨ, ਜਿਨਾਂ ਵਿੱਚ ਸਿਡਨੀ ਤੋਂ ਇੱਕ ਪੰਜਾਬੀ ਨੂੰ ਇਹ ਮਾਣ ਮਿਲਿਆ ਹੈ।

ਇਹ ਐਵਾਰਡ ਉਨਾਂ ਦੇ ਸਮਾਜ ਸੇਵਾ ਦੇ ਕੰਮਾਂ ਨੂੰ ਦੇਖਦੇ ਹੋਏ ਦਿੱਤਾ ਗਿਆ ਹੈ। ਅਮਰ ਸਿੰਘ ਵੱਲੋਂ ਚਲਾਈ ਜਾਂਦੀ ਸੰਸਥਾ ਟਰਬਨ ਫ਼ਾਰ ਆਸਟ੍ਰੇਲੀਆ ਵੱਲੋਂ ਕੋਰੋਨਾ ਕਾਲ ਵਿੱਚ ਮੁਫ਼ਤ ਫੂਡ ਵੰਡਿਆ ਜਾ ਰਿਹਾ ਹੈ । ਉਨਾਂ ਵੱਲੋਂ ਕੀਤੀ ਗਈ ਕੋਰੋਨਾ ਕਾਲ ਵਿੱਚ ਸੇਵਾ ਦਾ ਕੰਮ ਹੋਵੇ ਭਾਵੇਂ ਬੁਸ਼ ਫ਼ਾਇਰ ਵਿੱਚ ਲੋੜਵੰਦ ਲੋਕਾਂ ਨੂੰ ਰਸਦ ਪਹੁੰਚਾਉਣ ਦੀ ਗੱਲ ਹੋਵੇ, ਉਨਾਂ ਦੀ ਸੰਸਥਾ ਨੇ ਨਿਸ਼ਕਾਮ

# ਸੱਚੋ ਸੱਚ ਦਸ ਵੇ ਜੋਗੀਆ

ਹੈ ਕਿ ਆਸਟ੍ਰੇਲੀਆ ਵਿੱਚ ਕੰਮ ਕੀਤਾ ਹੈ। ਅਮਰ ਸਿੰਘ ਨੂੰ 'ਸਿਟੀਜਨ ਆਫ਼ ਦ ਈਅਰ'



ਐਵਾਰਡ ਮਿਲਣ 'ਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ। ਟਰੱਕਾਂ ਵਾਲਿਆਂ ਵੱਲੋਂ ਘਿਰਾਓ ਕਾਰਨ

ਪ੍ਰਧਾਨ ਮੰਤਰੀ ਟਰੂਡੋ ਪਰਿਵਾਰ ਸਮੇਤ ਅਣਦੱਸੀ ਥਾਂ ਲੁਕੇ

**ਵਿਸ਼ਵ ਸਿਹਤ ਸੰਗਠਨ ਨੇ ਕਿਹਾ ਨੀਓਕੋਵ ਵਾਇਰਸ ਇਨਸਾਨਾਂ ਲਈ ਖ਼ਤਰਨਾਕ**

ਸਾਇੰਸਦਾਨਾਂ ਅਨੁਸਾਰ, ਕੋਰੋਨਾਵਾਇਰਸ ਪਰਿਵਾਰ ਦਾ ਇੱਕ ਹੋਰ ਵਾਇਰਸ ਨਿਓਕੋਵ ਵਾਇਰਸ ਦੱਖਣੀ ਅਫ਼ਰੀਕਾ ਦੇ ਚਮਗਿੱਦੜਾਂ ਵਿੱਚ ਪਾਇਆ ਗਿਆ ਹੈ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਸਿਰਫ਼ ਜਾਨਵਰਾਂ ਵਿੱਚ ਤੇਜ਼ੀ ਨਾਲ਼ ਫੈਲ ਰਿਹਾ ਹੈ। ਸਾਇੰਸਦਾਨਾਂ ਨੇ ਕਿਹਾ ਹੈ ਕਿ ਭਵਿੱਖ ਵਿੱਚ ਇਹ ਵਾਇਰਸ ਮਨੁੱਖਾਂ ਲਈ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਕੋਰੋਨਵਾਇਰਸ ਇੱਕ ਵਾਇਰਸ ਪਰਿਵਾਰ ਹੈ ਜਿਸ ਦੇ ਮੈਂਬਰ ਆਮ ਜ਼ੁਕਾਮ ਤੋਂ ਲੈ ਕੇ ਸਾਹ ਲੈਣ ਵਿੱਚ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਹਾਲਾਂਕਿ ਸਾਰਸ-ਕੋਵ-2 ਵਾਇਰਸ ਵੀ ਕੋਰੋਨਾਵਾਇਰਸ ਵਾਇਰਸ ਪਰਿਵਾਰ ਦਾ ਸੱਤਵਾਂ ਮੈਂਬਰ ਹੈ, ਜਿਸ ਬਾਰੇ ਸਾਨੂੰ ਪਤਾ ਹੈ ਕਿ ਇਹ ਮਨੁੱਖਾਂ ਨੂੰ ਬੀਮਾਰ ਕਰ ਸਕਦਾ ਹੈ। ਦ ਹਿੰਦੂ ਦੀ ਖ਼ਬਰ ਅਨੁਸਾਰ ਜਿਨਾਂ ਵਿਗਿਆਨੀਆਂ ਨੇ ਇਸਦੀ ਖੋਜ ਕੀਤੀ ਹੈ, ਉਨਾਂ ਵਿੱਚੋਂ ਜ਼ਿਆਦਾਤਰ ਚੀਨ ਦੀ ਵੁਹਾਨ ਯੂਨੀਵਰਸਿਟੀ ਵਿੱਚ ਕੰਮ ਕਰਦੇ ਹਨ। ਉਨਾਂ ਨੇ ਇਸ ਹਫ਼ਤੇ ਦੀ ਸ਼ੁਰੂਆਤ ਵਿੱਚ ਨਿਓਕੋਵ ਦੇ ਮਨੁੱਖਾਂ ਵਿੱਚ ਫ਼ੈਲਣ ਦਾ ਖ਼ਤਰਾ ਦੱਸਿਆ ਹੈ।

ਦ ਹਿੰਦੂ ਵਿੱਚ ਸੀਐਸੀਆਈਰ ਦੇ ਖੋਜਕਾਰਾਂ ਬਿੰਨੀ ਜੌਲੀ ਤੇ ਵਿਨੋਦ ਸਰਕਾਰੀਆ ਵੱਲੋਂ ਲਿਖੇ ਇੱਕ ਲੇਖ ਮੁਤਾਬਕ, ਨਿਓਕੋਵ ਇੱਕ ਚਮਗਿੱਦੜਾਂ ਵਿੱਚ ਮਿਲਣ ਵਾਲਾ ਵਾਇਰਸ ਹੈ ਜੋ ਕਿ ਸਭ ਤੋਂ ਪਹਿਲਾਂ 2011 ਵਿੱਚ ਪਛਾਣਿਆ ਗਿਆ ਸੀ। ਚਮਗਿੱਦੜਾਂ ਦੀ ਜਿਸ ਪ੍ਰਜਾਤੀ ਵਿੱਚ ਇਹ ਮਿਲਿਆ ਸੀ ਉਸ ਨੂੰ ਨਿਊਰੋਮੀਸੀਆ ਕਿਹਾ ਜਾਂਦਾ ਹੈ। ਇਸੇ ਤੋਂ ਇਸ ਵਾਇਰਸ ਨੂੰ ਨਿਓਕੋਵ ਦਾ ਨਾਮ ਦਿੱਤਾ ਗਿਆ।

ਇਹ ਧਿਆਨਯੋਗ ਹੈ ਕਿ ਵੈਸੇ ਇਹ ਵਾਇਰਸ ਮਨੁੱਖਾਂ ਨੂੰ ਲਾਗ ਨਹੀਂ ਲਗਾ ਸਕਦਾ ਅਤੇ ਨਾ ਹੀ ਇਸ ਦੀ ਵਜਾ ਨਾਲ਼ ਅਜੇ ਤੱਕ ਕੋਈ ਮੌਤ ਰਿਕਾਰਡ ਕੀਤੀ ਗਈ ਹੈ। ਡਬਲਿਊ. ਐੱਚ. ਓ. ਨੇ ਰੂਸ ਦੀ ਖ਼ਬਰ ਏਜੰਸੀ ਟਾਸ ਨੂੰ ਕਿਹਾ, 'ਅਧਿਐਨ ਵਿੱਚ ਦੇਖਿਆ ਗਿਆ ਕਿ ਵਾਇਰਸ ਮਨੁੱਖਾਂ ਲਈ ਖ਼ਤਰਾ ਹੋ ਸਕਦਾ ਹੈ, ਪਰ ਇਸ ਬਾਰੇ ਹੋਰ ਅਧਿਐਨ ਕਰਨ ਦੀ ਲੋੜ ਹੈ।

# ਇਸ ਵਾਰ ਪੰਜਾਬ ਦੇ ਚੋਣ ਨਤੀਜੇ ਹੋ ਸਕਦੇ ਨੇ ਹੈਰਾਨੀਜਨਕ

## ✪ ਮਾਲਵਾ, ਦੋਆਬਾ ਤੇ ਮਾਝਾ ਵਿੱਚ ਪਲਟ ਸਕਦੀਆਂ ਨੇ 'ਬਾਜ਼ੀਆਂ' ✪ ਚੋਣਾਂ ਦੌਰਾਨ ਫਿੱਕੀ ਪਈ ਭਾਜਪਾ ਤੇ ਕੈਪਟਨ ਦੀ ਚਮਕ

## ਕਾਂਗਰਸ ਵਿੱਚ ਭਾਈ-ਭਤੀਜਾਵਾਦ ਭਾਰੂ ✪ ਸੰਯੁਕਤ ਕਿਸਾਨ ਮੋਰਚਾ, ਬਾਦਲ ਦਲ ਤੇ ਆਪ ਪਾਰਟੀ ਦਾ ਕਰੇਗਾ ਨੁਕਸਾਨ



**ਬਘੇਲ ਸਿੰਘ ਪੱਤਰਕਾਰ**

**99142-58142**

ਪੰਜਾਬ ਵਿਧਾਨ ਸਭਾ ਚੋਣਾਂ ਲਈ ਪੋਲਿੰਗ ਆਉਂਦੀ 20 ਫ਼ਰਵਰੀ ਨੂੰ ਹੋਣੀ ਹੈ। ਇਸ ਵਾਰ ਦੇ ਚੋਣ ਨਤੀਜੇ ਕਾਫ਼ੀ ਦਿਲਚਸਪ ਹੋਣਗੇ। ਸੱਤਾਧਾਰੀ ਕਾਂਗਰਸ ਪਾਰਟੀ ਦਾ ਜ਼ਿਆਦਾਤਰ ਆਧਾਰ ਮਾਲਵਾ ਖ਼ਿੱਤੇ ਵਿੱਚ ਹੈ। ਵੇਖਣਾ ਇਹ ਹੋਵੇਗਾ ਕਿ ਕੀ ਐਤਕੀਂ ਸਾਲ 2017 ਦੀਆਂ ਚੋਣਾਂ ਵਾਂਗ ਕਾਂਗਰਸ ਵਧੀਆ ਪ੍ਰਦਰਸ਼ਨ ਕਰ ਸਕੇਗੀ ਜਾਂ ਨਹੀਂ ? ਕੀ ਸ਼੍ਰੋਮਣੀ ਅਕਾਲੀ ਦਲ ਪਿਛਲੀ ਵਾਰ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਵਿੱਚ ਕੁਝ ਸੁਧਾਰ ਕਰ ਸਕੇਗਾ ਕਿ ਨਹੀਂ ? ਦਰਅਸਲ, ਪਿਛਲੀ ਵਾਰ 10 ਸਾਲਾਂ ਦਾ ਰਾਜ-ਭਾਗ ਭੋਗਣ ਤੋਂ ਬਾਅਦ ਬਾਦਲ ਦਲ ਨੂੰ ਸੱਤਾ-ਵਿਰੋਧੀ ਲਹਿਰ ਦਾ ਵੀ ਸਾਹਮਣਾ ਕਰਨਾ ਪਿਆ ਸੀ ਤੇ ਦੂਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰਨ ਕਾਰਨ ਉਸ ਦੀਆਂ ਸੀਟਾਂ ਦੀ ਗਿਣਤੀ ਵੱਡੇ ਪੱਧਰ 'ਤੇ ਘਟ ਗਈ ਸੀ।

ਐਤਕੀਂ ਅਕਾਲੀ ਦਲ ਨੇ ਬਸਪਾ ਪਾਰਟੀ ਨਾਲ਼ ਗੱਠਜੋੜ ਕੀਤਾ ਹੈ ਜਿਸ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 1.5 ਫ਼ੀਸਦੀ ਵੋਟਾਂ ਹਾਸਲ ਹੋਈਆਂ ਸਨ। ਹਾਲੇ ਤੱਕ ਕੋਵਿਡ ਪ੍ਰੋਟੋਕਾਲ ਦੀਆਂ ਸਖ਼ਤ ਸ਼ਰਤਾਂ ਲਾਗੂ ਹੋਣ ਕਾਰਨ ਚੋਣ ਰੈਲੀਆਂ ਨਹੀਂ ਹੋਈਆਂ ਜਿਸ ਕਾਰਨ ਹਾਲੇ ਅਜਿਹੇ ਕੋਈ ਅੰਦਾਜ਼ੇ ਨਹੀਂ ਲੱਗ ਰਹੇ ਕਿ ਇਸ ਵਾਰ ਕਿਹੜੀ ਪਾਰਟੀ ਦਾ ਹੱਥ ਉੱਤੇ ਹੈ। ਚੋਣ ਵਿਸ਼ਲੇਸ਼ਕ ਆਮ ਤੌਰ 'ਤੇ ਚੋਣ ਜਲਸਿਆਂ ਦੀਆਂ ਭੀੜਾਂ ਤੋਂ ਹੀ ਆਮ ਜਨਤਾ ਦੇ ਰੁਝਾਨ ਦਾ ਅਨੁਮਾਨ ਲਾ ਲਿਆ ਕਰਦੇ ਹਨ।

ਹਾਲਾਂਕਿ ਉਮੀਦਵਾਰਾਂ ਵੱਲੋਂ ਇੱਕ ਦੂਸਰੇ 'ਤੇ ਦੂਸ਼ਣਬਾਜ਼ੀ ਕਰਦੇ ਹੋਏ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਪਿਛੋਕੜ ਵਿੱਚ ਹੋਈਆਂ ਗ਼ਲਤੀਆਂ ਨੂੰ ਆਧਾਰ ਬਣਾ ਕੇ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ, ਪ੍ਰੰਤੂ ਵੋਟਰ ਇਨਾਂ ਮੁੱਦਿਆਂ ਨੂੰ ਇੱਕ ਪਾਸੇ ਛੱਡ ਰਵਾਇਤੀ ਪਾਰਟੀਆਂ ਵੱਲੋਂ ਪੰਜਾਬ ਦੀ ਬਿਹਤਰੀ ਲਈ ਤੇ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਲਈ ਕੀਤੇ ਯਤਨਾਂ ਬਾਰੇ ਸਵਾਲ ਜਵਾਬ ਕਰ ਰਹੇ ਹਨ, ਜਿੰਨਾਂ ਦਾ ਜਵਾਬ ਦੇਣ ਦੀ ਬਜਾਏ ਉਮੀਦਵਾਰ ਇਹ ਕਹਿ ਕੇ ਆਪਣਾ ਪੱਲਾ ਝਾੜ ਰਹੇ ਹਨ ਕਿ ਇਹ ਵਿਰੋਧੀਆਂ ਦੀ ਸਾਜ਼ਿਸ਼ ਹੈ। ਇਨਾਂ ਚੋਣਾਂ ਵਿੱਚ ਬੇਅਦਬੀ ਦਾ ਮੁੱਦਾ ਵੀ ਫਿਰ ਤੋਂ ਪੂਰੀ ਤਰਾਂ ਗਰਮਾ ਗਿਆ ਹੈ ਜੋ ਬਾਦਲ ਦਲ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਦੇ ਨਾਲ਼ ਹੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਨਕਲੀ ਸ਼ਰਾਬ ਪੀਣ ਕਾਰਨ ਹੋਈਆਂ ਮੌਤਾਂ ਤੇ ਪਿਛਲੀਆਂ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਾ ਕੀਤੇ ਜਾਣ ਦਾ ਮਾਮਲਾ ਵੀ ਭਖਿਆ ਹੋਇਆ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੀ ਲੋਕਾਂ ਦੀ ਕਚਹਿਰੀ ਵਿੱਚ ਵੋਟਰਾਂ ਦੇ ਤਿੱਖੇ ਸਵਾਲਾਂ ਦੇ ਜਵਾਬ ਦੇਣੇ ਪੈ ਰਹੇ ਹਨ । ਜਿਸ 'ਚ ਸਭ ਤੋਂ ਵੱਡੇ ਸਵਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਰਿਹਾਈ ਦਾ ਵਿਰੋਧ ਕਰਨਾ ਅਤੇ ਲੋਕਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਨਾਲ਼ ਚੁਣੇ ਗਏ 'ਆਪ' ਦੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦਾ ਪਾਰਟੀ ਛੱਡਣਾ ਪ੍ਰਮੁੱਖ ਹਨ, ਕਿਉਂਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਾਸੀਆਂ ਵਲੋਂ 13 ਸੀਟਾਂ 'ਚੋਂ 4 ਸੀਟਾਂ ਆਪ ਪਾਰਟੀ ਦੀ ਝੋਲੀ ਵਿੱਚ ਪਾਈਆਂ ਗਈਆਂ ਸਨ, ਜਦੋਂ ਕਿ ਦੇਸ਼ ਦੇ ਕਿਸੇ ਹੋਰ ਸੂਬੇ ਵਿੱਚ ਆਪ ਪਾਰਟੀ ਆਪਣਾ ਖ਼ਾਤਾ ਵੀ ਨਹੀਂ ਖੋਲ ਸਕੀ। ਆਮ ਆਦਮੀ ਪਾਰਟੀ ਨੂੰ ਭਗੌੜਿਆਂ ਦੀ ਪਾਰਟੀ ਦੱਸ ਕੇ ਵਿਰੋਧ ਜਿਤਾਉਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਸੂਬੇ ਦੇ ਲੋਕਾਂ ਨੇ ਆਪ ਪਾਰਟੀ ਦੇ 4 ਉਮੀਦਵਾਰਾਂ ਨੂੰ ਸੰਸਦ ਮੈਂਬਰ ਵਜੋਂ ਚੁਣਿਆ ਸੀ, ਜਿਨਾਂ ਵਿੱਚੋਂ ਤਿੰਨ ਸੰਸਦ ਮੈਂਬਰ ਪਾਰਟੀ ਨੂੰ ਅਲਵਿਦਾ ਆਖ ਗਏ ਤੇ ਵੋਟਰਾਂ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਪਾਰਟੀ ਨੂੰ ਫਿਰ ਤੋਂ ਮੌਕਾ ਦਿੱਤਾ ਗਿਆ, ਪਰ ਕੁਝ ਵਿਧਾਇਕ ਆਪਣੇ ਹਲਕੇ ਦੇ ਵੋਟਰਾਂ ਦੀਆਂ ਭਾਵਨਾਵਾਂ ਨੂੰ ਪਿਛਾਂਹ ਸੁੱਟ ਕੇ ਪਾਰਟੀ ਨੂੰ ਅਲਵਿਦਾ ਆਖ ਗਏ। ਦੂਜੇ ਪਾਸੇ ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਆਪਣੇ ਹੀ ਲੀਡਰ ਪਾਰਟੀ ਦੀ ਬੇੜੀ ਨੂੰ ਡੋਬਣ 'ਚ ਲੱਗੇ ਹੋਏ ਹਨ, ਜਿਸ ਦਾ ਖ਼ਮਿਆਜ਼ਾ ਕਾਂਗਰਸ ਪਾਰਟੀ ਨੂੰ ਇਨਾਂ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ । ਕੁੱਲ ਮਿਲਾ ਕੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਗੁੰਝਲਦਾਰ ਬਣੇ ਹੋਏ ਹਨ ਅਤੇ ਆਉਂਦੇ ਕੁਝ ਦਿਨਾਂ ਵਿੱਚ ਵੀ ਸਥਿਤੀ ਸਪੱਸ਼ਟ ਹੋਣ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ ।

ਪੰਜਾਬ ਵਿੱਚ ਇਸ ਵਾਰ ਮੁਕਾਬਲਾ ਪੰਜ ਫਰੰਟਾਂ ਵਿਚਕਾਰ ਹੈ। ਇਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਬਸਪਾ ਗੱਠਜੋੜ, ਅਕਾਲੀ ਦਲ (ਸੰਯੁਕਤ), ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਬੀਜੇਪੀ ਗੱਠਜੋੜ, ਆਮ ਆਦਮੀ ਪਾਰਟੀ, ਕਾਂਗਰਸ ਅਤੇ ਸੰਯੁਕਤ ਸਮਾਜ ਮੋਰਚਾ ਚੋਣ ਮੈਦਾਨ ਵਿੱਚ ਹੈ। ਅਕਾਲੀ ਦਲ ਮੌਜੂਦਾ ਚੋਣਾਂ ਵਿੱਚ 2017 ਦੀਆਂ ਚੋਣਾਂ ਤੋਂ ਵੱਧ ਪੱਛੜਿਆ ਹੋਇਆ ਲੱਗ ਰਿਹਾ ਹੈ ਪਰ ਉਸ ਦਾ ਪੱਕਾ ਚੋਣ ਆਧਾਰ ਬਰਕਰਾਰ ਹੈ। ਸੰਯੁਕਤ ਅਕਾਲੀ ਦਲ, ਕੈਪਟਨ ਅਤੇ ਬੀਜੇਪੀ, ਪੰਜਾਬ ਦੇ ਸਮੂਹਿਕ ਲੋਕ-ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਆਪ ਪਾਰਟੀ ਪਿਛਲੀ ਵਾਰ ਤੋਂ ਵਧੀਆ ਪ੍ਰਦਰਸ਼ਨ ਕਰਨ ਦੀ ਹਾਲਤ ਨਾਲ਼ ਜੂਝ ਰਹੀ ਹੈ। ਸੱਤਾ ਵਿੱਚ ਹੋਣ ਕਰਕੇ ਕਾਂਗਰਸ ਦਾ ਪੇਂਡੂ ਆਧਾਰ ਪਹਿਲਾਂ ਵਾਂਗ ਹੀ ਕਾਇਮ ਹੈ ਅਤੇ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ਼ ਦਲਿਤ ਸਮਾਜ ਵਿੱਚ ਕਾਂਗਰਸ ਨੇ ਆਪਣੀ ਥਾਂ ਬਣਾਈ ਹੈ। 32 ਫ਼ੀਸਦੀ ਦਲਿਤ ਆਬਾਦੀ ਵਿੱਚੋਂ ਗਿਣਨਯੋਗ ਹਿੱਸਾ ਪ੍ਰਭਾਵਿਤ ਹੋਣ ਦੀ ਆਸ ਕਾਂਗਰਸ ਵਾਸਤੇ ਬਣਦੀ ਦਿਸ ਰਹੀ ਹੈ। ਸੰਯੁਕਤ ਸਮਾਜ ਮੋਰਚਾ ਕੁੱਲ ਮਿਲਾ ਕੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਚੋਣ ਆਧਾਰ ਨੂੰ ਖ਼ੋਰਾ ਲਾਉਂਦਾ ਦਿਸ ਰਿਹਾ ਹੈ। ਸੰਯੁਕਤ ਸਮਾਜ ਮੋਰਚੇ ਨੂੰ ਛੱਡ ਕੇ ਬਾਕੀ ਪਾਰਟੀਆਂ ਅਤੇ ਗੱਠਜੋੜਾਂ ਬਾਰੇ ਲੋਕ ਜਾਣੂ ਹਨ ਪਰ ਸੰਯੁਕਤ ਸਮਾਜ ਮੋਰਚਾ ਪੰਜਾਬ ਹੁਣੇ ਜਿਹੇ ਹੋਂਦ ਵਿੱਚ ਆਇਆ ਹੈ।



ਸਤੰਬਰ 2020 ਤੋਂ ਦਸੰਬਰ 2021 ਤੱਕ ਲੜਿਆ ਕਿਸਾਨ ਸੰਘਰਸ਼ ਸਭ ਨੂੰ ਯਾਦ ਹੈ। ਇਹ ਕਿਸਾਨ ਸੰਘਰਸ਼ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਲੜਿਆ ਗਿਆ ਜਿਸ ਵਿੱਚ ਪੰਜਾਬ ਦੀਆਂ 30+2 ਕਿਸਾਨ ਜਥੇਬੰਦੀਆਂ ਸ਼ਾਮਿਲ ਸਨ। ਕਿਸਾਨ ਸੰਘਰਸ਼ ਦੀਆਂ ਮੁੱਖ ਮੰਗਾਂ ਮੰਨੇ ਜਾਣ ਤੋਂ ਬਾਅਦ ਸੰਘਰਸ਼ ਦਸੰਬਰ 2021 ਵਿੱਚ ਮੁਲਤਵੀ ਕਰ ਦਿੱਤਾ ਗਿਆ। ਇਨਾਂ 32 ਕਿਸਾਨ ਜਥੇਬੰਦੀਆਂ ਵਿੱਚੋਂ 22 ਕਿਸਾਨ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚਾ, ਪੰਜਾਬ ਦੀ ਸਥਾਪਨਾ ਕੀਤੀ ਅਤੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇਸ ਮੋਰਚੇ ਵਿੱਚ ਸ਼ਾਮਿਲ 22 ਜਥੇਬੰਦੀਆਂ ਵਿੱਚ ਖੱਬੇ-ਪੱਖੀ ਪਾਰਲੀਮਾਨੀ ਪਾਰਟੀਆਂ ਦੇ ਕਿਸਾਨ ਫਰੰਟ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਜ਼ਿਆਦਾਤਰ ਜਥੇਬੰਦੀਆਂ ਦੋਆਬਾ ਆਧਾਰਿਤ ਹਨ ਜਿਨਾਂ ਦਾ ਇਤਿਹਾਸ ਕੋਈ ਜ਼ਿਆਦਾ ਪੁਰਾਣਾ ਨਹੀਂ। 2016 ਵਿੱਚ ਗੰਨਾ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਵੱਡਾ ਸੰਘਰਸ਼ ਲੜਿਆ ਗਿਆ ਸੀ। ਇਸ ਵਿੱਚ ਗੰਨਾ ਫੈਕਟਰੀਆਂ ਅਧੀਨ ਪੈਂਦੀ ਗੰਨਾ ਕਾਸ਼ਤਕਾਰ ਕਿਸਾਨ ਬੈਲਟ ਨੇ ਸਾਂਝਾ ਸੰਘਰਸ਼ ਲੜਿਆ। ਇਸ ਸੰਘਰਸ਼ ਤੋਂ ਬਾਅਦ ਇਹ ਗੰਨਾ ਸੰਘਰਸ਼ ਕਮੇਟੀ ਵੱਖ ਵੱਖ ਫੈਕਟਰੀਆਂ ਅਧੀਨ ਪੈਂਦੇ ਇਲਾਕਿਆਂ ਵਿੱਚ ਵੰਡੀ ਗਈ। ਇਨਾਂ 22 ਜਥੇਬੰਦੀਆਂ ਵਿੱਚ ਵੱਡੀ ਗਿਣਤੀ ਗੰਨਾ ਉਤਪਾਦਕ ਕਿਸਾਨ ਜਥੇਬੰਦੀਆਂ ਦੀ ਹੈ। ਇਹ ਜਥੇਬੰਦੀਆਂ ਗੰਨਾ ਫੈਕਟਰੀ ਦੀਆਂ ਕਿਸਾਨ ਟਰੇਡ ਯੂਨੀਅਨ ਵਰਗੀਆਂ ਹਨ। ਪੰਜਾਬ ਵਿੱਚ ਕਰੀਬ 26 ਲੱਖ ਕਿਸਾਨ ਕਾਸ਼ਤਕਾਰ ਹਨ। ਇਨਾਂ ਵਿੱਚੋਂ 80 ਫ਼ੀਸਦੀ ਤੋਂ ਵੱਧ ਕਿਸਾਨ ਜੱਟ ਸਿੱਖ ਕਿਸਾਨ ਹਨ। ਪੰਜਾਬ ਦੀ ਕੁੱਲ ਵਸੋਂ ਵਿੱਚੋਂ 58 ਫ਼ੀਸਦੀ ਸਿੱਖ ਵਸੋਂ ਹੈ ਅਤੇ ਕੁੱਲ ਵਸੋਂ ਦਾ ਵਿੱਚ ?? ਫ਼ੀਸਦੀ ਜੱਟ ਸਿੱਖ ਵਸੋਂ ਹੈ। ਪੰਜਾਬ ਦੀ ਰਾਜਨੀਤਕ ਸੱਤਾ ਵਿੱਚ ਹਿੱਸੇਦਾਰੀ ਦਾ ਮੁਕਾਬਲਾ ਇਸ ਜਮਾਤ ਵਿਚਕਾਰ ਹੈ। ਮੌਜੂਦਾ ਚੋਣਾਂ ਵਿੱਚ ਵੋਟ ਵੰਡ ਅਤੇ ਸ਼ਕਤੀਆਂ ਦੇ ਸਮਤੋਲ ਮੁਤਾਬਿਕ ਇਸ ਮੋਰਚੇ ਦੀ ਭੂਮਿਕਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

**ਭਾਜਪਾ ਜੁਟੀ ਡੈਮੇਜ ਕੰਟਰੋਲ ਵਿੱਚ**

ਕਈ ਚੈਨਲਾਂ ਨੇ ਸਰਵੇ ਕੰਪਨੀਆਂ ਨਾਲ਼ ਮਿਲ ਕੇ ਸਰਵੇ ਕੀਤੇ ਹਨ ਜਿਸ ਵਿੱਚ ਕੋਈ ਆਮ ਆਦਮੀ ਪਾਰਟੀ ਨੂੰ, ਕੋਈ ਕਾਂਗਰਸ ਨੂੰ, ਕੋਈ ਸ਼੍ਰੋਮਣੀ ਅਕਾਲੀ ਦਲ ਨੂੰ ਉੱਪਰ ਉੱਠਦੇ ਹੋਏ ਦਿਖਾ ਰਿਹਾ ਹੈ। ਸਾਰੇ ਸਰਵੇ ਵਿੱਚ ਦੋ ਗੱਲਾਂ ਆਮ ਸਾਹਮਣੇ ਆ ਰਹੀਆਂ ਹਨ, ਇੱਕ ਤਾਂ ਕਿਸੇ ਨੂੰ ਸਪੱਸ਼ਟ ਬਹੁਮਤ ਮਿਲਦਾ ਨਜ਼ਰ ਨਹੀਂ ਆ ਰਿਹਾ ਹੈ ਜਦਕਿ ਦੂਸਰੀ ਇਹ ਕਿ ਹਰ ਸਰਵੇ ਵਿੱਚ ਭਾਜਪਾ ਨੂੰ ਬੇਹੱਦ ਘੱਟ ਸੀਟਾਂ ਹੀ ਮਿਲ ਰਹੀਆਂ ਹਨ ਜੋ ਕਿ ਬੜੀ ਹੈਰਾਨੀ ਵਾਲੀ ਗੱਲ ਹੈ।

ਪੰਜਾਬ ਸਬੰਧੀ ਟਾਈਮਜ਼ ਨਾਓ, ਏਬੀਪੀ ਨਿਊਜ਼ ਚੈਨਲ, ਜੀ-ਡਿਜ਼ਾਈਨ ਬਾਕਸਡ, ਰਿਪਬਲਿਕ-ਪੀ ਮਾਰਕ ਆਦਿ ਨੇ ਆਪਣੇ-ਆਪਣੇ ਪੱਧਰ 'ਤੇ ਸਰਵੇ ਕੀਤੇ ਹਨ। ਕਿਸੇ ਸਰਵੇ ਵਿੱਚ ਕਾਂਗਰਸ ਨੂੰ 37-43 ਸੀਟਾਂ, 'ਆਪ' ਨੂੰ 52-58 ਸੀਟਾਂ, ਸ਼੍ਰੋਮਣੀ ਅਕਾਲੀ ਦਲ (ਐੱਸ. ਏ. ਡੀ.) ਨੂੰ 17-23 ਸੀਟਾਂ ਅਤੇ ਭਾਜਪਾ ਨੂੰ 1 ਤੋਂ 3 ਸੀਟਾਂ ਮਿਲ ਰਹੀਆਂ ਹਨ। ਜਦਕਿ ਇੱਕ ਹੋਰ ਸਰਵੇ ਵਿੱਚ ਕਾਂਗਰਸ ਨੂੰ 35-38 ਸੀਟਾਂ, 'ਆਪ' ਨੂੰ 36-39 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੂੰ 32-35 ਸੀਟਾਂ ਅਤੇ ਭਾਜਪਾ ਨੂੰ 4 ਤੋਂ 7 ਸੀਟਾਂ ਦਿੱਤੀਆਂ ਜਾ ਰਹੀਆਂ ਹਨ। ਇੱਕ ਸਰਵੇ ਵਿੱਚ ਇਸ ਤਰਾਂ ਵੀ ਹੈ ਜਿਸ ਵਿੱਚ ਕਾਂਗਰਸ ਨੂੰ 40-45 ਸੀਟਾਂ, 'ਆਪ' ਨੂੰ 47-52 ਸੀਟਾਂ, ਅਕਾਲੀ ਦਲ ਨੂੰ 22-26 ਸੀਟਾਂ ਅਤੇ ਭਾਜਪਾ 1 ਤੋਂ 2 ਸੀਟਾਂ ਮਿਲਦੀਆਂ ਦਿਖ ਰਹੀਆਂ ਹਨ।

ਇਸ ਸਭ ਵਿੱਚ ਭਾਜਪਾ ਦੀ ਹਾਲਤ ਸਭ ਤੋਂ ਖ਼ਰਾਬ ਹੈ। ਪਾਰਟੀ ਪੰਜਾਬ ਵਿੱਚ 2007 ਤੋਂ 2017 ਤੱਕ ਸ਼੍ਰੋਮਣੀ ਅਕਾਲੀ ਦਲ ਨਾਲ਼ ਮਿਲ ਕੇ ਸੱਤਾ ਵਿੱਚ ਰਹੀ ਹੈ। 2017 ਵਿੱਚ ਪਾਰਟੀ ਸੱਤਾ ਤੋਂ ਇੱਕ ਵਾਰ ਬਾਹਰ ਹੋਈ ਤਾਂ ਉਸਦੇ ਬਾਅਦ ਦੁਬਾਰਾ ਉਸਨੂੰ ਸੱਤਾ ਨਸੀਬ ਤਾਂ ਦੂਰ, ਪਾਰਟੀ ਨੂੰ ਡਬਲ ਡਿਜਿਟ ਅੰਕੜਾ ਛੂਹਣਾ ਵੀ ਮੁਸ਼ਕਲ ਲੱਗ ਰਿਹਾ ਹੈ। ਪਾਰਟੀ ਨੇ ਪੰਜਾਬ ਲੋਕ ਕਾਂਗਰਸ ਅਤੇ ਅਕਾਲੀ ਦਲ ਸੰਯੁਕਤ ਨਾਲ਼ ਗਠਜੋੜ ਕੀਤਾ ਹੈ। ਪਾਰਟੀ ਇਸ ਤੋਂ ਪਹਿਲਾਂ ਪੰਜਾਬ ਵਿੱਚ ਅਕਾਲੀ ਦਲ ਨਾਲ਼ 23 ਸੀਟਾਂ 'ਤੇ ਚੋਣ ਲੜਦੀ ਰਹੀ ਹੈ। ਪਾਰਟੀ ਦੇ 42 ਨਵੇਂ ਉਮੀਦਵਾਰ ਹਨ ਜੋ ਮੈਦਾਨ ਵਿੱਚ ਉਤਾਰੇ ਗਏ ਹਨ। ਇਨਾਂ ਸਰਵੇ ਰਿਪੋਰਟਾਂ ਨੂੰ ਦੇਖਦੇ ਹੋਏ ਭਾਜਪਾ ਮੁਸ਼ਕਲ ਵਿੱਚ ਹੈ ਅਤੇ ਪਾਰਟੀ ਡੈਮੇਜ ਕੰਟਰੋਲ ਵਿੱਚ ਜੁਟ ਗਈ ਹੈ।

ਦਿੱਲੀ ਬਾਰਡਰ 'ਤੇ ਲਗਭਗ ਇੱਕ ਸਾਲ ਚੱਲੇ ਕਿਸਾਨ ਅੰਦੋਲਨ ਦਾ ਪੰਜਾਬ ਭਾਜਪਾ 'ਤੇ ਵੱਡਾ ਅਸਰ ਪਿਆ ਹੈ। ਪੰਜਾਬ ਵਿੱਚ ਭਾਜਪਾ ਅਗਵਾਈ ਪਹਿਲਾਂ ਤਾਂ ਪੰਜਾਬ ਵਿੱਚ ਇੱਕ ਕਿਸਾਨ ਅੰਦੋਲਨ ਦੀ ਨਬਜ਼ ਨਹੀਂ ਪਛਾਣ ਸਕੀ। ਜਿਸ ਕਾਰਨ ਇਹ ਅੰਦੋਲਨ ਤੇਜ਼ ਹੋ ਗਿਆ ਅਤੇ ਕੇਂਦਰ ਦੀ ਦਹਿਲੀਜ਼ 'ਤੇ ਜਾ ਬੈਠਾ। ਉਸ ਤੋਂ ਬਾਅਦ ਵੀ ਪੰਜਾਬ ਵਿੱਚ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਲਗਾਤਾਰ ਕਰਨਾ ਪੈਂਦਾ ਰਿਹਾ। ਉੱਪਰੋਂ ਦੇਸ਼ ਭਰ ਵਿੱਚ ਮਹਿੰਗਾਈ ਤੋਂ ਲੈ ਕੇ ਕਈ ਹੋਰ ਮੁੱਦੇ ਭਾਜਪਾ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜਿਸ ਕਾਰਨ ਭਾਜਪਾ ਲੜਾਈ ਤੋਂ ਬਾਹਰ ਹੁੰਦੀ ਦਿਖ ਰਹੀ ਹੈ।

ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਦਾ ਇਸ ਬਾਰੇ ਕਹਿਣਾ ਹੈ ਕਿ ਪੰਜਾਬ ਵਿੱਚ ਭਾਜਪਾ ਨੇ ਅਜੇ ਕੁਝ ਦਿਨ ਪਹਿਲਾਂ ਹੀ ਟਿਕਟਾਂ ਦਾ ਐਲਾਨ ਕੀਤਾ ਹੈ। ਜਿਨਾਂ ਸਰਵੇ ਵਿੱਚ ਭਾਜਪਾ ਨੂੰ ਘੱਟ ਸੀਟਾਂ ਦਿੱਤੀਆਂ ਗਈਆਂ ਹਨ, ਇਨਾਂ ਵਿੱਚੋਂ ਜ਼ਿਆਦਾਤਰ ਟਿਕਟਾਂ ਦੇ ਐਲਾਨ ਤੋਂ ਪਹਿਲਾਂ ਹੋਏ ਹਨ। ਇਹ ਗੱਲ ਤਾਂ ਸਾਫ਼ ਹੈ ਕਿ ਜਦੋਂ ਟੀਮ ਹੀ ਨਹੀਂ ਪਤਾ ਸੀ, ਤਾਂ ਜਿੱਤ ਹਾਰ ਦਾ ਕਿਵੇਂ ਪਤਾ ਲੱਗਦਾ। ਹੁਣ ਅਗਲੇ ਜੋ ਸਰਵੇ ਦੇਖਣ ਨੂੰ ਮਿਲਣਗੇ ਇਸ ਵਿੱਚ ਯਕੀਨੀ ਤੌਰ 'ਤੇ ਭਾਜਪਾ ਨਾ ਸਿਰਫ਼ ਅੱਗੇ ਹੋਵੇਗੀ ਸਗੋਂ ਭਾਜਪਾ ਨੰਬਰ ਇੱਕ ਵੀ ਹੋਵੇਗੀ।

ਇਸ ਵਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਚਮਕ ਫਿੱਕੀ ਪੈ ਗਈ। ਰੇਤ ਘਪਲੇ ਵਿੱਚ ਕਥਿਤ ਸ਼ਮੂਲੀਅਤ ਲਈ ਜਦੋਂ ਉਹ ਆਪਣੇ ਉੱਤਰਾਧਿਕਾਰੀ ਚਰਨਜੀਤ ਸਿੰਘ ਚੰਨੀ ਨੂੰ ਸਖ਼ਤ ਹੱਥੀਂ ਲੈ ਰਹੇ ਸਨ ਤਾਂ ਇੱਕ ਰਿਪੋਰਟਰ ਨੇ ਉਨਾਂ ਤੋਂ ਪੁੱਛਿਆ ਕਿ ਜਦੋਂ ਉਹ ਖ਼ੁਦ ਮੁੱਖ ਮੰਤਰੀ ਸਨ ਤਾਂ ਉਨਾਂ ਇਸ ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਤਾਂ ਕੈਪਟਨ ਨੇ ਆਪਣੀ ਗ਼ਲਤੀ ਸਵੀਕਾਰ ਕੀਤੀ। ਉਨਾਂ ਚੰਨੀ ਖ਼ਿਲਾਫ਼ ਕਾਰਵਾਈ ਨਾ ਕਰਨ ਦਾ ਦੋਸ਼ ਖ਼ੁਦ 'ਤੇ ਲਿਆ ਪਰ ਉਹ ਇਸ ਦਾ ਕਾਰਨ ਸਮਝਾਉਣ ਵਿੱਚ ਅਸਫ਼ਲ ਰਹੇ। ਇਸ ਦੀ ਬਜਾਏ ਉਨਾਂ ਇਹ ਖ਼ੁਲਾਸਾ ਕੀਤਾ ਕਿ ਉਨਾਂ ਇਸ ਮਾਮਲੇ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਧਿਆਨ ਵਿੱਚ ਲਿਆਂਦਾ ਸੀ ਪਰ ਉਨਾਂ ਇਹ ਨਹੀਂ ਦੱਸਿਆ ਕਿ ਸੋਨੀਆਂ ਗਾਂਧੀ ਦੀ ਪ੍ਰਤੀਕਿਰਿਆ ਕੀ ਸੀ। ਉਹ ਇੰਨੇ 'ਤੇ ਹੀ ਰੁਕ ਗਏ। ਫਿਰ ਚੰਨੀ ਦੀ ਕਥਿਤ ਸ਼ਮੂਲੀਅਤ ਵਾਲੇ 'ਮੀ ਟੂ' ਮਾਮਲੇ ਵਿੱਚ ਕੈਪਟਨ ਨੇ ਖ਼ੁਲਾਸਾ ਕੀਤਾ ਕਿ ਇੱਕ ਨੌਕਰਸ਼ਾਹ ਜੋੜਾ ਰਾਤ ਨੂੰ ਉਨਾਂ ਕੋਲ਼ ਆਇਆ ਅਤੇ ਸ਼ਿਕਾਇਤ ਕੀਤੀ। ਇਸ ਸੰਬੰਧੀ ਜਦੋਂ ਉਨਾਂ ਚੰਨੀ ਨੂੰ ਤਲ਼ਬ ਕੀਤਾ ਤਾਂ ਉਨਾਂ ਮੁਆਫ਼ੀ ਮੰਗੀ। ਕੈਪਟਨ ਨੇ ਪੁਲਿਸ ਵਿੱਚ ਸ਼ਿਕਾਇਤ ਦਰਜ ਕਰਵਾਉਣ ਜਾਂ ਜਾਂਚ ਕਰਵਾਉਣ ਦੀ ਬਜਾਏ ਉਨਾਂ ਨੂੰ ਮੁਆਫ਼ ਕਰ ਦਿੱਤਾ। ਇੱਥੇ ਵੀ ਕੈਪਟਨ ਨੇ ਖ਼ੁਲਾਸਾ ਕੀਤਾ ਕਿ ਉਨਾਂ ਇਸ ਮਾਮਲੇ ਨੂੰ ਸੋਨੀਆਂ ਗਾਂਧੀ ਦੇ ਨੋਟਿਸ ਵਿੱਚ ਲਿਆਂਦਾ ਸੀ। ਇਹ ਇੱਕ ਗੰਭੀਰ ਮੁੱਦਾ ਸੀ ਪਰ ਇਸ ਨੇ ਕੈਪਟਨ ਨੂੰ ਇੱਕ ਸੱਚੇ ਨੇਤਾ ਦੇ ਰੂਪ ਵਿੱਚ ਨਹੀਂ ਦਿਖਾਇਆ ਜੋ ਇੱਕ ਤੋਂ ਬਾਅਦ ਇੱਕ ਮਾਮਲੇ ਨੂੰ ਦਬਾਉਂਦੇ ਗਏ।

ਫਿਰ ਆਇਆ ਸਿੱਧੂ ਦਾ ਮਾਮਲਾ ਅਤੇ ਉਨਾਂ ਖ਼ੁਲਾਸਾ ਕੀਤਾ ਕਿ ਉਨਾਂ ਨੂੰ ਮੰਤਰੀ ਬਣਾਉਣ ਦੀ ਸਿਫ਼ਾਰਿਸ਼ ਪਾਕਿਸਤਾਨ ਤੋਂ ਉਨਾਂ ਕੋਲ਼ ਆਈ ਸੀ। ਉਨਾਂ ਸਪੱਸ਼ਟ ਰੂਪ ਵਿੱਚ ਇੱਕ ਪਲ ਲਈ ਖ਼ਲਬਲੀ ਮਚਾ ਦਿੱਤੀ ਪਰ ਇਹ ਖ਼ੁਲਾਸਾ ਕਰਨ ਵਿੱਚ ਅਸਫ਼ਲ ਰਹੇ ਕਿ ਉਨਾਂ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਸੰਦੇਸ਼ ਕਿਸ ਨੇ ਦਿੱਤਾ। ਕਾਂਗਰਸ ਨੇ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਅਤੇ ਸਿੱਧੂ ਨੇ ਇਸ ਦਾਅਵੇ ਦਾ ਮਜ਼ਾਕ ਉਡਾਇਆ। ਕਈ ਲੋਕ ਹੈਰਾਨੀ ਪ੍ਰਗਟਾਉਂਦੇ ਹਨ ਕਿ ਜਦੋਂ ਖ਼ੁਦ ਕੈਪਟਨ ਦੇ ਇੱਕ ਪਾਕਿਸਤਾਨੀ ਪੱਤਰਕਾਰ ਨਾਲ਼ ਮਜ਼ਬੂਤ ਸਬੰਧ ਸਨ ਤਾਂ ਉਹ ਨੈਤਿਕ ਤੌਰ 'ਤੇ ਅਜਿਹਾ ਦਾਅਵਾ ਕਿਵੇਂ ਕਰ ਸਕਦੇ ਹਨ। ਇਸ ਨਾਲ਼ ਭਾਜਪਾ ਦੇ ਨੇਤਾ ਵੀ ਖ਼ੁਸ਼ ਨਹੀਂ ਹਨ।

**ਕਾਂਗਰਸੀ ਆਗੂਆਂ ਨੇ ਰਿਸ਼ਤੇਦਾਰਾਂ ਨੂੰ ਦਿਵਾਈਆਂ ਟਿਕਟਾਂ**

ਸੱਤਾਧਾਰੀ ਕਾਂਗਰਸ ਪਾਰਟੀ ਨੇ ਟਿਕਟਾਂ ਵੰਡਣ ਵੇਲੇ ਬੇਸ਼ੱਕ ਭਾਈ-ਭਤੀਜਾਵਾਦ ਨਾ ਚੱਲਣ ਦਾ ਦਾਅਵਾ ਕੀਤਾ ਸੀ ਪਰ ਮਾਲਵਾ ਖੇਤਰ ਵਿੱਚ ਮਾਨਸਾ ਜ਼ਿਲੇ ਸਮੇਤ ਕਈ ਸੀਟਾਂ ਉੱਤੇ ਕਾਂਗਰਸੀ ਆਗੂਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਹੀ ਇਸ ਵਾਰ ਟਿਕਟਾਂ ਦਿੱਤੀਆਂ ਗਈਆਂ ਹਨ। ਪ੍ਰਾਪਤ ਵੇਰਵਿਆਂ ਮੁਤਾਬਕ ਮਾਨਸਾ ਜ਼ਿਲੇ ਵਿੱਚ ਤਿੰਨ ਵਿੱਚੋਂ ਦੋ ਵਿਧਾਨ ਸਭਾ ਹਲਕਿਆਂ ਉੱਪਰ ਕਾਂਗਰਸੀ ਆਗੂ ਆਪਣੇ ਨਜ਼ਦੀਕੀਆਂ ਨੂੰ ਹੀ ਟਿਕਟਾਂ ਦਿਵਾਉਣ ਵਿੱਚ ਸਫ਼ਲ ਹੋ ਗਏ ਹਨ। ਜ਼ਿਲੇ ਦੀ ਸਰਦੂਲਗੜ ਸੀਟ ਤੋਂ ਇਸ ਵਾਰ ਅਜੀਤ ਇੰਦਰ ਸਿੰਘ ਮੋਫ਼ਰ ਦੀ ਥਾਂ ਉਨਾਂ ਦੇ ਪੁੱਤਰ ਬਿਕਰਮ ਸਿੰਘ ਮੋਫ਼ਰ ਚੋਣ ਲੜਨ ਜਾ ਰਹੇ ਹਨ, ਜੋ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੇ ਜੀਜਾ ਹਨ।

**ਬਾਕੀ ਸਫ਼ਾ 25 'ਤੇ**

ਅੰਮ੍ਰਿਤਸਰ ਟਾਈਮਜ਼
AMRITSAR TIMES

02 ਫਰਵਰੀ 2022 ਤੋਂ 08 ਫਰਵਰੀ 2022

# ਦਿੱਲੀ ਦੀ ਘਟਨਾ: ਸਿਆਸੀ ਹਲਚਲ ਅਤੇ ਜ਼ਿੰਮੇਵਾਰੀ

ਲੰਘੇ ਦਿਨੀਂ ਦਿੱਲੀ ਦੇ ਕਸਤੂਰਬਾ ਨਗਰ 'ਚ ਇੱਕ ਬੇਹੱਦ ਸ਼ਰਮਨਾਕ ਅਤੇ ਅਤਿ ਦਰਜੇ ਦੀ ਗਿਰੀ ਹੋਈ ਹਰਕਤ ਵਾਲੀ ਘਟਨਾ ਵਾਪਰੀ ਹੈ। ਇੱਕ ੨੦ ਸਾਲਾ ਔਰਤ (ਸਿੱਖ ਪਰਿਵਾਰ ਨਾਲ਼ ਸਬੰਧਿਤ ਦੱਸਿਆ ਜਾ ਰਿਹਾ ਹੈ) ਨਾਲ਼ ਉੱਥੋਂ ਦੇ ਲੋਕਾਂ ਨੇ ਜਿਹਨਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ, ਕੁਝ ਪੁਰਸ਼ ਅਤੇ ਨਬਾਲਗ਼ ਵੀ ਮੌਜੂਦ ਸਨ, ਵੱਲੋਂ ਬਹੁਤ ਹੀ ਅਣਮਨੁੱਖੀ ਤਸ਼ੱਦਦ ਕਰਨ ਦੀਆਂ ਬੋਲਦੀਆਂ ਮੂਰਤਾਂ(ਵੀਡੀਓ) ਸਾਹਮਣੇ ਆਈਆਂ ਹਨ। ਵੱਖ-ਵੱਖ ਸਰੋਤਾਂ ਰਾਹੀਂ ਜੋ ਜਾਣਕਾਰੀ ਸਾਹਮਣੇ ਆਈ ਹੈ ਉਸ ਅਨੁਸਾਰ ਕੁਝ ਸਮਾਂ ਪਹਿਲਾਂ ਜਦੋਂ ਪੀੜਤ ਔਰਤ ਦਾ ਵਿਆਹ ਨਹੀਂ ਸੀ ਹੋਇਆ, ਇਸ ਦੇ ਗੁਆਂਢ ਵਿੱਚ ਰਹਿੰਦੇ ਇੱਕ ਮੁੰਡੇ ਵੱਲੋਂ ਇਸ ਨੂੰ ਆਪਣੇ ਨਾਲ਼ ਵਿਆਹ ਕਰਵਾਉਣ ਲਈ ਕਿਹਾ ਗਿਆ ਪਰ ਕੁੜੀ ਨੇ ਮਨਾ ਕਰ ਦਿੱਤਾ। ਫਿਰ ਕੁਝ ਸਮੇਂ ਬਾਅਦ ਮੁੰਡਾ ਖ਼ੁਦਕੁਸ਼ੀ ਕਰ ਗਿਆ। ਪੀੜਤ ਔਰਤ ਦਾ ਵੀ ਕਿਸੇ ਹੋਰ ਜਗਾ ਵਿਆਹ ਹੋ ਗਿਆ ਸੀ। ਪਰ ਮੁੰਡੇ ਦੀ ਮੌਤ ਤੋਂ ਬਾਅਦ ਉਸ ਦੇ ਘਰਦਿਆਂ ਨੇ ਪੀੜਤ ਔਰਤ ਦੇ ਪਰਿਵਾਰ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਡਰ ਕਾਰਨ ਪੀੜਤ ਔਰਤ ਆਪਣੇ ਪਤੀ ਨਾਲ਼ 'ਕੜਕੜ ਡੂਮਾਂ' ਇਲਾਕੇ ਵਿੱਚ ਕਿਰਾਏ 'ਤੇ ਰਹਿਣ ਲੱਗ ਪਈ। ਪੀੜਤ ਔਰਤ ਦੇ ਪਤੀ ਦੇ ਬਿਆਨ ਨਾਲ਼ ਦਿੱਤੀ ਇੱਕ ਖ਼ਬਰ 'ਚ ਦਰਜ ਹੈ ਕਿ ਪੁਲਿਸ ਦੀ ਸ਼ਹਿ 'ਤੇ ਇਸ ਪਰਿਵਾਰ ਨੂੰ ਪਿਛਲੇ ਇੱਕ ਸਾਲ ਤੋਂ ਪਰੇਸ਼ਾਨ ਕੀਤਾ ਜਾ ਰਿਹਾ ਸੀ। ਜ਼ਿਕਰਯੋਗ ਹੈ ਕਿ ਮੁੰਡੇ ਦਾ ਪਰਿਵਾਰ ਨਜ਼ਾਇਜ਼ ਸ਼ਰਾਬ ਅਤੇ ਹੋਰ ਗ਼ੈਰਕਨੂੰਨੀ ਧੰਦਾ ਕਰਦਾ ਹੈ। ਪੀੜਤ ਔਰਤ ਦੇ ਪਰਿਵਾਰ ਵਿੱਚ ਉਸ ਦੀ ਮਾਂ ਦੀ ਮੌਤ ਤੋਂ ਬਾਅਦ ਇੱਕ ਛੋਟੀ ਭੈਣ (ਉਮਰ ੧੬) ਅਤੇ ਉਸ ਦਾ ਬੀਮਾਰ ਪਿਓ ਹੀ ਹੈ। ਮੁੰਡੇ ਦੇ ਪਰਿਵਾਰ ਨੂੰ ਜਦੋਂ ਪੀੜਤ ਔਰਤ ਦੀ ਰਿਹਾਇਸ਼ ਦਾ ਪਤਾ ਲੱਗਾ ਤਾਂ ਇਹਨਾਂ ਨੇ ਉਸ ਨੂੰ ਅਗਵਾਹ ਕਰ ਲਿਆ। ਔਰਤ ਨਾਲ਼ ਕੁੱਟ-ਮਾਰ ਅਤੇ ਅਤਿ ਦਰਜੇ ਦੀਆਂ ਨੀਚ ਹਰਕਤਾਂ ਕੀਤੀਆਂ ਗਈਆਂ। ਉਸ ਦੇ ਕੇਸ ਕੱਟ ਦਿੱਤੇ ਗਏ ਅਤੇ ਉਸ ਨਾਲ਼ ਸਮੂਹਿਕ ਬਲਾਤਕਾਰ ਕਰਨ ਦੀਆਂ ਵੀ ਖਬਰਾਂ ਹਨ। ਉਸ ਦੇ ਮੂੰਹ 'ਤੇ ਕਾਲਖ਼ ਮਲ ਕੇ ਅਤੇ ਉਸ ਦੇ ਗਲ ਵਿੱਚ ਜੁੱਤੀਆਂ ਪਾ ਕੇ ਘੁਮਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਹ ਸਭ ਕਰਨ ਵਾਲੀਆਂ ਔਰਤਾਂ ਵੱਲੋਂ ਸੀਟੀਆਂ ਵਜਾਈਆਂ ਜਾ ਰਹੀਆਂ ਸਨ ਅਤੇ ਪੈਸੇ ਵਾਰੇ ਜਾ ਰਹੇ ਸਨ। ਆਪਣੇ ਮੁੰਡੇ ਦੀ ਮੌਤ ਦਾ ਬਦਲਾ ਲੈਣ ਲਈ ਉਸ ਦੇ ਪਰਿਵਾਰ ਵਾਲਿਆਂ ਨੇ ਇਹ ਕੁਝ ਕੀਤਾ। ਦਿੱਲੀ ਪੁਲਿਸ ਨੇ ਇਸ ਮਾਮਲੇ ਵਿੱਚ ਹੁਣ ਤੱਕ ੧੨ ਗ੍ਰਿਫ਼ਤਾਰੀਆਂ ਕਰ ਲਈਆਂ ਹਨ ਜਿਸ ਵਿੱਚ ੮ ਔਰਤਾਂ, ੩ ਨਬਾਲਗ਼ ਅਤੇ ਇੱਕ ਪੁਰਸ਼ ਸ਼ਾਮਿਲ ਹੈ। ਪੀੜਤ ਔਰਤ ਨਾਰੀ ਨਿਕੇਤਨ ਵਿੱਚ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਕਿਹਾ ਗਿਆ ਹੈ ਕਿ ਇਹਨਾਂ ਲੋਕਾਂ ਨੂੰ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ। ਇਹ ਘਟਨਾ ਅਠਾਰਵੀਂ ਸਦੀ ਦੇ ਮੁਗਲਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾਉਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਘਟਨਾ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਚਾਹੀਦੀ ਹੈ। ਸ਼੍ਰੋ.ਗੁ.ਪ੍ਰ.ਕ. ਵੱਲੋਂ ਦਿੱਲੀ ਸਿੱਖ ਮਿਸ਼ਨ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਲਗਾਈ ਹੈ ਜੋ ਵੀ ਰਿਪੋਰਟ ਆਵੇਗੀ ਉਸ ਮੁਤਾਬਿਕ ਅਸੀਂ ਕਾਰਵਾਈ ਕਰਾਂਗੇ। ਜੇ ਸਜ਼ਾਵਾਂ ਨਾ ਮਿਲੀਆਂ ਤਾਂ ਇਹਨਾਂ ਦੇ ਹੌਂਸਲੇ ਵਧਣਗੇ ਜੋ ਸਮਾਜ ਲਈ ਬਹੁਤ ਘਾਤਕ ਹਨ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਧਰਮ ਦੀ ਰੰਗਤ ਨਾ ਦਿੱਤੀ ਜਾਵੇ, ਇਹ ਦੋਵੇਂ ਧਿਰਾਂ ਸ਼ਰੀਕੇ ਵਿੱਚੋਂ ਹੀ ਹਨ। ਅਸੀਂ ਇਸ ਮਾਮਲੇ ਲਗਾਤਾਰ ਪੁਲਿਸ ਪ੍ਰਸ਼ਾਸ਼ਨ ਨਾਲ਼ ਸੰਪਰਕ 'ਚ ਹਾਂ।

ਜੋ ਕੁਝ ਪੀੜਤ ਔਰਤ ਨਾਲ਼ ਕੀਤਾ ਗਿਆ ਸ਼ਾਇਦ ਕੋਈ ਕਿਸੇ ਜਾਨਵਰ ਨਾਲ਼ ਵੀ ਨਾ ਕਰ ਸਕੇ। ਪਰ ਸ਼ਾਇਦ ਇਹ ਦਿੱਲੀ ਹੈ, ਇੱਥੇ ਇਹ ਪਹਿਲੀ ਦਫ਼ਾ ਨਹੀਂ ਹੋਇਆ। ਰਾਹੁਲ ਗਾਂਧੀ ਦਾ ਬਿਆਨ ਹੈ ਕਿ ਇਸ ਘਟਨਾ ਨੇ ਸਾਡੇ ਸਮਾਜ ਦਾ ਭੱਦਾ ਚਿਹਰਾ ਬੇਨਕਾਬ ਕੀਤਾ ਹੈ। ਇਹ ਇੱਕ ਕੌੜਾ ਸੱਚ ਹੈ ਕਿ ਬਹੁਤ ਸਾਰੇ ਭਾਰਤੀ ਔਰਤਾਂ ਨੂੰ ਇਨਸਾਨ ਨਹੀਂ ਸਮਝਦੇ। ਪਰ ਰਾਹੁਲ ਗਾਂਧੀ ਜੀ, ਇਹ ਤਾਂ ਦਿੱਲੀ ਹੈ, ਇੱਥੇ ਇਹ ਸਭ ਪਹਿਲੀ ਦਫ਼ਾ ਨਹੀਂ ਹੋਇਆ ਕਿ ਔਰਤਾਂ ਨੂੰ ਜਾਂ ਖ਼ਾਸ ਵਰਗ ਦੇ ਲੋਕਾਂ ਨੂੰ ਇਨਸਾਨ ਨਾ ਸਮਝਿਆ ਗਿਆ ਹੋਵੇ। ਨਵੰਬਰ ੧੯੮੪ ਤਾਂ ਇਸ ਤਰਾਂ ਦੀਆਂ ਕਰਤੂਤਾਂ ਦਾ ਸਿਖ਼ਰ ਸੀ।

ਪੰਜਾਬ ਨੂੰ ਅਸ਼ਾਂਤ ਦੱਸ ਕੇ ਇੱਥੇ ਸ਼ਾਂਤੀ ਲਈ ਤਿਰੰਗਾ ਰੈਲੀ ਕਰਨ ਵਾਲੇ ਅਰਵਿੰਦ ਕੇਜਰੀਵਾਲ ਜੀ ਨੂੰ ਇਸ ਤਰਾਂ ਦੀ ਖ਼ਤਰਨਾਕ ਅਣਮਨੁੱਖੀ ਘਟਨਾ ਵਾਪਰਨ ਬਾਅਦ ਵੀ ਦਿੱਲੀ ਅਸ਼ਾਂਤ ਨਹੀਂ ਲੱਗੀ। ਉਹ ਸ਼ਾਇਦ ਇਸ ਤੱਥ ਤੋਂ ਅਣਜਾਣ ਹਨ ਕਿ ਪੰਜਾਬ ਗੁਰਾਂ ਦੇ ਨਾਮ 'ਤੇ ਵੱਸਦਾ ਹੈ, ਇਹ ਦਰਵੇਸ਼ਾਂ ਅਤੇ ਪਾਤਸ਼ਾਹਾਂ ਦਾ ਦੇਸ਼ ਹੈ। ਦਿੱਲੀ ਤਖ਼ਤ ਸਾਮਰਾਜੀ ਹੈ, ਆਪਣੀ ਜਿੱਦ ਸਿਰਫ਼ ਤਾਕਤ ਨਾਲ਼ ਹੀ ਹਾਸਲ ਕਰਨ ਦਾ ਹਾਮੀ ਹੈ, ਸਾਰੀਆਂ ਵੱਖਰੀਆਂ ਪਹਿਚਾਣਾਂ ਨੂੰ ਖ਼ਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਹਰ ਸੰਭਵ ਸਾਧਨ ਦੀ ਵਰਤੋਂ ਕਰ ਰਿਹਾ ਹੈ, ਇਹ ਸਭ ਬਿਪਰ-ਸੰਸਕਾਰ ਵਿੱਚੋਂ ਹੀ ਉਪਜਿਆ ਹੈ। ਸਿੱਖ ਸੱਭਿਆਚਾਰ 'ਚ ਜੰਮਣ-ਪਲਣ ਵਾਲਾ ਸ਼ਖ਼ਸੀ ਤੌਰ ਉੱਤੇ ਭਾਵੇਂ ਕੋਈ ਬਹੁਤੇ ਉੱਚੇ ਕਿਰਦਾਰ ਵਾਲਾ ਨਾ ਵੀ ਹੋਵੇ ਪਰ ਸਮੂਹਿਕ ਅਮਲ 'ਚ ਸਿੱਖ ਉੱਚਾ ਕਿਰਦਾਰ ਹੀ ਰੱਖਦੇ ਹਨ ਅਤੇ ਬਿਪਰਵਾਦੀ ਸੱਭਿਆਚਾਰ 'ਚ ਜੰਮਣ-ਪਲਣ ਵਾਲਾ ਸ਼ਖ਼ਸੀ ਤੌਰ ਉੱਤੇ ਵਧੀਆ ਬੰਦਾ ਵੀ ਹੋਵੇ ਤਾਂ ਵੀ ਸਮੂਹਿਕ ਅਮਲ 'ਚ ਬਿਪਰ ਮਾਨਸਿਕਤਾ ਨੀਵੇਂ ਦਰਜੇ 'ਤੇ ਗਿਰ ਜਾਣ ਦਾ ਰੁਝਾਨ ਰੱਖਦੀ ਹੈ ਤਾਂ ਹੀ ਸਿੱਖਾਂ ਵੱਲੋਂ ਕਦੀ ਸਮੂਹਿਕ ਕਤਲੇਆਮ, ਸਮੂਹਿਕ ਬਲਾਤਕਾਰ ਜਾਂ ਸਮੂਹਿਕ ਲੁੱਟ ਨਹੀਂ ਕੀਤੀ ਗਈ। ਦੂਜੇ ਪਾਸੇ, ਸਮੂਹਿਕ ਵਰਤਾਰਿਆਂ ਵਿੱਚ ਇਹ ਦੇਖਣ ਨੂੰ ਮਿਲਿਆ ਹੈ ਕਿ ਆਮ ਤੌਰ 'ਤੇ ਚੰਗਾ ਵਤੀਰਾ ਰੱਖਣ ਵਾਲੀ ਬਿਪਰ ਮਾਨਸਿਕਤਾ ਵੀ ਸਮੂਹਿਕ ਕਤਲੇਆਮ 'ਚ ਸਰਗਰਮ ਹੋ ਜਾਂਦੀ ਹੈ, ਘਰ ਵਿੱਚ ਚੁੱਲੇ ਨੂੰ ਅੱਗ ਲਾਉਣ ਤੋਂ ਕਤਰਾਉਣ ਵਾਲੇ ਨੇ ਵੀ ਕਿਸੇ ਦੇ ਗਲ 'ਚ ਟਾਇਰ ਪਾ ਕੇ ਅੱਗ ਲਾਉਣ ਤੋਂ ਸੰਕੋਚ ਨਹੀਂ ਕੀਤਾ। ਇਸ ਤੋਂ ਸਾਫ਼ ਝਲਕਦਾ ਹੈ ਕਿ ਦਿੱਲੀ ਤਖ਼ਤ ਅਤੇ ਪੰਜਾਬ ਦੇ ਕਿਰਦਾਰ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ।

ਇਸ ਘਟਨਾ ਸਬੰਧੀ ਜਿੱਥੇ ਹਰ ਵਰਗ ਨਾਲ਼ ਸਬੰਧਿਤ ਇਨਸਾਨ ਨੂੰ ਆਪੋ ਆਪਣੀ ਸਮਰੱਥਾ ਅਨੁਸਾਰ ਪੀੜਤ ਔਰਤ ਨੂੰ ਇਨਸਾਫ਼ ਦਵਾਉਣ ਲਈ ਯਤਨ ਕਰਨੇ ਚਾਹੀਦੇ ਹਨ ਉੱਥੇ ਪੀੜਤ ਅਤੇ ਉਸ ਦੇ ਪਰਿਵਾਰ ਦਾ ਮਨੋਬਲ ਤਕੜਾ ਰੱਖਣ ਸਬੰਧੀ ਵੀ ਯਤਨ ਕਰਨੇ ਚਾਹੀਦੇ ਹਨ। ਇਹ ਘਟਨਾ ਕਿਸੇ ਹਨੇਰੇ ਵਿੱਚ ਨਹੀਂ ਵਾਪਰੀ, ਦਿਨ ਦੇ ਚਾਨਣ ਵਿੱਚ ਸ਼ਰੇਆਮ ਵਾਪਰੀ ਹੈ, ਇਸ ਘਟਨਾ ਨੂੰ ਵੇਖ ਰਹੇ ਪੱਥਰ ਬਣੇ ਲੋਕਾਂ ਤੋਂ ਸਮਾਜ ਦੀ ਮੌਜੂਦਾ ਹਾਲਤ ਬਾਰੇ ਕਿਆਸ ਲਾਉਣਾ ਕੋਈ ਔਖਾ ਕਾਰਜ ਨਹੀਂ ਹੈ, ਸੁਹਿਰਦ ਸੱਜਣਾ ਨੂੰ ਇਸ ਪਾਸੇ ਵੀ ਗ਼ੌਰ ਕਰਨੀ ਚਾਹੀਦੀ ਹੈ।

# ਪੰਜਾਬ ਆਰਥਿਕ ਤੇ ਸੱਭਿਆਚਾਰਕ ਤਬਾਹੀ ਵੱਲ



**ਗੁਰਮੀਤ ਸਿੰਘ ਪਲਾਹੀ**
9815802070

ਪੰਜਾਬ ਆਪਣੇ ਪਿੰਡੇ 'ਤੇ ਡੂੰਘੇ ਦਰਦ ਹੰਢਾ ਬੈਠਾ ਹੈ। ਪੰਜਾਬ ਦਾ ਪਿੰਡਾ ਤਾਰ-ਤਾਰ ਹੋਇਆ ਪਿਆ ਹੈ। ਪੰਜਾਬ '47 ਦੀ ਮਾਰ ਸਹਿ ਬੈਠਾ ਹੈ, ਪੰਜਾਬ '84 ਭੁਗਤ ਬੈਠਾ ਹੈ। ਪੰਜਾਬ ਗਰਮ-ਸਰਦ ਲਹਿਰਾਂ ਨਾਲ਼ ਝੁਲਸ ਚੁੱਕਾ ਹੈ। ਪੰਜਾਬ ਨਸ਼ੇ, ਬੇਰੁਜ਼ਗਾਰੀ, ਪ੍ਰਵਾਸ ਦੀ ਮਾਰ ਹੇਠ ਹੈ। ਪੰਜਾਬ ਬਦਰੰਗ ਹੋਇਆ ਦਿਸਦਾ ਹੈ। ਪੰਜਾਬ ਜਿਹੜਾ ਵਸਦਾ ਸੀ ਗੁਰਾਂ ਦੇ ਨਾਂ 'ਤੇ, ਕਦੇ ਪੰਜਾਂ ਦਰਿਆਵਾਂ ਦੀ ਧਰਤੀ ਸੀ, ਹੁਣ ਨਾ ਪੰਜਾਬ ਦੇ ਪੰਜ ਦਰਿਆ ਰਹੇ ਹਨ, ਨਾ ਪੰਜਾਬ ਦੇ ਛੈਲ-ਛਬੀਲੇ ਗੱਭਰੂ-ਮੁਟਿਆਰਾਂ, ਗਿੱਧੇ-ਭੰਗੜੇ ਅਤੇ ਘੁੱਗ ਵਸਦੇ ਪਿੰਡ! ਪਿੰਡ ਉੱਜੜਨ ਦੇ ਰਾਹ ਹੈ, ਕੁਝ ਨਸ਼ੇ ਨੇ ਖਾ ਲਿਆ, ਕੁਝ ਬੇਰੁਜ਼ਗਾਰੀ ਕਾਰਨ ਪ੍ਰਵਾਸ ਨੇ ਨਿਗਲ ਲਿਆ। ਰਹਿੰਦਾ ਖੂੰਹਦਾ ਸਵਾਰਥੀ ਸਿਆਸਤਦਾਨਾਂ ਨੇ ਆਪਣੀ ਬਗਲ ਵਿੱਚ ਕਰ ਲਿਆ ਹੈ।

ਅਜ਼ਾਦੀ ਦੇ 74 ਵਰੇ ਦੇਸ਼ ਦੇ ਨਾਲ਼-ਨਾਲ਼ ਪੰਜਾਬ ਨੇ ਵੀ ਗੁਜ਼ਾਰ ਲਏ ਹਨ। 72 ਵਰੇ ਹੋ ਗਏ ਪੰਜਾਬ ਨੇ ਕੀ ਖੱਟਿਆ? ਨਾ ਕੋਈ ਵੱਡਾ ਉਦਯੋਗ, ਨਾ ਕੋਈ ਵੱਡਾ ਬੁਨਿਆਦੀ ਢਾਂਚਾ, ਨਾ ਗੁਆਂਢੀ ਸੂਬਿਆਂ ਵਾਂਗ ਸਿਹਤ ਸਹੂਲਤਾਂ, ਨਾ ਸਿੱਖਿਆ ਦਾ ਯੋਗ ਪ੍ਰਬੰਧ। ਵਾਤਾਵਰਣ ਤਾਂ ਪੰਜਾਬ ਦਾ ਕੱਖੋਂ ਹੌਲਾ ਹੋਇਆ ਪਿਆ ਹੈ। ਦਰਿਆ ਪ੍ਰਦੂਸ਼ਤ, ਹਵਾ ਗੰਧਲੀ, ਨਾਲੇ-ਖਾਲੇ ਸਭ ਬਰਬਾਦ। ਪੰਜਾਬ ਦੀ ਕੁੱਖੋਂ ਜੰਮੇ ਹਰਿਆਣੇ ਵਿੱਚ ਉਦਯੋਗ ਭਰਿਆ ਪਿਆ ਹੈ। ਗੁਆਂਢੀ ਹਿਮਾਚਲ ਉਦਯੋਗ ਦੇ ਪੈਕੇਜ ਕੇਂਦਰ ਤੋਂ ਲੈ ਰਿਹਾ ਹੈ। ਪੰਜਾਬ ਕੇਂਦਰ ਤੋਂ ਮਤਰੇਈ ਮਾਂ ਵਾਲਾ ਸਲੂਕ ਹੰਢਾ ਰਿਹਾ ਹੈ। ਉਦਾਹਰਣ ਵੇਖੋ ਹਰਿਆਣਾ ਵਿੱਚ ਬਾਰਾਂ ਸਰਕਾਰੀ ਮੈਡੀਕਲ ਕਾਲਜ ਹਨ, ਹਿਮਾਚਲ ਪ੍ਰਦੇਸ਼ ਵਿੱਚ ਸੱਤ, ਪਰ ਪੰਜਾਬ ਵਿੱਚ ਸਿਰਫ਼ ਚਾਰ।

ਦੇਸ਼ ਦੇ ਪ੍ਰਧਾਨ ਮੰਤਰੀ 5 ਜਨਵਰੀ 2022 ਨੂੰ ਫਿਰੋਜ਼ਪੁਰ ਰੈਲੀ ਸਮੇਂ ਦੋ ਮੈਡੀਕਲ ਕਾਲਜ ਪੰਜਾਬ ਨੂੰ ਭੇਂਟ ਕਰਨ ਆਏ, ਪਰ ਰੈਲੀ ਫੇਲ ਹੋਣ 'ਤੇ ਪੰਜਾਬੀਆਂ ਨੂੰ ਮਿਹਣਾ ਮਾਰ ਗਏ, ਕਹਿੰਦੇ, 'ਉਨਾਂ ਨੂੰ ਪੰਜਾਬ ਤੋਂ, ਪੰਜਾਬੀਆਂ ਤੋਂ ਜਾਨ ਦਾ ਖ਼ਤਰਾ ਹੈ, ਮਸਾਂ ਜਾਨ ਬਚਾ ਕੇ ਪੰਜਾਬੋਂ ਆਇਆ ਹਾਂ।' ਕੇਹਾ ਦੁਪਰਿਆਰਾ ਸਲੂਕ ਹੈ ਪੰਜਾਬ ਨਾਲ਼। ਉਸ ਪੰਜਾਬ ਨਾਲ਼ ਜਿਹੜਾ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਦਾ ਹੈ। ਜਿਹੜਾ ਵਰਿਆਂ ਦੇ ਵਰੇ ਆਪਣੀ ਕੁੱਖੋਂ ਅਨਾਜ ਕੱਢ ਕੇ ਦੇਸ਼ ਦਾ ਢਿੱਡ ਪਾਲਦਾ ਰਿਹਾ ਹੈ। ਜਿਸਦੇ ਹਰੇ ਇਨਕਲਾਬ ਨੇ ਦੇਸ਼ ਬਚਾਇਆ। ਸਿੱਟਾ ਪੰਜਾਬ ਮਾਰੂਥਲ ਵੱਲ ਵਧ ਰਿਹਾ ਹੈ। ਇੱਕ ਨਵਾਂ ਸਰਵੇ ਪੰਜਾਬ ਦੇ ਉਜਾੜੇ ਦੀ ਦਾਸਤਾਨ ਬਿਆਨਦਾ ਹੈ। ਵਾਤਾਵਰਣ ਮਾਹਰਾਂ ਇੱਕ ਰਿਪੋਰਟ ਛਾਇਆ ਕੀਤੀ ਹੈ ਕਿ ਪੰਜਾਬ ਦੀ ਕੁੱਖ ਵਿੱਚ ਆਉਂਦੇ 9 ਜਾਂ 10 ਵਰਿਆਂ ਲਈ ਹੀ ਸਿੰਚਾਈ ਤੇ ਪੀਣ ਲਈ ਪਾਣੀ ਪੰਜਾਬ ਕੋਲ ਬਚਿਆ ਹੈ। ਇੱਕ ਹੋਰ ਸੰਕਟ ਪੰਜਾਬ ਦੇ ਸਾਹਮਣੇ ਹੈ। ਸਰਕਾਰ-ਏ-ਪੰਜਾਬ ਚੁੱਪ ਹੈ। ਸਰਕਾਰ-ਏ-ਹਿੰਦ ਸਾਜ਼ਿਸ਼ੀ ਚੁੱਪੀ ਧਾਰੀ ਬੈਠੀ ਹੈ। ਉਸ ਕੋਲ ਜਿਨਾਂ ਆਪਣਾ ਆਪ ਦੇਸ਼-ਅਰਪਨ ਕੀਤਾ, ਉਹ ਆਪਣੇ ਪੱਲੇ ਖ਼ੁਦਕੁਸ਼ੀਆਂ ਪਾ ਬੈਠ ਗਏ ਹਨ ਜਾਂ ਫਿਰ ਕਾਲ਼ੇ ਖੇਤੀ ਕਾਨੂੰਨ, ਜਿਨਾਂ ਨੂੰ ਸੈਂਕੜੇ ਜਾਨਾਂ ਵਾਰ ਕੇ, ਆਪਣੀਆਂ ਵੱਡੀਆਂ ਸਿਦਕੀ ਕੁਰਬਾਨੀਆਂ ਕਰਕੇ ਵਾਪਸ ਕਰਵਾਇਆ ਅਤੇ ਇਤਿਹਾਸ ਵਿੱਚ 'ਧੰਨ ਕੁਬੇਰਾਂ, ਜਿੱਦੀ ਹਾਕਮਾਂ' ਨੂੰ ਝੁਕਾ ਕੇ ਆਪਣਾ ਨਾਮ ਦਰਜ ਕਰਵਾਇਆ।

**ਮੰਦੜੇ ਹਾਲ ਪਿੰਡਾਂ ਦੇ**

ਆਓ ਵੇਖੀਏ ਪਿੰਡਾਂ ਵਿੱਚ ਰਹਿਣ ਵਾਲੇ ਇਨਾਂ ਛੋਟੇ ਕਿਸਾਨਾਂ, ਮਜ਼ਦੂਰਾਂ ਦੇ ਕੀ ਹਾਲ ਹਨ। ਪੰਜਾਬ ਦਾ ਪਿੰਡ ਦੇਸ਼ ਨੂੰ ਕੀ ਦਿੰਦਾ ਹੈ ਤੇ ਮੋੜਵੇਂ ਰੂਪ ਵਿੱਚ ਹਾਕਮ-ਜਮਾਤ ਉਹਦੇ ਪੱਲੇ ਕੀ ਪਾਉਂਦੀ ਹੈ? ਉਦਾਹਰਣ ਲਵੋ। ਫਗਵਾੜਾ ਤਹਿਸੀਲ ਦਾ ਇੱਕ ਪਿੰਡ ਹੈ ਬੰਬੇਲੀ। ਪਿੰਡ ਵੱਡਾ ਨਹੀਂ। ਦਰਮਿਆਨੇ ਤੋਂ ਵੀ ਛੋਟਾ ਹੈ। ਮਜ਼ਦੂਰੀ ਵੱਸ ਲੋਕ ਪਰਾਈਆਂ ਧਰਤੀਆਂ ਨੂੰ ਜਾ ਰਹੇ ਹਨ, ਜਿਨਾਂ ਦੀ ਦੂਜੀ ਪੀੜੀ ਤੋਂ ਬਾਅਦ ਕਿਸੇ ਨਹੀਂ ਮੁੜਨਾ। ਪਿੰਡ ਦੀ ਆਬਾਦੀ ਲਗਭਗ ਡੇਢ ਹਜ਼ਾਰ ਹੈ। (200 ਪਰਿਵਾਰ ਜਾਂ ਰਾਸ਼ਨ ਕਾਰਡ ਹਨ) ਵੋਟਰ ਹਜ਼ਾਰ ਦੇ ਕਰੀਬ। 200 ਏਕੜ ਵਾਹੀਯੋਗ ਰਕਬਾ ਹੈ। ਮੁੱਦੇ 'ਤੇ ਆਉਂਦੇ ਹਾਂ ਕਿ ਪਿੰਡ ਸਰਕਾਰ ਨੂੰ ਕੀ ਦਿੰਦਾ ਹੈ ਤੇ ਸਰਕਾਰ ਉਹਦੇ ਪੱਲੇ ਕੀ ਪਾਉਂਦੀ ਹੈ?

ਅੰਕੜੇ ਭਾਵੇਂ ਅੰਦਾਜ਼ਨ ਹਨ ਪਰ ਸੱਚਾਈ ਦੇ ਨੇੜੇ ਹਨ। ਇੱਕ ਏਕੜ ਜ਼ਮੀਨ 50000 ਰੁਪਏ ਦੀ ਹੁੰਦੀ ਹੈ। ਚਲੋ ਸਾਲ ਦੀਆਂ ਦੋ-ਤਿੰਨ ਫਸਲਾਂ ਦਾ ਇੱਕ ਲੱਖ ਹੀ ਮੰਨ ਲਵੋ, ਜਿਣਸ ਦਾ ਜਿਹੜਾ ਹਿੱਸਾ ਮੰਡੀ ਜਾਂਦਾ ਹੈ, ਇਸ ਉੱਪਰ ਮੰਡੀ ਬੋਰਡ ਦਾ ਟੈਕਸ 1 ਲੱਖ ਪਿੱਛੇ 5000 ਰੁਪਏ ਸਲਾਨਾ ਬਣਦਾ ਹੈ। ਪਿੰਡ ਦੀ ਕੁਲ ਵਾਹੀਯੋਗ 200 ਏਕੜ ਜ਼ਮੀਨ ਸਰਕਾਰ ਦੀ ਝੋਲੀ ਦਸ ਲੱਖ ਰੁਪਏ ਟੈਕਸ ਦਿੰਦੀ ਹੈ।

ਪਿੰਡ ਦੇ ਲਗਭਗ 15 ਕੁ ਸਰਕਾਰੀ ਮੁਲਾਜ਼ਮ ਹਨ। ਜੋ ਸਰਕਾਰ ਨੂੰ ਲਗਭਗ ਸਲਾਨਾ 2 ਲੱਖ ਟੈਕਸ ਦਿੰਦੇ ਹਨ। ਔਸਤਨ ਇੱਕ ਪਰਿਵਾਰ ਇੱਕ ਲੱਖ ਰੁਪਏ ਸਲਾਨਾ ਲੋੜੀਂਦੀਆਂ ਵਸਤੂਆਂ ਉੱਪਰ ਖ਼ਰਚ ਕਰਦਾ ਹੈ ਅਤੇ ਹੋਰ ਖਰਚਿਆਂ ਉੱਤੇ ਵੀ ਇੱਕ ਲੱਖ ਖ਼ਰਚਦਾ ਹੈ। ਅੰਦਾਜ਼ਨ 18 ਫ਼ੀਸਦੀ ਜੀ.ਐੱਸ.ਟੀ. ਭਾਵ 36000 ਰੁਪਏ ਪ੍ਰਤੀ ਪਰਿਵਾਰ ਜੀ.ਐੱਸ.ਟੀ. ਸਰਕਾਰ ਕੋਲ ਜਾਂਦਾ ਹੈ। ਕੁੱਲ 200 ਪਰਿਵਾਰ 72 ਲੱਖ ਰੁਪਏ ਸਲਾਨਾ ਸਰਕਾਰ ਨੂੰ ਟੈਕਸ ਦਿੰਦਾ ਹੈ। ਇਸ ਤਰਾਂ ਕੁੱਲ ਮਿਲਾ ਕੇ ਸਰਕਾਰ ਨੂੰ 10 ਲੱਖ + 2 ਲੱਖ + 72 ਲੱਖ = 84 ਲੱਖ ਰੁਪਏ ਸਲਾਨਾ ਦਿੰਦਾ ਹੈ। ਇਹੀ ਨਹੀਂ, ਪਿੰਡ ਨਿੱਜੀ ਅਤੇ ਸਾਂਝੇ ਖ਼ੁਸ਼ੀ ਸਮਾਗਮਾਂ ਉੱਤੇ ਇਮਾਰਤਾਂ-ਸਮਾਗਮਾਂ 'ਤੇ ਵੀ ਸਾਲ ਭਰ ਖ਼ਰਚੇ ਭਰਦਾ ਹੈ। ਮੰਨ ਲਵੋ ਇਵਜ਼ ਵਿੱਚ 16 ਲੱਖ ਰੁਪਏ ਅਦਾ ਕਰਦਾ ਹੈ ਤਾਂ ਕੁਲ ਮਿਲਾ ਕੇ ਇੱਕ ਸਾਲ ਵਿੱਚ 84 ਲੱਖ + 16 ਲੱਖ ਇੱਕ ਕਰੋੜ ਰੁਪਏ ਅਤੇ 5 ਸਾਲਾਂ ਵਿੱਚ 5 ਕਰੋੜ ਰੁਪਏ 200 ਪਰਿਵਾਰਾਂ ਵਾਲਾ ਪਿੰਡ ਸਰਕਾਰ ਦੀ ਝੋਲੀ ਪਾਉਂਦਾ ਹੈ। (ਧੰਨਵਾਦ ਸਰਵੇ ਵਿਜੈ ਬੰਬੇਲੀ)

**ਕੀ ਮਿਲਦਾ ਸਰਕਾਰ ਵੱਲੋਂ**

ਇਵਜ਼ ਵਿੱਚ ਪਿੰਡ ਗਲੀਆਂ-ਨਾਲੀਆਂ ਦੀ, ਛੱਪੜ ਦੀ ਪੁਟਾਈ, ਧਰਮਸ਼ਾਲਾ ਨੂੰ ਰੰਗ, ਸਿਵਿਆਂ ਦੀ ਕੰਧ ਦੀ ਗ੍ਰਾਂਟ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕਰਦਾ। ਇਸ ਪਿੰਡ ਵਿੱਚ ਪਿਛਲੇ 20 ਸਾਲਾਂ ਤੋਂ ਸਕੂਲ ਟੀਚਰਾਂ ਦੀ ਕਮੀ ਹੈ। 15 ਸਾਲਾਂ ਤੋਂ ਡੰਗਰਾਂ ਦੇ ਹਸਪਤਾਲ ਵਿੱਚ ਕੋਈ ਡੰਗਰ ਡਾਕਟਰ ਨਹੀਂ, ਕੋਈ ਕੰਪੋਡਰ ਨਹੀਂ। ਸਰਕਾਰੀ ਹਸਪਤਾਲ ਵਿੱਚ ਦਸ ਸਾਲਾਂ ਤੋਂ ਕੋਈ ਡਾਕਟਰ ਨਹੀਂ, ਪੰਜ ਸਾਲਾਂ ਤੋਂ ਡਿਸਪੈਂਸਰੀ ਨਹੀਂ ਹੈ।

ਆਪਣੇ ਭਰੇ ਜਾਂਦੇ ਟੈਕਸਾਂ-ਬਿੱਲਾਂ ਵਿਰੁੱਧ, ਦੋ-ਦੋ ਸੇਰ ਕਣਕ ਜਾਂ ਮੁੱਠ-ਮੁੱਠ ਦਾਲ ਜਾਂ ਮੁਫ਼ਤ ਖ਼ੋਰੀ ਜਾਂ ਰਿਆਇਤਾਂ, ਸਿਆਸਤਦਾਨ ਜਾਂ ਹਾਕਮ ਪਿੰਡ ਦੇ ਗ਼ਰੀਬ-ਗ਼ੁਰਬੇ ਦੇ ਪੱਲੇ ਉਨਾਂ ਨੂੰ ਅਹਿਸਾਨਮੰਦ ਕਰਦਿਆਂ ਪਾਉਂਦੇ ਹਨ। ਹਾਲਾਂਕਿ ਲੀਡਰ ਇਹ ਵੀ ਪੱਲਿਉਂ ਨਹੀਂ ਦਿੰਦੇ। ਇੱਕ ਪਾਸਿਓਂ ਖੋਹ ਕੇ, ਮਹਿੰਗਾ ਕਰਕੇ, ਟੈਕਸ ਲੱਦ ਕੇ ਦੂਜੇ ਪਾਸੇ ਨਿਗੁਣਾ ਦੇ ਕੇ ਨਿਰਾ ਅੱਖੀਂ ਘੱਟਾ ਪਾਉਂਦੇ ਹਨ। ਅਸਲ ਵਿੱਚ ਜੋ ਉਨਾਂ ਦਾ ਅਧਿਕਾਰ ਹੈ ਕਿ ਉਨਾਂ ਨੂੰ ਮੁਫ਼ਤ ਵਿੱਦਿਆ ਮਿਲੇ, ਸਿਹਤ ਸਹੂਲਤਾਂ ਮਿਲਣ, ਰੁਜ਼ਗਾਰ ਮਿਲੇ, ਬਿਜਲੀ-ਪਾਣੀ, ਖਾਦ ਬੀਜ ਤੇਲ, ਸਾਫ਼ ਸੁਥਰਾ ਵਾਤਾਵਰਣ ਮਿਲੇ, ਮਿਆਰੀ ਸੜਕਾਂ ਮਿਲਣ, ਉਸ ਤੋਂ ਉਹਨਾਂ ਨੂੰ ਵਿਰਵੇ ਰੱਖਦੇ ਹਨ।

**ਗੰਧਲਾ ਸਿਆਸੀ ਮਾਹੌਲ**

ਇੱਕ ਪਿੰਡ ਬੰਬੇਲੀ ਦੀ ਕਹਾਣੀ, ਪੂਰੇ ਪੰਜਾਬ ਦੀ ਕਹਾਣੀ ਹੈ। ਸ਼ਹਿਰਾਂ ਦੀ ਦਾਸਤਾਨ ਵੀ ਇਸ ਤੋਂ ਵੱਖਰੀ ਨਹੀਂ ਹੈ। ਜਿਵੇਂ ਪਿੰਡ ਗੰਦਗੀ ਦੇ ਢੇਰਾਂ ਨਾਲ਼ ਭਰੇ ਹਨ, ਸ਼ਹਿਰਾਂ ਦੇ ਸਲੱਮ ਏਰੀਏ ਵੀ ਉਵੇਂ ਦੇ ਹਨ। ਟੁੱਟੀਆਂ ਸੜਕਾਂ, ਭੈੜੀਆਂ ਸਰਕਾਰੀ ਇਮਾਰਤਾਂ, ਦਫਤਰਾਂ, ਸਕੂਲ ਟੀਚਰਾਂ, ਕਰਮਚਾਰੀਆਂ ਦੀ ਥੁੜ, ਭੈੜਾ ਪ੍ਰਸ਼ਾਸਨ, ਸਿਆਸਤਦਾਨਾਂ ਅਤੇ ਉਹਨਾਂ ਦੇ ਦਲਾਲਾਂ ਦਾ ਰੋਹਬ-ਦਾਬ ਪੰਜਾਬ ਦੇ ਸੁਖਾਵੇਂ ਮਾਹੌਲ ਨੂੰ ਗੰਧਲਾ ਕਰੀ ਬੈਠਾ ਹੈ। ਇਸ ਵੇਰ ਤਾਂ ਗਣਤੰਤਰ ਦਿਹਾੜੇ ਤੋਂ ਬਾਅਦ ਹੋਣ ਵਾਲੀਆਂ ਪੰਜਾਬ ਵਿਚਲੀਆਂ ਚੋਣਾਂ ਨੇ ਤਾਂ ਸਿਆਸੀ ਮਾਹੌਲ ਦਲਦਲ ਵਰਗਾ ਕੀਤਾ ਹੋਇਆ ਹੈ, ਜਿਸ ਵਿੱਚ ਕੇਂਦਰੀ ਹਾਕਮ ਧਿਰ ਨੇ ਦਲ-ਬਦਲ ਦੀ ਇਹੋ ਜਿਹੀ ਸਿਆਸਤ ਸ਼ੁਰੂ ਕੀਤੀ ਹੈ, ਜਿਹੜੀ ਸ਼ਾਇਦ ਪੰਜਾਬ ਦੇ ਇਤਿਹਾਸ ਵਿੱਚ ਕਦੇ ਵੇਖਣ ਨੂੰ ਨਹੀਂ ਮਿਲੀ। ਲੋਕ ਸਵਾਲ ਪੁੱਛਣ ਲੱਗ ਪਏ ਹਨ ਕਿ ਨੇਤਾ ਲੋਕ ਇੰਨੇ ਵਿਕਾਊ ਅਤੇ ਸਵਾਰਥੀ ਕਿਵੇਂ ਹੋ ਗਏ ਹਨ? ਇਹ ਵੀ ਪੁੱਛ ਰਹੇ ਹਨ ਕਿ ਨੇਤਾ ਲੋਕ ਉਹਨਾਂ ਨੂੰ ਸਿਰਫ਼ ਤੇ ਸਿਰਫ਼ ਵੋਟਰ ਹੀ ਕਿਉਂ ਸਮਝਦੇ ਹਨ ਅਤੇ ਇਹ ਵੀ ਕਿ ਉਹਨਾਂ ਨੂੰ ਅਧੀਏ-ਪਊਏ ਦਾ ਲਾਲਚ ਜਾਂ ਹਜ਼ਾਰ-ਪੰਜ ਸੌ ਦੇ ਛਿੱਲੜ ਦੇ ਕੇ ਖ਼ਰੀਦਿਆ ਜਾ ਸਕਦਾ ਹੈ। ਉਂਜ ਸੂਬੇ ਪੰਜਾਬ ਵਿੱਚ ਵੋਟਾਂ ਦੇ ਇਹਨਾਂ ਦਿਨਾਂ ਵਿੱਚ ਭੰਬਲਭੂਸਾ ਹੈ, ਕਿਉਂਕਿ 72 ਗਣਤੰਤਰਾਂ ਸਾਲਾਂ ਵਿੱਚ ਸ਼ਾਇਦ ਪਹਿਲੀ ਵੇਰ 4 ਜਾਂ 5 ਧਿਰੀ ਚੋਣ ਦੰਗਲ ਹੋਏਗਾ। ਲੋਕ ਨਿਰਾਸ਼ ਹੋ ਕੇ ਨੋਟਾ ਦੀ ਵਰਤੋਂ ਕਰਨਗੇ ਜਾਂ ਕਿਸੇ ਵੀ ਧਿਰ ਨੂੰ ਵੋਟ ਨਹੀਂ ਪਾਉਣਗੇ।

**ਦਿਲ ਲੱਗਣੋਂ ਹਟ ਗਿਆ ਪੰਜਾਬੀਆਂ ਦਾ ਪੰਜਾਬ ਵਿੱਚ**

ਅਸਲ ਵਿੱਚ 74 ਵਰਿਆਂ ਵਿੱਚ ਪੰਜਾਬ ਦੀ ਹਾਲਤ, ਸਿਆਸਤਦਾਨਾਂ, ਚੋਬਰਾਂ, ਹਾਕਮਾਂ ਇੰਨੀ ਮੰਦੀ ਕਰ ਦਿੱਤੀ ਹੈ ਕਿ ਪੰਜਾਬੀਆਂ ਦਾ ਪੰਜਾਬ ਵਿੱਚ ਦਿਲ ਲੱਗਣੋਂ ਹਟ ਗਿਆ ਹੈ। ਉਹ ਬੋਝਿਆਂ, ਬਸਤਿਆਂ, ਝੋਲਿਆਂ ਵਿੱਚ ਪਾਸਪੋਰਟ ਘੁਸੇੜੀ ਅਣਦਿਸਦੇ ਵਤਨਾਂ ਨੂੰ ਤੁਰ ਪੈਂਦੇ ਹਨ। ਕਿਧਰੇ ਉਹਨਾਂ ਨੂੰ ਢੋਈ ਮਿਲਦੀ ਹੈ, ਕਿਧਰੇ ਨਹੀਂ ਅਤੇ ਕਈ ਵੇਰ ਵਰਿਆਂ ਦੀ ਖੱਜਲ ਖੁਆਰੀ, ਸੱਭੋ ਕੁਝ ਉਜਾੜ ਦਿੰਦੀ ਹੈ, ਘਰ-ਪਰਿਵਾਰ, ਜ਼ਮੀਨ-ਜਾਇਦਾਦ ਅਤੇ ਮਨੁੱਖ ਦਾ ਆਪਣਾ ਮਨ ਵੀ। ਪਿਛਲੇ ਭਾਰਤੀ ਲੋਕ ਸਭਾ ਸੈਸ਼ਨ ਵਿੱਚ ਦੱਸਿਆ ਗਿਆ ਕਿ ਸਾਲ 2016 ਤੋਂ 26 ਮਾਰਚ 2021 ਤਕ 4.7 ਲੱਖ ਪੰਜਾਬ ਦੇ ਵਸਨੀਕ ਦੇਸ਼ ਛੱਡ ਕੇ ਵਿਦੇਸ਼ਾਂ ਨੂੰ ਨੌਕਰੀ ਖ਼ਾਤਰ ਤੁਰ ਗਏ। ਇੱਕ ਹੋਰ ਰਿਪੋਰਟ ਅਨੁਸਾਰ ਡੇਢ ਲੱਖ ਤੋਂ ਦੋ ਲੱਖ ਪੰਜਾਬੀ ਯੁਵਕ ਵਿਦਿਆਰਥੀ ਆਇਲੈਟਸ ਪਾਸ ਕਰਕੇ ਕੈਨੇਡਾ, ਅਮਰੀਕਾ, ਯੂ.ਕੇ. ਅਤੇ ਹੋਰ ਮੁਲਕਾਂ ਨੂੰ ਪੰਜਾਬ ਵਿੱਚੋਂ ਹਰ ਸਾਲ ਜਾ ਰਹੇ ਹਨ। ਸਾਲ 2019 ਵਿੱਚ ਇਹ ਗਿਣਤੀ ਇਕੱਲੇ ਕੈਨੇਡਾ ਜਾਣ ਵਾਲਿਆਂ ਦੀ ਡੇਢ ਲੱਖ ਸੀ, ਜਿਨਾਂ ਵਿੱਚੋਂ ਲਗਭਗ ਹਰੇਕ ਨੇ ਪਹਿਲੇ ਸਾਲ ਦੀ ਕੈਨੇਡਾ ਯੂਨੀਵਰਸਿਟੀਆਂ ਲਈ ਫ਼ੀਸ ਅਤੇ ਹੋਰ ਖ਼ਰਚੇ ਵਜੋਂ 15 ਲੱਖ ਤੋਂ 22 ਲੱਖ ਰੁਪਏ ਖ਼ਰਚੇ। ਭਾਵ ਕੁੱਲ ਮਿਲਾ ਕੇ 27000 ਕਰੋੜ ਰੁਪਏ ਪੰਜਾਬ ਵਿੱਚੋਂ ਬਾਹਰ ਕੈਨੇਡਾ ਚਲੇ ਗਏ। ਜਦਕਿ ਪਹਿਲੀਆਂ ਵਿੱਚ ਇਹ ਵਰਤਾਰਾ ਉਲਟ ਸੀ।

ਬਾਕੀ ਸਫ਼ਾ 31 'ਤੇ

# ਵੋਟਾਂ ਦੇ ਸੰਦਰਭ ’ਚ ਆਖ਼ਿਰ ਕੀ ਚਾਹੁੰਦੇ ਹਨ ਆਮ ਲੋਕ ?

**ਅਮਰਦੀਪ ਸਿੰਘ ਗਿੱਲ**

ਪੰਜਾਬ ਵਿੱਚ ਹਰ ਵਾਰ ਵੋਟਾਂ ਵੇਲੇ ਆਮ ਲੋਕ ਇਹੋ ਸੋਚਦੇ ਅਤੇ ਸਮਝਦੇ ਹਨ ਕਿ ਵੋਟਾਂ ’ਚ ਖੜੇ ਹੋਣ ਵਾਲੇ ਲੋਕ ਹੋਰ ਹੁੰਦੇ ਹਨ ਅਤੇ ਹੱਕ ਸੱਚ ਲਈ ਲੜਨ ਵਾਲੇ ਲੋਕ ਹੋਰ। ਆਮ ਲੋਕ ਵੋਟਾਂ ਪਾਉਂਦੇ ਵੀ ਇਸੇ ਮਾਪਦੰਡ ਅਨੁਸਾਰ ਹਨ । ਉਹ ਕਿਸੇ ਯੋਧੇ ਦਾ ਸਤਿਕਾਰ ਕਰਦੇ ਹਨ, ਉਸਦੇ ਪਰਿਵਾਰ ਦਾ ਸਤਿਕਾਰ ਕਰਦੇ ਹਨ ਪਰ ਜੇ ਉਹ ਯੋਧਾ ਜਾਂ ਉਸਦੇ ਪਰਿਵਾਰ ਦਾ ਕੋਈ ਜੀਅ ਵੋਟਾਂ ਵਿੱਚ ਖੜਾ ਹੋ ਜਾਵੇ ਤਾਂ ਉਸਨੂੰ ਵੋਟ ਨਹੀਂ ਪਾਉਂਦੇ। ਮਹਾਨ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੀ ਵੋਟਾਂ ਵਿੱਚ ਹਾਰ ਇਸੇ ਤਰਾਂ ਦੀ ਉਦਾਹਰਣ ਹੈ। ਸਰਦਾਰ ਸਿਮਰਨਜੀਤ ਸਿੰਘ ਮਾਨ ਦਾ ਹਰ ਵਾਰ ਵੋਟਾਂ ਵਿੱਚ ਅਸਫ਼ਲ ਰਹਿ ਜਾਣਾ ਵੀ ਇਸੇ ਤਰਾਂ ਦਾ ਵਰਤਾਰਾ ਹੈ (ਲੋਕ ਇੱਕੋ ਗੱਲ ਲੈ ਕੇ ਬੈਠੇ ਹਨ ਕਿ ਜਦ ਜਿਤਾਇਆ ਸੀ ਉਦੋਂ ਮਾਨ ਸਾਬ ਕਿਰਪਾਨ ਦਾ ਰੌਲਾ ਪਾ ਕੇ ਬੈਠ ਗਏ) । ਅਜਿਹੀਆਂ ਹੋਰ ਵੀ ਅਨੇਕ ਉਦਾਹਰਣਾਂ ਹਨ । ਮੈਂ ਅਕਸਰ ਸੋਚਦਾ ਹਾਂ ਕਿ ਫਿਰ ਇਹ ਲੋਕ ਚੁਣਦੇ ਕਿਸ ਨੂੰ ਹਨ ਅਤੇ ਕਿਉਂ ਚੁਣਦੇ ਹਨ ? ਜੋ ਲੋਕ ਘਾਗ ਰਾਜਨੀਤੀਵਾਨ ਹਨ ਅਤੇ ਰਿਵਾਇਤੀ ਨੇਤਾ ਹਨ, ਉਹ ਸਾਰੇ ਲੋਕਾਂ ਦੀਆਂ ਨਜ਼ਰਾਂ ਵਿੱਚ ਥੋੜੇ ਬਹੁਤੇ ਫ਼ਰਕ ਨਾਲ਼ ਭ੍ਰਿਸ਼ਟ ਹਨ, ਪਰ ਵੋਟਾਂ ਵਿੱਚ ਇਹੋ ਲੋਕ ਹੀ ਖੜੇ ਹੁੰਦੇ ਹਨ ਤਾਂ ਲੋਕ ਬਾਕੀ ਸਭ ਕੁੱਝ ਭੁੱਲ ਭੁਲਾ ਕੇ ‘ਵੱਧ ਭ੍ਰਿਸ਼ਟਾਂ ’ਚੋਂ ਘੱਟ ਭ੍ਰਿਸ਼ਟ’ ਦੀ ਚੋਣ ਕਰਨ ਦੀ ਰਿਵਾਇਤੀ ਪ੍ਰਕਿਰਿਆ ਵਿੱਚ ਕਿਉਂ ਪੈ ਜਾਂਦੇ ਹਨ ? ਕੀ ਆਮ ਲੋਕ ਇਹ ਸਮਝਦੇ ਹਨ ਕਿ ਸਰਕਾਰ ਚਲਾਉਣ ਲਈ ਰਿਵਾਇਤੀ ਪਾਰਟੀਆਂ ਹੀ ਸਹੀ ਹਨ ? ਕੀ ਆਮ ਲੋਕ ਇਹ ਸਮਝਦੇ ਹਨ ਕਿ ਐਮ. ਐਲ. ਏ. ਬਣਨ ਲਈ ਰਿਵਾਇਤੀ ਲੀਡਰ ਹੀ ਯੋਗ ਹਨ ? ਕੀ ਆਮ ਲੋਕ ਇਹ ਸਮਝਦੇ ਹਨ ਕਿ ਰਿਵਾਇਤੀ ਤੌਰ ’ਤੇ ਭ੍ਰਿਸ਼ਟ ਅਤੇ ਚੰਗੇ ਮੰਦੇ ਧੰਦੇ ਕਰਨ ਵਾਲੇ ਲੀਡਰ ਹੀ ‘ਚੰਗੇ’ ਮੰਤਰੀ ਸਿੱਧ ਹੋ ਸਕਦੇ ਹਨ ? ਕੀ ਆਮ ਲੋਕ ਇਹ ਸੋਚਦੇ ਹਨ ਕਿ ਯੋਧੇ ਵੋਟਾਂ ਵਿੱਚ ਖੜੇ ਹੋਣ ਦੇ ਕਾਬਿਲ ਨਹੀਂ ਹੁੰਦੇ ਕਿਉਂਕਿ ਉਹ ਰਿਵਾਇਤੀ ਲੀਡਰਾਂ ਵਾਲੀਆਂ ‘ਸ਼ਰਤਾਂ’ ਪੂਰੀਆਂ ਨਹੀਂ ਕਰਦੇ ਹੁੰਦੇ ? ਕੀ ਆਮ ਲੋਕ ਇਹ ਸਮਝਦੇ ਹਨ ਕਿ ਯੋਧੇ ਅਸਲ ਵਿੱਚ ਹੱਕ ਸੱਚ ਖ਼ਾਤਰ ਲੜਨ ਮਰਨ ਅਤੇ ਜੇਲਾਂ ਕੱਟਣ ਲਈ ਹੀ ਹੁੰਦੇ ਹਨ, ਰਾਜ ਕਰਨ ਲਈ ਨਹੀਂ ਹੁੰਦੇ ? ਕੀ ਆਮ ਲੋਕ ਹਮੇਸ਼ਾ ਰਿਵਾਇਤੀ ਵੱਡੀਆਂ ਪਾਰਟੀਆਂ ਨੂੰ ਹੀ ਉਨਾਂ ਦੇ ਔਗੁਣਾਂ ਸਮੇਤ ਪ੍ਰਵਾਨ ਕਰਦੇ ਹਨ ? ਕੀ ਆਮ ਲੋਕ ਕਿਸੇ ਵੱਡੀ ਰਾਜਨੀਤਕ ਪਾਰਟੀ ਕਰਕੇ ਉਸ ਦੁਆਰਾ ਖੜੇ ਕੀਤੇ ਭ੍ਰਿਸ਼ਟ ਅਤੇ ਅਯੋਗ ਉਮੀਦਵਾਰ ਨੂੰ ਵੀ ਜਿਤਾ ਦਿੰਦੇ ਹਨ ? ਕੀ ਆਮ ਲੋਕ ਕਿਸੇ ਯੋਗ, ਸੱਚੇ ਸੁੱਚੇ ਅਤੇ ਈਮਾਨਦਾਰ ਉਮੀਦਵਾਰ ਨੂੰ ਸਿਰਫ਼ ਇਸ ਲਈ ਹਰਾ ਦਿੰਦੇ ਹਨ ਕਿ ਉਹ ਅਜ਼ਾਦ ਖੜਾ ਹੈ ? ਜਾਂ ਉਸਦੇ ਪਿੱਛੇ ਕੋਈ ਵੱਡੀ ਰਾਜਨੀਤਕ ਪਾਰਟੀ ਨਹੀਂ ਹੈ ? ਕੀ ਆਮ ਲੋਕ ਉਸ ਪਾਰਟੀ ਅਤੇ ਉਸ ਉਮੀਦਵਾਰ ਨੂੰ ਵੋਟਾਂ ਪਾਉਂਦੇ ਹਨ ਜੋ ਉਨਾਂ ਅਨੁਸਾਰ ਜਿੱਤ ਸਕਣ ਦੇ ਵਧੇਰੇ ਯੋਗ ਹੁੰਦਾ ਹੈ, ਉਂਞ ਉਹ ਬੇਸ਼ੱਕ ਇਨਸਾਨ ਅਤੇ ਲੀਡਰ ਦੇ ਤੌਰ ’ਤੇ ਜਾਂ ਰਾਜਨੀਤਕ ਵਿਚਾਰਧਾਰਾ ਪੱਖੋਂ ਅਯੋਗ ਹੀ ਹੋਵੇ ? ਕੀ ਆਮ ਲੋਕ ਉਸ ਯੋਗ ਅਤੇ ਸਹੀ ਉਮੀਦਵਾਰ ਨੂੰ ਇਸ ਲਈ ਵੋਟ ਨਹੀਂ ਪਾਉਂਦੇ ਕਿ ਇਹਨੇ ਕਿਹੜਾ ਜਿੱਤਣੈ, ਐਵੇਂ ਸਾਡੀ ਵੋਟ ਖ਼ਰਾਬ ਕਰੂ ! ਆਖ਼ਿਰ ਕੀ ਸੋਚਦੇ ਹਨ ਆਮ ਲੋਕ ? ਆਖ਼ਿਰ ਕੀ ਚਾਹੁੰਦੇ ਹਨ ਆਮ ਲੋਕ ? ਆਖ਼ਿਰ ਹਰ ਵਾਰ ਕਿਹੋ ਜਿਹੇ ਉਮੀਦਵਾਰ ਅਤੇ ਕਿਹੋ ਜਿਹੀ ਸਰਕਾਰ ਚੁਣਦੇ ਹਨ ਲੋਕ ? ਫੇਰ 5 ਸਾਲ ਉਸ ਸਰਕਾਰ ਨੂੰ ਗਾਲਾਂ ਕੱਢਦੇ ਹਨ, ਉਨਾਂ ਹੀ ਮੰਤਰੀਆਂ ਨੂੰ ਭੰਡਦੇ ਹਨ ਜਿਨਾਂ ਨੂੰ ਆਪ ਵੋਟਾਂ ਪਾਈਆਂ ਹੁੰਦੀਆਂ ਹਨ। ਇਹ ਕਿਸ ਕਿਸਮ ਦੀ ਰਾਜਨੀਤਕ ਚੇਤਨਾ ਹੈ ਸਾਡੇ ਲੋਕਾਂ ਦੀ ? ਇਸ ਨੂੰ ਪਾਰਖੂ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ।

# ਮੀਡੀਆ ਚੋਣਾਂ ਸਬੰਧੀ ਲੋਕਪੱਖੀ ਮੁੱਦੇ ਛੇੜੇ

**ਪ੍ਰੋ.ਫੈਸਰ ਕੁਲਬੀਰ ਸਿੰਘ**

ਮੀਡੀਆ ਪੰਜਾਬ ਚੋਣਾਂ ਸਬੰਧੀ ਪਲ-ਪਲ ਦੀ ਖ਼ਬਰ ਪ੍ਰਸਾਰਿਤ ਤੇ ਪ੍ਰਕਾਸ਼ਿਤ ਕਰ ਰਿਹਾ ਹੈ ਪ੍ਰੰਤੂ ਚੋਣਾਂ ਬਾਰੇ ਗੰਭੀਰ ਤੇ ਸੰਜੀਦਾ ਬਹਿਸ ਨਹੀਂ ਹੋ ਰਹੀ। ਪ੍ਰਿੰਟ ਮੀਡੀਆ ਵਿੱਚ ਸੰਪਾਦਕੀ ਪੰਨਿਆਂ ’ਤੇ ਅਕਸਰ ਅਜਿਹੇ ਆਰਟੀਕਲ ਅਤੇ ਸੰਪਾਦਕੀ ਨੋਟ ਪੜਨ ਨੂੰ ਮਿਲ ਜਾਂਦੇ ਹਨ, ਪ੍ਰੰਤੂ ਖ਼ਬਰ ਚੈਨਲ ਵਧੇਰੇ ਕਰਕੇ ਓਪਰੀ-ਓਪਰੀ ਜਾਣਕਾਰੀ ਅਤੇ ਖ਼ਬਰਾਂ ਪ੍ਰਸਾਰਿਤ ਕਰਕੇ ਸਮਾਂ ਟਪਾ ਰਹੇ ਹਨ। ਖ਼ਬਰਾਂ ਦੀ, ਮੁੱਦਿਆਂ, ਮਸਲਿਆਂ ਦੀ ਗਹਿਰਾਈ ਵਿੱਚ ਜਾ ਕੇ ਵਿਆਖਿਆ ਵਿਸ਼ਲੇਸ਼ਣ ਕਰਨ ਦਾ ਸ਼ਾਇਦ ਉਨਾਂ ਕੋਲ ਸਮਾਂ ਨਹੀਂ ਜਾਂ ਜਾਣ-ਬੁੱਝ ਕੇ ਅਜਿਹਾ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ।

ਉਮੀਦਵਾਰਾਂ ਦੇ ਐਲਾਨ ਦਾ ਵੇਰਵਾ, ਵਿਰੋਧ-ਬਗ਼ਾਵਤ ਬਾਰੇ ਜਾਣਕਾਰੀ, ਗੱਠਜੋੜ-ਗਣਿਤ ਵੱਖ-ਵੱਖ ਪਾਰਟੀਆਂ ਦੇ ਹਿੱਸੇ ਆਈਆਂ ਸੀਟਾਂ ਦੀ ਗਿਣਤੀ, ਮੁੱਖ ਮੰਤਰੀ ਚਿਹਰਾ, ਈ.ਡੀ. ਦੇ ਛਾਪੇ, ਸਿਆਸੀ ਬਦਲਾਖ਼ੋਰੀ ਤੇ ਬੱਸ। ਚੋਣਾਂ ਸਮੇਂ ਅਕਸਰ ਅਜਿਹਾ ਹੁੰਦਾ ਹੈ। ਸਿਆਸੀ ਪਾਰਟੀਆਂ ਅਜਿਹਾ ਮਾਹੌਲ ਸਿਰਜ ਦਿੰਦੀਆਂ ਹਨ ਕਿ ਅਸਲੀ ਮੁੱਦੇ ਗ਼ਾਇਬ ਹੋ ਜਾਂਦੇ ਹਨ। ਸਿਆਸੀ ਨੇਤਾ, ਲੋਕਾਂ ਨੂੰ ਗ਼ੈਰ-ਹਕੀਕੀ ਬਿਆਨਾਂ ਤੇ ਐਲਾਨਾਂ ਵਿੱਚ ਉਲਝਾ ਲੈਂਦੇ ਹਨ। ਖ਼ਬਰ ਚੈਨਲ ਵੀ ਅਜਿਹੀਆਂ ਸੁਰਖ਼ੀਆਂ ਬਣਾਉਣ ਤੱਕ ਸੀਮਤ ਹੋ ਜਾਂਦੇ ਹਨ। ਨਾ ਕਿੰਤੂ ਪ੍ਰੰਤੂ ਕਰਦੇ ਹਨ, ਨਾ ਪ੍ਰਸ਼ਨ ਉਠਾਉਂਦੇ ਹਨ, ਜੇ ਉਠਾਉਂਦੇ ਵੀ ਹਨ ਤਾਂ ਪੈਨਲ ’ਤੇ ਗ਼ੌਰ ਨਹੀਂ ਕਰਦੇ। ਹਰ ਰੋਜ਼, ਹਰ ਹਫ਼ਤੇ ਉਹੀ ਚਿਹਰੇ ਚੋਣ-ਚਰਚਾ ਵਿੱਚ ਸ਼ਾਮਿਲ ਹੁੰਦੇ ਹਨ। ਜਿਸ ਕਾਰਨ ਦਰਸ਼ਕਾਂ ਦੀ ਦਿਲਚਸਪੀ ਘਟਦੀ-ਘਟਦੀ ਖ਼ਤਮ ਹੋ ਜਾਂਦੀ ਹੈ।

ਸਿਆਸੀ ਨੇਤਾਵਾਂ, ਸਿਆਸੀ ਪਾਰਟੀਆਂ ਦਾ ਧਿਆਨ ਕੇਵਲ ਆਰਜ਼ੀ ਨਫ਼ੇ ਨੁਕਸਾਨ ’ਤੇ ਕੇਂਦਰਿਤ ਹੈ। ਵੋਟਾਂ ਕਿਵੇਂ ਬਟੋਰਨੀਆਂ ਹਨ, ਕੁਰਸੀ ਕਿਵੇਂ ਹਾਸਿਲ ਕਰਨੀ ਹੈ, ਬਸ। ਪੰਜਾਬ ਦੀ ਦੁਰਦਸ਼ਾ ਵੱਲ ਕਿਸੇ ਦਾ ਧਿਆਨ ਨਹੀਂ। ਇਹ ਦੁਰਦਸ਼ਾ ਕਿਉਂ ਹੋਈ, ਕਿਸੇ ਨੂੰ ਚਿੰਤਾ ਨਹੀਂ। ਪੰਜਾਬ ਨੂੰ ਲੀਹ ’ਤੇ ਲਿਆਉਣ ਲਈ ਡੋਲਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਪਵੇਗਾ। ਨੌਜਵਾਨਾਂ ਲਈ ਰੁਜ਼ਗਾਰ ਮੁਹੱਈਆ ਕਰਨੇ ਪੈਣਗੇ। ਵਾਤਾਵਰਨ ਦੀ ਸ਼ੁੱਧਤਾ ਵੱਲ ਧਿਆਨ ਦੇਣਾ ਪਵੇਗਾ। ਭਵਿੱਖ ਵਿੱਚ ਪੀਣ ਵਾਲੇ ਪਾਣੀ ਦੇ ਪੈਦਾ ਹੋਣ ਵਾਲੇ ਸੰਕਟ ਦੇ ਹੱਲ ਲਈ ਹੁਣੇ ਤੋਂ ਵਿਉਂਤਬੰਦੀ ਕਰਨੀ ਹੋਵੇਗੀ। ਪ੍ਰੰਤੂ ਅਜਿਹੀ ਦੂਰ-ਦ੍ਰਿਸ਼ਟੀ, ਅਜਿਹੀ ਦ੍ਰਿੜਤਾ, ਅਜਿਹੀ ਸਮਝ ਨਾ ਕਿਸੇ ਨੇਤਾ ਵਿੱਚ ਨਜ਼ਰ ਆਉਂਦੀ ਹੈ, ਨਾ ਕਿਸੇ ਸਿਆਸੀ ਪਾਰਟੀ ਕੋਲ ਅਜਿਹਾ ਪ੍ਰੋਗਰਾਮ ਹੈ।

ਟੈਲੀਵਿਜ਼ਨ ਚੈਨਲਾਂ ਨੂੰ ਚਾਹੀਦਾ ਹੈ ਕਿ ਹਰੇਕ ਪਾਰਟੀ ਦੇ ਪਹਿਲੀ ਕਤਾਰ ਦੇ ਨੇਤਾਵਾਂ ਨੂੰ ਸਟੂਡੀਓ ਵਿੱਚ ਸੱਦ ਕੇ ਖੁੱਲੀ ਬਹਿਸ ਕਰਵਾਉਣ। ਦਿਨ, ਸਮਾਂ ਪਹਿਲਾਂ ਘੋਸ਼ਿਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕ ਉਸ ਬਹਿਸ ਨੂੰ ਸੁਣ ਸਕਣ। ਪਹਿਲੀ ਕਤਾਰ ਦੇ ਨੇਤਾਵਾਂ ਵਿੱਚ ਚਰਨਜੀਤ ਸਿੰਘ ਚੰਨੀ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਅਰਵਿੰਦ ਕੇਜਰੀਵਾਲ, ਭਗਵੰਤ ਮਾਨ, ਬਲਬੀਰ ਸਿੰਘ ਰਾਜੇਵਾਲ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਨੇਤਾ ਅਸ਼ਵਨੀ ਕੁਮਾਰ ਸ਼ਰਮਾ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਚੋਣਾਂ ਨੇੜੇ ਆਉਣ ’ਤੇ ਅਕਸਰ ਘਚੋਲਾ ਪਿਆ ਨਜ਼ਰ ਆਉਂਦਾ ਹੈ। ਬਿਆਨਾਂ ਦੀ ਬਹੁਤਾਤ ਅਤੇ ਨਿੱਜੀ ਦੂਸ਼ਣਬਾਜ਼ੀ ਦੌਰਾਨ ਵੋਟਰ ਪ੍ਰੇਸ਼ਾਨ ਹੋ ਜਾਂਦਾ ਹੈ। ਲੋਕਾਂ ਦਾ ਨਿੱਜੀ ਦੂਸ਼ਣਬਾਜ਼ੀ ਨਾਲ਼ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਲੋਕਾਂ ਨੂੰ ਸਾਫ਼-ਸੁਥਰਾ ਸਿਸਟਮ, ਸਾਫ਼-ਸੁਥਰਾ ਵਾਤਾਵਰਨ ਚਾਹੀਦਾ ਹੈ। ਜਿਸ ਵਿੱਚ ਉਹ ਅਮਨ ਚੈਨ ਨਾਲ਼ ਰਹਿ ਸਕਣ। ਸਿਆਸੀ ਨੇਤਾ ਨਾ ਸਿਸਟਮ ਦੀ ਗੱਲ ਕਰਦੇ ਹਨ, ਨਾ ਸਹੂਲਤਾਂ ਦੀ। ਆਪਸ ਵਿੱਚ ਉਲਝੀ ਜਾਂਦੇ ਹਨ। ਕੁਰਸੀ ਖ਼ਾਤਰ, ਆਪਣੀ ਹਉਮੈ ਖ਼ਾਤਰ। ਨੇਤਾਵਾਂ ਨੂੰ ਸਟੂਡੀਓ ਵਿੱਚ ਆਹਮਣੇ-ਸਾਹਮਣੇ ਖੜੇ ਕਰਕੇ ਅਜਿਹੇ ਸਵਾਲਾਂ ਦੇ ਰੂ-ਬ-ਰੂ ਕਰਨ ਦੀ ਲੋੜ ਹੈ। ਬਿਲਕੁਲ ਉਵੇਂ ਜਿਵੇਂ ਵਿਕਸਤ ਮੁਲਕਾਂ ਦੇ ਨੇਤਾ ਚੋਣਾਂ ਸਮੇਂ ਆਹਮਣੇ-ਸਾਹਮਣੇ ਬਹਿਸ ਦੌਰਾਨ ਆਪਣੇ ਵਿਚਾਰ ਪੇਸ਼ ਕਰਦੇ ਹਨ। ਭਾਵੇਂ ਲੋਕਾਂ ਦਾ ਮਨ ਵੋਟ ਪਾਉਣ ਸੰਬੰਧੀ ਲਗਭਗ ਬਣ ਚੁੱਕਾ ਹੁੰਦਾ ਹੈ, ਫਿਰ ਵੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀ ਵੱਖ-ਵੱਖ ਮੁੱਦਿਆਂ ਮਸਲਿਆਂ ਸੰਬੰਧੀ ਪਹੁੰਚ ਸਪੱਸ਼ਟ ਹੋਣੀ ਚਾਹੀਦੀ ਹੈ ਅਤੇ ਪੰਜਾਬ ਦੀ ਬਿਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਮੀਡੀਆ ਰਾਹੀਂ ਲੋਕਾਂ ਤੱਕ ਜਾਣਕਾਰੀ ਪਹੁੰਚਣੀ ਚਾਹੀਦੀ ਹੈ। ਇਸ ਦੇ ਲਈ ਸਿਆਸੀ ਪਾਰਟੀਆਂ ਅਤੇ ਨੇਤਾ ਆਪਣੇ ਢੰਗ ਨਾਲ਼ ਯਤਨ ਕਰਦੇ ਹਨ, ਪ੍ਰੰਤੂ ਟੈਲੀਵਿਜ਼ਨ ਚੈਨਲਾਂ ਨੂੰ ਆਪਣੇ ਢੰਗ ਨਾਲ਼ ਵਿਉਂਤਬੰਦੀ ਕਰਨੀ ਚਾਹੀਦੀ ਹੈ।

ਵਿਕਸਤ ਮੁਲਕਾਂ ਵਿੱਚ ਚੋਣ ਮੁਹਿੰਮ ਇਸ ਤਰਾਂ ਚਲਾਈ ਜਾਂਦੀ ਹੈ ਕਿ ਹਰੇਕ ਪਾਰਟੀ, ਹਰੇਕ ਨੇਤਾ ਦਾ ਨਜ਼ਰੀਆ ਵੋਟਾਂ ਪੈਣ ਤੱਕ ਸਪੱਸ਼ਟ ਹੋ ਜਾਂਦਾ ਹੈ। ਸਾਡੇ ਇੱਥੇ ਨਿੱਜੀ ਵਿਰੋਧ, ਨਿੱਜੀ ਦੂਸ਼ਣਬਾਜ਼ੀ, ਹਾਵੀ ਹੋ ਜਾਣ ਕਾਰਨ ਲੋਕ ਮਸਲੇ ਅਤੇ ਸਮੱਸਿਆਵਾਂ ਹਾਸ਼ੀਏ ’ਤੇ ਚਲੀਆਂ ਜਾਂਦੀਆਂ ਹਨ। ਜਦੋਂ ਤੱਕ ਵੋਟਾਂ ਦਾ ਦਿਨ ਆਉਂਦਾ ਹੈ, ਵੱਖ-ਵੱਖ ਵਰਗਾਂ ਨੂੰ ਤਰਾਂ-ਤਰਾਂ ਦੇ ਲਾਲਚ ਦੇ ਕੇ ਜੋੜ-ਤੋੜ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਉਦੋਂ ਤੱਕ ਬਹੁਗਿਣਤੀ ਲੋਕ ਜਜ਼ਬਾਤੀ ਹੋ ਕੇ ਜਾਂ ਲਾਲਚ ਵਿੱਚ ਆ ਕੇ ਅਸਲ ਮੁੱਦੇ ਭੁੱਲ ਭੁਲਾ ਜਾਂਦੇ ਹਨ।

# ਲਾਲਾ ਲਾਜਪਤ ਰਾਏ ਦੇ ਸਸਕਾਰ ਦੀ ਅਨੋਖੀ ਘਟਨਾ





‘ਲਾਲਾ ਲਾਜਪਤ ਰਾਏ ਨਵੰਬਰ 1928 ਵਿੱਚ ਫ਼ਰੰਗੀਆਂ ਵੱਲੋਂ ਬਣਾਏ ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਬ੍ਰਿਟਿਸ਼ ਪੁਲਿਸ ਵੱਲੋਂ ਕੀਤੇ ਤਸ਼ੱਦਦ ਨਾ ਸਹਾਰਦਿਆਂ ਚੱਲ ਵੱਸੇ ਇਸ ਬਾਬਤ ਵੱਖ-ਵੱਖ ਧਾਰਨਾਵਾਂ ਸੁਣਨ ਨੂੰ ਮਿਲਦੀਆਂ ਹਨ ਪਰ ਇੱਕ ਐਸੀ ਜਾਣਕਾਰੀ ਜੋ ਸ਼ਾਇਦ ਕਦੇ ਸਾਹਮਣੇ ਨਹੀਂ ਆਈ ਮੈਂ ਤੁਹਾਡੇ ਨਾਲ ਸਾਂਝੀ ਕਰਨ ਜਾ ਰਿਹਾ ਹਾਂ।’

ਲਾਲਾ ਲਾਜਪਤ ਰਾਏ ਦੀ ਮੌਤ ਦੀ ਖ਼ਬਰ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਦੇਸ਼ ਦੇ ਸਮੂਹ ਗ਼ਦਰੀ ਯੋਧੇ ਸੁਤੰਤਰਤਾ ਸੰਗਰਾਮੀ ਇਕੱਠੇ ਹੋਏ। ਅਗਲੇ ਦਿਨ ਰਾਵੀ ਦਰਿਆ ਦੇ ਕੰਢੇ ਤੇ ਜਦੋਂ ਲਾਲਾ ਜੀ ਦਾ ਸਸਕਾਰ ਹੋਇਆ। ਸ਼ਾਮ ਦੇ ਚਾਰ ਵੱਜ ਚੁੱਕੇ ਸਨ, ਠੰਡ ਦੇ ਦਿਨ ਸਨ, ਸਭ ਆਪੋ-ਆਪਣੇ ਘਰਾਂ ਨੂੰ ਮੁੜਨ ਲੱਗੇ।

ਮਸਲਾ ਇਹ ਬਣਿਆ ਕਿ ਹੁਣ ਅਗਨ ਭੇਟ ਤੋਂ ਬਾਅਦ ਅੰਗੀਠੇ ਦੀ ਦੇਖ-ਰੇਖ ਸਾਂਭ ਸੰਭਾਲ ਕੌਣ ਕਰੇ, ਜਿਸ ਕਠਿਨ ਕਾਰਜ ਲਈ ਕੋਈ ਵੀ ਤਿਆਰ ਨਾ ਹੋਇਆ। ਨਾ ਹੀ ਇਹ ਕਿਸੇ ਸੋਚਿਆ ਉਜਾੜ, ਬੀਆਬਾਨ ਵਿੱਚ ਆਪਣੀ ਜਾਨ ਰਾਤ ਕੌਣ ਖਤਰੇ ’ਚ ਪਾਵੇ ?

ਲਾਲਾ ਲਾਜਪਤ ਰਾਏ ਦਾ ਭਰਾ ਗਣਪੱਤ ਰਾਏ ਬੇਵੱਸ ਸੋਚੀਂ ਪਿਆ ਸੀ, ਏਨੇ ਚਿਰ ਨੂੰ ਇੱਕ ਭਰ ਜਵਾਨ ਉਮਰ ਦਾ ਨੌਜਵਾਨ ਪਰ ਅੰਦਰੋਂ ਤਿਆਗੀ ਸਾਧੂ ਹੱਥ ਜੋੜ ਆਣ ਖੜਾ ਹੋਇਆ। ਕਹਿਣ ਲੱਗਾ ਲਾਲਾ ਗਣਪੱਤ ਰਾਏ ਜੀ ਨਿਸ਼ਚਿੰਤ ਰਹੋ। ਮੈਂ ਭਗਤ ਪੂਰਨ ਸਿੰਘ ਹਾਂ, ਲਾਲਾ ਜੀ ਦੇ ਅੰਗੀਠੇ ਦੀ ਸੰਭਾਲ ਮੈਂ ਕਰਾਂਗਾ, ਤੁਸੀਂ ਜਾ ਸਕਦੇ ਹੋ। ਭਗਤ ਜੀ ਦੇਰ ਰਾਤ ਤੱਕ ਸਸਕਾਰ ਕਰਦੇ ਰਹੇ, ਅੱਧੀ ਰਾਤ ਤੋਂ ਬਾਅਦ ਜਦੋਂ ਠੰਡ ਵਧੀ ਤਾਂ ਕੋਲ਼ ਬਿਸਤਰਾ ਵੀ ਵਧੀਆ ਨਹੀਂ ਸੀ, ਸਿਵਾਏ ਕੰਬਲ ਲੋਈਆਂ ਦੇ। ਭਗਤ ਜੀ ਨੇ ਆਪਣਾ ਮੰਜਾ ਚੁੱਕ ਮੱਚ ਕੇ ਲਾਲ ਹੋਏ ਸਿਵੇ ਤੇ ਕਰ ਲਿਆ, ਭੁਖਣਭਾਣੇ ਰਾਤ ਬਿਤਾਈ ਅਗਲੇ ਅੱਧੇ ਦਿਨ ਦੁਪਹਿਰ ਤੋਂ ਕੁਝ ਘੜੀਆਂ ਪਹਿਲਾਂ ਲਾਲਾ ਗਣਪੱਤ ਰਾਏ ਆਏ ਤੇ ਭਗਤ ਜੀ ਨੂੰ ਵਿਦਾ ਕੀਤਾ।

ਗਾਂਧੀ ਨਹਿਰੂ ਦੇ ਵਾਰਸ ਭਾਰਤੀਆਂ ਨੇ ਤਾਂ ਇਸ ਘਟਨਾ ਨੂੰ ਕੀ ਨਸ਼ਰ ਕਰਨਾ ਸੀ, ਬਦਕਿਸਮਤੀ ਵੇਖੋ ਸਾਡੇ ਸਿੱਖ ਕਲਮਕਾਰਾਂ ਨੇ ਵੀ ਪੂਰੀ ਸਦੀ ਇਸ ਸੱਚੀ ਘਟਨਾ ’ਤੇ ਪਰਦਾ ਪਾਈ ਰੱਖਿਆ। ਸੱਚ ਲਿਖਣ ਦੀ ਤਾਕਤ ਦਿਨ ਪ੍ਰਤੀ ਦਿਨ ਘਟ ਰਹੀ ਹੈ। ਜੇਕਰ ਅਜਿਹੀਆਂ ਘਟਨਾਵਾਂ ਮਨੋ ਵਿਸਾਰ ਦਿੱਤੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਇਨਾਂ ਨੇਕ ਰੂਹਾਂ ਨੂੰ ਕੌਣ ਯਾਦ ਕਰੇਗਾ ? ਜਿਨਾਂ ਨੇ ਮਨੁੱਖਤਾ ਦੀ ਸੇਵਾ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਬਹੁਤ ਸਾਰੇ ਅਜਿਹੇ ਲੋਕ ਜੋ ਅਜੋਕੇ ਸਮੇਂ ਵੀ ਉਨਾਂ ਦੀਆਂ ਲੀਹਾਂ ਉੱਤੇ ਚੱਲ ਰਹੇ ਹਨ, ਉਹ ਕਿਵੇਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਇਨਾਂ ਬਾਰੇ ਦੱਸ ਸਕਣਗੇ।

**ਸ਼ਮਸ਼ੇਰ ਸਿੰਘ ਜੇਠੂਵਾਲ**

# ਸਾਡਾ ਸੀ. ਐਮ. ਸਾਡੀ ਪਾਰਟੀ ਤੋਂ ਪਹਿਲਾਂ ਸਾਡਾ ਪੰਜਾਬ ਸਾਡੇ ਮਸਲੇ

**ਜਦੋਂ ਆਖਦੇ ਸੀ ਚੱਲਦਾ ਏ ਜ਼ੋਰ ਖਾੜਕੂਵਾਦ ਦਾ, ਅਸਲ ਵਿੱਚ ਸੀ ਉਹ ਪੰਜਾਬ ਜੁਝਾਰੂਵਾਦ ਦਾ**
**ਉਸ ਸਮੇਂ ਸੀ ਨਸ਼ਾ ਸਿੱਖੀ ਦੇ ਜਜ਼ਬਾਤਾਂ ਦਾ, ਅੱਜ ਨਸ਼ਾ ਐ ਦਿਮਾ.ਗੀ ਚੜੀਆਂ-ਮਾੜੀਆਂ ਪਰਤਾਂ ਦਾ**
**ਮਨ ’ਚ ਲੋਰ ਸੀ ਗੁਰਾਂ ਦੀ ਬਾਣੀ ਦੀ, ਅੱਜ ਲੋਰ ਏ ਸਿਆਸਤ ਰਾਣੀ ਦੀ**



**ਸਰਬਜੀਤ ਕੌਰ ਸਰਬ**

ਇਹ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਅੱਜ ਦੇ ਪੰਜਾਬ ਨੂੰ ਸਿਆਸਤ ਨੇ ਆਪਣੇ ਪਿੰਜਰੇ ਵਿੱਚ ਜਕੜ ਲਿਆ ਹੈ। ਇਸ ਪਿੰਜਰੇ ਵਿੱਚ ਸਭ ਤੋਂ ਪਹਿਲਾਂ ਪੰਜਾਬ ਦੀ ਨੌਜਵਾਨੀ ਨੂੰ ਧੱਕਿਆ ਗਿਆ ਹੈ। ਰਾਜਨੀਤਿਕ ਲੋਕਾਂ ਨੇ ਆਪਣੀਆਂ ਪਾਰਟੀਆਂ ਬਣਾ ਕੇ ਪਿੰਡਾਂ ਵਿੱਚ ਵੀ ਧੜੇਬਾਜ਼ੀਆਂ ਬਣਾ ਦਿੱਤੀਆਂ ਹਨ। ਇਨਾਂ ਸਿਆਸਤਦਾਨਾਂ ਦੇ ਅਸਲ ਮਨਸੂਬੇ ਤੱਕ ਕੋਈ ਵੀ ਨਹੀਂ ਪਹੁੰਚ ਸਕਿਆ। ਇਨਾਂ ਲੋਕਾਂ ਦਾ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਇਹ ਲੋਕ ਆਪਣੀ ਤਾਕਤ ਵਿੱਚ ਆਉਂਦੇ ਹਨ । ਕਸੂਰ ਇਨਾਂ ਸਿਆਸਤਦਾਨਾਂ ਦਾ ਵੀ ਨਹੀਂ ਹੈ ਅਸਲ ਜ਼ਿੰਮੇਵਾਰ ਅਸੀਂ ਲੋਕ ਹਾਂ, ਜਿਨਾਂ ਨੇ ਇਨਾਂ ਨੂੰ ਤਖ਼ਤੀ ਬਖ਼ਸ਼ ਕੇ ਆਪਣੇ ਉੱਤੇ ਹੁਕਮ ਚਲਾਉਣ ਦਾ ਮੌਕਾ ਦਿੱਤਾ ਹੈ। ਅਸੀਂ ਲੋਕ ਆਪਣੀ ਤਾਕਤ ਭੁੱਲ ਜਾਂਦੇ ਹਨ ਕੀ ਇਨਾਂ ਨੂੰ ਅਸੀਂ ਹੀ ਬਣਾਇਆ ਹੈ । ਰਾਜਨੀਤਕ ਅਖਾੜੇ ਵਿੱਚ ਇਸ ਸਮੇਂ ਜੋ ਮਿਹਣੋਂ ਮਿਹਣੀ ਆਪਸ ਵਿੱਚ ਹੋ ਰਹੀ ਹੈ ਜਿਸ ਦਾ ਲੋਕਾਂ ਦੇ ਕੰਮਾਂ ਨਾਲ਼ ਕੋਈ ਸਰੋਕਾਰ ਨਹੀਂ ਹੈ। ਮੰਤਰੀ ਬਣਨ ਦੀ ਜੋ ਚਾਹਤ ਅੱਜ ਦੇ ਰਾਜਨੀਤਿਕ ਲੀਡਰਾਂ ਨੂੰ ਲੱਗੀ ਹੋਈ ਹੈ ਉਸ ਵਿੱਚ ਲੋਕਾਂ ਦੀ ਭਲਾਈ ਦਾ ਮਸਲਾ ਨਹੀਂ ਸਗੋਂ ਹੰਕਾਰੀ ਬਿਰਤੀ ਇੱਕ ਦੂਜੇ ਨੂੰ ਹਰਾਉਣ ਦੀ ਲੱਗੀ ਹੋਈ ਹੈ । ਜਿਸ ਵਿੱਚ ਇੱਕੋ ਹੀ ਗੱਲ ਸ਼ਾਮਿਲ ਹੈ ਕੀ ਉਸ ਨੂੰ ਕਿਸ ਤਰੀਕੇ ਨਾਲ਼ ਹਰਾਇਆ ਜਾਵੇ। ਇਸੇ ਹੰਕਾਰੀ ਬਿਰਤੀ ਨੇ ਅਨੇਕਾਂ ਰਾਜਨੀਤਿਕ ਲੀਡਰਾਂ ਨੂੰ ਪਾਰਟੀਆਂ ਬਦਲਣ ਵਿੱਚ ਮਜਬੂਰ ਕਰ ਦਿੱਤਾ ਹੈ ਤੇ ਫਿਰ ਜਦੋਂ ਇਨਾਂ ਲੋਕਾਂ ਕੋਲ਼ੋਂ ਸਵਾਲ ਪੁੱਛੇ ਜਾਂਦੇ ਹਨ ਕੀ ਤੁਸੀਂ ਪਾਰਟੀ ਕਿਉਂ ਛੱਡੀ ਤਾਂ ਉਨਾਂ ਦੇ ਮੂੰਹੋਂ ਇੱਕੋ ਹੀ ਜਵਾਬ ਹੁੰਦਾ ਹੈ ਕਿ ਪਾਰਟੀ ਨੇ ਸਾਡੇ ਕੰਮਾਂ ਨੂੰ ਦੇਖ ਕੇ ਸਾਨੂੰ ਟਿਕਟ ਨਹੀਂ ਦਿੱਤੀ । ਹੁਣ ਸਵਾਲ ਇੱਥੇ ਇਹ ਖੜਾ ਹੁੰਦਾ ਹੈ ਕਿ ਇਹ ਲੋਕ ਕੇਵਲ ਟਿਕਟ ਦੇ ਲਈ ਭਲਾਈ ਵਾਲੇ ਕੰਮ ਕਰਦੇ ਹਨ ? ਅੱਜ ਜੋ ਸਿਆਸੀ ਪਾਰਟੀਆਂ ਘਰ-ਘਰ ਜਾ ਕੇ ਚੋਣ ਪ੍ਰਚਾਰ ਕਰ ਰਹੀਆਂ ਹਨ ਉਨਾਂ ਦੇ ਅਸਲ ਮਨਸੂਬੇ ਕੀ ਹਨ ? ਚੋਣਾਂ ਦੇ ਸਮੇਂ ਹੀ ਇਹ ਸਿਆਸੀ ਲੀਡਰ ਥਾਂ ਥਾਂ ਜਾ ਕੇ ਚੋਣ ਪ੍ਰਚਾਰ ਕਰਦੇ ਹਨ ਅਤੇ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਦੱਸਦੇ ਹਨ । ਕੀ ਚੋਣਾਂ ਤੋਂ ਬਾਅਦ ਵੀ ਇਹ ਥਾਂ-ਥਾਂ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ? ਬਾਕੀ ਸਫ਼ਾ 31 ’ਤੇ

# ਦਰਬਾਰ ਸਾਹਿਬ ਵਿੱਚੋਂ ਵੀ.ਆਈ.ਪੀ. ਵਿਹਾਰ ਖ਼ਤਮ ਹੋਵੇ

### ਤਲਵਿੰਦਰ ਸਿੰਘ ਬੁਟਰ

ਸੱਚਖੰਡ ਸ੍ਰੀ ਦਰਬਾਰ ਸਾਹਿਬ ਸਿੱਖੀ ਦਾ ਧੁਰਾ ਹੈ, ਨਿਮਾਣਿਆਂ ਤੇ ਨਿਤਾਣਿਆਂ ਨੂੰ ਆਸਰਾ ਦੇਣ ਵਾਲਾ ਰੂਹਾਨੀਅਤ ਦਾ ਕੇਂਦਰ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਅਸਥਾਨ ਦੀ ਸਥਾਪਨਾ ਚਹੁੰ ਵਰਨਾਂ ਨੂੰ ਇੱਕੋ ਥਾਂ ਤੋਂ ਇੱਕੋ ਸਾਂਝਾ ਉਪਦੇਸ਼ ਦੇਣ ਲਈ ਕੀਤੀ ਸੀ। ਇਹ ਦੁਨੀਆ ਦਾ ਇੱਕੋ-ਇੱਕ ਅਜਿਹਾ ਅਸਥਾਨ ਹੈ, ਜਿੱਥੇ ਸਰਬ-ਸਾਂਝੀਵਾਲਤਾ ਅਤੇ ਊਚ-ਨੀਚ ਨੂੰ ਖ਼ਤਮ ਕਰਨ ਦਾ ਸੰਦੇਸ਼ ਮਿਲਦਾ ਹੈ।

ਜਦੋਂ ਸ਼ਰਧਾਲੂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਪਰਿਕਰਮਾ ਵਿੱਚ ਪ੍ਰਵੇਸ਼ ਕਰਦਿਆਂ ਸਮਰਪਿਤ ਹੋ ਕੇ ਸੀਸ ਝੁਕਾਉਂਦਾ ਹੈ ਤਾਂ ਮਲੀਨ ਤੋਂ ਮਲੀਨ ਆਤਮਾਵਾਂ ਵੀ ਪਵਿੱਤਰਤਾ, ਨੇਕੀ, ਸੇਵਾ, ਸਚਿਆਈ ਅਤੇ ਨਰੋਏਪਨ ਦੇ ਜਜ਼ਬੇ ਨਾਲ਼ ਵਿਸਮਾਦਤ ਹੋ ਜਾਂਦੀਆਂ ਹਨ। ਦਰਬਾਰ ਸਾਹਿਬ ਸਮੂਹ ਦੇ ਅੰਦਰਲਾ ਅਧਿਆਤਮਕ ਮਾਹੌਲ ਉੱਤਮ ਸੁਹਜ ਅਤੇ ਆਤਮਕ ਖੇੜੇ ਨੂੰ ਉਭਾਰਦਾ ਹੈ ਅਤੇ ਸੱਖਣਾ ਮਨੁੱਖ ਵੀ ਬਖ਼ਸ਼ਿਸ਼ਾਂ ਨਾਲ਼ ਆਪਣੀਆਂ ਝੋਲੀਆਂ ਭਰ ਕੇ ਮੁੜਦਾ ਹੈ। ਇੱਕ ਅੰਗਰੇਜ਼ ਇਤਿਹਾਸਕਾਰ ਮਾਈਕਲ ਐਡਵਰਡਜ਼ ਨੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਆਪਣੇ ਅਨੁਭਵ ਇਤਿਹਾਸ ਵਿੱਚ ਦਰਜ ਕੀਤੇ ਹਨ, 'ਮੈਨੂੰ ਇਹ ਵੇਖ ਕੇ ਤਸੱਲੀ ਮਿਲੀ ਹੈ ਕਿ ਦੁਨੀਆ ਵਿੱਚ ਕਿਧਰੇ ਤਾਂ ਕੋਈ ਐਸਾ ਕੇਂਦਰ ਮੌਜੂਦ ਹੈ। ਇੱਥੇ ਹਰ ਧਰਮ ਦੇ ਪ੍ਰਾਣੀ ਦੀ ਪਛਾਣ ਇਹੀ ਹੈ ਕਿ ਉਹ ਅਕਾਲ ਪੁਰਖ ਦੀ ਸੰਤਾਨ ਹੈ ਅਤੇ ਪੂਰੇ ਸਵੈਮਾਣ ਤੇ ਅਜ਼ਾਦੀ ਨਾਲ਼ ਜੀਣ ਦਾ ਉਸ ਨੂੰ ਪਰਾ-ਪੂਰਾ ਹੱਕ ਹੈ।'

ਪਿਛਲੇ ਕੁਝ ਸਮੇਂ ਤੋਂ ਦਰਬਾਰ ਸਾਹਿਬ ਸਮੂਹ ਦੇ ਅੰਦਰ, ਇਸ ਦੀ ਮੌਲਿਕ ਮਰਯਾਦਾ ਦੇ ਉਲਟ ਚੇਤ-ਅਚੇਤ ਰੂਪ ਵਿੱਚ ਵਿਅਕਤੀ ਵਿਸ਼ੇਸ਼ ਨਾਲ਼ ਉਚੇਚਤਾ (ਵੀ.ਆਈ.ਪੀ. ਵਿਹਾਰ) ਦਾ ਵਰਤਾਰਾ ਲਗਾਤਾਰ ਵਧਦਾ ਦਿਖਾਈ ਦੇ ਰਿਹਾ ਹੈ। ਸਿਆਸੀ ਜਾਂ ਹੋਰ ਮਹੱਤਵਪੂਰਨ ਸ਼ਖ਼ਸੀਅਤਾਂ ਨੂੰ ਸੰਗਤ ਦੀਆਂ ਲੰਬੀਆਂ ਕਤਾਰਾਂ ਤੋਂ ਵੱਖਰੇ ਵਿਸ਼ੇਸ਼ ਰਸਤੇ ਰਾਹੀਂ ਮੱਥਾ ਟੇਕਣ ਦੀ ਸਹੂਲਤ ਮੁਹੱਈਆ ਕਰਵਾਉਣੀ, ਦਰਬਾਰ ਸਾਹਿਬ ਦੇ ਅੰਦਰ ਤਸਵੀਰਾਂ ਖਿਚਵਾਉਣ ਦੀ ਖੁੱਲ ਦੇਣੀ ਅਤੇ ਪਰਿਕਰਮਾ ਵਿੱਚ ਵੀ.ਆਈ.ਪੀ. ਵਿਹਾਰ ਕਰਨ ਦੀ ਗੱਲ ਆਮ ਬਣਦੀ ਜਾ ਰਹੀ ਹੈ। ਚੋਣਾਂ ਦਾ ਮਾਹੌਲ ਹੋਣ ਕਾਰਨ ਪਿਛਲੇ ਦਿਨੀਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਆਪੋ-ਆਪਣੀਆਂ ਚੋਣ ਮੁਹਿੰਮਾਂ ਦੀ ਸ਼ੁਰੂਆਤ ਤੋਂ ਪਹਿਲਾਂ ਦਰਬਾਰ ਸਾਹਿਬ ਵਿਖੇ ਆਪਣੇ ਸਿਆਸੀ ਲਾਮ-ਲਸ਼ਕਰਾਂ ਦੇ ਨਾਲ਼ ਮੱਥਾ ਟੇਕਣ ਵੇਲੇ ਕੁਝ ਅਜਿਹੇ ਅਸਹਿਜ ਵਰਤਾਰੇ ਸਾਹਮਣੇ ਆਏ ਹਨ, ਜੋ ਸਿੱਖ ਧਰਮ ਵਿੱਚ ਬਰਾਬਰਤਾ ਦੇ ਸਿਧਾਂਤ ਅਤੇ ਸੱਚਖੰਡ ਦਰਬਾਰ ਸਾਹਿਬ ਦੀ ਸਰਬ-ਸਾਂਝੀਵਾਲਤਾ ਪ੍ਰਧਾਨ ਮਰਯਾਦਾ ਦੇ ਬਿਲਕੁਲ ਉਲਟ ਜਾਂਦੇ ਹਨ।

ਸਿੱਖ ਧਰਮ ਬੁਨਿਆਦੀ ਰੂਪ ਵਿੱਚ ਮਨੁੱਖੀ ਬਰਾਬਰਤਾ ਅਤੇ ਰੱਬੀ ਏਕਤਾ 'ਤੇ ਆਧਾਰਿਤ ਹੈ। ਸਿੱਖ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਦੋ ਮਹੱਤਵਪੂਰਨ ਸੰਸਥਾਵਾਂ ਦਿੱਤੀਆਂ ਹਨ, ਇੱਕ ਪੰਗਤ ਅਤੇ ਦੂਜੀ ਸੰਗਤ। ਗੁਰੂ-ਘਰ ਵਿੱਚ ਰਾਜਾ ਅਤੇ ਰੰਕ ਨੂੰ ਬਰਾਬਰਤਾ ਦੇ ਸਿਧਾਂਤ ਨੂੰ ਰੂਪਮਾਨ ਕਰਦੀ ਇੱਕ ਨਫ਼ੀਸ ਸਾਖੀ ਮਿਲਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਗੋਇੰਦਵਾਲ ਸਾਹਿਬ ਵਿਖੇ ਸਮੇਂ ਦੇ ਬਾਦਸ਼ਾਹ ਅਕਬਰ ਨੇ ਆਉਣ ਦਾ ਸੁਨੇਹਾ ਭੇਜਿਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਅਕਬਰ ਗੁਰੂ ਨਾਨਕ ਦੇ ਦਰਬਾਰ ਵਿੱਚ ਇੱਕ ਸ਼ਰਧਾਲੂ ਵਜੋਂ ਜੀਅ ਸਦਕੇ ਆ ਸਕਦਾ ਹੈ, ਗੁਰੂ ਦੇ ਦੁਆਰ ਹਰੇਕ ਲਈ ਖੁੱਲੇ ਹਨ। ਪਰ ਕਿਸੇ ਹਾਕਮ ਜਾਂ ਰਾਜੇ ਦੀ ਹੈਸੀਅਤ ਵਿੱਚ ਗੁਰੂ ਨਾਨਕ ਦੇ ਦਰਬਾਰ ਵਿੱਚ ਕਿਸੇ ਲਈ 'ਵਿਸ਼ੇਸ਼ਤਾ' ਦੀ ਕੋਈ ਥਾਂ ਨਹੀਂ ਹੈ। ਅਕਬਰ ਨਿਮਰਤਾ ਨਾਲ਼ ਗੋਇੰਦਵਾਲ ਸਾਹਿਬ ਪੁੱਜਾ। ਜੂਹ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਨੰਗੇ ਪੈਰੀਂ ਹੋ ਗਿਆ। ਉਸ ਦੇ ਕੁਝ ਅਹਿਲਕਾਰਾਂ ਨੇ ਪੈਰਾਂ ਹੇਠਾਂ ਮਖਮਲੀ ਕਲੀਨ ਵਿਛਾ ਦਿੱਤੇ ਤਾਂ ਅਕਬਰ ਨੇ ਉਨਾਂ ਉੱਪਰ ਪੈਰ ਨਹੀਂ ਧਰਿਆ। ਆਪਣੇ ਹੱਥ ਨਾਲ਼ ਲਾਂਭੇ ਕਰ ਦਿੱਤਾ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿੱਚ :



**ਅਕਬਰ ਸੁਜਾਨ ਤਹਾਂ ਪਗ ਨਹੀਂ ਧਰਾ।**
**ਨਿਜ ਹਾਥ ਉਠਾਇ ਕਿਨਾਰੇ ਕਰਾ।**
**ਪਗ ਪਿਆਦਾ ਚਲ ਆਇਆ ਗੁਰ ਪਾਸ।**
**ਦੇਖਾ ਦਰਸ਼ਨ ਜੋਤ ਪ੍ਰਕਾਸ।੫।**

ਗੁਰੂ ਸਾਹਿਬ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕੋ, ਫਿਰ ਸੰਗਤ ਵਿੱਚ ਬੈਠੋ। ਗੁਰੂ-ਘਰ ਵਿੱਚ ਬਰਾਬਰੀ ਦੇ ਸਿਧਾਂਤ ਨੂੰ ਵੇਖ ਕੇ ਅਕਬਰ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਰਹਿ ਸਕਿਆ। ਗੁਰੂ ਸਾਹਿਬ ਨੂੰ ਪੁੱਛਣ ਲੱਗਾ ਤੁਹਾਡੇ ਦਰਬਾਰ ਵਿੱਚ ਹਰੇਕ ਵੱਡੇ-ਛੋਟੇ ਤੇ ਅਮੀਰ-ਗ਼ਰੀਬ ਦੇ ਚਿਹਰੇ 'ਤੇ ਦਿਖਾਈ ਦਿੰਦੇ ਇੱਕੋ-ਜਿਹੇ ਨੂਰ ਦਾ ਕੀ ਰਾਜ਼ ਹੈ? ਗੁਰੂ ਸਾਹਿਬ ਨੇ ਉੱਤਰ ਦਿੱਤਾ, ਇਹ ਜੋ ਗੁਰੂ ਨਾਨਕ ਦੇ ਘਰ ਵਿੱਚ ਬਰਾਬਰਤਾ ਵੇਖ ਰਹੇ ਹੋ, ਇਹੀ ਸਾਰੇ ਜਾਹੋ-ਜਲਾਲ ਦਾ ਰਾਜ਼ ਹੈ। ਪਰ ਅੱਜ ਸਾਡੇ ਗੁਰੂ-ਘਰਾਂ ਵਿੱਚ ਚੇਤ-ਅਚੇਤ ਰੂਪ ਵਿੱਚ ਵਰਤ ਰਹੇ ਵਰਤਾਰੇ ਸਿੱਖ ਧਰਮ ਦੀਆਂ ਮੌਲਿਕ ਤੇ ਬੁਨਿਆਦੀ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾ ਰਹੇ ਹਨ। ਗੁਰਦੁਆਰਾ ਸੰਸਥਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਗੁਰੂ ਸਾਹਿਬਾਨ ਨੇ ਹਰੇਕ ਮਨੁੱਖ ਮਾਤਰ ਵਾਸਤੇ ਅਧਿਆਤਮ ਵਿੱਚ ਆਪਣੇ ਮਨ-ਤਨ ਨੂੰ ਰੰਗਣ ਵਾਸਤੇ ਮਹਿਫ਼ੂਜ਼ ਮਾਹੌਲ ਦੇਣ ਲਈ ਕੀਤੀ ਸੀ। ਸਿੱਖਾਂ ਦੇ ਗੁਰਧਾਮਾਂ ਅੰਦਰ ਆਮ ਸੰਗਤਾਂ ਵਿੱਚ ਨਿਰਭੈਅਤਾ, ਬਰਾਬਰਤਾ ਅਤੇ ਸੁਰੱਖਿਆ ਦੀ ਭਾਵਨਾ ਕਾਇਮ ਰੱਖਣ ਲਈ ਕਿਸੇ ਵੀ ਮਹੱਤਵਪੂਰਨ ਵਿਅਕਤੀ ਦੀ ਸੁਰੱਖਿਆ ਲਈ ਹਥਿਆਰਬੰਦ ਵਿਅਕਤੀਆਂ ਦੇ ਦਾਖ਼ਲ ਹੋਣ 'ਤੇ ਮਨਾਹੀ ਹੈ। ਪਰ ਹੁਣ ਮਹੱਤਵਪੂਰਨ ਵਿਅਕਤੀਆਂ ਦੁਆਰਾ ਦਰਬਾਰ ਸਾਹਿਬ ਦੀ ਯਾਤਰਾ ਦੌਰਾਨ ਜਦੋਂ ਉਨਾਂ ਦੇ ਸਾਦਾ ਵਰਦੀ ਸੁਰੱਖਿਆ ਕਰਮੀ ਆਮ ਸੰਗਤਾਂ ਨੂੰ ਧੱਕੇ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ ਜਾਂ ਫਿਰ ਘੰਟਿਆਂ ਤੋਂ ਲੰਬੀਆਂ ਕਤਾਰਾਂ ਵਿੱਚ ਖੜ ਕੇ ਜਦੋਂ ਸੰਗਤਾਂ ਮੱਥਾ ਟੇਕਣ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੀਆਂ ਹੁੰਦੀਆਂ ਹਨ ਤਾਂ ਪਿੱਛੋਂ ਆ ਕੇ ਕਿਸੇ ਮਹੱਤਵਪੂਰਨ ਵਿਅਕਤੀ ਨੂੰ ਵਿਸ਼ੇਸ਼ ਲਾਂਘੇ ਰਾਹੀਂ ਮੱਥਾ ਟੇਕਣ ਲਈ ਲਿਜਾਇਆ ਜਾਂਦਾ ਹੈ ਅਤੇ ਆਮ ਸੰਗਤਾਂ ਨੂੰ ਲੰਬਾ ਸਮਾਂ ਰੋਕ ਦਿੱਤਾ ਜਾਂਦਾ ਹੈ ਤਾਂ ਉਸ ਵੇਲੇ ਸੰਗਤਾਂ ਵਿੱਚ ਗੁਰੂ-ਘਰ ਦੇ ਅੰਦਰ ਗ਼ੈਰ-ਬਰਾਬਰੀ ਅਤੇ ਵਿਤਕਰੇ ਵਰਗੀ ਅਸਹਿਜ ਅਤੇ ਅਣਕਿਆਸੀ ਭਾਵਨਾ ਪੈਦਾ ਹੋਣੀ ਸਿੱਖ ਧਰਮ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਉਲਟ ਜਾਂਦੀ ਹੈ। ਅਜਿਹਾ ਕਰਨ ਦੇ ਨਾਲ਼ ਗੁਰੂ ਦੀਆਂ ਅਸੀਸਾਂ ਹਾਸਲ ਨਹੀਂ ਹੋ ਸਕਦੀਆਂ।

ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲੱਗਿਆਂ ਸਾਰਿਆਂ ਨੂੰ ਇਹ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਨਿਰਮਲ ਤੇ ਪਵਿੱਤਰ ਜਲ ਦੇ ਐਨ ਵਿਚਕਾਰ ਕਮਲ ਦੇ ਫੁੱਲ ਵਾਂਗ ਸਜੀ ਸੁਨਹਿਰੀ ਚਮਕਦੀ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਕਮਲ ਦੇ ਫੁੱਲ ਵਾਂਗ ਸ਼ੋਭਾ ਪਾਉਂਦੀ ਹੈ ਅਤੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਨੂੰ ਵੀ ਕਮਲ ਦੇ ਫੁੱਲ ਵਾਂਗ ਇਸ ਸੰਸਾਰ ਅੰਦਰ ਰਹਿੰਦਿਆਂ ਨਿਰਲੇਪ, ਸਹਿਜ, ਸ਼ਾਂਤੀ, ਸੰਤੋਖ, ਪਵਿੱਤਰ ਅਤੇ ਆਪਣੇ ਮੂਲ ਨਾਲ਼ ਸੁਰਤ-ਲੀਨ ਰਹਿਣ ਦਾ ਸੁਨੇਹਾ ਦਿੰਦੀ ਹੈ। ਦਰਬਾਰ ਸਾਹਿਬ ਦੀ ਯਾਤਰਾ ਵੇਲੇ ਸਾਨੂੰ ਸੰਸਾਰੀ ਰੁਤਬੇ ਅਤੇ ਹਉਮੈ ਨੂੰ ਪਰਿਕਰਮਾ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਛੱਡ ਕੇ ਅੰਦਰ ਜਾਣਾ ਚਾਹੀਦਾ ਹੈ। ਦਰਬਾਰ ਸਾਹਿਬ ਦੇ ਪ੍ਰਬੰਧਕਾਂ ਅਤੇ ਸ਼੍ਰੋਮਣੀ ਕਮੇਟੀ ਨੂੰ ਵੀ ਗੁਰੂ-ਘਰ ਦੀਆਂ ਮੌਲਿਕ ਤੇ ਬਰਾਬਰਤਾ ਵਾਲੀਆਂ ਪਰੰਪਰਾਵਾਂ ਨੂੰ ਬਹਾਲ ਰੱਖਦਿਆਂ ਹਰੇਕ ਮਰਯਾਦਾ ਨੂੰ ਸਾਰਿਆਂ 'ਤੇ ਇੱਕੋ-ਜਿਹਾ ਲਾਗੂ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਆਮ ਸ਼ਰਧਾਲੂਆਂ ਨੂੰ ਵੀ ਕਿਸੇ ਤਰਾਂ ਦੇ ਵਿਤਕਰੇ ਦਾ ਅਹਿਸਾਸ ਨਾ ਹੋਵੇ ਅਤੇ ਗੁਰੂ ਨਾਨਕ ਦੇ ਘਰ ਦੀ ਸਭੇ ਸਾਂਝੀਵਾਲਤਾ ਦੀ ਖ਼ੁਸ਼ਬੋਈ ਨੂੰ ਹਰੇਕ ਸ਼ਰਧਾਲੂ ਮਾਣ ਸਕੇ।

# ਸ੍ਰੀ ਦਰਬਾਰ ਸਾਹਿਬ ਅਤੇ ਰਾਜਨੀਤਕ ਫੇਰੀਆਂ



### ਹਰਦੇਵ ਸਿੰਘ

ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਰਾਜਨੇਤਾਵਾਂ, ਫ਼ਿਲਮੀ ਅਦਾਕਾਰਾਂ ਅਤੇ ਹੋਰ ਰਈਸਾਂ ਨੂੰ ਇਸ ਪਾਵਨ ਪਵਿੱਤਰ ਅਸਥਾਨ ਵਿਖੇ ਆਉਣ ਤੋਂ ਪਹਿਲਾਂ ਇਸ ਦੀ ਰੂਹਾਨੀ ਹਕੀਕਤ ਬਾਰੇ ਜ਼ਰੂਰ ਜਾਣ ਲੈਣਾ ਚਾਹੀਦਾ ਹੈ। ਦੁਨੀਆਂ ਜਹਾਨ ਦੀਆਂ ਦੌਲਤਾਂ, ਪ੍ਰਸਿੱਧੀਆਂ ਅਤੇ ਪਾਤਸ਼ਾਹੀਆਂ ਇਸ ਪਾਵਨ ਦਰ 'ਤੇ ਆਉਣ ਵਾਲੀਆਂ ਸੰਗਤਾਂ ਦੇ ਜੋੜਿਆਂ ਦੀ ਧੂੜ ਦੇ ਤੁੱਲ ਵੀ ਨਹੀਂ ਹਨ। ਇਸ ਲਈ ਜੇਕਰ ਸੱਚੇ ਦਿਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਦੀ ਤਲ਼ਬ ਹੋਵੇ ਤਾਂ ਦੁਨਿਆਵੀ ਰੁਤਬੇ ਤੇ ਮਨੋਰਥ ਘਰੇ ਛੱਡ ਕੇ ਆਵੋ। ਕਿਸੇ ਵਿਅਕਤੀ ਵਿਸ਼ੇਸ਼ ਦੀ ਸੁਰੱਖਿਆ ਅਤੇ ਦੁਨਿਆਵੀ ਸਰੋਕਾਰਾਂ ਨਾਲ਼ੋਂ ਰੱਬ ਦੇ ਘਰ ਜੁੜੀ ਸੰਗਤ ਦੀ ਪ੍ਰੀਤ-ਇਕਾਗਰਤਾ ਦਾ ਇੱਕ ਪਲ ਲੱਖਾਂ ਗੁਣਾ ਵੱਧ ਕੀਮਤੀ ਹੈ। ਇਸ ਪ੍ਰਥਾਇ ਪੁਰਖਿਆਂ ਤੋਂ ਸੁਣੀਆਂ ਸਾਖੀਆਂ ਅਤੇ ਵੱਡਿਆਂ ਦੇ ਬਚਨ ਸਾਂਝੇ ਕਰ ਰਿਹਾ ਹਾਂ :- ਸਿੱਖ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਭਾਈ ਮਨਸਾ ਸਿੰਘ ਇਤਨੇ ਗ਼ਰੀਬ ਸਨ ਕਿ ਤਵਾ ਵੀ ਮਿੱਟੀ ਦਾ ਇਸਤੇਮਾਲ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਰੁਪਇਆਂ ਦੀ ਥੈਲੀ ਭਰ ਕੇ ਹਾਥੀ 'ਤੇ ਸਵਾਰ ਹੋ ਅੰਮ੍ਰਿਤਸਰ ਨੂੰ ਚੱਲ ਪਏ। ਭਾਈ ਸਾਹਿਬ ਦੇ ਘਰ ਨਜ਼ਦੀਕ ਪੁੱਜੇ ਤਾਂ ਭਾਈ ਸਾਹਿਬ ਨੇ ਦਰ ਢੋਅ ਲਿਆ ਤੇ ਖਿੜਕੀ ਬੰਦ ਕਰ ਲਈ। ਅਹਿਲਕਾਰਾਂ ਨੇ ਬੂਹਾ ਖੋਲਣ ਲਈ ਆਵਾਜ਼ਾਂ ਮਾਰੀਆਂ, ਪਰ ਭਾਈ ਸਾਹਿਬ ਟੱਸ ਤੋਂ ਮੱਸ ਨਾ ਹੋਏ, ਕਹਿੰਦੇ 'ਬੂਹਾ ਖੋਲਾਂ ਨਾ ਤਾਕੀ, ਇਨਾਂ ਦੇ ਚਰਨ ਪੈਂਦੇ ਸਾਰ ਗ਼ਰੀਬੀ ਗਦਾ ਜਾਂਦੀ ਰਹੇਗੀ, ਜੋ ਮੇਰੀ ਸਿੱਖੀ ਦੀ ਜਿੰਦ ਜਾਨ ਹੈ।' ਸ੍ਰੀ ਦਰਬਾਰ ਸਾਹਿਬ ਗੁਰੂ ਕੇ ਬਾਗ਼ ਵਿੱਚ ਕੋਈ ਗੁਰਮੁਖ ਪ੍ਰੇਮੀ ਭਾਈ ਸਾਹਿਬ ਉੱਤਰੇ ਹੋਏ ਸਨ। ਰਾਤ ਸਮੇਂ ਸੰਗਤ ਜੁੜਦੀ, ਕਥਾ ਵਾਰਤਾ ਹੁੰਦੀ। ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਤਾਂ ਦੋ ਥਾਲ ਮੋਹਰਾਂ ਦੇ ਭਰ ਕੇ ਲੈ ਆਏ। ਸਤਿਸੰਗ ਦਾ ਅਨੰਦ ਲਿਆ ਤੇ ਮੋਹਰਾਂ ਦੇ ਥਾਲ ਪੇਸ਼ ਕੀਤੇ। ਭਾਈ ਸਾਹਿਬ ਨੇ ਕਿਹਾ, 'ਗੁਰਮੁਖੋ ਇਹ ਮਾਇਆ ਸਾਡੇ ਕਿਸੇ ਕੰਮ ਨਹੀਂ, ਲੋੜਵੰਦਾਂ ਨੂੰ ਦੇ ਦਿਉ।' ਮਹਾਰਾਜੇ ਨੇ ਅਧੀਨਗੀ ਨਾਲ ਕਿਹਾ, 'ਆਪ ਹੀ ਜਿਸ ਨੂੰ ਲੋੜਵੰਦ ਦੇਖੋ, ਦੇ ਦੇਣੀ।' ਭਾਈ ਸਾਹਿਬ ਨੇ ਮਾਇਆ ਪ੍ਰਵਾਨ ਨਾ ਕੀਤੀ। ਮਹਾਰਾਜੇ ਨੇ ਬੇਨਤੀ ਕੀਤੀ, 'ਮੇਰੇ ਲਈ ਕੋਈ ਹੋਰ ਹੁਕਮ।' ਭਾਈ ਸਾਹਿਬ ਬੋਲੇ, 'ਅੱਗੇ ਨੂੰ ਨਾ ਦਰਸ਼ਨ ਦੇਣੇ ਤੇ ਨਾ ਲੈਣੇ।' ਪ੍ਰੋਫ਼ੈਸਰ ਪੂਰਨ ਸਿੰਘ ਨੇ ਲਿਖਿਆ ਹੈ ਕਿ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਪਰਿਕਰਮਾ ਕਰਨ ਵੇਲੇ ਸਲੈਬਾਂ ਉੱਪਰ ਸੰਭਲ-ਸੰਭਲ ਕੇ ਕਦਮ ਰੱਖੋ, ਹਰ ਇੱਕ ਸਲੈਬ ਹੇਠਾਂ ਮੇਰੀ ਕੌਮ ਦੇ ਸੈਂਕੜੇ ਸ਼ਹੀਦ ਸੁੱਤੇ ਹਨ।










# ਸਿੱਖੀ ਵਿੱਚ ਬੀਬੀਆਂ ਦਾ ਯੋਗਦਾਨ

ਡਾ. ਨਰਿੰਦਰ ਕੌਰ
ਸੰਪਰਕ : ੯੪੧੭੭-੧੯੭੯੮

### ਮਾਤਾ ਖੀਵੀ ਜੀ

ਸਿੱਖ ਇਤਿਹਾਸ ਮੁੱਢ ਕਦੀਮ ਤੋਂ ਹੀ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਬੀਬੀਆਂ ਨੇ ਹਮੇਸ਼ਾ ਹੀ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੂਰਾ ਸਹਿਯੋਗ ਦਿੱਤਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਬੇਬੇ ਨਾਨਕੀ ਨੂੰ ਪਹਿਲਾ ਗੁਰਸਿੱਖ ਆਖਿਆ ਹੈ। ਗੁਰੂ ਨਾਨਕ ਦੇਵ ਦੇ ਆਰੰਭਕ ਜੀਵਨ ਦਾ ਵੱਡਾ ਅੰਸ਼ ਉਨਾਂ ਦੀ ਭੈਣ ਬੇਬੇ ਨਾਨਕੀ ਨਾਲ਼ ਜੁੜਿਆ ਹੈ। ਉਹ ਬੇਬੇ ਨਾਨਕੀ ਹੀ ਸੀ, ਜਿਸ ਨੇ ਆਪਣੇ ਵੀਰ ਵਿੱਚ ਪੀਰ ਵੇਖਿਆ। ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਦੇ ਮਹਿਲ ਮਾਤਾ ਖੀਵੀ ਜੀ ਨੇ ਗੁਰੂ ਨਾਨਕ ਦੀ ਲੰਗਰ ਪਰੰਪਰਾ ਨੂੰ ਅੱਗੇ ਵਧਾਇਆ ਅਤੇ ਬੀਬੀਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਮਾਤਾ ਜੀ ਲੰਗਰ ਦੀ ਸੇਵਾ ਕਰਦੇ। ਇਸੇ ਲਈ ਲੰਗਰ ਉਨਾਂ ਦੇ ਨਾਂ ਮਾਤਾ ਖੀਵੀ ਦਾ ਲੰਗਰ ਨਾਲ਼ ਜਾਣਿਆ ਜਾਂਦਾ ਹੈ। 16ਵੀਂ ਸਦੀ ਵਿੱਚ ਜਦੋਂ ਭਾਰਤ ਵਿੱਚ ਇਸਤਰੀਆਂ ਘਰ ਤੋਂ ਬਾਹਰ ਜਾ ਕੇ ਕੰਮ ਨਹੀਂ ਸਨ ਕਰ ਸਕਦੀਆਂ ਉਦੋਂ ਮਾਤਾ ਜੀ ਘਰੋਂ ਬਾਹਰ ਲੰਗਰ ਦੀ ਸੇਵਾ ਨਿਭਾਉਂਦੇ, ਜੋ ਸਿੱਖ ਧਰਮ ਵਿੱਚ ਇਸਤਰੀ ਅਤੇ ਪੁਰਸ਼ ਨੂੰ ਬਰਾਬਰ ਦਾ ਦਰਜਾ ਦੇਣ ਦਾ ਸਬੂਤ ਵੀ ਸੀ। ਗੁਰੂ ਅੰਗਦ ਦੇਵ ਦੀ ਬੇਟੀ ਬੀਬੀ ਅਮਰੋ ਵੀ ਸਿੱਖ ਧਰਮ ਦੇ ਉੱਘੇ ਪ੍ਰਚਾਰਕ ਸਨ। ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ ਬਾਈ ਮੰਜੀਆਂ ਥਾਪੀਆਂ, ਜਿੰਨਾਂ ’ਚੋਂ ਇੱਕ ਮੰਜੀ ਬੀਬੀ ਅਮਰੋ ਜੀ ਨੂੰ ਸੌਂਪੀ, ਜਿਸ ਨੂੰ ਉਨਾਂ ਨੇ ਬਾਖ਼ੂਬੀ ਨਿਭਾਇਆ। ਗੁਰੂ ਅਮਰਦਾਸ ਨੇ ਪਰਦਾ-ਪ੍ਰਥਾ ਅਤੇ ਸਤੀ-ਪ੍ਰਥਾ ਦਾ ਵਿਰੋਧ ਕੀਤਾ ਅਤੇ ਕਈ ਬੀਬੀਆਂ ਨੂੰ ਧਰਮ ਪ੍ਰਚਾਰ ਦੀ ਸੇਵਾ ’ਤੇ ਲਾਇਆ। ਮਾਤਾ ਗੁਜਰੀ ਜੀ ਦੀ ਨਿਡਰਤਾ, ਹੌਂਸਲਾ, ਸੀਲ-ਸੰਜਮ ਅਤੇ ਸਿੱਖਿਆਵਾਂ ਸਦਕਾ ਹੀ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੇ ਜਨਮ ਲਿਆ, ਜਿਸ ਨੇ ਸੰਪੂਰਣ ਵਿਸ਼ਵ ਵਿੱਚ ਮਿਸਾਲ ਕਾਇਮ ਕਰ ਦਿੱਤੀ। ਉਨਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਨ ਵਿੱਚ ਵੀਰਤਾ ਨੂੰ ਜਗਾ ਦਿੱਤਾ। ਜਿਸ ਸਦਕਾ ਖ਼ਾਲਸਾ ਰਾਜ ਸਥਾਪਿਤ ਹੋਇਆ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਜਦੋਂ ਖ਼ਾਲਸਾ ਪੰਥ ਸਾਜਿਆ ਉਦੋਂ ਮਾਤਾ ਜੀਤੋ ਜੀ ਨੇ ਅੰਮ੍ਰਿਤ ਦੇ ਬਾਟੇ ਵਿੱਚ ਪਤਾਸੇ ਪਾ ਕੇ ਆਪਣਾ ਯੋਗਦਾਨ ਪਾਇਆ। ਇਹ ਹੀ ਨਹੀਂ ਮਾਤਾ ਸੁੰਦਰੀ ਜੀ ਗੁਰੂ ਸਾਹਿਬ ਦੇ ਜਾਣ ਤੋਂ ਬਾਅਦ ਤਕਰੀਬਨ 40 ਸਾਲ ਸਮੇਂ-ਸਮੇਂ ’ਤੇ ਫ਼ਰਮਾਨ ਜਾਰੀ ਕਰਦੇ ਰਹੇ, ਜਿਸ ਨੂੰ ਸਾਰਾ ਖਾਲਸਾ ਪੰਥ ਸਵੀਕਾਰ ਕਰਦਾ। ਉਨਾਂ ਨੇ ਗੁਰੂ ਸਾਹਿਬ ਦੀਆਂ ਲਿਖਤਾਂ ਇਕੱਠੀਆਂ ਕਰ ਕੇ ਉਨਾਂ ਨੂੰ ਛਪਵਾਇਆ ਤੇ ਗੁਰਦੁਆਰਿਆਂ ਦਾ ਪ੍ਰਬੰਧ ਸਾਂਭਿਆ। ਉਨਾਂ ਆਪਣੀ ਮੋਹਰ ਵੀ ਬਣਵਾਈ, ਜਿਸ ਦੁਆਰਾ ਉਹ ਸਿੱਖ ਫੌਜਾਂ ਨੂੰ ਹੁਕਮ ਜਾਰੀ ਕਰਦੇ। ਮਾਤਾ ਭਾਗ ਕੌਰ ਪਹਿਲੀ ਸਿੱਖ ਇਸਤਰੀ ਸਨ, ਜਿਨਾਂ ਨੇ ਜੰਗ ਵਿੱਚ





ਹਿੱਸਾ ਲਿਆ। ਪਹਿਲਾਂ ਉਨਾਂ ਨੇ ਸਿੰਘਾਂ ਨੂੰ ਪ੍ਰੇਰਿਆ ਅਤੇ ਫਿਰ ਆਪ ਗੁਰੂ ਸਾਹਿਬ ਨਾਲ਼ ਰਲ਼ਾ ਕੇ ਮੁਗਲਾਂ ਖ਼ਿਲਾਫ਼ ਜੰਗ ਲੜੀ ਅਤੇ ਫ਼ਤਹਿ ਹਾਸਲ ਕੀਤੀ। ਸਿੱਖ ਇਤਿਹਾਸ ਦੀ ਇਸ ਛੋਟੀ ਜਿਹੀ ਝਾਤ ਤੋਂ ਇਲਾਵਾ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜੀਏ ਤਾਂ ਅਸੀਂ ਵੇਖਦੇ ਹਾਂ ਕਿ ਸੰਪੂਰਣ ਗੁਰੂ ਗ੍ਰੰਥ ਸਾਹਿਬ ਸਾਨੂੰ ਪੁਰਖ ਅਤੇ ਇਸਤਰੀ ਦੇ ਇੱਕ ਸਮਾਨ ਹੋਣ ਦਾ ਸੰਦੇਸ਼ ਦਿੰਦਾ ਹੈ। ਅਨੇਕਾਂ ਵਾਰ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਅਤੇ ਪੁਰਖ ਦੋਹਾਂ ਨੂੰ ਜੀਵ-ਆਤਮਾ ਰੂਪ ਵਿੱਚ ਸੰਬੋਧਿਤ ਕਰਦਿਆਂ ਭੈਣੋ, ਸਖੀ, ਸਹੇਲੀ ਆਦਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਕੇਵਲ ਪਰਮਾਤਮਾ ਨੂੰ ਹੀ ਪੁਰਖ ਰੂਪ ਜਾਣਿਆ ਗਿਆ ਹੈ। ‘ਆਸਾ ਦੀ ਵਾਰ’ ਵਿੱਚ ਗੁਰੂ ਨਾਨਕ ਦੇਵ ਨੇ ਸੰਸਾਰ ਦਾ ਸੰਪੂਰਣ ਜੀਵਨ-ਚੱਕਰ ਇਸਤਰੀ ਨਾਲ਼ ਹੀ ਦੱਸਿਆ ਹੈ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ।।**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ।।**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ।।**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ।।** (ਗੁਰੂ ਗ੍ਰੰਥ ਸਾਹਿਬ, ਅੰਗ: ੪੭੩)

### ਮਾਈ ਭਾਗੋ ਜੀ

ਵਿਸ਼ਵ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਕਿ ਇਸਤਰੀ ਅਤੇ ਪੁਰਖ ਨੂੰ ਬਰਾਬਰ ਰੱਖਣ ਲਈ ਦੋਹਾਂ ਨੂੰ ਹੀ ਪੰਜ ਕਕਾਰ ਪੁਆਏ ਗਏ, ਤਾਂ ਜੋ ਇਸਤਰੀ ਆਪਣੀ ਸਰੀਰਕ ਰੱਖਿਆ ਆਪ ਕਰ ਸਕੇ ਅਤੇ ਦੋਹਾਂ ਵਿੱਚ ਕਿਸੇ ਵੀ ਪ੍ਰਕਾਰ ਦਾ ਭੇਦ ਨਾ ਰੱਖਿਆ ਜਾਵੇ। ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਜਿਸ ਵਿੱਚ ਬੀਬੀਆਂ ਨੂੰ ਕੇਵਲ ਮਾਣ-ਸਨਮਾਨ ਹੀ ਨਹੀਂ ਬਲਕਿ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ। ਨਾ ਤਾਂ ਸਿੱਖ ਰਹਿਤ ਮਰਯਾਦਾ ਅਤੇ ਨਾ ਹੀ ਕਿਤੇ ਹੋਰ ਬੀਬੀਆਂ ਨੂੰ ਸਿੰਘਾਂ ਤੋਂ ਵੱਖ ਮੰਨਿਆ ਗਿਆ ਹੈ। ਦੋਨਾਂ ਨੂੰ ਇੱਕੋ ਦ੍ਰਿਸ਼ਟੀ ਨਾਲ਼ ਇੱਕੋ ਜਿਹਾ ਉਪਦੇਸ਼ ਅਤੇ ਆਦੇਸ਼ ਦਿੱਤਾ ਗਿਆ ਹੈ। ਜੇ ਕੀਰਤਨ ਦੀ ਗੱਲ ਕਰੀਏ ਤਾਂ ਅਜੋਕੇ ਸਮੇਂ ਵਿੱਚ ਬੀਬੀਆਂ ਵੱਡੇ ਤੋਂ ਵੱਡੇ ਕੀਰਤਨ ਦਰਬਾਰ ਦੀ ਸਟੇਜ ’ਤੇ ਕੀਰਤਨ ਕਰਦੀਆਂ ਹਨ, ਇੱਥੋਂ ਤੱਕ ਕਿ ਗੁਰਦੁਆਰਾ ਦੀਵਾਨ ਹਾਲ, ਮੰਜੀ ਸਾਹਿਬ, ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਵੀ ਬੀਬੀਆਂ ਕੀਰਤਨ ਕਰਦੀਆਂ ਹਨ। ਅੱਜ ਬੀਬੀਆਂ ਰਾਗਾਂ ਵਿੱਚ ਕੀਰਤਨ ਕਰਦੀਆਂ ਹਨ। ਬੀਬੀਆਂ ਦੀ ਕੀਰਤਨ ਸਮਰੱਥਾ ਵਿੱਚ ਕੋਈ ਘਾਟ ਨਹੀਂ। ਕੁਝ ਸਮੇਂ ਤੋਂ ਮਾਤਾ ਗੁਜਰੀ ਜੀ ਨੂੰ ਸਮਰਪਿਤ ਬੀਬੀਆਂ ਦੇ ਕੀਰਤਨ ਦਰਬਾਰ ਵੀ ਹੋਣ ਲੱਗ ਪਏ ਹਨ। ਜ਼ਿਆਦਾ ਕੀਰਤਨੀ ਜਥੇ ਭਾਵੇਂ ਮਰਦਾਂ ਦੇ ਹੀ ਰਹੇ ਹਨ ਪਰ ਸਿੱਖ ਧਰਮ ਦਾ ਵਿਰਸਾ ਇਸਤਰੀ ਨੂੰ ਕਿਸੇ ਵੀ ਪੱਖ ਤੋਂ ਘੱਟ ਨਹੀਂ ਮੰਨਦਾ ਅਤੇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਿੱਖ ਇਤਹਾਸ ਵਿੱਚ ਜਦੋਂ-ਜਦੋਂ ਵੀ ਲੋੜ ਪਈ ਬੀਬੀਆਂ ਨੇ ਅਗਾਂਹ ਵੱਧ ਕੇ ਅਹਿਮ ਰੋਲ ਅਦਾ ਕੀਤਾ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਇਸਤਰੀ ਨਾਲ਼ ਮਾੜਾ ਵਤੀਰਾ ਕੀਤਾ ਜਾਂਦਾ ਸੀ, ਇੱਥੋਂ ਤੱਕ ਕਿ ਮਾਹਾਂਵਾਰੀ ਵਾਲੇ ਦਿਨਾਂ ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ, ਉਸ ਨੂੰ ਘਰ ਦੇ ਚੌਂਕੇ ਅਤੇ ਮੰਦਰ ਵਿੱਚ ਵੜਨ ਦੀ ਇਜਾਜ਼ਤ ਨਹੀਂ ਸੀ, ਉਸ ਵੇਲੇ ਗੁਰੂ ਸਾਹਿਬਾਨ ਨੇ ਇਸਤਰੀ ਦੇ ਦਰਜੇ ਨੂੰ ਉੱਚਾ ਉਠਾਇਆ ਅਤੇ ਆਖਿਆ:

**ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ।।**
**ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ।।**
**ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ ।।**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ।।** (ਗੁਰੂ ਗ੍ਰੰਥ ਸਾਹਿਬ, ਅੰਗ ੪੭੨)

ਅੱਜ ਸਿੱਖ ਧਰਮ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਪ੍ਰਬੰਧਿਤ ਧਰਮ ਬਣ ਚੁੱਕਿਆ ਹੈ। ਇਸ ਵਿੱਚ ਬੀਬੀਆਂ ਦਾ ਪੂਰਾ ਯੋਗਦਾਨ ਹੈ। ਸਿੱਖ ਧਰਮ ਦੁਨੀਆਂ ਦੇ ਸਾਹਮਣੇ ਮਿਸਾਲ ਕਾਇਮ ਕਰ ਚੁੱਕਿਆ ਹੈ। ਮੈਂ ਆਸ ਕਰਦੀ ਹਾਂ ਕਿ ਬੀਬੀਆਂ ਸਿੱਖ ਸਰਗਰਮੀਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਤਾਂ ਜੋ ਆਉਣ ਵਾਲੀਆਂ ਪੀੜੀਆਂ ਤੱਕ ਸਿੱਖ ਵਿਰਸਾ ਪਹੁੰਚਾਇਆ ਜਾ ਸਕੇ। ਵਿਰਸੇ ਦੀ ਸੰਭਾਲ ਅਤੇ ਪ੍ਰਸਾਰ ਇੱਕ ਇਸਤਰੀ ਪੁਰਖ ਨਾਲ਼ੋਂ ਵਧੇਰੇ ਸਫ਼ਲਤਾਪੂਰਵਕ ਢੰਗ ਨਾਲ਼ ਕਰ ਸਕਦੀ ਹੈ।

# ਹਿਫ਼ਾਜਤ ਤੇ ਲਿਆਕਤ ਵਾਲਾ ਮੇਰਾ ਸਰਦਾਰ

ਜਸਕਰਨ ਬੰਗਾ

ਛੋਟੇ ਹੁੰਦਿਆਂ ਖੇਲਦੀ ਦੇ ਅੱਖ ’ਚ ਬੱਜਰੀ ਦੀ ਬੱਟੀ ਲੱਗ ਗਈ ਤਾਂ ਅੱਖ ਦਾ ਅਪਰੇਸ਼ਨ ਕਰਕੇ ਪੱਥਰ ਦੀ ਅੱਖ ਬਦਲਣੀ ਪਈ ਤੇ ਮੈਨੂੰ ਵਾਰ-ਵਾਰ ਅੱਖ ਝਪਕਣ ਦੀ ਆਦਤ ਪੈ ਗਈ ਸੀ।

ਅੱਖ ਕਰਕੇ ਕਿਤੇ ਸਾਕ ਨਹੀਂ ਹੋ ਰਿਹਾ ਸੀ। ਫੇਰ ਮਾਸੀ ਨੇ ਆਪਣੀ ਰਿਸ਼ਤੇਦਾਰੀ ’ਚ ਮੇਰਾ ਸਾਕ ਕਰਵਾ ਦਿੱਤਾ।

ਲਾਣੇਦਾਰ ਰੰਗ ਦਾ ਥੋੜਾ ਪੱਕਾ ਤੇ ਉਮਰ ’ਚ ਵੀ ਮੇਰੇ ਤੋਂ ਵੱਡਾ ਸੀ। ਛੋਟੀ ਹੁੰਦੀ ਨੇ ਭੈਣਾਂ ਨਾਲ਼ ਮਿਲ ਕੇ ਰਾਜਕੁਮਾਰਾਂ ਵਾਲੇ ਖ਼ੁਆਬ ਵੇਖੇ ਸੀ ਸਭ ਮਿੱਟੀ ’ਚ ਮਿਲ ਗਏ। ਭੈਣਾਂ ਸੋਹਣੀਆਂ ਵੀ ਸੀ ਤੇ ਪੜੀਆਂ ਲਿਖੀਆਂ ਵੀ।

ਓਹਨਾਂ ਨੂੰ ਤਾਂ ਓਹਨਾਂ ਦੇ ਰਾਜਕੁਮਾਰ ਸਰਕਾਰੀ ਨੌਕਰੀਆਂ ਵਾਲੇ ਮਿਲ ਗਏ। ਪਰ ਮੇਰਾ ਸਰਦਾਰ ਖੇਤਾਂ ’ਚ ਮਿੱਟੀ ਨਾਲ਼ ਮਿੱਟੀ ਹੋਣ ਵਾਲਾ ਸੀ।

ਬਾਪ ਦੇ ਘਰ ਕਿਸੇ ਚੀਜ਼ ਦੀ ਕਮੀਂ ਨਹੀਂ ਸੀ ਚਾਹੁੰਦੀ ਤਾਂ ਸਾਰੀ ਜ਼ਿੰਦਗੀ ਵੀ ਬਾਪ ਦੇ ਦਰ ਤੇ ਬੈਠ ਕੇ ਕੱਟ ਸਕਦੀ ਸੀ। ਪਰ ਆਂਢ-ਗੁਆਂਢ ’ਚ ਨਨਾਣ-ਭਰਜਾਈਆਂ ਦੇ ਹੁੰਦੇ ਕਲੇਸ਼ ਵੇਖ ਕੇ ਭਰਾਵਾਂ ਨਾਲ਼ ਸ਼ਰੀਕਚਾਰੀ ਨਹੀਂ ਪਾਉਣਾ ਚਾਹੁੰਦੀ ਸੀ।

ਸਹੁਰੇ ਘਰ ’ਚ ਵੇਖਿਆ ਮੇਰੇ ਸਰਦਾਰ ਦੀ ਕੋਈ ਇੱਜ਼ਤ ਹੀ ਨਹੀਂ ਸੀ। ਉਹ ਵੀ ਐਸਾ ਭਲਾ ਮਾਣਸ ਇਨਸਾਨ ਸੀ, ਮਾਂ ਤੇ ਭਰਜਾਈਆਂ ਨੇ ਜੋ ਆਖਣਾ ਹਰ ਗੱਲ ਨੂੰ ਸੱਤ ਵਚਨ ਆਖ ਕੇ ਲੱਗਿਆ ਰਹਿੰਦਾ ਸੀ।



ਪਹਿਲਾਂ-ਪਹਿਲਾਂ ਤਾਂ ਮੈਂ ਵੀ ਇਹਨਾਂ ਨੂੰ ਦਿਲੋਂ ਕਬੂਲ ਨਹੀਂ ਕੀਤਾ ਸੀ। ਪਰ ਓਹਦੇ ਬਿਨਾਂ ਕੋਈ ਸਹਾਰਾ ਵੀ ਨਹੀਂ ਸੀ। ਫੇਰ ਰੱਬ ਦਾ ਭਾਣਾ ਮੰਨ ਕੇ ਖ਼ੁਦ ਨਾਲ਼ ਧੱਕਾ ਕਰ ਲਿਆ ਤੇ ਇਹਨਾਂ ਨੂੰ ਹੀ ਰਾਂਝਣ ਮਾਹੀ ਮੰਨ ਲਿਆ।

ਮੇਰੇ ਪੇਕੇ ਘਰ ’ਚ ਮੇਰੇ ਭਣੋਈਆਂ ਦੀ ਪੂਰੀ ਇੱਜ਼ਤ ਹੋਇਆ ਕਰਦੀ ਸੀ ਤੇ ਸਾਡੇ ਗਿਆਂ ਤੇ ਜਵਾਈਆਂ ਵਾਲਾ ਬਣਦਾ ਕੋਈ ਮਾਣ-ਤਾਣ ਨਾ ਕੀਤਾ ਜਾਂਦਾ ਸੀ। ਇਹ ਸਭ ਵੇਖ ਕੇ ਕਦੇ ਇਹਨਾਂ ਨੇ ਕੋਈ ਸ਼ਿਕਾਇਤ ਨਹੀਂ ਕੀਤੀ ਸੀ।

ਇਹਨਾ ’ਚ ਇੰਨੀਂ ਨਰਮ ਦਿਲੀ ਸੀ ਕਿ ਕੋਈ ਲੱਖ ਮਾੜਾ ਕਰ ਲਵੇ ਕਿਸੇ ਨੂੰ ਕਦੇ ਓਏ ਕਹਿ ਕੇ ਗੱਲ ਨਹੀਂ ਕਰਿਆ ਕਰਦੇ ਸੀ। ਮੈਂ ਬਹੁਤ ਸਮਝਾਉਣਾ ਕੇ ਥੋੜਾ ਆਕੜ ਨਾਲ਼ ਰਿਹਾ ਕਰੋ ਤਾਂ ਕਹਿਣਾ ਭਲੀਏ ਜ਼ਾਤੇ ਰੱਬ ਦੇ ਘਰ ’ਚ ਆਕੜਾਂ ਵਾਲੇ ਪ੍ਰਵਾਨ ਨਹੀਂ ਹੁੰਦੇ। ਐਸੀਆਂ ਗੱਲਾਂ ਸੁਣਕੇ ਮੈਂ ਅਕਸਰ ਲੜ ਪਿਆ ਕਰਦੀ ਸੀ।

ਛੋਟੇ ਵੀਰ ਦਾ ਵਿਆਹ ਸੀ ਤਾਂ ਓਥੇ ਹਾਸੇ ਮਜ਼ਾਕ ’ਚ ਵੱਡੇ ਜੀਜੇ ਨੇ ਇਹਨਾਂ ਨੂੰ ਟਿੱਚਰ ਕਰ ਦਿੱਤੀ ਕਿ ਭਰਾ ਆਪਣੀ ਨਾਲ਼ ਦੀ ਨੂੰ ਸੰਭਾਲ ਕੇ ਰੱਖਿਆ ਕਰ ਮੈਨੂੰ ਅੱਖਾਂ ਮਾਰਦੀ ਰਹਿੰਦੀ ਆ।

ਮੇਰਾ ਮਜ਼ਾਕ ਉਡਾਇਆ ਤਾਂ ਇਹਨਾ ਕੋਲੋਂ ਬਰਦਾਸ਼ਤ ਨਾ ਹੋਇਆ ਤੇ ਓਥੇ ਹੀ ਸਾਰੇ ਰਿਸ਼ਤੇਦਾਰਾਂ ਸਾਂਵੇ ਓਹਨੂੰ ਗਲਮੇ ਤੋਂ ਫੜ ਲਿਆ ਤੇ ਓਹਦੀ ਚੰਗੀ ਖ਼ਾਤਿਰਦਾਰੀ ਕੀਤੀ ਬਾਪੂ ਤੇ ਭਰਾਵਾਂ ਦੀਆਂ ਅੱਖਾਂ ’ਚ ਬੇਸ਼ੱਕ ਇਹਨਾਂ ਲਈ ਗੁੱਸਾ ਸੀ। ਪਰ ਮੈਨੂੰ ਆਪਣੇ ਸਰਦਾਰ ਤੇ ਮਾਣ ਮਹਿਸੂਸ ਹੋ ਰਿਹਾ ਸੀ। **ਬਾਕੀ ਸਫ਼ਾ 20 ’ਤੇ**

## ਔਰਤ ਦੀ ਨਮੋਸ਼ੀ

ਪ੍ਰਾਹੁਣਿਆਂ ਦੁਪਹਿਰੇ ਆਉਣਾ ਸੀ ਪਰ ਤਿਆਰੀ ਸਵੇਰ ਤੋਂ ਹੀ ਸ਼ੁਰੂ ਹੋ ਗਈ..

ਆਂਢ-ਗੁਆਂਢ, ਗਲੀ, ਵਿਹੜਾ, ਸਬਾਤ, ਚੌਂਕਾ, ਗ਼ੁਸਲਖ਼ਾਨਾ, ਬੈਠਕ, ਡਿਓਢੀ ਅਤੇ ਕੁਰਸੀਆਂ-ਮੇਜ਼ ਸ਼ੀਸ਼ੇ ਵਾਂਙ ਚਮਕ ਰਹੀਆਂ ਸਨ।

ਹਰੇਕ ਨੂੰ ਹਿਦਾਇਤਾਂ ਸਨ। ਕਿਹੜਾ ਸੂਟ, ਕਿਹੜੀ ਚੁੰਨੀ ਅਤੇ ਕਿਹੜੀ ਪੱਗ ਅਤੇ ਕਿਹੜੀ ਜੁੱਤੀ ਪਾਉਣੀ ਏ ਕਿਸਨੇ ਪ੍ਰਾਹੁਣਿਆਂ ਕੋਲ਼ ਬੈਠ ਗੱਲਾਂ ਕਰਨੀਆਂ ਤੇ ਕਿਸਨੇ ਸਿਰਫ਼ ਫ਼ਤਹਿ ਬੁਲਾ ਕੇ ਹੀ ਅੰਦਰ ਵੜ ਜਾਣਾ।

ਅਚਾਨਕ ਕਿਸੇ ਨੇ ਉੱਚੀ ਸਾਰੀ ਹਾਕ ਮਾਰੀ। ਰਾਣੀ ਕਿੱਥੇ ਏ ? ਸਵੇਰ ਦੀ ਦਿਸੀ ਨਹੀਂ !

ਮਾਂ ਓਸੇ ਵੇਲੇ ਨੱਸੀ ਗਈ। ਅੰਦਰ ਗੋਡਿਆਂ ਵਿੱਚ ਸਿਰ ਦੇ ਕੇ ਬੈਠੀ ਨੂੰ ਝਿੜਕਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਤੂੰ ਅੱਜ ਫੇਰ ਲੇਟ ਕਰਵਾ ਦੇਣਾ। ਵੇਲੇ ਸਿਰ ਠੀਕ ਤਰਾਂ ਬਣ ਫਬ ਕੇ ਹੀ ਬਾਹਰ ਆਵੀਂ।

ਉਹ ਸਾਰੇ ਸੂਟ ਆਪਣੇ ਸਾਹਮਣੇ ਖਿਲਾਰੀ ਬੈਠੀ ਚੁੱਪ-ਚਾਪ ਸੁਣੀ ਗਈ। ਫੇਰ ਆਖਣ ਲੱਗੀ ਹੁਣ ਤੇ ਸਿਰਫ਼ ਉਹ ਫਿਰੋਜ਼ੀ ਸੂਟ ਹੀ ਬਚਿਆ



ਏ। ਬਾਕੀ ਸਾਰੇ ਤਾਂ ਪਹਿਲੋਂ ਵੇਖਣ ਆਇਆਂ ਵੇਲੇ ਪਾ ਕੇ ਵੇਖ ਲਏ। ਜੇ ਇਹ ਵੀ ਨਾ..

ਮਾਂ ਨੇ ਛੇਤੀ ਨਾਲ ਮੂੰਹ ਅੱਗੇ ਹੱਥ ਦੇ ਦਿੱਤਾ। ਇੰਝ ਨੀ ਆਖੀਦਾ! ਬਦਸ਼ਗਨੀ ਹੁੰਦੀ। ਤੂੰ ਬੱਸ ਡੇਰੇ ਵਾਲੇ ਬਾਬੇ ਜੀ ਦੇ ਪ੍ਰਸ਼ਾਦ ਦਾ ਫੱਕਾ ਮਾਰ ਬਾਹਰ ਆ ਜਾਣਾ। ਮੱਥੇ ’ਤੇ ਨਿੱਕਲੇ ਕਿੱਲ-ਛਾਹੀਆਂ ’ਤੇ ਸ਼ਹਿਰੋਂ ਲਿਆਂਦੀ ਕਰੀਮ ਲਾਉਣਾ ਨਾ ਭੁੱਲੀਂ।

ਫੇਰ ਪ੍ਰਾਹੁਣੇ ਆਏ। ਖਾਣ-ਪੀਣ ਮਗਰੋਂ ਆਖਣ ਲੱਗੇ ਰਾਣੀ ਨੂੰ ਬੁਲਾਓ।

ਰਾਣੀ ਓਸੇ ਗਲ ਪਾਏ ਪੁਰਾਣੇ ਸੂਟ ਵਿੱਚ ਹੀ ਬਾਹਰ ਆ ਗਈ। ਨਾ ਪ੍ਰਸ਼ਾਦ ਖਾਧਾ ਤੇ ਨਾ ਹੀ ਮੂੰਹ ’ਤੇ ਕਰੀਮ ਲਾਈ।

ਅਗਲੇ ਦਿਨ ਪਿੰਡ ਵਿੱਚ ਰੌਲਾ ਪੈ ਗਿਆ। ਰਾਣੀ ਮੰਗੀ ਗਈ। ਰਿਸ਼ਤਾ ਪੱਕਾ ਹੋ ਗਿਆ। ਉਹ ਵੀ ਬਿਨਾਂ ਦਾਜ-ਵਰੀ ਦੇ ਚੱਕਰਾਂ ਤੋਂ। ਬਰਾਤ ਵਿੱਚ ਵੀ ਸਿਰਫ਼ ਪੰਜ ਜਾਂਞੀ।

ਸਭ ਖ਼ੁਸ਼ ਸਨ ਪਰ ਨੁੱਕਰ ਵਿੱਚ ਪਈ ਕਰੀਮ ਅਤੇ ਲਿਫ਼ਾਫ਼ੇ ਵਿੱਚ ਬੰਦ ਪ੍ਰਸ਼ਾਦ ਰੋ ਰਹੇ ਸਨ।

ਹਰਪ੍ਰੀਤ ਸਿੰਘ ਜਵੰਦਾ

# ਬੀਬੀ ਭਾਗ ਕੌਰ ਜੀ

**ਦਾਸ ਜੋਰਾਵਰ ਸਿੰਘ ਤਰਸਿੱਕਾ**

ਪੱਟੀ ਦੇ ਇਲਾਕੇ ਦਾ ਚੌਧਰੀ ਲੰਘਾਹ ਝਬਾਲ ਦਾ ਵਾਸੀ ਅੱਸੀ ਪਿੰਡਾਂ ਦਾ ਮਾਮਲਾ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿੱਚ ਦਾਖ਼ਲ ਕਰਾਉਂਦਾ ਸੀ। ਸਰਕਾਰੀ ਭੈ ਦਾ ਜੂਲਾ ਲਾਹ ਕੇ ਉਹ ਗੁਰੂ ਦਾ ਪੂਰਾ ਸ਼ਰਧਾਲੂ ਬਣ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਲਾਹੌਰ ਜਾਣ ਵਾਲਿਆਂ ਪੰਜਾਂ ਪ੍ਰਮੁੱਖ ਸਿੱਖਾਂ ਵਿੱਚੋਂ ਆਪ ਇੱਕ ਸਨ ਇਸ ਤੋਂ ਪਹਿਲਾਂ ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵੇਲੇ ਮਹਾਨ ਸੇਵਾ ਕੀਤੀ। ਅੰਮ੍ਰਿਤਸਰ ਤੇ ਹੱਲਾ ਹੋ ਜਾਣ ਕਰਕੇ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦੀ ਜ਼ਿੰਮੇਵਾਰੀ ਖ਼ਰਚ ਆਦਿ ਹੋਰ ਸੇਵਾ ਆਪ ਨੇ ਖਿੜੇ ਮੱਥੇ ਨਿਭਾਈ। ਇਸ ਦੀ ਉਸ ਵੇਲੇ ਦੀ ਹਵੇਲੀ ਵਿੱਚ ਬੀਬੀ ਵੀਰੋ ਜੀ ਦੇ ਵਿਆਹ ਦੀ ਯਾਦ ਵਿੱਚ ਇੱਕ ਗੁਰਦੁਆਰਾ ਬਣਿਆ ਹੋਇਆ ਹੈ। ਜਿੱਥੇ ਹਰ ਸਾਲ ਵਿਆਹ ਵਾਲੇ ਦਿਨ ਦੀ ਯਾਦ ਤਾਜ਼ਾ ਕਰਨ ਲਈ ਮੇਲਾ ਲਗਦਾ ਹੈ। ਭਾਈ ਲੰਘਾਹ ਦੇ ਭਰਾ ਪੈਰੋਸ਼ਾਹ ਦੇ ਪੁੱਤਰ ਮਾਲੇ ਸ਼ਾਹ ਦੇ ਘਰ ਤਿੰਨ ਭਰਾਵਾਂ ਤੋਂ ਬਾਅਦ ਇੱਕ ਪੁੱਤਰੀ ਜੰਮੀ ਜਿਸ ਦਾ ਨਾਂ ਭਾਗੋ (ਭਾਗਾਂ ਵਾਲੀ) ਰੱਖਿਆ। ਇਸੇ ਦੇ ਬਾਬੇ ਤੋਂ ਗੁਰੂਘਰ ਨਾਲ ਸਬੰਧ ਤੁਰੇ ਆ ਰਹੇ ਸਨ। ਭਾਗ ਕੌਰ ਨੇ ਛੇਵੇਂ ਗੁਰੂ ਤੋਂ ਦਸਵੇਂ ਗੁਰੂ ਤੱਕ ਪੰਜਾਂ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਸਨ। ਆਪ ਦੇ ਪਿਤਾ ਮਾਲੋ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਾਰੀਆਂ ਲੜਾਈਆਂ ਵਿੱਚ ਬੜੀ ਬਹਾਦਰੀ ਨਾਲ ਜੂਝਦਾ ਰਿਹਾ ਸੀ। ਪਹਿਲੇ ਯੁੱਧ ਅੰਮ੍ਰਿਤਸਰ ਵਿੱਚ ਗੁਰੂ ਜੀ ਤੇ ਭੀੜ ਪਈ ਸੁਣ ਇਲਾਕੇ ਵਿੱਚੋਂ ਸਿਰਲੱਥ ਗੱਭਰੂ ਇਕੱਠੇ ਕਰ ਰਾਤੋ-ਰਾਤ ਅੰਮ੍ਰਿਤਸਰ ਪੁੱਜ ਗਿਆ, ਕਾਫ਼ੀ ਸੂਰਮਤਾਈ ਦਿਖਾਈ। ਕਾਕੀ ਭਾਗੋ ਵੀ ਮਰਦਾਵਾਂ ਸੁਭਾ ਰੱਖਦੀ ਸੀ। ਉੱਚੀ ਹਿੰਮਤ ਤੇ ਭੈ ਰਹਿਤ ਤਬੀਅਤ ਰੱਖਦੀ ਸੀ। ਆਪਣੇ ਪਿਤਾ ਜੀ ਨਾਲ ਇੱਕ ਵਾਰ ਗੁਰੂ ਤੇਗ ਬਹਾਦਰ ਦੇ ਦਰਸ਼ਨ ਕਰਕੇ ਗੁਰਸਿੱਖੀ ਦੀ ਪੇਮਨ ਸ਼ਰਧਾ ਵਿੱਚ ਪਰਪੱਕ ਹੋ ਗਈ ਸੀ। ਹੁਣ ਇਸ ਬਾਲੜੀ ਨੇ ਘਰੋਂ ਇੱਕ ਨੇਜਾ ਜਾਂ ਬਰਛਾ ਲੈ ਕੇ ਕਿਸੇ ਵੇਲੇ ਨਜ਼ਰ ਬਚਾ ਕੇ ਬਾਹਰ ਚਲੇ ਜਾਣਾ ਤੇ ਛੋਟੇ-ਛੋਟੇ ਖੇੜਾ (ਰੁੱਖਾਂ) ਨਰਮ-ਨਰਮ ਬੂਟਿਆਂ ਵਿੱਚ ਪੂਰੇ ਬਲ ਨਾਲ ਖੁਭਾ-ਖੁਭਾ ਕੇ ਦੇਖਣਾ ਕਿ ਮੇਰਾ ਬਲ ਕਿੰਨਾ ਕੁ ਵਧਦਾ ਹੈ। ਇਸ ਸ਼ਸ਼ਤਰ ਨੂੰ ਚਲਾਉਣ ਦੀ ਜਾਚ ਆਪੇ ਆਉਂਦੀ ਹੈ ਕਿ ਨਹੀਂ। ਇਹ ਖੇਡਾਂ ਆਪਣੇ ਨੇੜੇ ਲੱਗਦੇ ਜੰਗਲ ਵਿੱਚ ਕਿੰਨਾ-ਕਿੰਨਾ ਚਿਰ ਖੇਡਦੀ ਰਹਿੰਦੀ। ਸ਼ਸਤਰਾਂ ਨਾਲ ਖੇਡਦਿਆਂ ਆਪੇ ਕਹਿਣਾ 'ਕਿਓਂ ਜੀਓ। ਮੈਂ ਛਿਫਰੇ ਨੂੰ ਬਰਛਾ ਮਾਰਾਂ?' ਫਿਰ ਆਪੇ ਕਹਿਣਾ 'ਬੇਟਾ ਦੋਵੇਂ ਪੈਰ ਜੋੜ ਕੇ ਨਜ਼ਰ ਨਿਸ਼ਾਨ ਬੰਨ ਕੇ ਕੁੱਦ ਪਓ ਸ਼ੇਰ ਵਾਂਗੀ ਤੇ ਧੁਸਾ ਦੇ ਬਰਛਾ ਛਿਫਰੇ ਦੇ ਮੂੰਢ ਵਿੱਚ, ਫਿਰ ਉਸੇ ਤਰਾਂ ਕੁੱਦ ਕੇ ਪਵੇ ਤੋਂ ਜਾ ਬਰਛਾ ਖੁਭੋ ਦੇਵੇ। ਫਿਰ ਬਰਛਾ ਕੱਢ ਕੇ ਆਪਣੇ ਮੋਢੇ ਤੇ ਆਪਣੇ ਆਪ ਨੂੰ ਥਾਪੜਾ ਦੇ ਕੇ ਆਖੇ ਸ਼ਾਬਾਸ਼ ਭਾਗੋ ਤੂੰ ਖੂਬ ਵਾਰ ਕੀਤਾ ਹੈ। ਇਸੇ ਤਰਾਂ ਕਰਨਾ ਚਾਹੀਦਾ ਹੈ।

ਇਸੇ ਸਾਂਗ ਨਾਲ ਅਭਿਆਸ ਕਰਦੀ। ਪਹਿਲਾਂ ਤਾਂ ਘਰਦਿਆਂ ਨੂੰ ਪਤਾ ਨਾ ਲੱਗਾ। ਪਰ ਇੱਕ ਦਿਨ ਸਾਂਗ ਲੈ ਕੇ ਘਰੋਂ ਨਿੱਕਲੀ ਤਾਂ ਪਿੱਛੇ ਦੱਬੇ ਪੈਰੀਂ ਭਾਗੋ ਦਾ ਪਿਤਾ ਵੀ ਜਾ ਨਿਕਲਿਆ। ਜਾ ਵੇਖਿਆ ਕਿ ਭਾਗੋ ਨੇ ਇੱਕ ਭੱਜੇ ਜਾਂਦੇ ਹਿਰਨ ਨੂੰ ਸਾਂਗ ਨਾਲ ਫੁੰਡ ਲਿਆ ਤੇ ਪਿੱਛੋਂ ਆਵਾਜ਼ ਆਈ 'ਸ਼ਾਬਾਸ਼ ਬੱਚੇ ਸ਼ਾਬਾਸ਼ ਆਪਣੇ ਪਿਤਾ ਜੀ ਦੀ ਅਵਾਜ਼ ਪਛਾਣ ਪਿੱਛਾ ਭੌਂ ਕੇ ਪਿਤਾ ਦੇ ਜਾ ਗਲ ਲੱਗੀ। ਬਾਪੂ ਜੀ ਗਲਤੀ ਹੋ ਗਈ, ਪਾਪ ਹੋ ਗਿਆ। ਬਾਪੂ ਨੇ ਘੁੱਟ ਕੇ ਗਲ ਨਾਲ ਲਾਈ, ਕਿਹਾ ਬੇਟਾ ਤੂੰ ਮਰਦ ਹੈਂ, ਤੂੰ ਮੇਰਾ ਪੁੱਤਰ ਹੈਂ। ਸ਼ਾਬਾਸ਼ ਇਹ ਪਾਪ ਨਹੀਂ ਇਹ ਸ਼ਿਕਾਰ ਹੈ। ਪੰਦਰਾਂ ਕੁ ਸਾਲ ਦੀ ਆਯੂ ਦੀ ਹੋਈ ਤਾਂ ਭਾਗੋ ਦੀ ਸ਼ਾਦੀ ਪੱਟੀ ਦੇ ਰਹਿਣ ਵਾਲੇ ਨਿਧਾਨੇ ਵੜੈਚ ਨਾਲ ਕਰ ਦਿੱਤੀ ਗਈ। ਜਦੋਂ ਦਸ਼ਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ ਤਾਂ ਦੋਵੇਂ ਜੀਅ ਅੰਮ੍ਰਿਤ ਛਕ ਕੇ ਨਿਧਾਨ ਸਿੰਘ ਤੇ ਭਾਗ ਕੌਰ ਬਣ ਗਏ। ਇਨਾਂ ਨੇ ਮਾਝੇ ਵਿੱਚ ਸਿੱਖਾਂ ਨੂੰ ਪ੍ਰੇਰ ਕੇ ਅੰਮ੍ਰਿਤ ਛਕਣ ਲਈ ਤਿਆਰ ਕਰ ਅਨੰਦਪੁਰ ਭੇਜਣਾ ਸ਼ੁਰੂ ਕਰ ਦਿੱਤਾ। ਬਾਕੀ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਤੇ ਹੋਰ ਸਿੱਖਾਂ ਨੂੰ ਆਖ ਕੇ ਦਸਵੰਧ ਤੇ ਹੋਰ ਸ਼ਸਤਰ ਗੁਰੂ ਜੀ ਦੀ ਭੇਟਾ ਭੇਜਦੇ। ਪ੍ਰਚਾਰ ਕਰ ਪਿੰਡਾਂ ਵਿੱਚ ਗੱਭਰੂਆਂ ਨੂੰ ਅਨੰਦਪੁਰ ਪਹੁਲ ਲੈ ਕੇ ਗੁਰੂ ਜੀ ਦੀ ਸੈਨਾ ਵਿੱਚ ਭਾਗ ਲੈਣ ਲਈ ਭੇਜੀ ਜਾਂਦੇ। ਅਨੰਦ ਗੜ ਕਿਲੇ ਵਿੱਚ ਲਗਾਤਾਰ ਕਈ ਮਹੀਨੇ ਯੁੱਧ ਚਲਦਾ ਰਿਹਾ, ਬਾਈ ਧਾਰ ਦੇ ਰਾਜੇ, ਸ਼ਾਹੀ ਫ਼ੌਜ ਨੇ ਘੇਰਾ ਘੱਤਿਆ ਹੋਇਆ ਸੀ। ਅੰਦਰੋਂ ਸਾਰਾ ਖਾਣ-ਪੀਣ ਦਾ ਸਮਾਨ ਚਾਲੇ ਹੋ ਚੁੱਕਾ ਸੀ। ਇਸ ਭੁੱਖ ਦੁੱਖੋਂ ਭਾਈ ਮਹਾਂ ਸਿੰਘ ਰਟੌਲ ਮਾਝੇ ਦਾ ਤਰਨ ਤਾਰਨ ਦੇ ਲਾਗੇ ਦਾ ਰਹਿਣ ਵਾਲਾ ਹੋਰ ਕਈ ਸਿੰਘ ਜਿਨਾਂ ਵਿੱਚ ਕਈ ਮਾਝੇ, ਮਾਲਵੇ ਤੇ ਦੁਆਬੇ ਸਾਰਿਆਂ ਪਾਸਿਆਂ ਦੇ ਬੰਦੇ ਸਨ। ਬੇਦਾਵੇ ਤੇ ਹਸਤਾਖ਼ਰ ਕੇਵਲ ਮਹਾਂ ਸਿੰਘ ਦੇ ਸਨ। ਇਸ ਬੇਦਾਵੇ ਤੇ ਸਿਰਫ਼ ਏਨੇ ਅੱਖਰ ਸਨ ਕਿ 'ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀਂ ਹਾਂ।' ਇਹ ਲਿਖ ਕੇ ਗੁਰੂ ਗੋਬਿੰਦ ਸਿੰਘ ਨੂੰ ਦੇ ਗਏ ਤੇ ਆਪ ਪਿੰਡ ਨੂੰ ਤੁਰ ਪਏ। ਕਈ ਤਾਂ ਰਾਹ ਵਿੱਚ ਵੈਰੀਆਂ ਤੋਂ ਮਾਰੇ ਗਏ। ਜਿਹੜੇ ਮਾਝੇ ਦੇ ਵਾਪਿਸ ਘਰੀ ਪੁੱਜੇ ਤਾਂ ਮਾਵਾਂ, ਭੈਣਾਂ ਤੇ ਘਰ ਵਾਲੀਆਂ ਉਨਾਂ ਨੂੰ ਚੰਗਾ ਨਾ ਜਾਣਿਆ, ਸਗੋਂ ਮਾਵਾਂ ਕਹਿਣ ਲੱਗੀਆਂ ਕਿ ਤੁਸੀਂ ਆਪਣੀਆਂ ਜਾਨਾਂ ਗੁਰੂ ਨਾਲੋਂ ਪਿਆਰੀਆਂ ਕਰਕੇ ਉਨਾਂ ਨੂੰ ਬਿਪਤਾ ਵਿੱਚ ਛੱਡ ਆਏ ਹੋ, ਜੇ ਤੁਸੀਂ ਗੁਰੂ ਦੇ ਕੁਝ ਨਹੀਂ ਲੱਗਦੇ ਤਾਂ ਸਾਡੇ ਤੁਸੀਂ ਕੀ ਲੱਗਦੇ ਹੋ। ਤੁਸੀਂ ਸਾਡੇ ਦੁੱਧ ਨੂੰ ਲਾਜ ਲਾਈ ਹੈ। ਹੁਣ ਮਾਝੇ ਦੀਆਂ ਬੀਬੀਆਂ ਇਕੱਠੀਆਂ ਹੋ ਕੇ ਇਨਾਂ ਨੂੰ ਲਾਹਣਤਾਂ ਪਾਉਣ ਲੱਗੀਆਂ। ਇਨਾਂ ਸਾਰੀਆਂ ਦੀ ਅਗਵਾਈ ਮਾਤਾ ਭਾਗ ਕੌਰ ਕਰ ਰਹੀ ਸੀ। ਸਾਂਈ ਦਾਸ ਦੀਵਾਨਾ ਦੇ ਕੁੱਝ ਬੰਦ ਲੇਖਕ ਆਪਣੀ 1941-42 ਦੀ ਯਾਦ ਵਿੱਚ ਜਦੋਂ ਦੂਜੀ ਤੀਜੀ ਪੜਦਾ ਇਉਂ ਲਿਖਦਾ ਹੈ:

*'ਆਈ ਲੱਜ, ਹਯਾ ਨਾ ਜ਼ਰਾ ਧੰਨੂ ਬਣੀ ਭੀੜ*
*ਤਾਂ ਗੁਰੂ ਨੂੰ ਛਡ ਆਏ*
*ਪੀ-ਪੀ ਦੁੱਧ ਮਝੇਲਣਾਂ ਜੱਟੀਆਂ ਦਾ, ਤੁਸੀਂ ਆਪ*
*ਗਲਸ਼ ਕੇ ਕਢ ਆਏ*
*ਕੜੇ ਲਾਹੋ ਤੇ ਬਾਹਾਂ ਵਿੱਚ ਪਾਓ ਵੰਗਾਂ, ਮੀਡੀਆਂ*
*ਕਰ ਗੁੱਤਾਂ ਲਮਕਾ ਲਓ*
*ਅਸੀਂ ਤੁਸਾਂ ਨਿਲੱਜਿਆਂ ਨੂੰ ਦੱਸਦੀਆਂ ਹਾਂ ਲੱਪ-*
*ਲੱਪ ਸਵਾਹ ਦੀ ਮੀਡੀਆਂ 'ਚ ਪਾ ਲਓ।*
*ਪੱਗਾਂ ਪਾੜ ਕੇ ਚੁੰਨੀਆਂ ਲਓ ਸਿਰ ਤੇ ਗਿੱਟਿਆਂ*
*ਤੱਕ ਘੁੰਢ ਲਮਕਾ ਲਓ।*
*ਪੰਡਰ ਤੁਹਾਨੂੰ ਬੇਸ਼ਰਮਾ ਨੂੰ ਦੱਸ ਦਈਏ, ਕਾਲਖ*
*ਤਵੇ ਦੀ ਮੱਥੇ 'ਤੇ ਲਾ ਲਓ ਵੇ।'*

ਉੱਧਰ ਬੀਬੀਆਂ ਨੇ ਮਾਤਾ ਭਾਗ ਕੌਰ ਦੇ ਤਹਿਤ ਪੱਟੀ ਦੇ ਲਾਗੇ ਜੰਗਲ ਵਿੱਚ ਇਕੱਠੀਆਂ ਹੋਈਆਂ ਉੱਧਰ ਸਿੰਘਾਂ ਨੂੰ ਪਤਾ ਲੱਗਾ ਇਹ ਪੱਟੀ ਵੱਲ ਆਪਣੇ ਸ਼ਸਤਰ ਲੱਕਾਂ ਨਾਲ ਬੰਨ ਤੁਰੇ। ਇਵੇਂ ਸਿੱਖ ਇਕੱਠੇ ਹੋ ਗਏ ਬੀਬੀਆਂ ਤਾਂ ਆਪਣੇ ਪਿੰਡਾਂ ਨੂੰ ਵਾਪਸ ਚਲੀਆਂ ਗਈਆਂ। ਪਰ ਮਾਤਾ ਭਾਗ ਕੌਰ ਤੇ ਜਿਹੜੇ ਬੇਦਾਵਾ ਲਿਖ ਕੇ ਦੇ ਆਏ ਸਨ ਤੇ ਕੁਝ ਹੋਰ ਸਿੱਖ ਤੇ ਕੁਝ ਸਿਆਣੇ ਲਾਹੌਰ ਤੋਂ ਇਨਾਂ ਵਿੱਚ ਰਲ ਗਏ। ਜਿਹੜੇ ਆਪਣੀ ਸਿਆਣਪ ਜ਼ਾਹਿਰ ਕਰਨਾ ਚਾਹੁੰਦੇ ਸਨ ਕਿ ਉਹ ਗੁਰੂ ਜੀ ਨੂੰ ਬਾਦਸ਼ਾਹ ਨਾਲ ਸੁਲਾ ਕਰਨ ਦੀ ਗੱਲ ਕਰਨਗੇ। ਮਾਤਾ ਭਾਗ ਕੌਰ ਤੁਰਨ ਲੱਗੀ ਤਾਂ ਨਿਧਾਨ ਸਿੰਘ ਵੜੈਚ ਕਹਿਣ ਲੱਗਾ ਕਿ ਭਾਗ ਕੌਰ ਹੁਣ ਜਿਉਣਾ ਹਰਾਮ ਹੈ। ਮੇਰਾ ਹੁਣ ਜਿਉਣ ਦਾ ਕੋਈ ਹੱਕ ਨਹੀਂ ਹੈ। ਮੇਰੇ ਰਾਹੀਂ ਭੇਜੇ ਗੱਭਰੂ ਗੁਰੂ ਜੀ ਨੂੰ ਪਿੱਠ ਵਿਖਾ ਆਏ। ਤੂੰ ਤਾਂ ਜਨਾਨੀ ਹੈ ਤੂੰ ਕੀ ਕਰੇਂਗੀ ਉੱਥੇ ਜਾ ਕੇ ਘਰ ਰਹਿ ਮੈਂ ਜਾਂਦਾ ਹਾਂ ਨਾਲੇ ਇਨਾਂ ਦੇ ਥਾਂ ਮਾਫ਼ੀ ਮੰਗਾਂਗਾ। ਉੱਧਰ ਮਰਦਾਂ ਵਾਲਾ ਪਹਿਰਾਵਾ ਭਾਗ ਕੌਰ ਸ਼ਸਤਰ ਬੰਨੇ ਤਿਆਰ ਬਰ ਤਿਆਰ ਬੋਲੀ ਮੇਰਾ ਫ਼ਿਕਰ ਨਾ ਕਰੋ। ਮੇਰੇ ਹੱਥ ਸਾਂਗ ਹੈ। ਵੇਖੀ ਤੇ ਸਹੀ ਇਹ ਵੈਰੀਆਂ ਨੂੰ ਕਿਵੇਂ ਤੀਰਾਂ ਵਾਂਗ ਪੈਂਦੀ ਹੈ। ਜੇ ਮੇਰੀ ਇੱਜ਼ਤ ਤੇ ਭੀੜ ਬਣੀ ਤਾਂ ਇਹੋ ਸਾਂਗ ਮੈਨੂੰ ਗੁਰੂ ਨਾਨਕ ਦੇਵ ਦੇ ਚਰਨਾਂ ਵਿੱਚ ਸਿੱਧਾ ਪੁਚਾ ਦੇਵੇਗੀ। ਬੀਬਿਆ ਰਾਣਿਆ, ਮੇਰਾ ਫ਼ਿਕਰ ਛੱਡ ਦੇ! ਦੇਖ ਮਾਝੇ ਦੇ ਗੱਭਰੂ ਮਾਝੇ ਨੂੰ ਕਲੰਕਤ ਕਰ ਆਏ ਹਨ। ਚੱਲੋ ਰਲ-ਮਿਲ ਕੇ ਇਹ ਦਾਗ਼ ਧੋ ਆਈਏ। ਚਾਹੇ ਸਾਰਾ ਮਾਝਾ ਤਾਂ ਬੇਮੁਖ ਨਹੀਂ ਹੋਇਆ ਇੱਕ ਦੀ ਖ਼ੁਨਾਮੀ ਕਈ ਵਾਰ ਸਾਰਿਆਂ ਨੂੰ ਬਦਨਾਮੀ ਦਵਾ ਦੇਂਦਾ ਹੈ। ਉੱਠ ਮੇਰੇ ਸਾਈਆਂ, ਉੱਠੋ ਹੁਣ ਵੇਲਾ ਜੇਰਾ ਕਰਨ ਦਾ ਨਹੀਂ ਹੈ। ਇਵੇਂ ਕਹਿ ਉੱਠ ਘੋੜੇ ਤੇ ਸਵਾਰ ਹੋ ਹੋਰ ਪਿੰਡ ਵਿੱਚ ਘੋੜਾ ਫੇਰ ਪਿੰਡ ਵਿੱਚ ਪਲ੍ਹ ਫੇਰ ਦਿੱਤਾ ਕਿ ਜੇ ਕਿਸੇ ਨੇ ਸਤਿਗੁਰੂ ਤੋਂ ਸਰੀਰ ਵਾਰਨਾ ਹੈ ਉੱਠੋ ਚੱਲੀਏ ਤੇ ਸਤਿਗੁਰੂ ਪਾਸੋਂ ਭੁੱਲ ਬਖ਼ਸ਼ਾਈਏ ਜੇ ਲੋੜ ਪਏ ਆਪਾ ਵਾਰ ਕੇ ਸੁਰਖ਼ਰੂ ਹੋਈਏ। ਮਾਤਾ ਜੀ ਦਾ ਭਰਾ ਦਰਬਾਰਾ ਸਿੰਘ ਵੀ ਨਾਲ ਤੁਰ ਪਿਆ। ਇਵੇਂ ਕੁਝ ਵਹੀਰ ਖ਼ਾਸਿਆਂ ਦਾ ਤਿਆਰ ਹੋ ਕੇ ਮਾਲਵੇ ਨੂੰ ਸਤਿਗੁਰੂ ਜੀ ਵੱਲ ਤੁਰਿਆ ਤੇ ਕੁਝ ਲਾਹੌਰ ਤੇ ਆਏ ਸਿਆਣੇ ਵੀ ਨਾਲ ਸਨ। ਗੁਰੂ ਜੀ ਨੂੰ ਇਹ ਸਾਰੇ ਰੁਪਆਣੇ ਤੇ ਖਿਦਰਾਣੇ ਦੀ ਢਾਬ ਵਿਚਕਾਰ ਮਿਲ ਪਏ। ਸਭ ਤੋਂ ਪਹਿਲਾਂ ਬੇਮੁਖ ਹੋਏ ਜਥੇਦਾਰ ਮਹਾਂ ਸਿੰਘ ਰਟੌਲਾਂ ਨੇ ਗਲ ਵਿੱਚ ਸਾਫਾ ਪਾ ਹੱਥ ਜੋੜ ਮਾਫ਼ੀ ਮੰਗਦਿਆਂ ਕਿਹਾ 'ਸੱਚੇ ਪਾਤਸ਼ਾਹ! ਮਾਨਸ ਭੁਲਣਹਾਰ ਹੈ। ਗੁਰੂ ਬਖ਼ਸ਼ਣਹਾਰ ਹੈ। ਦਾਸ ਤੇ ਦਾਸ ਦੇ ਸਾਥੀ ਜਿਹੜੇ ਤੁਹਾਥੋਂ ਬੇਮੁਖ ਹੋ ਗਏ ਸਨ ਸਾਨੂੰ ਆਪਣੇ ਚਰਨੀਂ ਲਾ ਲਓ। ਸਿਆਣਿਆਂ ਵੀ ਇਨਾਂ ਦੀ ਸਿਫ਼ਾਰਸ਼ ਵੀ ਕੀਤੀ ਤੇ ਨਾਲ ਹੀ ਕਿਹਾ 'ਸੱਚੇ ਪਾਤਸ਼ਾਹ ਆਪਾਂ ਬਾਦਸ਼ਾਹ ਨਾਲ ਸੁਲਾ ਕਰ ਲਈਏ ਤਾਂ ਹੁਣ ਤੁਹਾਡੇ ਦਿਨ ਸ਼ਾਂਤੀ ਸਹਿਤ ਲੰਘ ਜਾਣ। ਹੋਰ ਵੀ ਕਈ ਕੁਝ ਬੋਲੇ। ਹੁਣ ਗੁਰੂ ਜੀ ਅਹਿਲ ਬੈਠੇ ਪਹਿਲਾਂ ਸੰਗਤ ਵੱਲ ਵੇਖਿਆ ਫਿਰ ਅਸਮਾਨ ਵੱਲ ਫਿਰ ਨੈਣ ਮੁੰਦ ਹੋ ਗਏ। ਫਿਰ ਇਲਾਹੀ ਰੰਗਤ ਵਿੱਚ ਇਉਂ ਬਚਨ ਕੀਤੇ: 'ਸਿੱਖ ਮੇਰੇ ਤੇ ਮੈਂ ਸਿੱਖਾਂ ਦਾ ਹਾਂ। ਭੁੱਲ ਇਨਸਾਨੀ ਖ਼ਾਸਾ ਹੈ ਸਾਈਂ ਬਖਸ਼ਿੰਦ ਹੈ। ਪਰ ਰਣ ਵਿੱਚ ਫਿਰ ਤੱਤੇ ਰਣ ਵਿੱਚ ਪਿੱਠ ਦੇਣੀ ਖ਼ਾਲਸਾ ਦਾ ਕੰਮ ਨਹੀਂ ਹੈ ਖ਼ਾਲਸਾ ਅੜੇ ਹੈ। ਹਾਂ, ਬਾਦਸ਼ਾਹ ਨਾਲ ਸੁਲਾ ਮੇਰੀ ਕਿਸੇ ਨਾਲ ਲੜਾਈ ਨਹੀਂ ਹੈ, ਜ਼ਾਲਮ ਜ਼ੁਲਮ ਕਰਦਾ ਹੈ, ਪਰਜਾ ਦੀ ਪੀੜ ਦਰਗਾਹ ਅੱਪੜੀ ਹੈ। ਮੈਂ ਉਸ ਨੂੰ ਹਰਨ ਲਈ ਘੱਲਿਆ ਗਿਆ ਹਾਂ। ਮੈਂ ਪਰਜਾ ਦੀ ਪੀੜਾ ਹਰਨੀ ਹੈ। ਮੈਂ ਜੰਗ ਕੀ ਤੇ ਸੁਲਾ ਕੀ ਪਰਜਾ ਦਾ ਭਾਰ ਹਰਨਾ ਹੈ। ਜ਼ੁਲਮ ਅੱਗੇ ਢਾਲ ਬਣਨਾ ਹੈ ਸ਼ਮਸ਼ੀਰ ਹੋ ਕੇ। ਮੇਰੀ ਸ਼ਮਸ਼ੀਰ ਹੋਰ ਜ਼ੁਲਮ ਅੱਗੇ ਢਾਲ ਹੈ ਤੇ ਹੁਕਮ ਵਿੱਚ ਹੈ। ਤੁਸੀਂ ਆਓ ਨਿੱਤਰੋ ਹੁਕਮ ਵਿੱਚ ਵਰਤੋ ਫ਼ਤਹਿ ਅਕਾਲ ਪੁਰਖ ਦੀ ਹੈ। ਸਾਡਾ ਕੰਮ ਹੁਕਮ ਕਮਾਉਣਾ ਹੈ। ਜੋ ਤੁਹਾਡੀ ਮਰਜ਼ੀ ਹੈ, ਉਹ ਭੈਅ ਦੀ ਪੁੱਤਰੀ ਹੈ। ਹੁਕਮ ਤੋਂ ਅਣਜਾਣੂ ਹੈ। ਉਹ ਅੱਗੇ ਪੰਜਵੀਂ ਪਾਤਸ਼ਾਹੀ ਜੀ ਦੇ ਵੇਲੇ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵੇਲੇ ਕੁਝ ਨਹੀਂ ਕਰ ਸਕੀ। ਹੁਣ ਕੀ ਸਾਰੇਗੀ? ਜ਼ਾਲਮ ਜੇ ਨੇਕ ਨਸੀਹਤ ਨਾਲ ਸੁਧਰ ਜਾਏ ਤਾਂ ਰੱਬੀ ਤਾਕਤਾਂ ਨੂੰ ਡਾਹਢੇ ਉਪਰਾਲੇ ਕਿਉਂ ਕਰਨੇ ਪੈਣ? ਹੁਣ ਮੈਨੂੰ ਦੁਖ ਨਹੀਂ ਅਨੰਦਪੁਰ ਦੇ ਸੁੱਖਾਂ ਦਾ, ਪੁੱਤਰਾਂ ਦੀ ਸ਼ਹਾਦਤ ਦਾ, ਮਾਤਾ ਦੇ ਵਿਯੋਗ ਦਾ, ਪਿਆਰੇ ਦੂਲੇ ਸਿੰਘ ਪੁੱਤਾਂ ਦੇ ਸ਼ਹੀਦ ਹੋਣ ਦਾ। ਮੈਨੂੰ ਦੁੱਖ ਹੈ ਖ਼ਲੂਕ ਵੀ ਦੁਖੀ ਹੈ। ਮੈਨੂੰ ਸੋਚਾਂ ਹਨ ਕਿ ਖ਼ਲਕ ਦਾ ਦੁੱਖ ਕਿਵੇਂ ਨਿਵਰੇ? ਹੁਣ ਇੱਕ ਇਲਾਜ ਹੈ ਕਿ ਸ਼ਾਂਤੀ ਰਸ ਦੀ ਸ਼ਮਸ਼ੀਰ ਜ਼ੁਲਮ ਦੀ ਸ਼ਮਸ਼ੀਰ ਨੂੰ ਕੱਟ ਦੇਵੇ। ਰਾਜੇ ਨਿਮਾਣੇ ਹੋ ਚੁੱਕੇ ਹਨ, ਪਰਜਾ ਮੁਰਦਾਰ ਹੋ ਚੁੱਕੀ ਹੈ। ਇੱਕ ਸ਼ਾਂਤੀ ਰਸ ਦੀ ਸ਼ਮਸ਼ੀਰ ਜਿਉਂਦੀ ਹੈ। ਹੁਕਮ ਅੱਗੇ ਜੇ ਤੁਹਾਡੇ ਸਰੀਰ ਹਾਜ਼ਰ ਹਨ, ਤਾਂ ਆਓ! ਜੇ ਨਹੀਂ, ਤਾਂ ਤੁਹਾਡੀ ਸਿੱਖਿਆ ਦੀ ਮੈਨੂੰ ਲੋੜ ਨਹੀਂ ਹੈ। ਮੇਰਾ ਗੁਰੂ ਅਕਾਲ ਪੁਰਖ ਹੈ। ਤੁਸੀਂ ਸਿੱਖ ਹੋ ਤਾਂ ਸਿੱਖਿਆ ਮੰਨੋ, ਨਿੱਤਰੋ, ਨਹੀਂ ਤਾਂ ਜਿੱਥੇ ਚੁਰਾਸੀ ਵਸਦੀ ਹੈ ਜਾਓ ਉੱਥੇ ਵਸੋ। ਖ਼ਾਲਸਾ ਤਾਂ ਨਾਮ ਜਪੇਗਾ, ਹੁਕਮ ਤੇ ਟੁਰੇਗਾ।'

ਇਹ ਗੁਰੂ ਜੀ ਦੇ ਬਚਨ ਸੁਣ ਸਿਆਣੇ ਆਪਣੇ ਮੂੰਹ ਲੈ ਕੇ ਰਹਿ ਗਏ ਤੇ ਗੁਰੂ ਜੀ ਅੱਗੇ ਟੁਰ ਪਏ। ਹੁਣ ਵਹੀਰ ਦਾ ਜੱਥੇਦਾਰ ਮਿਆਨੋ ਕਿਰਪਾਨ ਕੱਢ ਕੇ ਧਰਤੀ ਤੇ ਲਕੀਰ ਮਾਰ ਖੜਾ ਹੋ ਗਿਆ 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਨਿਤਰੇ ਸੋ ਤਰੇ, ਅੜੇ ਤੇ ਲੜੇ, ਵਧੇ ਦਿਲ ਲੜੇ, ਜੇ ਡਰਵੇਂ ਸੋ ਮੁੜੇ, ਸਿਰ ਧੜ ਦੀ ਬਾਜ਼ੀ ਖੇਲੇ ਉਹ ਜੋ ਖ਼ਾਲਸਾ ਹੋਵੇ। ਇਹ ਸਰੀਰ ਤਾਂ ਹੁਕਮ ਦਾ ਬੰਦਾ ਹੋ ਗਿਆ ਹੈ। ਵੱਡੇ ਹੁਕਮ ਦਾ ਪਤਾ ਸਤਿਗੁਰੂ ਨੂੰ ਹੈ। ਸਤਿਗੁਰਾਂ ਦੇ ਹੁਕਮ ਦਾ ਪਤਾ ਸਾਨੂੰ ਪੈ ਗਿਆ ਹੈ। ਸਤਿਗੁਰ ਨੇ ਜੰਗ ਮੰਡਿਆ ਹੈ। ਜੰਗ ਹੁਕਮ ਹੈ। ਸੋ ਜੋ ਖ਼ਾਲਸਾ ਹੈ, ਜਿਸ ਸੀਸ ਦੇਣਾ ਹੈ ਲੀਕ ਟੱਪ ਆਵੇ। ਸਭ ਤੋਂ ਪਹਿਲਾਂ ਲਕੀਰ ਪਾਉਣ ਵਾਲੇ ਭਾਈ ਰਾਇ ਸਿੰਘ, ਭਾਈ ਮਨੀ ਸਿੰਘ ਸ਼ਹੀਦ ਦਾ ਭਰਾ ਫਿਰ ਮਹਾਂ ਸਿੰਘ ਇਸ ਦੇ ਲੜਕੇ ਨੇ ਲੀਕ ਪਾਰ ਕੀਤੀ ਇਸ ਤਰਾਂ ਤਿੰਨ-ਤਿੰਨ ਚਾਰ-ਚਾਰ ਲੀਕ ਟੱਪ ਰਹੇ ਸਨ। ਜਦੋਂ ਨਿਧਾਨ ਸਿੰਘ ਲੀਕ ਪਾਰ ਕੀਤੀ ਤਾਂ ਮਾਤਾ ਭਾਗ ਕੌਰ ਨੇ ਪੂਰੇ ਮਰਦਾਵੇਂ ਲਿਬਾਸ ਵਿੱਚ ਹੱਥ ਵਿੱਚ ਸਾਂਗ ਫੜੀ ਲੀਕ ਟੱਪਦੀ ਬੋਲੀ ਕਿ 'ਤ੍ਰੀਮਤ ਵੀ ਖ਼ਾਲਸਾ ਜੇ ਵੀਰੋ ਤੇ ਅੱਜ ਲੜੇਗੀ ਸਨਮੁਖ ਹੋ, ਹਾਂ ਹੁਕਮ ਦੇ ਮਗਰ ਸੀਸ ਪਰ ਖੇਲੇਗੀ। ਭੈਣ ਲੜੇਗੀ, ਵਧੇਗੀ, ਮਰੇਗੀ, ਵੀਰ ਭਾਵੇਂ ਘਰਾਂ ਨੂੰ ਜਾਣ। ਮਹਾਂ ਸਿੰਘ ਬੋਲੇ:

ਹਮ ਤੋਂ ਗੁਰ ਹਿਤ ਦੈ ਹੈਂ ਪਾਨ ਬਿਚ ਸੰਗਰਾਮ
ਕਰੋਂ ਅਰਿਹਾਨ ॥ ਤੁਰਕ ਹਜ਼ਾਰੋ ਗੁਰ ਕੇ
ਮਿਰਦ ਕੋ ਇਸ ਸਮੈ ਤਜੈ ਹੁਏ ਅਰਦ ॥
ਏਤੀ ਮੀਰ ਗੁਰੂ ਪਰ ਹੈ ਪਰੀਤਮ॥
ਹੈ ਸਦ ਹੈਫੇ ਤਜਹਿ ਇਸ ਘਰੀ ॥
ਜੀਵਨ ਪਾਇ ਕਰਹਿਗੇ ਕਿਹਾ ॥
ਜੋ ਪ੍ਰਭੁ ਕਾਜ ਨੂੰ ਐਹੇ ਇਨਾਂ ॥੧੭॥

ਹੁਣ ਗੁਰੂ ਜੀ ਖਿਦਰਾਣੇ ਦੀ ਢਾਬ ਵੱਲ ਸਰ (ਸੁਕੇ ਕਾਨਿਆਂ ਆਦਿ) ਵਿੱਚੋਂ ਦੀ ਲੰਘ ਗਏ ਤਾਂ ਮਹਾਂ ਸਿੰਘ ਕਿਹਾ ਕਿ ਆਪਾਂ ਵੈਰੀ ਦਲ ਨੂੰ ਰੋਕ ਕੇ ਗੁਰੂ ਜੀ ਵੱਲ ਨਾ ਜਾਣ ਦਈਏ ਇਹੋ ਵੇਲਾ ਜੇ ਸੱਚੀ ਸੇਵਾ ਦਾ। ਸੋ ਸਾਰੇ ਸਿੱਖਾਂ ਆਪਣੇ ਵਾਧੂ ਕਪੜੇ ਤੇ ਚਾਦਰਾਂ ਆਦਿ ਬੇਰੀਆਂ ਦੇ ਕੰਡਿਆਂ ਤੇ ਪਾ ਕੇ ਵੈਰੀ ਨੂੰ ਧੋਖਾ ਦੇਣ ਲਈ ਕਿ ਸਿੱਖਾਂ ਦੇ ਖੇਮੇ ਲੱਗੇ ਹੋਏ ਹਨ। ਸੰਘਣੇ ਰੁੱਖਾਂ ਦੇ ਆਪ ਅੱਗੇ ਹੋ ਮੋਰਚਿਆਂ ਵਿੱਚ ਲੁਕ ਕੇ ਪੰਜ-ਪੰਜ ਦਾ ਜੱਥਾ ਬਣ ਕੇ ਨਿਕਲਦਾ, ਬਾਕੀ ਪਿੱਛੋਂ ਬੰਦੂਕਾਂ ਤੇ ਤੀਰਾਂ ਦਾ ਮੀਂਹ ਵਰਾਈ ਜਾਂਦੇ। ਇਸ ਤਰਾਂ ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਸਿੰਘ ਸ਼ਹੀਦ ਹੋ ਗਏ। ਸ਼ਹੀਦਾਂ ਦੇ ਪਿੱਛੇ ਮਾਤਾ ਭਾਗ ਕੌਰ ਵੀ ਮੋਰਚਾ ਮੱਲ ਬੈਠੀ ਸੀ। ਹੱਥ ਵਿੱਚ ਸਾਂਗ ਫੜੀ ਸਾਰੀ ਲੜਾਈ ਦਾ ਦ੍ਰਿਸ਼ ਆਪਣੀ ਅੱਖੀਂ ਡਿੱਠਾ। ਵਜ਼ੀਰ ਖਾਂ ਆਪਣੀ ਸੈਨਾ ਕੁਝ ਮਰਵਾ ਕੇ ਤੇ ਬਾਕੀ ਲੈ ਕੇ ਢਾਬ ਵੱਲ ਵਧਿਆ ਤੇ ਟਿੱਬੀ ਸੁਕੀ ਵੇਖ ਕੇ ਲੰਮਾ ਸਾਹ ਲੈਂਦਿਆਂ ਕਿਹਾ ਕਿ ਏਨੀ ਸੈਨਾ ਵੀ ਮਰਵਾਈ ਤੇ ਢਾਬ ਵੀ ਸੁੱਕੀ ਪਾਈ। ਸਾਰੇ ਸਿੱਖਾਂ ਦੀ ਲਾਸ਼ਾਂ ਫੋਲੀਆਂ ਤੇ ਕਲਗੀਆਂ ਵਾਲੇ ਦਾ ਸਰੀਰ ਕਿਤੇ ਨਾ ਮਿਲਿਆ। ਸ਼ਰਮਸਾਰ ਤੇ ਮਾਯੂਸ ਹੋਇਆ। ਅੱਗੇ ਵਧਿਆ ਤਾਂ ਮਾਤਾ ਭਾਗ ਕੌਰ ਵੱਟੜ ਹੋਈ ਸਾਂਗ ਹੱਥ ਫੜੀ ਪਹਿਰੇਦਾਰ ਵਾਂਗ ਅਡੋਲ ਖੜੀ ਸੀ। ਅੱਗੇ ਵਧਣ ਵਾਲੇ ਤੁਰਕਾਂ ਨੂੰ ਪ੍ਰੋ ਕੇ ਰੱਖੀ ਜਾਂਦੀ। ਅੱਗੇ ਹੋ ਕੇ ਇੱਕ ਤੁਰਕ ਨੇ ਮਾਤਾ ਜੀ ਤੇ ਤਲਵਾਰ ਦਾ ਵਾਰ ਕੀਤਾ। ਮਾਤਾ ਨੇ ਢਾਲ ਤੇ ਵਾਰ ਝੱਲ ਸਾਂਗ ਨਾਲ ਉਸ ਦੇ ਪੇਟ 'ਚ ਖੁਭੋ ਜਹਨਮ ਪਹੁੰਚਾ ਦਿੱਤਾ। ਹੁਣ ਘਾਇਲ ਹੋਈ ਮਾਤਾ ਤੇ ਇੱਕ ਹੋਰ ਤੁਰਕ ਨੇ ਹਮਲਾ ਕਰ ਦਿੱਤਾ ਮਾਤਾ ਧਰਤੀ ਤੇ ਡਿੱਗ ਪਈ। ਉੱਧਰੋਂ ਗੈਬੀ ਤੀਰ ਨੇ ਉਸ ਤੁਰਕ ਨੂੰ ਫੰਡ ਸੁੱਟਿਆ। ਮਾਤਾ ਨੂੰ ਨਿਢਾਲ ਤੇ ਲਹੂ ਲੁਹਾਨ ਵੇਖ ਵੈਰੀ ਅੱਗੇ ਨਿਕਲ ਗਏ।

ਕਪੂਰ ਸਿੰਘ ਦੇ ਦੱਸਣ ਅਨੁਸਾਰ ਵਜ਼ੀਰ ਖਾਂ ਪਾਣੀ ਦੀ ਭਾਲ ਵਿੱਚ ਪਿੱਛੇ ਪਰਤ ਗਿਆ। ਹੁਣ ਗੁਰੂ ਜੀ ਟਿੱਬੀ ਤੋਂ ਹੇਠਾਂ ਉੱਤਰ ਭਾਈ ਮਹਾਂ ਸਿੰਘ ਦਾ ਬੇਦਾਵਾ ਪਾੜ। ਟੁੱਟੀ ਗੰਡਾਂ ਇਸ ਅਸਥਾਨ ਨੂੰ ਮੁਕਤੀ ਦਾ ਸਰ ਕਹਿ, ਇਲਾਕੇ ਨੂੰ ਬੜੇ ਵਰ ਦੇ ਕੇ ਸ਼ਹੀਦ ਸਿੰਘਾਂ ਦਾ ਅੰਗੀਠਾ ਤਿਆਰ ਕਰ ਦਾਗ ਦੇ ਕੇ ਲਾਗੇ ਪਾਠ ਕਰ ਰਹੇ ਸਨ ਕਿ ਇੱਕ ਸਿੰਘ ਨੇ ਗੁਰੂ ਜੀ ਨੂੰ ਦੱਸਿਆ ਕਿ 'ਸੱਚੇ ਪਾਤਸ਼ਾਹ, ਉਥੇ ਇੱਕ ਮਾਤਾ ਦਾ ਸਰੀਰ ਪਿਆ ਹੋਇਆ ਪਰ ਅਜੇ ਸਾਹ ਆਉਂਦੇ ਹਨ। 'ਲਹੂ ਲੁਹਾਨ ਹੋਈ ਪਈ ਹੈ। ਗੁਰੂ ਜੀ ਜਾ ਕੇ ਡਿੱਠਾ ਕਿ ਮਾਤਾ ਦੀ ਸਾਂਗ ਇੱਕ ਤੁਕ ਦੇ ਪੇਟ ਵਿੱਚ ਖੁਭੀ ਪਈ ਹੈ। ਉਹ ਲਾਗੇ ਢੇਰ ਹੋਇਆ ਪਿਆ ਹੈ। ਤਿੰਨ ਚਾਰ ਹੋਰ ਲਾਸ਼ਾਂ ਲਾਗੇ ਪਈਆਂ ਹਨ। ਮਾਤਾ ਜੀ ਨੂੰ ਜਲ ਛਕਾਇਆ ਗਿਆ, ਹੋਸ਼ ਵਿੱਚ ਆ ਕੇ ਸਾਰੀ ਲੜਾਈ ਅੱਖੀਂ ਡਿੱਠਾ ਹਾਲ ਗੁਰੂ ਜੀ ਨੂੰ ਦੱਸਿਆ ਤੇ ਇਹ ਵੀ ਦੱਸਿਆ ਉਸ ਦੇ ਸਿਰ ਦਾ ਸਾਈਂ ਦੋ ਭਰਾ ਤੇ ਹੋਰ ਸਬੰਧੀ ਵੀ ਸ਼ਹੀਦੀ ਜਾਮ ਪੀ ਗਏ ਹਨ। ਮਾਤਾ ਭਾਗ ਕੌਰ ਜੀ ਨੂੰ ਗੁਰੂ ਜੀ ਆਪ ਮਲਮ ਪੱਟੀ ਕਰ ਰਾਜ਼ੀ ਕੀਤਾ। ਕਾਫ਼ੀ ਸਮਾਂ ਗੁਰੂ ਜੀ ਨਾਲ ਦਮਦਮਾ ਸਾਹਿਬ ਗੁਰੂ ਜੀ ਹਜ਼ੂਰੀ ਮਾਤਾਵਾਂ, ਸਾਹਿਬ ਕੌਰ ਤੇ ਸੁੰਦਰ ਕੌਰ ਹੋਰਾਂ ਨਾਲ ਰਹਿ ਕੇ ਬਾਕੀ ਜੀਵਨ ਫ਼ਕੀਰ ਰੂਪ ਧਾਰ ਕੇ ਗੁਰੂ ਜੀ ਦੇ ਚਰਨਾਂ ਵਿੱਚ ਗੁਜ਼ਾਰਨ ਦਾ ਤਹੀਆ ਕਰ ਲਿਆ। ਹੁਣ ਮਾਤਾ ਭਾਗ ਕੌਰ ਗੁਰੂ ਜੀ ਨਾਲ ਦਮਦਮੇ ਤੋਂ ਨੰਦੇੜ ਵੱਲ ਚੱਲ ਪਈ। ਬਿਦਰ ਦੇ ਨੇੜੇ ਹੀ ਸਥਿਤ ਉਸ ਗੁਰਧਾਮ ਦੇ ਦਰਸ਼ਨ ਕਰਵਾਈਏ ਜਿਸ ਦੇ ਦਰਸ਼ਨ ਕਰਦਿਆਂ ਹੀ ਅੱਜ ਦਾ ਮਨੁੱਖ ਵੀ ਆਪਣੇ ਮੂੰਹੋਂ ਸਹਿਜੇ ਹੀ ਕਹਿ ਉੱਠਦਾ ਹੈ ਕਿ ਧੰਨ ਗੁਰੂ ਤੇ ਧੰਨ ਤੇਰੇ ਸਿਦਕੀ ਸਿੱਖ। ਧੰਨ ਮਾਈ ਭਾਗੋ ਤੇ ਧੰਨ ਤੈਨੂੰ ਜਨਮ ਦੇਣ ਵਾਲੀ ਮਾਤਾ। ਧੰਨ ਹੈ ਤੇਰਾ ਗੁਰੂ ਜਿਸ ਨੇ ਤੈਨੂੰ ਇਸ ਯੋਗ ਬਣਾਇਆ ਕਿ ਜਿਸ ਕੰਮ ਨੂੰ ਮਰਦ ਵੀ ਨਹੀਂ ਕਰ ਸਕੇ, ਤੂੰ ਬਿਰਧ ਅਵਸਥਾ ਵਿੱਚ ਵੀ ਚਾਰੇ ਪਾਸੇ ਦੁਸ਼ਮਣ ਫ਼ੌਜਾਂ ਹੋਣ ਦੇ ਬਾਵਜੂਦ ਨੇਪਰੇ ਚਾੜ੍ਹਿਆ। ਇਹ ਗੁਰਧਾਮ ਹੈ ਪਿੰਡ ਜਨਵਾੜਾ ਵਿੱਚ ਮਾਤਾ ਭਾਗੋ ਜੀ ਦੀ ਯਾਦ ਵਿੱਚ ਬਣਿਆ ਹੋਇਆ ਗੁਰਦੁਆਰਾ ਸਾਹਿਬ। ਪਿੰਡ ਜਨਵਾੜਾ ਬਿਦਰ ਤੋਂ ਲਗਭਗ 14 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿੱਚ ਮਾਤਾ ਭਾਗੋ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਸ ਦਾ ਇਤਿਹਾਸ ਵੀ ਬਹੁਤ ਦਿਲਚਸਪ ਅਤੇ ਗੁਰੂ ਸਾਹਿਬ ਦੇ ਕੌਤਕ ਨੂੰ ਵਰਣਨ ਕਰਦਾ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ ਬਿਦਰ ਦੇ ਮੈਨੇਜਰ ਵੱਲੋਂ ਜੋ ਇਤਿਹਾਸ ਲਿਖ ਕੇ ਲਗਾਇਆ ਗਿਆ ਹੈ, ਉਸ ਅਨੁਸਾਰ ਮਾਤਾ ਭਾਗੋ ਜੀ ਦਾ ਜਨਵਾੜਾ ਵਿਖੇ ਪੁੱਜਣ ਦਾ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਦਾ ਹੈ।

ਦੱਸਿਆ ਜਾਂਦਾ ਹੈ ਕਿ ਰੁਸਤਮ ਰਾਓ ਅਤੇ ਬਾਲਾ ਰਾਓ ਦੋਵੇਂ ਹੀ ਜਨਵਾੜਾ ਦੇ ਰਜਵਾੜੇ ਸਨ। ਇਨਾਂ ਨੂੰ ਉਸ ਸਮੇਂ ਦੀ ਸਰਕਾਰ ਨੇ ਉਨੇ ਦੇ ਨੇੜੇ ਸਤਾਰਾ ਕਿਲੇ ਵਿੱਚ ਬੰਦੀ ਬਣਾ ਰੱਖਿਆ ਸੀ। ਇਹ ਦੋਵੇਂ ਹਰ ਰੋਜ਼ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਹੋ ਅਰਦਾਸ ਕਰਦੇ ਕਿ ਉਨਾਂ ਨੂੰ ਅਜ਼ਾਦ ਕਰਵਾਇਆ ਜਾਵੇ।

ਬਾਕੀ ਸਫ਼ਾ 26 'ਤੇ

# ‘ਅਕਾਲ ਕੇ ਅਕਾਲੀ’ ਸੋਚ ’ਤੇ ਪਹਿਰਾ ਦੇਣ ਦੀ ਲੋੜ

### ਸੁਖਦੀਪ ਸਿੰਘ ਬਰਨਾਲਾ

ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਕੀਤੇ ਵਿਖਿਆਨ ਦੇ ਏਨੇ ਹਿੱਸੇ ਨਾਲ਼ ਮੈਂ ਸੌ ਫ਼ੀਸਦੀ ਸਹਿਮਤੀ ਰੱਖਦਾ ਹਾਂ, ਮੇਰੇ ਘੇਰੇ ਦੇ ਸੱਜਣ ਜਾਣਦੇ ਹਨ ਕਿ ਮੈਂ ਖੁਦ ਇਨਾਂ ਵਿਚਾਰਾਂ ਦਾ ਹਮਾਇਤੀ ਹਾਂ। ਪਰ ਮੈਂ ਉਸ ਦਿਨ ਦੀ ਉਡੀਕ ਕਰਦਾ ਹਾਂ ਜਦੋਂ ‘ਅਕਾਲ ਕੇ ਅਕਾਲੀ’ ਸੁਖਬੀਰ ਬਾਦਲ ਵਰਗੇ ਸਿਆਸੀ ਆਗੂ ਨੂੰ ਗਲਵੇਂ ਤੋਂ ਫੜਕੇ ਧੂਹ ਕੇ ਦਫ਼ਾ ਕਰ ਦੇਣਗੇ। ਬੱਸ ਇਸੇ ਆਸ ਨਾਲ਼ ਮੈਂ ਕਦੇ-ਕਦਾਈਂ ਰਾਇ ਮੰਗਣ ਵਾਲੇ ਦਲ ਵਿਚਲੇ ਮੁੱਠੀ ਭਰ ਸਨੇਹੀਆਂ ਨੂੰ ਟਿਕੇ ਰਹੋ ਦਾ ਹੋਕਾ ਦਿੰਦਾ ਰਿਹਾ ਹਾਂ।

ਸ਼੍ਰੋਮਣੀ ਅਕਾਲੀ ਦਲ, ਬਾਦਲ ਜੁੰਡਲ਼ੀ ਕੋਲ਼ ਅਗਵਾ ਹੋਇਆ ਪੰਜਾਬ ਦਾ ਉਹ ਬਦਕਿਸਮਤ ਬੱਚਾ ਹੈ ਜਿਸਦੀ ਰਿਹਾਈ ਦੀ ਪੰਜਾਬੀ ਆਸ ਈ ਮੁਕਾ ਚੁੱਕੇ ਹਨ ਤੇ ਦਿੱਲੀਓਂ ਇੱਕ ਮਤਰੇਆ ਕਾਕਾ ਗੋਦ ਲੈ ਕੇ ਸੁੱਖ ਭਾਲਦੇ ਹਨ।

ਭਾਈ ਰਾਜੋਆਣਾ ਦੀ ਇਹ ਗੱਲ ਬਿਲਕੁਲ ਸਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਮਜ਼ੋਰ ਹੋਣਾ ਪੰਥ ਅਤੇ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ ਪਰ ਸੱਚਾਈ ਇਹ ਵੀ ਹੈ ਕਿ ਦਲ ਦੀ ਮੌਜੂਦਾ ਲੀਡਰਸ਼ਿਪ ਨੇ ਕੌਮ ਨਾਲ਼ ਦਗ਼ਾ ਕੀਤਾ।

ਕੌਮ ਕੋਲ਼ ਦੋ ਹੀ ਰਾਹ ਸਨ ਜਾਂ ਤਾਂ ਰਵਾਇਤੀ ਅਕਾਲੀ ਦਲ ਨੂੰ ਮੁੱਢੋਂ ਰੱਦ ਕਰਕੇ ਇੱਕ ਨਵਾਂ ਨਰੋਆ ਅਕਾਲੀ ਦਲ ਸੁਰਜੀਤ ਕਰ ਲਿਆ ਜਾਂਦਾ ਜਿਸ ਦੀ ਸ਼ੁਰੂਆਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਥਾਪਨਾ ਕਰਕੇ ਕੀਤੀ ਵੀ ਗਈ ਸੀ। ਸਰਦਾਰ ਸਿਮਰਨਜੀਤ ਸਿੰਘ ਮਾਨ ਇਸ ਦਲ ਦੇ ਮੁਖੀ ਬਣਾਏ ਗਏ। ਤਕਰੀਬਨ ਤਿੰਨ ਦਹਾਕੇ ਹੋ ਗਏ, ਮਾਨ ਸਾਹਿਬ ਦੇ ਰਾਜਨੀਤਿਕ ਜੀਵਨ ਵਿੱਚ ਬੜੇ ਉਤਰਾਅ-ਚੜਾਅ ਆਏ ਉਹ ਖ਼ਾਲਿਸਤਾਨ ਦੇ ਆਪਣੇ ਸਟੈਂਡ ਤੇ ਡਟੇ ਜ਼ਰੂਰ ਰਹੇ ਕੁਰਸੀ ਵੱਟੇ ਕਿਸੇ ਐਰੇ-ਗ਼ੈਰੇ ਨਾਲ਼ ਕੋਈ ਸਮਝੌਤਾ ਨਹੀਂ ਕੀਤਾ ਪਰ ਹੋਰ ਬਹੁਤ ਸਾਰੇ ਡਿੱਠੇ-ਅਣਡਿੱਠੇ ਕਾਰਨ ਰਹੇ ਕਿ ਇਹ ਦਲ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਦਾ ਬਦਲ ਨਾ ਬਣ ਸਕਿਆ।

ਪੰਜਾਬੀਆਂ ਦੇ ਮਾਨ ਸਾਹਿਬ ਤੇ ਬੇਸਿਰ-ਪੈਰੇ ਦੋ ਗਿਲ਼ੇ ਰਹੇ। ਪਹਿਲਾ ਕਿ ਜੀ ਪੰਜਾਬ ਨੇ 1989 ਵਿੱਚ ਜਦੋਂ ਉਨਾਂ ਨੂੰ 13 ਮੈਂਬਰ ਪਾਰਲੀਮੈਂਟ ਜਿਤਾ ਕੇ ਦਿੱਤੇ ਤਾਂ ਉਨਾਂ ਸੰਸਦ




ਭਵਨ ਵਿੱਚ ਵੱਡੀ ਕ੍ਰਿਪਾਨ ਲਿਜਾਣ ਦੀ ਜਿੱਦ ਕਿਉਂ ਕੀਤੀ ਤੇ ਦੂਜਾ 1992 ਦਾ ਬਾਈਕਾਟ ਕਿਉਂ ਕੀਤਾ।

ਕਿਰਪਾਨ ਵਾਲਾ ਸਟੈਂਡ ਸਮੇਂ ਦੀ ਨਜ਼ਾਕਤ ਮੁਤਾਬਕ ਕੌਮ ਦੀ ਅਣਖ ਦਾ ਮਸਲਾ ਬਣ ਗਿਆ ਸੀ, ਭਾਰਤੀ ਸੰਸਦ ਵਿੱਚ ਵੱਖ-ਵੱਖ ਆਗੂ ਸਮੇਂ-ਸਮੇਂ ਹਥਿਆਰਾਂ ਸਮੇਤ ਅੰਦਰ ਜਾਂਦੇ ਰਹੇ ਹਨ। ਯਾਸਿਰ ਅਰਾਫ਼ਾਤ ਆਪਣੇ ਛੇ ਗੋਲੀ ਦੇ ਮਾਊਜਰ ਨਾਲ਼ ਸੰਸਦ ਭਵਨ ਗਏ ਸਨ। ਖ਼ੈਰ, ਤੱਥ ਇਹ ਹੈ ਕਿ ਓਦੋਂ ਮਾਨ ਸਾਹਿਬ ਦੇ ਕੁੱਲ ਮੈਂਬਰ ਪਾਰਲੀਮੈਂਟ 6 ਸਨ, ਕਾਂਗਰਸ ਦੇ 2, ਬਸਪਾ ਤੇ ਜਨਤਾ ਦਲ ਦਾ 1-1 ਅਤੇ 3 ਅਜ਼ਾਦ ਸਨ। ਜਿਨਾਂ ਵਿੱਚੋਂ ਅਤਿੰਦਰਪਾਲ ਸਿੰਘ ਅਤੇ ਰਾਜਦੇਵ ਸਿੰਘ ਖਾਲਸਾ ਮਾਨ ਦਲ ਨਾਲ਼ ਕਦੇ ਚੱਲੇ ਈ ਨਹੀਂ, ਅਜੇ ਜਸ਼ਨ ਵੀ ਨਹੀਂ ਮੁੱਕੇ ਸਨ ਕਿ ਮਾਨ ਦਲ ਦੇ ਦੋ ਐਮ. ਪੀ. ਬੀਬੀ ਬਿਮਲ ਕੌਰ ਖ਼ਾਲਸਾ ਅਤੇ ਜਥੇਦਾਰ ਜਗਦੇਵ ਸਿੰਘ ਖੁੱਡੀਆਂ ਭੇਦਭਰੇ ਹਲਾਤਾਂ ਵਿੱਚ ਮਾਰੇ ਗਏ।

ਬਾਈਕਾਟ ਵਾਲੇ ਫ਼ੈਸਲੇ ਨਾਲ਼ ਮਾਨ ਸਾਹਿਬ ਦਾ ਕੋਈ ਲੈਣਾ-ਦੇਣਾ ਹੀ ਨਹੀਂ ਸੀ ਇਹ ਸੱਦਾ ਖਾੜਕੂ ਧਿਰਾਂ ਦਾ ਸੀ ਜਿਨਾਂ ਦੀ ਭਾਵਨਾ ਮਾੜੀ ਨਹੀਂ ਸੀ ਪਰ ਇਸਦੇ ਨਤੀਜੇ ਜ਼ਰੂਰ ਮਾੜੇ ਨਿਕਲੇ। ਜੇ ਇਹ ਬਾਈਕਾਟ ਖਾੜਕੂ ਧਿਰਾਂ ਦੇ ਸੋਚੇ ਮੁਤਾਬਿਕ ਹੋ ਜਾਂਦਾ ਤਾਂ ਇਹ ਗੁਰੀਲਾ ਜੰਗ ਵਿੱਚ ਹੁਣ ਤੱਕ ਦਾ ਸਭ ਤੋਂ ਸ਼ਾਨਦਾਰ ਫ਼ੈਸਲਾ ਹੋਣਾ ਸੀ।

ਖ਼ੈਰ, ਦਿੱਲੀ ਵਾਲਿਆਂ ਨੇ ਤਾਂ ਕਾਂਗਰਸ-ਕੇਜਰੀ ਗੱਠਜੋੜ ਬਦਲੇ ਕੇਜਰੀਵਾਲ ਨੂੰ ਮੁਆਫ਼ ਕਰ ਦਿੱਤਾ, ਪਰ ਲੰਡੂ ਸਿਆਸੀ ਮਾਹਰਾਂ ਅਤੇ ਕਾਮਰੇਡ+ਮਿਸ਼ਨਰੀਆਂ ਦੇ ਢਹੇ ਚੜੇ ਪੰਜਾਬੀਆਂ ਨੇ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਗਲ਼ ਲਾਇਆ ਤੇ ਨਾ ਹੀ ਰਵਾਇਤੀ ਸ਼੍ਰੋਮਣੀ ਅਕਾਲੀ ਦਲ ਵਿੱਚ ਸੁਧਾਰ ਕੀਤੇ ਸਗੋਂ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਇੱਕ ਨਿਹਾਇਤੀ ਮੂਰਖ਼ਤਾ ਵਾਲਾ ਤੀਜਾ ਰਾਹ ਚੁਣਿਆ।

ਬੀਜੇਪੀ ਅਤੇ ਆਪ ਵਿੱਚ ਫ਼ਰਕ ਸਮਝਣਾ ਪੰਜਾਬੀਆਂ ਦੀ ਬੱਜਰ ਗ਼ਲਤੀ ਸਾਬਤ ਹੋਵੇਗੀ ਪੰਜਾਬ ਦੇ ਲੋਕ ਅੱਜ ਇਸ ਇਤਿਹਾਸਕ ਗ਼ਲਤੀ ਦੇ ਕੰਢੇ ’ਤੇ ਖੜੇ ਹਨ, ਤੇ ਵਾਹ ਲੱਗਦੀ ਉਹ ਗ਼ਲਤੀ ਜ਼ਰੂਰ ਕਰਨਗੇ।

ਮੁੱਕਦੀ ਗੱਲ ਭਾਈ ਰਾਜੋਆਣਾ ਦੀ ਬਾਅਦ ਦੀ ਗੱਲ ਨਾਲ਼ ਭਾਵੇਂ ਮੇਰੀ ਸਹਿਮਤੀ ਨਹੀਂ ਪਰ ਜਿਸ ਭਾਵਨਾ ਵਿੱਚੋਂ ਰਾਜੋਆਣਾ ਸਾਹਿਬ ਗੱਲ ਕਰ ਰਹੇ ਹਨ ਮੈਂ ਉਸ ਭਾਵਨਾ ਨੂੰ ਭਲੀ-ਭਾਂਤ ਸਮਝਦਾ ਜ਼ਰੂਰ ਹਾਂ ਅਤੇ ਉਨਾਂ ਦੀ ਭਾਵਨਾ ਦਾ ਸਤਿਕਾਰ ਵੀ ਕਰਦਾ ਹਾਂ।

ਮੇਰੀ ਖ਼ੁਸ਼ਫ਼ਹਿਮੀ ਇਹ ਹੈ ਕਿ ਕੌਮ ਦੀ ਵਿਰਾਸਤੀ ਜਥੇਬੰਦੀ ਤੇ ਕਾਬਜ਼ ਘੱਟੋ-ਘੱਟ ਮੂਰਖ਼ ਆਗੂਆਂ ਦੀਆਂ ਜ਼ਮਾਨਤਾਂ ਤਾਂ ਜ਼ਰੂਰ ਜ਼ਬਤ ਕਰਵਾਈਆਂ ਜਾਣ। ਸ਼ਾਇਦ ਉਨਾਂ ਦਾ ਅਕਾਲੀ ਦਲ ਨੂੰ ਪਾਇਆ ਨਾਗਵਲ਼ ਕੁਝ ਢਿੱਲਾ ਪੈ ਸਕੇ। ਕੇਜਰੀਵਾਲ ਨੂੰ ਸਪੱਸ਼ਟ ਬਹੁਮਤ ਤੋਂ ਹਰ ਹਾਲਤ ਦੂਰ ਰੱਖਿਆ ਜਾਵੇ। ਮੇਰੀ ਖ਼ੁਸ਼ਫ਼ਹਿਮੀ ਇਹ ਵੀ ਹੈ ਕਿ ਜੇ ਕੁਝ ਕੁ ਸੀਟਾਂ ਮਾਨ ਸਾਹਿਬ ਤੇ ਕਿਸਾਨ ਜਥੇਬੰਦੀਆਂ ਲੈ ਜਾਣ ਤਾਂ ਪੰਜਾਬ ਲਈ ਕੁਝ ਰਾਹਤ ਹੋਵੇਗੀ ਪਰ ਇਸਦੀ ਸੰਭਾਵਨਾ ਕੋਈ ਨਹੀਂ ਲੱਗ ਰਹੀ। ਮੇਰਾ ਅੰਤਿਮ ਨਿਰਣਾ ਇਹ ਹੈ ਕਿ ਕੌਮ ਕੋਲ਼ ਸ਼੍ਰੋਮਣੀ ਅਕਾਲੀ ਦਲ ਵਿੱਚ ਸੁਧਾਰ ਕਰਨ ਤੋਂ ਇਲਾਵਾ ਫ਼ਿਲਹਾਲ ਦੂਜਾ ਰਾਹ ਕੋਈ ਨਹੀਂ ਹੈ ਜੋ ਕੌਮ ਲਈ ਚੰਗਾ ਹੋਵੇ। ਸਿੱਖ ਪੰਥ ਨੂੰ ਇੱਕ ਹੋਣ ਦੀ ਲੋੜ ਹੈ ਤਾਂ ਜੋ ਸਿੱਖੀ ਉੱਤੇ ਪਹਿਰਾ ਦਿੱਤਾ ਜਾ ਸਕੇ।

---

# ਸਿੱਖਾਂ ਵਿੱਚ ਇਲੈਕਸ਼ਨ ਨਹੀਂ ਸਲੈਕਸ਼ਨ ਦੀ ਪ੍ਰਥਾ

### ਬਿੱਟੂ ਅਰਪਿੰਦਰ ਸਿੰਘ

ਇਹ ਗੱਲ ਤਾਂ ਪੱਕੀ ਹੈ ਕਿ ਸਿੱਖਾਂ ਵਿੱਚ ਇਲੈਕਸ਼ਨ ਨਹੀਂ ਸਲੈਕਸ਼ਨ ਦੀ ਪ੍ਰਥਾ ਰਹੀ ਹੈ, ਉਹ ਵੀ ਪੰਚ ਪ੍ਰਧਾਨੀ ਮਰਿਆਦਾ ਅਨੁਸਾਰ। ਬੀਤੇ ਸਮਿਆਂ ਦੇ ਸਿੱਖ ਉੱਚੇ ਕਿਰਦਾਰਾਂ ਵਾਲੇ ਸਨ ਜੋ ਪ੍ਰਧਾਨਗੀ ਲੰਬੜਦਾਰੀ ਦੀ ਥਾਂ ਸੇਵਾ ਨੂੰ ਪਹਿਲ ਦਿੰਦੇ ਸਨ। ਭਾਵ ਨਵਾਬ ਕਪੂਰ ਸਿੰਘ ਜੀ ਵਰਗੇ ਗੁਰਸਿੱਖ ਜੋ ਪੰਜਾਂ ਪਿਆਰਿਆਂ ਦਾ ਹੁਕਮ ਸਿਰ ਮੱਥੇ ਮੰਨ ਕੇ ਜੇ ਨਵਾਬੀ ਲੈ ਵੀ ਲੈਂਦੇ ਤਾਂ ਘੋੜਿਆਂ ਦੇ ਤਬੇਲੇ ਦੀ ਸੇਵਾ ਵੀ ਨਾਲ਼ ਮੰਗ ਲੈਂਦੇ, ਮਤੇ ਕਿਤੇ ਹਾਊਮੈ ਨੇੜੇ ਫੜਕ ਜਾਵੇ। ਇਹ ਵੀ ਮਨੁੱਖੀ ਇਤਿਹਾਸ ਵਿੱਚ ਨਿਮਰਤਾ ਦੀ ਹੱਦ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਇੱਕ ਸਿੱਖ ਸਿਰ ਤੇ ਕਲਗੀ ਸਜ਼ਾ ਕੇ ਘੋੜਿਆਂ ਦੀ ਲਿੱਦ ਹਟਾਵੇ। ..ਤੇ ਅੱਜ ਦੇ ਸਿੱਖ ਕੱਛਾਂ ’ਚ ਫਾਈਲਾਂ ਲਈ ਨਿੱਕੀਆਂ-ਨਿੱਕੀਆਂ ਪ੍ਰਧਾਨਗੀਆਂ ਲਈ ਬੀੜੀਆਂ ਪੀਣ ਵਾਲੇ ਜੱਜਾਂ ਦੀਆਂ ਚੌਂਕੀਆਂ ਭਰਦੇ ਮੈਂ ਆਪ ਵੇਖੇ ਹਨ।

ਗੱਲ ਅੱਜ ਵੱਡੀਆਂ ਕਮੇਟੀਆਂ ਦੀ ਨਹੀਂ ਕਰਨੀ ਅਤੇ ਨਾ ਹੀ ਦੇਸ਼ਾਂ ਵਿਦੇਸ਼ਾਂ ਵਿਚਲੇ ਅਨੇਕਾਂ ਗੁਰੂਘਰਾਂ ਦੀਆਂ ਕਮੇਟੀਆਂ ਦੀ। ਗੱਲ ਕਰਦੇ ਹਾਂ ਅੱਜ ਆਪਣੇ ਨਗਰ ਸ੍ਰੀ ਫ਼ਰੈਂਕਫੋਰਟ ਸਾਹਿਬ ਦੀ ਤੇ ਸਭ ਤੋਂ ਪੁਰਾਣੇ ਗੁਰੂ ਘਰ ਦੀ।

ਗੱਲ ਤੇ ਵੈਸੇ ਇਹ ਵੀ ਨਹੀਂ ਸੀ ਕਰਨੀ ਪਰ ਤਰਲੋਚਨ ਸਿੰਘ ਹੋਰਾਂ ਦੀ ਗੱਲ ਸੁਣ ਕੇ ਜੀਅ ਕੀਤਾ ਇੱਕ ਤਰਲਾ ਹੀ ਆ ਕਰਕੇ ਵੇਖ ਲੈਨੇ ਹਾਂ।

ਪਹਿਲਾਂ ਇਹ ਦੱਸਦਿਆਂ ਕਿ ਮੈਨੂੰ ਆਪਣੀ ਕਰਮ ਭੂਮੀ ਜਰਮਨ ਦੇ ਮਹਾਂਨਗਰ ਨੂੰ ਸ੍ਰੀ ਫ਼ਰੈਂਕਫੋਰਟ ਸਾਹਿਬ ਕਿਉਂ ਲਿਖਣਾ ਪਿਆ। ਕਾਰਨ ਇਹ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਮੈਂ ਇੱਕ ਤੋਂ ਦੋ, ਦੋ ਤੋਂ ਤਿੰਨ ਤਿੰਨ ਤੋਂ ਚਾਰ ਗੁਰੂਘਰ ਬਣਦੇ ਵੇਖੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ, ‘ਗੁਰਦੁਆਰਾ ਸ੍ਰੀ ਹਿੱਸਾ-ਪੱਤੀ ਸਾਹਿਬ’ ਬਣਨ ਦੀਆਂ ਵੀ ਕਨਸੋਆਂ ਹਨ। ਹੁਣ ਭਲਾਂ ਜਿਸ ਨਗਰ ਵਿੱਚ ਸਿੱਖ ਸੰਗਤ ਨਾਲ਼ੋਂ ਵੱਧ ਗੁਰੂਘਰ ਹੋਣ ‘ਸ੍ਰੀ ਤੇ ਸਾਹਿਬ’ ਲਾਉਣਾ ਤੇ ਬਣਦਾ। ਜਦੋਂ ਨਵੇਂ ਆਏ ਸਾਂ ਫ਼ਰੈਂਕਫੋਰਟ ਇੱਕ ਗੁਰੂਘਰ ਹੁੰਦਾ ਸੀ। ਦੂਰੋਂ ਨੇੜਿਓਂ ਵੀ ਸੰਗਤਾਂ ਆਉਂਦੀਆਂ ਸਨ, ਬੜੀ ਭਾਰੀ ਰੌਣਕ ਹੁੰਦੀ ਸੀ। ਫਿਰ ਅਫ਼ਗ਼ਾਨੀ ਸਿੱਖਾਂ ਨੇ ਆਪਣਾ ਵੱਖਰਾ ‘ਅਫ਼ਗ਼ਾਨਗੜ’ ਬਣਾ ਲਿਆ ਤੇ ਕਸਬੇ ਔਫ਼ਨਬਾਖ ਵਾਲਿਆਂ ਆਪਣਾ ਵੱਖਰਾ ‘ਬੁੰਗਾ ਸਾਹਿਬ’ ਤੇ ਹੁਣ ਉਸ ’ਚੋਂ ਵੀ ਨਿਕਲ ਕੇ ਇੱਕ ਨਵਾਂ ‘ਝੰਡਾ ਬੁੰਗਾ’ ਇਸ ਵਰੇ ਸਥਾਪਿਤ ਹੋਣ ਦੀ ਖ਼ਬਰ ਵੀ ਹੈ।

ਪਰ ਅੱਜ ਗੱਲ ਕਰਦੇ ਆਂ ‘ਗੁਰਦੁਆਰਾ ਸ੍ਰੀ ਪੰਗਾ ਸਾਹਿਬ’ ਭਾਵ ਸਭ ਤੋਂ ਪੁਰਾਣੇ ਗੁਰੂ ਘਰ ‘ਗੁਰਦੁਆਰਾ ਸਿੱਖ ਸੈਂਟਰ ਫ਼ਰੈਂਕਫੋਰਟ ਸਾਹਿਬ’ ਦੀ। ਝੰਡਾ ਬੁੰਗਾ ਜਾਂ ਪੰਗਾ ਸਾਹਿਬ ਲਿਖਣ ਲਈ ਨਗਰ ਦੀਆਂ ਸਿੱਖ ਸੰਗਤਾਂ ਤੇ ਸਮਰੱਥ ਗੁਰੂ ਸਾਹਿਬ ਤੋਂ ਅਗਾਊਂ ਮੁਆਫ਼ੀ। ਡਰ ਲਗਦਾ ਭਾਈ ਕੋਈ ਤਲਬ ਹੋਣ ਲਈ ਫ਼ਤਵਾ ਜਾਰੀ ਨਾਂ ਕਰਦੇ ਇਸ ਲਈ ਮੁਆਫ਼ੀ ਪਹਿਲਾਂ। ਪੰਗਾ ਸਾਹਿਬ ਇਸ ਕਰਕੇ ਕਿ ਗੁਰੂਘਰ ਸਿਰਫ਼ ਪਤਵੰਤਿਆਂ ਕਰਕੇ ਸਦਾ ਵਿਵਾਦਾਂ ਵਿੱਚ ਰਿਹਾ। ਜਦੋਂ ਨਵੇਂ ਆਏ ਸੁਣਿਆ ਚੌਧਰ ਲਈ ਕਤਲ ਤੱਕ ਵੀ ਹੋਏ ਸਨ ਤੇ ਬਾਕੀ ਜੂਤ ਪਤਾਣ, ਪੱਗੋ ਲਾਹੀ ਹੱਥੋਂ ਫਾਹੀ ਤੇ ਪੁਲਿਸ ਦਾ ਜੁੱਤੀਆਂ ਤੇ ਕੁੱਤਿਆਂ ਸਮੇਤ ਅੰਦਰ ਆਉਣਾ ਤੇ ਆਮ ਜਿਹੀ ਗੱਲ ਹੈ।

ਸਭ ਤੋਂ ਮੰਦਭਾਗੀ ਗੱਲ ਆ ਨਿੱਕੇ ਬੱਚਿਆਂ ਦੇ ਸਾਹਮਣੇ ਬੀਬੀਆਂ ਦਾ ਪ੍ਰਗਟ ਗੁਰਾਂ ਕੀ ਦੇਹ ਸਾਹਮਣੇ ਬੋਲ ਬੁਲਾਰਾ। ਆਪੇ ਤੋਂ ਬਾਹਰ ਹੋਣਾ ਤੇ ਅਨਪੜਤਾ ਦਾ ਨੰਗਾ ਨਾਚ ਕਰ, ਮੰਦੇ ਬੋਲ ਬੋਲਕੇ ਅਕਲ ਦਾ ਦੁਆਲਾ ਕੱਢਣਾ। ਖ਼ੈਰ, ਰੱਬ ਲੱਤ ਨੀ ਮੱਤ ਮਾਰਦਾ।

ਨਗਰ ਦੇ ਪਤਵੰਤੇ ਏਨੇ ਦੂਰ ਅੰਦੇਸ਼ ਹਨ ਕਿ ਦਹਾਕੇ ਨਾਲ਼ੋਂ ਵੱਧ ਸਮਾਂ ਹੋ ਚੱਲਿਆ ਇੱਕ ਕਮੇਟੀ ਰਜਿਸਟਰਡ ਨਹੀਂ ਕਰਵਾ ਸਕੇ। ਕਿਉਂਕਿ ਵਿਚਾਰਿਆਂ ਨੂੰ ਗੁਰਮਤਾ ਨੀਂ ਕਰਨਾ ਆਉਂਦਾ। ਜਿਹੜਾ ਆਉਂਦਾ ਆਪਣੀ ਚੌਧਰ ਕਰ ਦੂਜਿਆਂ ਨੂੰ ਨਿੰਦ ਭੰਡ ਔਹ ਜਾਂਦਾ ਤੇ ਮਗਰ ਛੱਡ ਜਾਂਦਾ ਘੁਟਾਲੇ ਤੇ ਵਿਵਾਦ। ਜੋ ਮੈਂ ਪਿਛਲੇ ਦੋ ਸਾਲਾਂ ਤੋਂ ਬੜਾ ਨੇੜਿਓਂ ਵੇਖਿਆ, ਉਹ ਹੈ ਸਿਰਫ਼ ਹਾਊਮੈ ਦੀ ਜੰਗ ਜਿੱਤਣ ਦਾ ਜਨੂੰਨ। ਕਿਸੇ ਨੂੰ ਗੁਰੂ ਨਾਲ, ਗੁਰਮਤਿ ਨਾਲ, ਰਹਿਤ ਨਾਲ, ਮਰਿਆਦਾ ਨਾਲ, ਪੰਥ ਜਾਂ ਗ੍ਰੰਥ ਨਾਲ਼ ਕੋਈ ਲੈਣਾ ਦੇਣਾ ਨਹੀਂ। ਗੁਰੂਘਰ ਘੱਟ ਤੇ ਕਮਿਊਨਟੀ ਸੈਂਟਰ ਵੱਧ ਲਗਦਾ ਹੈ।

ਖ਼ੈਰ, ਮੇਰੇ ਵਰਗੇ ਬੰਦੇ ਦੀ ਗੁਰੂਘਰ ਦੇ ਪਾਕ ਪਵਿੱਤਰ ਕਾਰਜਾਂ ਵਿੱਚ ਦਖ਼ਲਅੰਦਾਜ਼ੀ ਕਰਨ ਦੀ ਕੋਈ ਔਕਾਤ ਨਹੀਂ ਹੈ ਪਰ ਫਿਰ ਵੀ ਪਤਾ ਨਹੀਂ ਸੁਹਿਰਦ ਸੱਜਣ ਕਿਉਂ ਯਾਦ ਕਰ ਲੈਂਦੇ ਹਨ। ਦੋ ਸਾਲ ਪਹਿਲਾਂ ਵੀ ਸਲਾਹ ਦਿੱਤੀ ਸੀ ਕਿ ਭਾਈ ਜੇ ਕੋਈ ਡਰਾਇਵਰ ਕਿਸੇ ਦੀ ਟੈਕਸੀ ਦਾ ਆਏ ਦਿਨ ਨੁਕਸਾਨ ਕਰੇ ਤੇ ਅਗਲੇ ਫ਼ਾਰਗ ਕਰ ਦਿੰਦੇ, ਬਈ ਬੰਦਾ ਲਾਹੇਵੰਦ ਨਹੀਂ ਤੇ ਅਸੀਂ ਨੁਕਸਾਨ ਕਰਨ ਵਾਲਿਆਂ ਨੂੰ ਮੁੜ-ਮੁੜ ਮੌਕੇ ਦਿੰਦੇ ਹਾਂ, ਸਿਰਫ਼ ਆਪਣੇ ਸਵਾਰਥ ਲਈ। ਚਲੋ ਸਲਾਹ ਸੀ, ਦੇ ਦਿੱਤੀ, ਨਹੀਂ ਕਿਸੇ ਸੁਣੀ, ਬਈ, ਨਵੇਂ ਬੰਦੇ ਜਿਨਾਂ ਨੂੰ ਅਜੇ ਤੱਕ ਮੌਕਾ ਹੀ ਨਹੀਂ ਦਿੱਤਾ ਉਨਾਂ ਨੂੰ ਕਿੱਦਾਂ ਭੰਡ ਸਕਦੇ ਹਾਂ। ਦੋ ਸਾਲ ਫਿਰ ਪੰਗਾਬਾਜ਼ੀ ਤੇ ਦੰਗਾਬਾਜ਼ੀ ਵਿੱਚ ਗੁਜ਼ਰ ਗਏ। ਸਮਾਂ, ਐਨਰਜੀ ਤੇ ਮਾਇਆ ਦਾ ਨੁਕਸਾਨ ਕੀਤਾ ਪਰ ਪਰਨਾਲਾ ਉੱਥੇ ਦਾ ਉੱਥੇ। ਸੋਚਿਆ ਸੀ ਪਿਛਲੇ ਤੀਹ ਸਾਲਾਂ ਤੋਂ ਨਿਰਲੇਪ ਰਹੇ ਹਾਂ ਆਪਾਂ ਇਨਾਂ ਰਾਹਾਂ ਦੇ ਪਾਂਧੀ ਨਹੀਂ। ਬੁਰੇ ਜ਼ਰੂਰ ਹਾਂ, ਪਰ ਗੁਰੂ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਦੇ ਹਾਂ, ਗੁਰੂਘਰ ਕਿਸੇ ਨਾਲ਼ ਲੜਨਾ ਤੇ ਕੀ ਉੱਚੀ ਬੋਲਣਾ ਵੀ ਗ਼ੁਨਾਹ ਹੈ। ਬਥੇਰਾ ਲੋਕਾਂ ਪਰਵੋਕ ਕੀਤਾ ਕਿ ਭਾਵੁਕ ਬੰਦੇ ਹਾਂ ਖਿਝਾਈਏ ਤੇ ਕਿਸੇ ਦੇ ਗਲ ਪੈਣ। ਕਈ ਮੰਦਬੁੱਧੀਆਂ ਨੇ ਕਿਹਾ ਆਜੋ ਚਾਹ ਪਕੌੜੇ ਬਣੇ ਆ ਖਾਜੋ। ਪਰ ਇੱਕੋ ਕਿਹਾ ਬਾਹਰ ਕੱਲੇ ਤੁਰੇ ਫਿਰਦੇ ਹਾਂ, ਫੇਸਬੁੱਕ ’ਤੇ ਥਾਂ-ਥਾਂ ਲਾਈਵ ਹੁੰਦੇ ਹਾਂ ਜਿਨਾਂ ਫੜਨਾ ਫੜਲੋ ਭਾਈ ਜੈੱਡ ਸਕਿਊਰਟੀ ਤੇ ਹੈਨੀ। ਭਾਵ ਦੋ ਸਾਲ ਗੁਰੂਘਰ ਲੜਾਈ ਰੋਕ ਕੇ ਰੱਖੀ।

ਪਿਛਲੇ ਕੁਝ ਅਰਸੇ ਤੋਂ ਸਪੇਨ ਹਾਂ, ਕੁਝ ਦਿਨਾਂ ਵਾਸਤੇ ਤੇ ਕੁਝ ਸੱਜਣਾਂ ਦੇ ਫ਼ੋਨ ਆ ਰਹੇ ਹਨ ਕਿ ਸਰਗਰਮੀਆਂ ਫਿਰ ਜ਼ੋਰਾਂ ’ਤੇ ਹਨ, ਕਮੇਟੀ ਦੀ ਚੋਣ ਬਾਰੇ। ਕੱਲ ਹੀ ਇੱਕ ਸੱਜਣ ਦਾ ਫ਼ੋਨ ਆਇਆ ਕਿ ਸ਼ਨੀਵਾਰ ਮੀਟਿੰਗ ਹੈ ਤੇ ਐਤਵਾਰ ਕਮੇਟੀ ਚੁਣਨੀ ਹੈ, ਅਖੇ ਦੋ ਤਿੰਨ ਬੰਦੇ ਓਧਰੋਂ ਹਾਂ ਤੇ ਦੋ ਤਿੰਨ ਓਧਰੋਂ, ਭਾਈ ਬੇਨਤੀ ਹੈ ਨਗਰ ਵਿੱਚ, ਹੋਰ ਵੀ ਲੋਕ ਵਸਦੇ ਹਨ, ਇਹ ਦੋ-ਦੋ ਤਿੰਨ-ਤਿੰਨ ਵਾਲ਼ੀ ਗੇਮ ਕ੍ਰਿਪਾ ਕਰਕੇ ਬੰਦ ਕਰੋ। ਇਹ ਨਹੀਂ ਕਿ ਕਦੇ ਚੋਰ-ਚੋਰ ਤੇ ਕਦੇ ਭਾਈ-ਭਾਈ। ਨਗਰ ਵਿੱਚ ਹੋਰ ਵੀ ਸੰਗਤ ਵਸਦੀ ਹੈ। ਇਸ ਲਈ ਬੇਨਤੀ ਹੈ ਕਿ ਸਾਰੇ ਫ਼ਾਰਗ ਹੋਵੋ ਤੇ ਵਾਹਿਗੁਰੂ ਵਾਹਿਗੁਰੂ ਕਰੋ। ਜੋ ਮੈਂ ਸਮਝਦਾ ਹਾਂ, ਹੋ ਸਕਦਾ ਗ਼ਲਤ ਹੋਵਾਂ, ਪਰ ਫ਼ਰੈਂਕਫੋਰਟ ਗੁਰੂਘਰ ਦਾ ਮਸਲਾ ਪਤਵੰਤਿਆਂ ਕਸ਼ਮੀਰ ਦੇ ਮਸਲੇ ਵਾਂਗੂ ਉਲਝਾਇਆ ਹੋਇਆ ਹੈ ਜਾਂ ਤਾਂ ਹੱਲ ਕਰਨਾ ਨੀਂ ਚਾਹੁੰਦੇ ਤੇ ਜਾਂ ਕੋਈ ਕਰਨ ਦੇਣਾ ਨਹੀਂ ਚਾਹੁੰਦਾ। ਪਰ ਫਿਰ ਵੀ ਗੁਰੂ ਸਮਰੱਥ ਹੈ ਆਸ ਕਾਹਨੂੰ ਛੱਡਣੀ। ਇੱਕ ਹੱਲ ਹੈ ਹੇਠ ਵਾਲੀ ਵੀਡੀਓ ਵੇਖੋ ਤੇ ਜੇ ਗੁਰੂ ਨੂੰ ਹਾਜ਼ਰ ਨਾਜ਼ਰ ਸਮਝਦੇ ਹੋ ਤੇ ਗੁਰਾਂ ਕੀ ਦੇਹ ਨੂੰ ਪ੍ਰਗਟ ਗੁਰਾਂ ਕੀ ਦੇਹ ਸਮਝਦੇ ਹੋ ਤਾਂ ਸਭ ਗੁਰੂ ਤੇ ਛੱਡ ਦਿਓ। ਪਰਚੀਆਂ ਪਾਓ ਕਿਸੇ ਬੱਚੇ ਤੋਂ ਚਕਾਓ ਅਤੇ ਗੁਰੂ ਆਸਰੇ ਸੇਵਾ ਬਖ਼ਸ਼ੋ!

ਤੇ ਫੇਰ ਮਸਲੇ ਸਾਰੇ ਹੱਲ ਹੋਣਗੇ ਆਖ਼ਿਰ ਨੂੰ, ਮੁਖੜੇ ਗੁਰੂਆਂ ਵੱਲ ਹੋਣਗੇ ਆਖ਼ਿਰ ਨੂੰ।

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਕੈਪਟਨ ਹੋਏ ਠੁਸ 'ਕਮਲ ਦੇ ਫ਼ੁਲ' ਨੇ ਵਿਗਾੜੀ ਖੇਡ

**ਚੰਡੀਗੜ/ਏ.ਟੀ.ਨਿਊਜ਼** :- ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ 'ਪੰਜਾਬ ਲੋਕ ਕਾਂਗਰਸ' ਦੀ ਖੇਡ ਠੁਸ ਹੋਣ ਲੱਗੀ ਹੈ। 'ਖਿੱਦੋ ਖੂੰਡੀ' ਚੋਣ ਨਿਸ਼ਾਨ ਲੈਣ ਤੋਂ ਪੰਜਾਬ ਲੋਕ ਕਾਂਗਰਸ ਦੇ ਸ਼ਹਿਰੀ ਉਮੀਦਵਾਰ ਕਿਨਾਰਾ ਕਰਨ ਲੱਗੇ ਹਨ। ਪੰਜ ਉਮੀਦਵਾਰਾਂ ਨੇ ਤਾਂ ਭਾਜਪਾ ਦੇ ਚੋਣ ਨਿਸ਼ਾਨ 'ਤੇ ਚੋਣ ਲੜਨ ਦਾ ਫ਼ੈਸਲਾ ਕਰ ਲਿਆ ਹੈ। ਜਾਣਕਾਰੀ ਮੁਤਾਬਕ ਛੇ ਹੋਰ ਉਮੀਦਵਾਰਾਂ ਨੇ ਭਾਜਪਾ ਚੋਣ ਨਿਸ਼ਾਨ ਲੈਣ ਦੀ ਇੱਛਾ ਪ੍ਰਗਟ ਕੀਤੀ ਹੈ। ਚੋਣਾਂ ਤੋਂ ਪਹਿਲਾਂ ਹੀ ਪੰਜਾਬ ਲੋਕ ਕਾਂਗਰਸ ਤਿੜਕਣ ਲੱਗੀ ਹੈ। ਕੈਪਟਨ ਨੂੰ ਵੱਡੀ ਆਸ ਕਾਂਗਰਸ ਦੇ ਬਾਗ਼ੀ ਉਮੀਦਵਾਰਾਂ ਤੋਂ ਸੀ ਪ੍ਰੰਤੂ ਕਾਂਗਰਸੀ ਟਿਕਟ ਤੋਂ ਖੁੰਝੇ ਕਿਸੇ ਵੀ ਬਾਗ਼ੀ ਉਮੀਦਵਾਰ ਨੇ ਕੈਪਟਨ ਦਾ ਪੱਲਾ ਨਹੀਂ ਫੜਿਆ। ਇੱਥੋਂ ਤੱਕ ਕਿ ਕੈਪਟਨ ਦੇ ਨੇੜਲੇ ਰਹੇ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੀ ਭਾਜਪਾ ਵਿਚ ਸ਼ਾਮਲ ਹੋਣਾ ਬਿਹਤਰ ਸਮਝਿਆ।ਕੈਪਟਨ ਦਾ ਆਪਣਾ ਨਿੱਜੀ ਕੋਈ ਕਾਡਰ ਨਹੀਂ ਸੀ ਅਤੇ ਸਭ ਕਾਂਗਰਸ ਅਤੇ ਦੂਸਰੀਆਂ ਪਾਰਟੀਆਂ 'ਚੋਂ ਆਏ ਲੋਕ ਹੀ ਸਨ। ਰਾਜਪੁਰਾ ਤੋਂ ਜਿਸ ਜਗਦੀਸ਼ ਜੱਗਾ ਨੂੰ ਅਮਰਿੰਦਰ ਸਿੰਘ ਨੇ ਪੰਜਾਬ ਲੋਕ ਕਾਂਗਰਸ ਵਿੱਚ ਸ਼ਾਮਲ ਕੀਤਾ ਸੀ, ਉਹ ਹੁਣ ਭਾਜਪਾ ਉਮੀਦਵਾਰ ਬਣ ਕੇ ਰਾਜਪੁਰਾ ਤੋਂ ਚੋਣ ਮੈਦਾਨ ਵਿੱਚ ਉਤਰਿਆ ਹੈ। ਕੈਪਟਨ ਨੇ ਆਪਣੀ ਪਾਰਟੀ ਤਰਫ਼ੋਂ ਨਵਾਂ ਸ਼ਹਿਰ ਤੋਂ ਸਤਬੀਰ ਸਿੰਘ ਸੈਣੀ ਨੂੰ ਉਮੀਦਵਾਰ ਬਣਾਇਆ ਸੀ ਪ੍ਰੰਤੂ ਉਸ ਨੂੰ ਹੁਣ ਕਾਂਗਰਸ ਨੇ ਆਪਣਾ ਉਮੀਦਵਾਰ ਬਣਾ ਲਿਆ ਹੈ, ਜਿਸ ਮਗਰੋਂ ਕੈਪਟਨ ਨੇ ਹੁਣ ਨਵਾਂ ਸ਼ਹਿਰ ਸੀਟ ਭਾਜਪਾ ਲਈ ਛੱਡ ਦਿੱਤੀ ਹੈ। ਪੰਜਾਬ



ਲੋਕ ਕਾਂਗਰਸ ਨੇ ਨਕੋਦਰ ਤੋਂ ਓਲੰਪੀਅਨ ਅਜੀਤਪਾਲ ਸਿੰਘ ਨੂੰ ਟਿਕਟ ਦਿੱਤੀ ਸੀ ਪ੍ਰੰਤੂ ਵੋਟਰ ਨਾ ਹੋਣ ਦੇ ਤਕਨੀਕੀ ਮਸਲੇ ਕਾਰਨ ਉਨਾਂ ਦੀ ਥਾਂ ਟਿਕਟ ਹੁਣ ਸ਼ੰਮੀ ਨੂੰ ਦਿੱਤੀ ਗਈ ਹੈ। ਹਲਕਾ ਬਠਿੰਡਾ ਦਿਹਾਤੀ ਤੋਂ ਪਹਿਲਾਂ ਕੈਪਟਨ ਨੇ ਸਾਬਕਾ ਵਿਧਾਇਕ ਮਰਹੂਮ ਮੱਖਣ ਸਿੰਘ ਦੇ ਲੜਕੇ ਸਵੇਰਾ ਸਿੰਘ ਨੂੰ ਟਿਕਟ ਦਿੱਤੀ ਅਤੇ ਮਗਰੋਂ ਮੱਖਣ ਸਿੰਘ ਦੀ ਪਤਨੀ ਮਾਇਆ ਦੇਵੀ ਨੂੰ ਉਮੀਦਵਾਰ ਐਲਾਨ ਦਿੱਤਾ। ਇਹ ਵੀ ਦੱਸਣਯੋਗ ਹੈ ਕਿ ਹੁਣ ਪੰਜਾਬ ਲੋਕ ਕਾਂਗਰਸ ਨੇ ਮੁੜ ਸਵੇਰਾ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਹਿੱਸੇ ਭਾਜਪਾ ਗਠਜੋੜ ਵਿੱਚ 37 ਸੀਟਾਂ ਆਈਆਂ ਸਨ ਜਿਨਾਂ 'ਚੋਂ ਹੁਣ ਨਵਾਂ ਸ਼ਹਿਰ ਸੀਟ ਭਾਜਪਾ ਦੇ ਖਾਤੇ ਵਿੱਚ ਚਲੀ ਗਈ ਹੈ।ਕਰਨ ਕੈਪਟਨ ਨੇ ਸਾਰੀਆਂ ਸੀਟਾਂ ਤੋਂ ਉਮੀਦਵਾਰ ਐਲਾਨ ਦਿੱਤੇ ਹਨ। ਪੰਜਾਬ ਲੋਕ ਕਾਂਗਰਸ ਦੇ ਖਰੜ, ਲੁਧਿਆਣਾ ਪੂਰਬੀ, ਆਤਮ ਨਗਰ, ਬਠਿੰਡਾ ਸ਼ਹਿਰੀ ਦੇ ਉਮੀਦਵਾਰਾਂ ਨੇ 'ਕਮਲ ਦਾ ਫ਼ੁਲ' ਚੋਣ ਨਿਸ਼ਾਨ ਚੁਣ ਲਿਆ ਹੈ। ਛੇ ਹੋਰ ਉਮੀਦਵਾਰਾਂ ਨੇ ਭਾਜਪਾ ਦਾ ਚੋਣ ਨਿਸ਼ਾਨ ਮੰਗਿਆ ਹੈ। ਕੈਪਟਨ ਨੇ ਆਪਣੇ ਕਾਗ਼ਜ਼ ਦਾਖ਼ਲ ਕਰ ਦਿੱਤੇ ਹਨ ਪ੍ਰੰਤੂ ਉਨਾਂ ਕਿਸੇ ਵੀ ਹਲਕੇ ਤੋਂ ਚੋਣ ਮੁਹਿੰਮ ਨਹੀਂ ਵਿੱਢੀ। ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਵਿਮਲ ਸੁੰਬਲੀ ਦਾ ਕਹਿਣਾ ਸੀ ਕਿ ਭਾਜਪਾ ਨਾਲ ਸਮਝੌਤੇ ਸਮੇਂ ਹੀ ਇਹ ਤੈਅ ਹੋ ਗਿਆ ਸੀ ਕਿ ਸ਼ਹਿਰੀ ਸੀਟਾਂ 'ਤੇ ਪੰਜਾਬ ਲੋਕ ਕਾਂਗਰਸ ਦੇ ਉਮੀਦਵਾਰ ਜਿਸ ਚੋਣ ਨਿਸ਼ਾਨ 'ਤੇ ਚੋਣ ਲੜਨਾ ਚਾਹੁਣ, ਉਹ ਲੜ ਸਕਦੇ ਹਨ ਕਿਉਂਕਿ ਸ਼ਹਿਰਾਂ ਵਿੱਚ ਭਾਜਪਾ ਦਾ ਆਧਾਰ ਜ਼ਿਆਦਾ ਹੈ।






## ਦਿੱਲੀ ਵਿਚ ਵਿਆਹੀ...

ਉਨਾਂ ਕਿਹਾ ਕਿ ਪੁਲੀਸ ਇਨਸਾਫ ਨਹੀਂ ਕਰੇਗੀ ਤਾਂ ਖਾਲਸਾ ਪੰਥ ਰਵਾਇਤਾਂ ਅਨੁਸਾਰ ਸਜ਼ਾ ਦੇਵੇਗਾ। ਸਿੱਖ ਔਰਤਾਂ ਦੀ ਅਬਰੂ ਨੂੰ ਦਿਲੀ ਵਿਚ ਗੁੰਡਿਆਂ ਤੇ ਡਰੱਗ ਸਮਗਲਰਾਂ ਵਲੋਂ ਲੁੱਟਿਆ ਉਹ ਵਹਿਸ਼ਤ ਹੈ ਅਤੇ ਸਿੱਖ ਪੰਥ ਨੂੰ ਚੈਲਿੰਜ ਹੈ ।

ਅਕਾਲ ਤਖਤ ਦੇ ਜਥੇਦਾਰ ਤੇ ਪੰਥਕ ਜਥੇਬੰਦੀਆਂ ਵਲੋਂ ਨਿੰਦਾ

ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਦਿੱਲੀ ਵਿਚ ਇੱਕ ਨੌਜਵਾਨ ਲੜਕੀ 'ਤੇ ਕੀਤੇ ਗਏ ਅਣ-ਮਨੁੱਖੀ ਤਸ਼ੱਦਦ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨਾਂ ਕਿਹਾ ਕਿ ਭਾਰਤ ਸਰਕਾਰ ਇਸ ਦਾ ਸਖ਼ਤ ਨੋਟਿਸ ਲਵੇ ਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਅਣਮਨੁੱਖੀ ਘਟਨਾ ਜ਼ੁਲਮ ਦਾ ਸਿਖਰ ਹੈ। ਉਨਾਂ ਕਿਹਾ ਕਿ ਇਹ ਘਟਨਾ ਮੁਗਲਾਂ ਵੇਲੇ ਹੁੰਦੇ ਜ਼ੁਲਮ ਨੂੰ ਵੀ ਮਾਤ ਦੇ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਤੋਂ ਸ਼ਰਮਨਾਕ ਹੋਰ ਕੀ ਹੋ ਸਕਦਾ ਹੈ ਕਿ ਇਕ ਬੇਵੱਸ ਅਤੇ ਇਕੱਲੀ ਸਿਖ ਲੜਕੀ 'ਤੇ ਸਮੂਹਿਕ ਰੂਪ ਵਿਚ ਜ਼ੁਲਮ ਕੀਤਾ ਗਿਆ ਅਤੇ ਹੋਰ ਵੀ ਅਫ਼ਸੋਸਨਾਕ ਹੈ ਕਿ ਇਸ ਜੁਰਮ ਵਿੱਚ ਔਰਤਾਂ ਵੀ ਸ਼ਾਮਲ ਹਨ। ਉਨਾਂ ਦਿੱਲੀ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਕਿਸੇ ਵੀ ਹਾਲਤ ਵਿੱਚ ਬਖ਼ਸ਼ੇ ਨਹੀਂ ਜਾਣੇ ਚਾਹੀਦੇ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਪੜਤਾਲ ਲਈ ਦਿੱਲੀ ਸਿੱਖ ਮਿਸ਼ਨ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ।ਉਨਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਅਧਿਕਾਰੀ ਜੋ ਵੀ ਰਿਪੋਰਟ ਦੇਣਗੇ ਉਸ ਅਨੁਸਾਰ ਅਗਲੀ ਕਾਰਵਾਈ ਕਰਾਂਗੇ।

ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਇਸ ਘਟਨਾ ਨੂੰ ਦੁਖਦਾਈ ਦਸਦਿਆਂ ਕਿਹਾ ਕਿ ਇਸ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ।

ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਹਜੂਮ ਨੇ ਜਿਸ ਢੰਗ ਨਾਲ ਸਿੱਖ ਔਰਤ ਦੇ ਕੇਸ ਕੱਟੇ, ਬੇਰਹਿਮੀ ਨਾਲ ਮਾਰਿਆ ਅਤੇ ਜ਼ਲੀਲ ਕਰਦਿਆਂ ਉਸ ਨੂੰ ਲੋਕਾਂ ਵਿੱਚ ਘੁਮਾਇਆ, ਇਹ ਔਰਤ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ



**ਅਜੈਪਾਲ ਸਿੰਘ ਚਵਿੰਡਾ**
**ਫੋਨ-9464265464**

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਸਾਹਿਤ ਅਤੇ ਸੰਗੀਤ ਦੇ ਮਹਾਨ ਗਿਆਤਾ ਸਨ ਅਤੇ ਬ੍ਰਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ।

ਇੰਨਾ ਹੀ ਨਹੀਂ ਆਪ ਇੱਕ ਸੂਰਬੀਰ ਯੋਧੇ ਅਤੇ ਚੰਗੇ ਸੰਗੀਤਕਾਰ ਸਨ। ਆਪਣੇ 42 ਸਾਲਾਂ ਦੇ ਜੀਵਨ ਵਿੱਚ ਆਪ ਨੇ ਜਿੱਥੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਉੱਥੇ ਆਪ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਮਹਾਨ ਯੋਗਦਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਨਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਇਆ। ਇਹ ਕਾਰਜ ਦਮਦਮਾ ਸਾਹਿਬ ਵਿੱਚ ਰਹਿ ਕੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਕੋਲ਼ੋਂ ਕਰਵਾਇਆ।

ਦਸਮ ਗ੍ਰੰਥ ਦੀ ਰਚਨਾ- ਗੁਰੂ ਜੀ ਬ੍ਰਜ ਭਾਸ਼ਾ, ਫ਼ਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਉਨਾਂ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਹੋਏ ਸਨ। ਗੁਰੂ ਜੀ ਦੀਆਂ ਆਪਣੀਆਂ ਅਤੇ ਇਨਾਂ ਕਵੀਆਂ ਦੀਆਂ ਰਚਨਾਵਾਂ ਦਾ ਸੰਕਲਨ ਦਸਮ ਗ੍ਰੰਥ ਦੇ ਰੂਪ ਵਿੱਚ ਕਰਵਾਇਆ। ਇਸ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਜੀ ਨੇ ਕੀਤਾ। ਰਾਜਨੀਤਿਕ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਨਾਂ ਦੁਆਰਾ ਰਚਿਤ ਬੀਰ ਕਾਵਿ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹਨ। ਇਨਾਂ ਦੇ ਦਰਬਾਰੀ ਕਵੀ ਵੀ ਇਨਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਦਸਮ ਗ੍ਰੰਥ 1428 ਪੰਨਿਆਂ ਦਾ ਇੱਕ ਵਿਸ਼ਾਲ ਅਕਾਰ ਦਾ ਗ੍ਰੰਥ ਹੈ।

ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ- ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ ਉੱਥੇ ਅਦੁੱਤੀ ਕਵੀ ਅਤੇ ਸੰਗੀਤ ਦੇ ਗਿਆਤਾ ਵੀ ਸਨ। ਗੁਰੂ ਜੀ ਦੀ ਮਹਾਨ ਬਾਣੀ ਵਿੱਚ ਸੰਗੀਤ ਪ੍ਰਤੀ ਉਨਾਂ ਦੀ ਸੂਖ਼ਮ ਸੂਝ ਦਾ ਗਿਆਨ ਮਿਲਦਾ ਹੈ। ਉਹਨਾਂ ਦੀਆਂ ਰਚਨਾਵਾਂ ਵਿੱਚ ਢੋਲ, ਮਿਰਦੰਗ, ਨਗਾਰੇ, ਸੰਖ, ਤਾਲ, ਗੀਤ, ਤਾਨ, ਤਰੰਗ ਆਦਿ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ। ਦਸਮ ਗ੍ਰੰਥ ਵਿੱਚ ਜਾਪੁ ਸਾਹਿਬ ਬਾਣੀ ਵਿੱਚ ਭੁਜੰਗ ਪ੍ਰਯਾਤ ਛੰਦ ਵਿੱਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਨੂੰ ਇੰਨੀ ਗਹਿਰਾਈ ਨਾਲ਼ ਉਸ ਅਕਾਲ ਪੁਰਖ ਦੀ ਉਸਤਤੀ ਲਈ ਪਯੋਗ ਕੀਤਾ ਹੈ ਜਿਵੇਂ-

**ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥47 ॥**
**ਨਮੋ ਨ੍ਰਿਤ ਨ੍ਰਿਤੇ ॥ ਨਮੋ ਨਾਦ ਨਾਦੇ ॥**
**ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥48 ॥**

ਚੰਡੀ ਚਰਿਤਰ ਵਿੱਚ ਪ੍ਰਭੂ ਉਸਤਤੀ ਲਈ ਰਚਿਤ ਬਾਣੀ ਵਿੱਚ ਅਨੇਕ ਵਾਦਿਆਂ ਦਾ ਉਲੇਖ ਮਿਲਦਾ ਹੈ ਜਿਵੇਂ-

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੇ ॥

ਸੰਗੀਤ ਵਾਦਿਆਂ ਦੇ ਭਿੰਨ-ਭਿੰਨ ਪ੍ਰਕਾਰਾਂ ਦੀ ਜਾਣਕਾਰੀ ਹੇਠ ਲਿਖੀਆਂ ਤੁਕਾਂ ਤੋਂ ਮਿਲਦੀ ਹੈ।

**ਤਤ ਬਿਦ ਘਨ ਸੁਖ ਰਸ ਬਾਜੈ ॥**
**ਸੁਨ ਮਨ ਰਾਗ ਗੁਨਿ ਗਾਨ ਲਾਜੈ ॥**

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ- ਦਸਮ ਗ੍ਰੰਥ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਸੰਗੀਤ ਦਾ ਇੱਕ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜੀ ਸੰਗੀਤਕ ਸੂਝ ਦੀ ਉਪਜ ਹਨ। ਇਹ ਹੀ ਨਹੀਂ ਪ੍ਰਚਲਿਤ ਗਾਇਨ ਸ਼ੈਲੀ ਧਮਾਰ ਸਬੰਧੀ ਉਲੇਖ ਵੀ ਦਸਮ ਗ੍ਰੰਥ ਵਿੱਚ ਮਿਲਦਾ ਹੈ। ਜਿਵੇਂ :-

ਮਾਘ ਬਿਤਿਤ ਭਈ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ ॥
ਖੇਲਤ ਸਿਯਾਮ ਧਮਾਰ ਅਨੂਪ ਮਹਾਸਿਨ ਸੁੰਦਰਿ ਸਾਂਵਲ ਗੋਰੀ ॥

ਧਮਾਰ ਗਾਇਨ ਸ਼ੈਲੀ ਦੀ ਗਾਇਨ ਰੁੱਤ ਅਤੇ ਵਿਸ਼ਾ ਵਸਤੂ ਸਬੰਧੀ ਜਾਣਕਾਰੀ ਦਾ ਉੱਤਮ ਨਮੂਨਾ ਉਪਰੋਕਤ ਰਚਨਾ ਹੈ। ਫੱਗਣ ਦੀ ਰੁੱਤ ਵਿੱਚ ਹੋਲੀ ਖੇਡਣ ਨੂੰ ਖੇਲਤ ਧਮਾਰ ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਅਤੇ ਉਸਦੇ ਵਿਸ਼ੇ ਵਸਤੂ ਨੂੰ ਅਤਿ ਕਲਾ ਕੌਸ਼ਲਤਾ ਨਾਲ਼ ਦਰਸਾਇਆ ਗਿਆ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵਿੱਚ ਖਿਆਲ ਸ਼ਬਦ ਦਾ ਪ੍ਰਯੋਗ ਕਿਸੇ ਵੀ ਸ਼ੈਲੀ ਦੇ ਰੂਪ ਵਿੱਚ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਪਹਿਲੀ ਵਾਰ ਮਿਲਦਾ ਹੈ।

ਸੰਗੀਤਕ ਛੰਦ- ਗੁਰੂ ਜੀ ਦੀਆਂ ਰਚਨਾਵਾਂ ਵਿੱਚ ਛੰਦ ਉਨਾਂ ਦੀ ਸੰਗੀਤਕ ਸੂਝ ਦਾ ਉੱਤਮ ਨਮੂਨਾ ਹਨ। ਸੰਗੀਤਕ ਛੰਦ ਵਿੱਚ ਮ੍ਰਿਦੰਗ ਦੇ ਭਿੰਨ-ਭਿੰਨ ਬੋਲਾਂ ਦੇ ਆਧਾਰ 'ਤੇ ਕਾਵਿ ਰਚਨਾ ਕੀਤੀ ਗਈ ਹੈ। ਇਨਾਂ ਵਿੱਚੋਂ ਸੱਤ ਪ੍ਰਕਾਰ ਇਸ ਤਰਾਂ ਹਨ :- ਸੰਗੀਤਕ ਛਪਯ 2. ਸੰਗੀਤ ਨਾਰਾਜ 3. ਸੰਗੀਤ ਪਧਿਸਟਕਾ 4. ਸੰਗੀਤ ਪਾਦੜੀ 5. ਸੰਗੀਤ ਬਹੁੜਾ 6. ਸੰਗੀਤ ਭੁਜੰਗ ਪ੍ਰਯਾਤ 7. ਸੰਗੀਤ ਮਧੁਭਾਰ

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ- ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚੱਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਕਾਫੀ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿੱਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚੱਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ- ਗੁਰੂ ਜੀ ਦੁਆਰਾ ਗੁਰਮਤਿ ਸੰਗੀਤ ਦੀਆਂ ਚੱਲੀਆਂ ਆ ਰਹੀਆਂ ਪਰੰਪਰਾ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨਾਂ ਵਿੱਚ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪ੍ਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ ਦੀ ਚੌਂਕੀ ਦਾ ਕੀਰਤਨ ਹੁੰਦਾ ਸੀ। ਇੱਥੋਂ ਤੱਕ ਕਿ ਜੰਗਾਂ ਯੁੱਧਾਂ ਦੇ ਦਿਨਾਂ ਵਿੱਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ।

ਵਾਰ ਗਾਇਨ ਪਰੰਪਰਾ ਨੂੰ ਕਾਇਮ ਰੱਖਣਾ- ਗੁਰੂ ਜੀ ਜਿੱਥੇ ਜੰਗਾਂ-ਯੁੱਧਾਂ ਵਿੱਚ ਆਪਣੇ ਨਾਲ਼ ਕੀਰਤਨ ਦੀ ਪਰੰਪਰਾ ਚਲਾਉਂਦੇ ਸਨ ਉੱਥੇ ਉਨਾਂ ਵਾਰ ਗਾਇਨ ਦੀ ਪਰੰਪਰਾ ਨੂੰ ਵੀ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਤਾਲ ਦੀ ਪਰਿਪੱਕਤਾ- ਗੁਰੂ ਜੀ ਦੀ ਬਾਣੀ ਵਿੱਚ ਰਵਾਨਗੀ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ। ਜਿਵੇ :-

**ਖਗ ਖੰਡ ਬਿਹੰਡੰ ਖਲਦਲ ਖੰਡੰ**
**ਅਤਿ ਰਣ ਮੰਡੰ ਬਰਬੰਡੰ ॥**
**ਸਵੈਯਾ- ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥**
**ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥**

ਦਸਮ ਗ੍ਰੰਥ ਵਿੱਚ ਸੰਗੀਤਕ ਵਿੱਚ ਸ਼ਬਦਾਵਲੀ ਦਾ ਪ੍ਰਯੋਗ- ਗੁਰੂ ਜੀ ਨੇ ਜਾਪੁ ਸਾਹਿਬ ਵਿੱਚ ਸੰਗੀਤ ਦੀ ਸ਼ਬਦਾਵਲੀ ਜਿਵੇਂ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਆਦਿ ਨੂੰ ਕਿੰਨੇ ਗਹਿਰਾਈ ਨਾਲ਼ ਉਸ ਅਕਾਲ ਪੁਰਖ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ। ਇਸ ਤੋਂ ਬਿਨਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ਼ ਕੀਤੀ ਹੈ।

ਸਰਬ ਲੋਹ ਗ੍ਰੰਥ ਵਿੱਚ ਵੱਖ-ਵੱਖ ਰਾਗਾਂ ਦਾ ਪ੍ਰਯੋਗ- ਦਸਮ ਗ੍ਰੰਥ ਦੀਆਂ ਰਚਨਾਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨਾਂ ਦੀਆਂ ਰਚਨਾਵਾਂ ਵਿੱਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਸਨ। ਆਪ ਜੀ ਨੇ ਸਰਬ ਲੋਹ ਗ੍ਰੰਥ ਵਿੱਚ ਵੱਖ-ਵੱਖ ਰਾਗਾਂ ਵਿੱਚ ਬਾਣੀ ਨੂੰ ਰਚਿਆ ਹੈ ਜਿਨਾਂ ਦੀ ਕੁੱਲ ਗਿਣਤੀ 150 ਦੇ ਨਜ਼ਦੀਕ ਹੈ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ। ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ਼੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ 'ਤੇ ਵਿਸ਼ੇਸ਼ ਮਹਾਨਤਾ ਹੈ।

ਗੁਰੂ ਜੀ ਦੀਆਂ ਬਾਣੀਆਂ ਵਿੱਚ ਪਰਿਭਾਸ਼ਕ ਸ਼ਬਦ- ਦਸਮ ਗ੍ਰੰਥ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿੱਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਨੂੰ ਕਾਇਮ ਰੱਖਣਾ ਹੀ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ਼ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜ਼ੋਰਾਂ 'ਤੇ ਸੀ। ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮ੍ਰਿਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ਼ ਭਰਪੂਰ ਰਿਹਾ ਪ੍ਰੰਤੂ ਆਪ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇੱਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧੇ ਅਤੇ ਸੂਰਬੀਰ ਸਨ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖ਼ਮ ਸੂਝ-ਬੂਝ ਰੱਖਣ ਵਾਲੇ ਸਨ। ਉਨਾਂ ਨੇ ਵੱਖ-ਵੱਖ ਰਾਗਾਂ ਵਿੱਚ ਬਾਣੀ ਦਾ ਉਚਾਰਣ ਕੀਤਾ। ਉਨਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ, ਕੀਰਤਨ ਕੇਂਦਰਾਂ ਅਤੇ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇੱਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪ੍ਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ਼ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ਼ ਹੀ ਭਾਰਤੀ ਸੰਗੀਤ ਨੂੰ ਵਿਕਸਿਤ ਕਰਨ ਵਿੱਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

---

# ਬੇਔਲਾਦ

**ਲੱਕੀ ਲਖਵੀਰ**

ਅਪ੍ਰੇਸ਼ਨ ਤੋਂ ਬਾਅਦ ਨਵਤੇਜ ਦਾ ਰਵੱਈਆ ਬਦਲਨਾ ਸ਼ੁਰੂ ਹੋ ਗਿਆ, ਪਹਿਲਾਂ ਗੱਲ-ਬਾਤ ਤੇ ਮਿਲਣਾ-ਗਿਲਣਾ ਘੱਟ ਹੋਇਆ, ਫਿਰ ਬਹਾਨੇ ਬਣਾਕੇ ਦੂਰ ਹੋਣਾ ਸ਼ੁਰੂ ਕੀਤਾ ਤੇ ਆਖ਼ਰ ਇੱਕ ਦਿਨ ਅੰਦਰਲਾ ਕੌੜਾ ਸੱਚ ਜ਼ੁਬਾਨ 'ਤੇ ਆ ਗਿਆ 'ਤੇਰੇ ਨਾਲ਼ ਵਿਆਹ ਕਰਕੇ ਉਮਰ ਭਰ ਬੇਔਲਾਦ ਰਹਿਣ ਤੋਂ ਬਿਨਾਂ ਹੋਰ ਕੀ ਮਿਲਣਾ ਮੈਨੂੰ। ਮੈਂ ਸਾਰੀ ਉਮਰ ਬੇਔਲਾਦ ਨੀ ਰਹਿਣਾ ਚਾਹੁੰਦਾ' ਆਖਕੇ ਉਹ ਸਦਾ ਲਈ ਨੀਤੂ ਦੀ ਜ਼ਿੰਦਗੀ ਵਿੱਚੋਂ ਦੂਰ ਹੋ ਗਿਆ। ਹੁਣ ਤੱਕ ਨੀਤੂ ਨੇ ਅਨਾਥ ਹੋਣ ਦਾ ਦੁੱਖ ਭੋਗਿਆ ਸੀ, ਹੁਣ ਬੇਔਲਾਦ ਹੋਣ ਦੀ ਪੀੜ ਨਾਲ਼ ਭਰੀ ਜ਼ਿੰਦਗੀ ਸਾਹਮਣੇ ਸੀ। ਨੀਤੂ ਅੱਜ ਤੱਕ ਕਦੇ ਵੀ ਇਸ ਤਰਾਂ ਦੁਖੀ ਨਹੀਂ ਸੀ ਹੋਈ ਜਿਵੇਂ ਨਵਤੇਜ ਦੇ ਜਾਣ ਤੋਂ ਪਿੱਛੋਂ ਰਹਿਣ ਲੱਗੀ। ਉਹ ਜਿਵੇਂ ਕਿਸੇ ਡੂੰਘੀ ਹਨੇਰੀ ਖੱਡ ਵਿੱਚ ਜਾ ਡਿੱਗੀ ਹੋਵੇ, ਦੁਨੀਆ ਤੋਂ ਬੇਖ਼ਬਰ, ਅਪਣੇ ਆਪ ਤੋਂ ਬੇਖ਼ਬਰ। ਫ਼ੌਜੀ ਮਾਮੇ ਨੂੰ ਫ਼ਿਕਰ ਲੱਗ ਗਿਆ। ਇਸ ਤਰਾਂ ਤਾਂ ਕੁੜੀ ਪਾਗ਼ਲ ਹੋ ਜਾਏਗੀ। ਉਸਨੇ ਨੀਤੂ ਨੂੰ ਇਸ ਹਾਲਤ ਵਿੱਚੋਂ ਕੱਢਣ ਲਈ ਹਰ ਹੀਲਾ ਵਰਤਿਆ। ਉਸਨੂੰ ਚੰਗੇ ਸਾਹਿਤ ਨਾਲ਼ ਜੋੜਿਆ, ਧਰਮ-ਕਰਮ ਵੱਲ ਮੋੜਿਆ, ਉਸਨੂੰ ਦੁਬਾਰਾ ਨੌਕਰੀ ਤੇ ਜਾਣਾ ਸ਼ੁਰੂ ਕਰਵਾਇਆ, ਉਹ ਨੀਤੂ ਨੂੰ ਜ਼ਿੰਦਗੀ ਜਿਉਣ ਲਈ ਪ੍ਰੇਰਦਾ, ਕੁਝ ਕਰਨ ਲਈ ਪ੍ਰੇਰਦਾ, ਹਰ ਵਕਤ ਹੌਸਲਾ ਦਿੰਦਾ ਰਹਿੰਦਾ। ਆਖ਼ਰ ਉਸਦੀ ਮਿਹਨਤ ਨੇ ਰੰਗ ਦਿਖਾਇਆ, ਨੀਤੂ ਨੇ ਅਪਣੀ ਜ਼ਿੰਦਗੀ ਅਨਾਥਾਂ ਬੇਸਹਾਰਿਆਂ ਨੂੰ ਸਮਰਪਿਤ ਕਰਨ ਦਾ ਫ਼ੈਸਲਾ ਕਰ ਲਿਆ, ਸਰਕਾਰੀ ਨੌਕਰੀ ਛੱਡ ਦਿੱਤੀ, ਅਪਣੇ ਮਾਤਾ-ਪਿਤਾ ਦੇ ਨਾਮ ਨਾਲ਼ ਇੱਕ ਗ਼ੈਰ ਸਰਕਾਰੀ ਸੰਸਥਾ ਸ਼ੁਰੂ ਕੀਤੀ ਤੇ ਅਪਣੇ ਸ਼ਹਿਰ ਤੋਂ ਦੂਰ ਹਿਮਾਚਲ ਨਾਲ਼ ਲੱਗਦੇ ਪਹਾੜੀ ਇਲਾਕੇ ਵਿੱਚ ਅਨਾਥ ਆਸ਼ਰਮ ਸਥਾਪਿਤ ਕਰ ਲਿਆ। ਬੇਔਲਾਦ ਜੋੜੇ ਅਕਸਰ ਬੱਚਾ ਗੋਦ ਲੈਣ ਲਈ ਆਉਂਦੇ, ਕਿੰਨੀਆਂ ਹੀ ਦਰਦ ਕਹਾਣੀਆਂ ਸੁਣਦੀ ਨੀਤੂ ਨੂੰ ਆਪਣਾ ਦਰਦ ਮਾਮੂਲੀ ਜਿਹਾ ਲੱਗਦਾ। ਇਸ ਤਰਾਂ ਹੀ ਅੱਜ ਇੱਕ ਬੇਔਲਾਦ ਜੋੜਾ ਬੱਚਾ ਗੋਦ ਲੈਣ ਲਈ ਆ ਰਿਹਾ ਸੀ, ਉਨਾਂ ਦੇ ਆਉਣ ਦਾ ਖ਼ਿਆਲ ਕਰਦਿਆਂ ਨੀਤੂ ਪਾਰਕ 'ਚੋਂ ਉੱਠ ਅਪਣੇ ਦਫ਼ਤਰ ਵੱਲ ਚੱਲ ਪਈ।

ਨੀਤੂ ਅਪਣੀ ਅਰਾਮ ਕੁਰਸੀ ਤੇ ਖਿੜਕੀ ਦੇ ਸਾਹਮਣੇ ਬੈਠੀ ਸੀ, ਇੱਥੋਂ ਹਰ ਕੋਈ ਆਉਂਦਾ ਜਾਂਦਾ ਅਸਾਨੀ ਨਾਲ਼ ਨਜ਼ਰ ਆਉਂਦਾ ਸੀ, ਕਰੀਬ ਅੱਧਾ-ਪੌਣਾ ਘੰਟਾ ਬੀਤ ਜਾਣ ਪਿੱਛੋਂ ਇੱਕ ਕਾਰ ਆ ਕੇ ਰੁਕੀ। ਭਾਵੇਂ ਉਹ ਇੰਨੀ ਦੂਰ ਸੀ ਕਿ ਪਛਾਣਨਾ ਔਖਾ ਸੀ, ਪਰ ਉਸਦੀ ਡੀਲ ਡੌਲ ਤੋਂ, ਖੜਨ ਤੇ ਤੁਰਨ ਦੇ ਤਰੀਕੇ ਤੋਂ ਨੀਤੂ ਨੇ ਪਛਾਣ ਲਿਆ ਸੀ, ਇਹ ਉਹੀ ਨਵਤੇਜ ਸੀ।

ਕੁਝ ਸੋਚਕੇ ਨੀਤੂ ਨੇ ਫ਼ਾਈਲ ਚੁੱਕੀ ਤੇ ਬਾਹਰ ਸੇਵਾਦਾਰ ਨੂੰ ਕਿਹਾ ਜਦੋਂ ਵੀ ਇਹ ਆਉਣ ਤਾਂ ਪਹਿਲਾਂ ਪਤਨੀ ਨੂੰ ਅੰਦਰ ਭੇਜਣਾ, ਆਪ ਉਹ ਵਾਪਸ ਆਪਣੇ ਦਫ਼ਤਰ ਵਿੱਚ ਆ ਬੈਠੀ। ਕੁਝ ਮਿੰਟਾਂ ਦੀ ਉਡੀਕ ਪਿੱਛੋਂ ਰਮਨ ਦਫ਼ਤਰ ਵਿੱਚ ਦਾਖ਼ਲ ਹੋਈ। ਕੁਝ ਕਾਗ਼ਜ਼ੀ ਕਾਰਵਾਈ ਹੋਣੀ ਸੀ ਤੇ ਕੁਝ ਸਵਾਲ ਜਵਾਬ ਸੀ ਜੋ ਕਿ ਬੱਚਾ ਗੋਦ ਲੈਣ ਵਾਲੇ ਹਰ ਵਿਅਕਤੀ ਲਈ ਲਾਜ਼ਮੀ ਸੀ। ਨੀਤੂ ਨੂੰ ਪਤਾ ਸੀ ਕਿ ਨਵਤੇਜ ਸਵਾਲਾਂ ਦੇ ਜਵਾਬ ਦੇਣ ਵੇਲੇ ਉਸਦੇ ਸਾਹਮਣੇ ਅਸਹਿਜ ਮਹਿਸੂਸ ਕਰੇਗਾ ਤਾਂ ਉਸਨੇ ਇਕੱਲੀ ਰਮਨ ਨੂੰ ਪਹਿਲਾਂ ਅੰਦਰ ਬੁਲਾਉਣ ਵਾਲਾ ਰਾਹ ਚੁਣਿਆ। ਜਿੱਥੇ-ਜਿੱਥੇ ਰਮਨ ਦੇ ਦਸਤਖ਼ਤ ਹੋਣੇ ਸਨ ਨੀਤੂ ਕਰਵਾਉਂਦੀ ਗਈ ਤੇ ਨਾਲ਼-ਨਾਲ਼ ਸਵਾਲ ਜਵਾਬ ਵੀ ਹੁੰਦੇ ਰਹੇ। ਰਮਨ ਨੇ ਦੱਸਿਆ ਕਿ ਵਿਆਹ ਦੇ ਸੱਤ ਸਾਲ ਬੀਤ ਜਾਣ ਤੇ ਵੀ ਬੱਚਾ ਨਾ ਹੋਣ ਕਰਕੇ ਡਾਕਟਰੀ ਸਲਾਹਾਂ ਲੈਣੀਆਂ ਸ਼ੁਰੂ ਕੀਤੀਆਂ ਤਾਂ ਪਤਾ ਲੱਗਿਆ

ਬਾਕੀ ਸਫ਼ਾ 31 'ਤੇ

---

# ਹਿਫ਼ਾਜਤ ਤੇ ਲਿਆਕਤ...

ਬੇਬੇ ਬਾਪੂ ਹੁਣੀ ਮੈਨੂੰ ਬੋਲਣ ਲੱਗ ਗਏ ਕਿ ਤੇਰੇ ਪ੍ਰਾਹੁਣੇ ਨੇ ਸਾਡੇ ਘਰ ਆ ਕੇ ਪ੍ਰੋਗਰਾਮ ਖ਼ਰਾਬ ਕੀਤਾ ਤੇ ਸਾਡੇ ਪੁਲਿਸੀਏ ਜਵਾਈ ਦੀ ਸਾਰੀ ਰਿਸ਼ਤੇਦਾਰੀ 'ਚ ਮਿੱਟੀ ਪਲੀਤ ਕਰਕੇ ਰੱਖ ਦਿੱਤੀ।

ਇਹ ਓਸੇ ਵਕਤ ਸਾਇਕਲ ਚੱਕ ਕੇ ਮੈਨੂੰ ਪਿੰਡ ਨੂੰ ਲੈਕੇ ਆ ਗਏ। ਮੁੜਕੇ ਨਾ ਕਦੇ ਬਾਪੂ ਹੁਣੀ ਖ਼ਬਰ ਸਾਰ ਲਈ ਤੇ ਨਾ ਕਦੇ ਭੈਣਾਂ ਆਈਆਂ। ਮੈਨੂੰ ਆਪਣੇ ਪੇਕੇ ਵਿੱਛੜਿਆਂ ਦਾ ਕੋਈ ਗ਼ਮ ਨਹੀਂ ਹੋਇਆ। ਕਿਉਂਕਿ ਜਿਸ ਇਨਸਾਨ ਨੇ ਕਦੇ ਸਹੁਰੇ ਘਰ ਜਾ ਕੇ ਜਵਾਈਆਂ ਵਾਲੀ ਬਣਦੀ ਇੱਜ਼ਤ ਨਾ ਮਿਲਣ ਤੇ ਮੱਥੇ ਵੱਟ ਨਹੀਂ ਪਾਇਆ ਸੀ। ਮੇਰੇ ਹੀ ਘਰ 'ਚ ਹੋਈ ਮੇਰੀ ਬੇਇੱਜ਼ਤੀ ਓਹਦੇ ਕੋਲੋਂ ਜਰੀ ਨਾ ਗਈ।

ਮੁੱਦਤਾਂ ਬੀਤ ਗਈਆਂ ਕਿਸੇ ਆ ਕੇ ਸਾਡਾ ਹਾਲ ਨਾ ਪੁੱਛਿਆ ਤੇ ਮੈਂ ਵੀ ਗੁੱਸੇ ਦੀ ਮਾਰੀ ਨੇ ਪੇਕੇ ਜਾਣਾ ਜ਼ਰੂਰੀ ਨਾ ਸਮਝਿਆ। ਇਹ ਮੈਨੂੰ ਅਕਸਰ ਕਹਿੰਦੇ ਰਹਿੰਦੇ ਸੀ ਕਿ ਖ਼ੂਨ ਦੇ ਰਿਸ਼ਤੇ ਕਦੇ ਛੁੱਟਿਆ ਨਹੀਂ ਕਰਦੇ ਅਗਰ ਮੇਰੇ ਕੋਲੋਂ ਓਥੇ ਕੋਈ ਗ਼ਲਤੀ ਹੋ ਗਈ ਸੀ ਤਾਂ ਮੈਂ ਆਪ ਜਾ ਕੇ ਦਾਰ ਜੀ ਹੁਣਾ ਕੋਲ਼ੋਂ ਮੁਆਫ਼ੀ ਮੰਗ ਲੈਂਦਾ ਆ। ਪਰ ਮੈਂ ਕਦੇ ਜਾਣ ਦਾ ਨਾਮ ਨਾ ਲਿਆ।

ਪਿਛਲੇ ਸਾਲ ਛੋਟੀ ਭਰਜਾਈ ਦਾ ਫੋਨ ਆਇਆ ਕਿ ਬਾਪੂ ਜੀ ਬਹੁਤ ਬੀਮਾਰ ਹੋਏ ਆ ਤੇ ਹਸਪਤਾਲ 'ਚ ਭਰਤੀ ਕੀਤੇ ਹੋਏ ਆ। ਮੈਂ ਓਸੇ ਵਕਤ ਮੁੰਡੇ ਨੂੰ ਨਾਲ਼ ਲੈਕੇ ਚਲੇ ਗਈ ਤੇ ਇਹਨਾਂ ਨੂੰ ਪਿੱਛੇ ਆਉਣ ਲਈ ਕਹਿ ਦਿੱਤਾ। ਹਸਪਤਾਲ ਪਹੁੰਚ ਕੇ ਪਤਾ ਚੱਲਿਆ ਕਿ ਬਾਪੂ ਜੀ ਨੂੰ ਕਰੋਨਾ ਪੋਜ਼ੀਟਿਵ ਆ। ਵੀਰ ਭਰਜਾਈਆਂ ਸਾਰੇ ਬਾਪੂ ਜੀ ਨੂੰ ਹਸਪਤਾਲ ਛੱਡ ਕੇ ਘਰ ਨੂੰ ਤੁਰਦੇ ਬਣੇ ਤੇ ਓਥੇ ਇਹ ਬਾਪੂ ਜੀ ਕੋਲ਼ ਰਹੇ।

ਬਾਪੂ ਜੀ ਦੀ ਹਾਲਤ ਜ਼ਿਆਦਾ ਖ਼ਰਾਬ ਹੋ ਗਈ ਤੇ ਡਾਕਟਰਾਂ ਨੇ ਘਰ ਭੇਜ ਦਿੱਤਾ। ਘਰ ਆ ਕੇ ਬਾਪੂ ਜੀ ਨੂੰ ਇੱਕ ਅਲੱਗ ਕਮਰੇ 'ਚ ਪਾ ਦਿੱਤਾ ਤੇ ਕੋਈ ਵੀ ਡਰਦਾ ਓਹਨਾ ਦੇ ਕੋਲ਼ ਨਹੀਂ ਜਾਂਦਾ ਸੀ।

ਬਾਪੂ ਜੀ ਦੀ ਘਰ ਸੇਵਾ ਤੋਂ ਲੈ ਕੇ ਸੰਸਕਾਰ ਕਰਨ ਤੱਕ ਪੁੱਤ ਹੋਣ ਦੀ ਸਾਰੀ ਜ਼ਿੰਮੇਵਾਰੀ ਇਹਨਾਂ ਨੇ ਨਿਭਾਈ। ਜਿਹੜੇ ਪੁਲਸੀਏ ਜਵਾਈ ਤੇ ਸਰਕਾਰੀ ਮਾਸਟਰ ਵੀਰੇ ਇਹਨਾਂ ਨੂੰ ਗਿਣਤੀ 'ਚ ਵੀ ਨਹੀਂ ਰੱਖਦੇ ਸੀ ਓਹ ਵੀ ਇਹਨਾਂ ਦੀ ਸੇਵਾ ਵੇਖ ਕੇ ਮੂੰਹ 'ਚ ਉਂਗਲਾ ਪਾ ਕੇ ਖੜੇ ਸੀ ਤੇ ਪੇਕੇ ਪਿੰਡ ਸਾਰੇ ਪਿੰਡ 'ਚ ਮੇਰੇ ਸਰਦਾਰ ਜੀ ਦੀਆਂ ਸਿਫ਼ਤਾਂ ਹੁੰਦੀਆ ਸੀ।

# ‘ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ-24

**ਸੰਪਾਦਤ: ਸਰਬਜੀਤ ਕੌਰ ਸਰਬ**

ਜਿਸ ਇਨਸਾਨ ਨੇ ਆਪਣੇ ਮਨ ਨੂੰ ਅੱਗੇ ਰੱਖਿਆ, ਆਪਣੀ ਸੋਚ ਨੂੰ ਅੱਗੇ ਰੱਖਿਆ ਉਹ ਸਾਰਾ ਜੀਵਨ ਆਸਾਂ ਵਿੱਚ ਬਤੀਤ ਕਰਦਾ ਹੈ ਕਹਿਣ ਤੋਂ ਭਾਵ ਉਹ ਸਾਰਾ ਜੀਵਨ ਦੁੱਖ ਵਿੱਚ ਬਤੀਤ ਕਰਦਾ ਹੈ ਕਿਉਂਕਿ ਸੁੱਖ ਦੀ ਤਾਂ ਸਿਰਫ਼ ਆਸਾ ਹੈ, ਕੋਲ਼ ਤਾਂ ਉਸ ਦੇ ਸਿਰਫ਼ ਦੁੱਖ ਹੈ। ਉਮੀਦਾਂ ਦੇ ਬੰਧਨ ਦੁੱਖਾਂ ਦੇ ਬੰਧਨ ਬਣ ਜਾਂਦੇ ਹਨ ਕਿਉਂਕਿ ਜੇਕਰ ਇਹ ਆਸ ਹੀ ਛੱਡ ਦੇਈਏ ਕੀ ਹੈ ਹੀ ਨਹੀਂ, ਸੁੱਖ ਸ਼ਾਇਦ ਕਿਸੇ ਨਵੀਂ ਦੁਨੀਆਂ ਦੇ ਦੁਆਰ ਖੋਲਣ । ਸ਼ਾਇਦ ਕੋਈ ਐਸਾ ਜਗਤ ਹੋਵੇ ਜਿੱਥੇ ਸੁੱਖ ਹੋਵੇ ਪਰ ਜੈਸਾ ਜੀਵਨ ਹੈ ਜੈਸਾ ਜਗਤ ਹੈ ਇਸ ਦੇ ਵਿੱਚ ਸੁੱਖ ਦੀ ਆਸਾਂ ਨੂੰ ਸੰਜੋਅ ਕੇ ਰੱਖਣਾ ਇਹ ਤਾਂ ਹੱਥਕੜੀਆਂ ਨੂੰ ਕੰਗਣ ਸਮਝਣਾ ਹੈ, ਬੇੜੀਆਂ ਨੂੰ ਝਾਂਜਰ ਸਮਝਣਾ ਹੈ ਅਤੇ ਇਹ ਸੰਸਾਰਿਕ ਜੇਲ ਨੂੰ ਆਪਣਾ ਘਰ ਸਮਝਣਾ ਹੈ। ਆਲਮ ਤਾਂ ਐਸਾ ਕਹਿੰਦੇ ਨੇ ਕਿ ਲੰਬੀ ਸਜ਼ਾ ਭੋਗਣ ਵਾਲੇ ਉਮਰ ਕੈਦੀ ਵਾਕਾਈ ਜੇਲ ਦੀਆਂ ਤੰਗ ਤਰੀਨ ਕੋਠੀਆਂ ਨੂੰ ਹੀ ਆਪਣਾ ਘਰ ਸਮਝ ਲੈਂਦੇ ਹਨ। ਬੇੜੀਆਂ ਤੇ ਹੱਥਕੜੀਆਂ ਨੂੰ ਭੂਸ਼ਣ ਸਮਝ ਲੈਂਦੇ ਨੇ। ਜੇ ਘਰੇ ਬੇੜੀਆਂ ਅਤੇ ਹੱਥਕੜੀਆਂ ਭੂਸ਼ਣ ਦਿਖਾਈ ਦੇ ਰਹੀਆਂ ਨੇ ਗਹਿਣੇ ਦਿਖਾਈ ਦੇ ਰਹੀਆਂ ਨੇ ਤਾਂ ਇਨਾਂ ਬੇੜੀਆਂ ਨੂੰ ਤੋੜਨਾ ਔਖਾ ਹੋ ਜਾਂਦਾ ਹੈ। ਬੇੜੀਆਂ ਤੋੜੀਆਂ ਜਾ ਸਕਦੀਆਂ ਨੇ ਅਗਰ ਬੇੜੀਆਂ ਦਿਖਾਈ ਦੇਣ ਹੱਥਕੜੀ ਅਗਰ ਹੱਥਕੜੀ ਦਿਖਾਈ ਦੇਵੇ। ਹੱਥ ਕੜੀ ਵੀ ਕੱਟੀ ਜਾ ਸਕਦੀ ਹੈ ਪਰ ਜੇ ਹੱਥਕੜੀ ਕੰਗਣ ਦਿਖਾਈ ਦੇ ਰਹੀ ਹੈ ਤੇ ਜੇਲ ਦੀ ਤੰਗ ਤਰੀਨ ਕੋਠੜੀ ਆਪਣਾ ਘਰ ਦਿਖਾਈ ਦੇ ਰਿਹਾ ਹੈ ਤਾਂ ਕੌਣ ਅਜ਼ਾਦ ਕਰਾਏਗਾ ਤੇ ਅਜ਼ਾਦੀ ਦੀ ਤਮੰਨਾ ਵੀ ਕਿਸ ਤਰਾਂ ਪੈਦਾ ਹੋਵੇਗੀ । ਮਨੁੱਖ ਦੇ ਅੰਦਰ ਜੇ ਧਰਮ ਦੀ ਪਿਆਸ ਨਹੀਂ ਪੈਦਾ ਹੋ ਰਹੀ ਧਰਮ ਦੀ ਤਮੰਨਾ ਪੈਦਾ ਨਹੀਂ ਹੋ ਰਹੀ ਧਰਮ ਹੀ ਘਰ ਬਣ ਗਿਆ ਹੈ ਤਾਂ ਫਿਰ ਧਰਮ ਦੀ ਤਮੰਨਾ ਕਿੱਥੇ ਹੈ। ਉਹ ਗੁਣ ਹੀ ਇਨਸਾਨ ਦੇ ਜੇਕਰ ਗਹਿਣੇ ਬਣ ਗਏ ਹਨ ਤਾਂ ਗੁਣਾਂ ਦਾ ਮੋਲ ਕਿੱਥੇ ਹੈ। ਅੰਧੇਰੀ ਦਾ ਜੀਵਨ ਹੋ ਗਿਆ ਹੁਣ ਰੋਸ਼ਨੀ ਦੀ ਲੋੜ ਕਿੱਥੇ। ਮਨੁੱਖੀ ਜਗਤ ਦੀ ਸਭ ਤੋਂ ਵੱਡੀ ਬਦਕਿਸਮਤੀ ਹੈ ਪਸ਼ੂਆਂ ਦਾ ਵਿਕਾਸ ਪ੍ਰਾਕਿਰਤਕ ਰੂਪ ਵਿੱਚ ਹੋ ਰਿਹਾ ਹੈ ਪੱਥਰ ਹਜ਼ਾਰਾਂ ਸਾਲ ਦੀ ਯਾਤਰਾ ਤੋਂ ਬਾਅਦ ਖ਼ਾਕ ਬਣ ਜਾਂਦੇ ਨੇ। ਖਾਕ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਬਨਸਪਤੀ ਬਣ ਜਾਂਦੀ ਹੈ ਤੇ ਬਨਾਸਪਤੀ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਕੀੜੇ ਮਕੌੜੇ ਪਸ਼ੂ ਪੰਛੀ ਬਣ ਜਾਂਦੀ ਹੈ। ਇਸੇ ਤਰਾਂ ਪਸ਼ੂ ਪੰਛੀ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਇੱਕ ਦਿਨ ਮਨੁੱਖ ਬਣ ਜਾਂਦੇ ਹਨ । ਯਾਤਰਾ ਬੜੀ ਹੀ ਲੰਬੀ ਹੈ ਮਨੁੱਖ ਵੀ ਰਸਤੇ ਵਿੱਚ ਹੈ, ਪਸ਼ੂ ਪੰਛੀ ਵੀ ਯਾਤਰਾ ਵਿੱਚ ਹਨ ਬਨਸਪਤੀ ਵੀ ਰਸਤੇ ਵਿੱਚ ਹੈ, ਪੱਥਰ ਵੀ ਰਸਤੇ ਵਿੱਚ ਹਨ, ਇਨਾਂ ਸਭਨਾਂ ਦੀ ਆਪਣੀ ਆਪਣੀ ਯਾਤਰਾ ਹੈ ਇਨਾਂ ਦੀ ਇਹ ਯਾਤਰਾ ਇੱਕ ਆਸ ਉੱਤੇ ਨਿਰਭਰ ਹੈ ।

‘ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥ ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥ ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥ ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥ ਅਵਰੁ ਨ ਦੂਜਾ ਕਰਣੈ ਜੋਗੁ ॥ ਤਾ ਮਿਲੀਐ ਜਾ ਲੈਹਿ ਮਿਲਾਇ ॥ ਕਹੁ ਨਾਨਕ ਹਰਿ ਹਰਿ ਗੁਣ ਗਾਇ ॥੪॥੩॥੭੨॥ ਪੰਨਾ ੧੭੬’

ਜੈਸੇ ਰਾਜਪੱਥ ਉੱਤੇ ਅਸੀਂ ਚੱਲ ਰਹੇ ਹੋਈਏ ਸ਼ਾਹ ਰਾਹ ਉੱਤੇ ਜਾ ਰਹੇ ਹੋਈਏ ਤਾਂ ਕੋਈ ਸਭ ਤੋਂ ਅੱਗੇ ਹੈ, ਕੋਈ ਪਿੱਛੇ ਹੈ, ਕੋਈ ਬਹੁਤ ਪਿੱਛੇ ਹੈ, ਕੋਈ ਬਹੁਤ ਅੱਗੇ ਹੈ। ਕਹਿਣ ਤੋਂ ਭਾਵ ਕੋਈ ਵੀ ਕਿਸੇ ਦੇ ਬਰਾਬਰ ਨਹੀਂ ਚੱਲ ਰਿਹਾ ਹਰ ਇੱਕ ਦੀ ਆਪਣੀ ਆਪਣੀ ਯਾਤਰਾ ਹੈ। ਇਸੇ ਤਰਾਂ ਕਹਿ ਸਕਦੇ ਹਾਂ ਕਿ ਪੱਥਰ ਤਾਂ ਸਾਥੋਂ ਬਹੁਤ ਪਿੱਛੇ ਹੈ। ਪਸ਼ੂ ਦੇ ਵੀ ਅੱਖਰੀ ਅਰਥ ਹਨ ਜੋ ਪਾਸ਼ ਵਿੱਚ ਹੈ, ਉਹ ਵੀ ਪਿੱਛੇ ਹੈ। ਮਨੁੱਖ ਪਸ਼ੂਆਂ ਨੂੰ ਤਾਂ ਪਿੱਛੇ



ਛੱਡ ਗਿਆ ਹੈ ਪਰ ਪ੍ਰਮਾਤਮਾ ਹੋਣਾ ਅਜੇ ਬਾਕੀ ਹੈ। ਉਸ ਅਕਾਲ ਤੱਕ ਪਹੁੰਚਣ ਦੇ ਲਈ ਉਸ ਨੂੰ ਉਸ ਸੱਚੇ ਰਾਹ ਉੱਤੇ ਚੱਲਣਾ ਅਜੇ ਬਾਕੀ ਹੈ ।ਉਹ ਪਸ਼ੂਆਂ ਨੂੰ ਪਿੱਛੇ ਤਾਂ ਛੱਡ ਆਇਆ ਹੈ ਪਰ ਇਸ ਪਿੱਛੇ ਦੀ ਖਿੱਚ ਬਣੀ ਹੈ, ਪਿੱਛੇ ਦੀ ਤਲਬ ਬੜੀ ਹੈ ਅਚੇਤ ਜੀਵਨ ਸੀ ਅਤੇ ਅਚੇਤ ਜੀਵਨ ਵਿੱਚ ਦੁੱਖ ਨਹੀਂ ਸੀ। ਜਿਵੇਂ ਬੇਹੋਸ਼ ਮਨੁੱਖ ਤੜਪ ਤੇ ਪੀੜਾ ਤੋਂ ਬਲਾ ਤਰ ਹੋ ਜਾਂਦਾ ਹੈ ਪੀੜਾ ਤਾਂ ਚੱਲ ਰਹੀ ਹੈ, ਵੇਦਨਾ ਤਾਂ ਚੱਲ ਰਹੀ ਹੈ, ਪਰ ਪੀੜਾ ਮਹਿਸੂਸ ਕਿਵੇਂ ਕਰ ਸਕੀਏ, ਪੀੜਾ ਦਾ ਮਾਦਾ ਹੀ ਸੁੱਤਾ ਪਿਆ ਹੈ ਜੋ ਪੀੜਾ ਨੂੰ ਮਹਿਸੂਸ ਕਰਦਾ ਹੈ ।ਪੀੜਾਂ ਤੋਂ ਛੁਟਕਾਰੇ ਦਾ ਸਾਧਨ ਜੁਟਾਉਣਾ ਤਾਂ ਕਦੀ ਕਦੀ ਮਨੁੱਖ ਥੋੜੇ ਸੁਚੇਤ ਹੁੰਦਾ ਹੈ ਪੀੜ ਮਹਿਸੂਸ ਹੁੰਦੀ ਹੈ, ਫਿਰ ਮਨੁੱਖ ਅਚੇਤ ਹੋ ਜਾਂਦਾ ਹੈ, ਅਫ਼ੀਮ ਖਾ ਕੇ, ਸਲਫ਼ਾਸ ਖਾਕੇ, ਸ਼ਰਾਬ ਪੀ ਕੇ ਜਾਂ ਇੰਜ ਕਹਿ ਲਵੋ ਕਿ ਸਿਆਣਾ ਮਨੁੱਖ ਜੋ ਥੋੜਾ ਸੁਚੇਤ ਹੋ ਗਿਆ ਜਾਂ ਤਾਂ ਫਿਰ ਬਿਲਕੁਲ ਇਸ ਜੀਵਨ ਤੋਂ ਛਾਲ ਮਾਰ ਕੇ ਅੱਗੇ ਲੰਘ ਜਾਵੇਗਾ ਜਾਂ ਥੋੜਾ ਜਿਹਾ ਸੁਚੇਤ ਹੋਣ ਤੋਂ ਬਾਅਦ ਫਿਰ ਅਚੇਤ ਹੋ ਜਾਵੇਗਾ। ਇਸ ਤੋਂ ਬਿਨਾਂ ਜੀਅ ਨਹੀਂ ਸਕੇਗਾ, ਕਹਿਣ ਤੋਂ ਭਾਵ ਜਾਂ ਤਾਂ ਪੂਰਨ ਸੁਚੇਤ ਹੋਵੇਗਾ ਜਾਂ ਫਿਰ ਨਸ਼ਾ ਕਰਕੇ ਅਚੇਤ ਹੋ ਜਾਵੇਗਾ। ਜਿਵੇਂ ਪਸ਼ੂ ਅਚੇਤ ਹੈ, ਉਹ ਦੁੱਖ ਮਹਿਸੂਸ ਨਹੀਂ ਕਰਦਾ, ਪਸ਼ੂ ਉੱਤੇ ਪਰਿਵਾਰਕ ਜ਼ਿੰਮੇਵਾਰੀ ਵੀ ਨਹੀਂ ਹੈ, ਕਿਉਂਕਿ ਪਰਿਵਾਰ ਦੀ ਸਮਝ ਕੋਈ ਨਹੀਂ ਹੈ। ਭੈਣ ਭਰਾ ਸਾਹਮਣੇ ਖੜੇ ਹਨ ਪਸ਼ੂ ਨੂੰ ਸਮਝ ਨਹੀਂ ਹੈ, ਨਾਨਕੇ ਦਾਦਕੇ ਸਹੁਰੇ ਸਾਰੇ ਸੰਬੰਧ ਮੌਜੂਦ ਨੇ, ਪਰ ਉਸ ਨੂੰ ਇਸ ਦੀ ਕੋਈ ਸਮਝ ਨਹੀਂ ਹੈ, ਸਮਝ ਨਹੀਂ ਤਾਂ ਪਰਿਵਾਰਕ ਜ਼ਿੰਮੇਵਾਰੀ ਦਾ ਬੋਝ ਪਸ਼ੂ ਚੁੱਕਦੇ ਨਹੀਂ, ਕਿਉਂਕਿ ਸਮਝ ਨਹੀਂ ਹੈ। ਸਮਾਜਿਕ ਜ਼ਿੰਮੇਵਾਰੀ ਦਾ ਬੋਝ ਪਸ਼ੂ ਚੁੱਕਦੇ ਨਹੀਂ, ਕਿਉਂਕਿ ਸਮਝ ਨਹੀਂ ਹੈ। ਇਸੇ ਤਰਾਂ ਰਾਜਨੀਤਕ ਜ਼ਿੰਮੇਵਾਰੀ ਦਾ ਬੋਝ ਵੀ ਪਸ਼ੂਆਂ ਦੀ ਦੁਨੀਆਂ ਵਿੱਚ ਨਹੀਂ ਹੈ। ਇਨਾਂ ਪਸ਼ੂਆਂ ਨੂੰ ਨਾ ਤਾਂ ਧਾਰਮਿਕ ਜ਼ਿੰਮੇਵਾਰੀਆਂ ਦਾ ਬੋਝ ਹੈ ਅਤੇ ਨਾ ਹੀ ਕੋਈ ਅਜਿਹੀ ਸਮਝ ਹੈ। ਮਨੁੱਖ ਵੀ ਕਈ ਦਫ਼ਾ ਅਚੇਤ ਹੋਣਾ ਚਾਹੁੰਦਾ ਹੈ ਕਿ ਮੈਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਭੁੱਲ ਜਾਵਾਂ ਮੈਂ ਧਾਰਮਿਕ ਤੇ ਰਾਜਨੀਤਕ ਜ਼ਿੰਮੇਵਾਰੀਆਂ ਨੂੰ ਭੁੱਲ ਜਾਵਾਂ ਅਤੇ ਉਹ ਅਜਿਹਾ ਕਰਦਾ ਹੈ ਤਾਂ ਉਸ ਦੀ ਵੀਹਵੀਂ ਪਸ਼ੂ ਬਿਰਤੀ ਹੋਵੇਗੀ ।

ਅਕਾਲ ਨਾਲ਼ ਜੁੜਨਾ ਅਤੇ ਉਸ ਨੂੰ ਪਾਉਣਾ ਹੀ ਮਨੁੱਖ ਦਾ ਅਸਲ ਜੀਵਨ ਹੈ। ਪਸ਼ੂ ਜੀਵਨ ਬਤੀਤ ਕਰਨ ਵਾਲਾ ਇਨਸਾਨ ਨਾ ਹੀ ਕਦੇ ਕਿਸੇ ਨੂੰ ਸੁੱਖ ਦੇ ਸਕਦਾ ਹੈ ਤੇ ਨਾ ਹੀ ਕਦੇ ਕਿਸੇ ਨੂੰ ਸਿੱਧੇ ਰਸਤੇ ਪਾ ਸਕਦਾ ਹੈ। ਸੰਸਾਰ ਵਿੱਚ ਜਿੰਨੇ ਵੀ ਦਾਰਸ਼ਨਿਕ ਚਿੰਤਕ ਫ਼ਿਲਾਸਫ਼ਰ ਮਹਾਨ ਸਿਆਣੇ ਗਿਆਨੀ ਤੇ ਚੋਟੀ ਦੇ ਸਾਇੰਟਿਸਟ ਇਹ ਸਾਰੇ ਦੇ ਸਾਰੇ ਅਰਧ ਚੇਤਨ ਨੇ ਪੂਰਨ ਚੇਤੰਨ ਨਹੀਂ ਹਨ। ਇਹੀ ਕਾਰਨ ਹੈ ਕਿ ਇਨਾਂ ਦੀ ਜ਼ਿੰਦਗੀ ਦੁੱਖ ਵਿੱਚ ਬਤੀਤ ਹੁੰਦੀ ਹੈ ਸੁੱਖ ਵਿੱਚ ਨਹੀਂ ਸਾਰੀ ਜ਼ਿੰਦਗੀ ਪਰੇਸ਼ਾਨੀਆਂ ਵਿੱਚ ਹੀ ਬਤੀਤ ਹੁੰਦੀ ਹੈ। ਇਸ ਗੱਲੋਂ ਬੜੀ ਹੈਰਾਨੀ ਹੁੰਦੀ ਹੈ ਕਿ ਕਵੀਆਂ ਵਿੱਚੋਂ ਸਿਰਮੌਰ ਕਵੀ ਚਾਹੇ ਹਿੰਦੀ ਦੇ ਨੇ, ਪੰਜਾਬੀ, ਉਰਦੂ, ਇੰਗਲਿਸ਼ ਜਾਂ ਹੋਰ ਕਿਸੇ ਵੀ ਭਾਸ਼ਾ ਦੇ, ਚਿੰਤਕ ਕਵੀ ਦਾਰਸ਼ਨਿਕ ਕਵੀ ਕੋਈ ਵੀ ਸਮਾਧਲੀਨ ਵਿੱਚ ਨਹੀਂ ਮਿਲਣਗੇ ਸਗੋਂ ਸ਼ਰਾਬਖਾਨਿਆਂ ਵਿੱਚ ਪੱਬਾਂ ਵਿੱਚ ਮਿਲਣਗੇ । ਇਨਾਂ ਦੁਆਰਾ ਰਚੀ ਹੋਈ ਕਵਿਤਾ ਨੂੰ ਪੜ ਕੇ ਜ਼ਿੰਦਗੀ ਨੂੰ ਸੰਭਾਲਣ ਦੀ ਪ੍ਰੇਰਨਾ ਮਿਲਦੀ ਹੈ, ਪਰ ਜਿਨਾਂ ਦੀ ਕਵਿਤਾ ਜ਼ਿੰਦਗੀ ਦੇ ਸਮਝਣ ਦੀ ਪ੍ਰੇਰਨਾ ਦੇ ਰਹੀ ਹੈ। ਉਹ ਖ਼ੁਦ ਡਗਮਗਾ ਕੇ ਡਿੱਗੇ ਹੋਏ ਹਨ ਕਿਉਂਕਿ ਉਹ ਅਰਧ ਚੇਤਨ ਹਨ। ਅਰਧ ਚੇਤਨਾ ਦੇ ਸਾਹਮਣੇ ਧਾਰਮਿਕ ਜ਼ਿੰਮੇਵਾਰੀਆਂ ਵੀ ਹਨ। ਜਦੋਂ ਮਨੁੱਖ ਇਹ ਸਭ ਕੁਝ ਆਪਣੀ ਜ਼ਿੰਦਗੀ ਉੱਤੇ ਭਾਰੀ ਮਹਿਸੂਸ ਕਰਨ ਲੱਗ ਜਾਂਦਾ ਹੈ ਜਾਂ ਫਿਰ ਉਸ ਨੂੰ ਬੋਝ ਸਮਝਣ ਲੱਗ ਪੈਂਦਾ ਹੈ ਤਾਂ ਫਿਰ ਉਹ ਪਸ਼ੂ ਬਿਰਤੀ ਹੋ ਜਾਂਦਾ ਹੈ, ਜਿਸ ਦੀਆਂ ਸਾਰੀਆਂ ਆਸਾਂ ਨਿਰਾਸ਼ਾ ਦੇ ਵਿੱਚ ਤਬਦੀਲ ਹੋ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਪ੍ਰਕਿਰਤੀ ਨੇ ਇਸ ਨੂੰ ਮਨੁੱਖ ਬਣਾਇਆ ਹੈ ਤੇ ਫਿਰ ਇਹ ਆਪਣੀਆਂ ਹਰਕਤਾਂ ਰਾਹੀਂ ਪਸ਼ੂ ਬਣ ਜਾਂਦਾ ਹੈ ਤੇ ਸੁੱਖ ਪਸ਼ੂ ਹੋਣ ਵਿੱਚ ਭਾਲਦਾ ਹੈ, ਆਨੰਦ ਭਰਮ ਸੁਚੇਤ ਵਿੱਚ ਹੈ, ਇਹ ਆਨੰਦ ਮਨੁੱਖ ਨੂੰ ਉਸ ਦੀਆਂ ਸਹੂਲਤਾਂ ਲੋੜਾਂ ਨਾਲ਼ ਨਹੀਂ ਸਗੋਂ ਉਸ ਅਕਾਲ ਪੁਰਖ ਵਿੱਚ ਅਭੇਦ ਹੋਣ ਨਾਲ਼ ਪ੍ਰਾਪਤ ਹੁੰਦਾ ਹੈ । ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਫ਼ੁਰਮਾਨ ਦਰਜ ਹੈ :

**ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥**
**ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥**
**ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥**
**ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥**
**ਪੰਨਾ ੧੨੪੯**

---

## ਪੰਜਾਬ ਵਿੱਚ ਖੇਤੀ...

ਮੰਡੀ ਫ਼ੀਸ ਨੂੰ 3 ਫ਼ੀਸਦੀ ਤੋਂ ਜ਼ਿਆਦਾ ਨਾ ਵਧਾ ਕੇ ਤਰਕਸੰਗਤ ਬਣਾਉਣ ਨਾਲ, ਇੱਕ ਅਸਰਦਾਰ ਮੁੱਲ ਲੜੀ ਲਈ ਨਿੱਜੀ ਖੇਤਰ ਦੇ ਨਿਵੇਸ਼ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ। ਮੱਧਮ ਅਤੇ ਛੋਟੇ ਪੇਂਡੂ ਉੱਦਮਾਂ ਰਾਹੀਂ ਫਲਾਂ ਅਤੇ ਸਬਜ਼ੀਆਂ, ਦੁੱਧ ਅਤੇ ਪਸ਼ੂਧਨ ਉਤਪਾਦਾਂ ਦੇ ਮੁੱਲ ਵਿੱਚ ਵਾਧਾ ਕਰਨ ਲਈ, ਮੈਗਾ ਫੂਡ ਪਾਰਕਾਂ ਨੂੰ ਉਤਸ਼ਾਹਿਤ ਕਰਨ ਨਾਲ਼ ਇਸ ਖੇਤਰ ਵਿੱਚ ਮੁਕਾਬਲੇਬਾਜ਼ੀ ਮਜ਼ਬੂਤ ਹੋਵੇਗੀ।

**ਖੇਤੀਬਾੜੀ ਸਟਾਰਟ-ਅੱਪ ਕ੍ਰਾਂਤੀ**

ਪੰਜਾਬ ਨੂੰ ਭਾਰਤ ਵਿੱਚ ਚੱਲ ਰਹੀ ਖੇਤੀ ਸਟਾਰਟ-ਅੱਪ ਕ੍ਰਾਂਤੀ ਦਾ ਲਾਭ ਜ਼ਰੂਰ ਚੁੱਕਣਾ ਚਾਹੀਦੈ, ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਨੂੰ ਯਕੀਨੀ ਬਣਾ ਕੇ, ਮੰਡੀਆਂ ਦਾ ਵਿਸਥਾਰ ਕਰਦੇ ਹੋਏ ਕਿਸਾਨਾਂ ਦੀ ਆਮਦਨ ਵਧਾਉਣ ਲਈ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ। ਖੇਤਾਂ ਨੂੰ ਭੂ-ਟੈਗ ਕਰਕੇ, ਲੰਮੇ ਸਮੇਂ ਲਈ ਲੀਜ਼ ’ਤੇ ਦੇਣ ਨਾਲ਼ ਉਨਾਂ ਚਿੰਤਾਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਜੋ ਵੱਡੇ ਨਿਵੇਸ਼ਾਂ ਲਈ ਮਹੱਤਵਪੂਰਨ ਹਨ ਅਤੇ ਜੋ ਖੇਤੀ ਭੂਮੀ ਬਾਜ਼ਾਰ ਨੂੰ ਸਮਰੱਥ ਬਣਾਉਂਦਾ ਹੈ। ਬਾਜ਼ਾਰਾਂ ਦਾ ਡਿਜੀਟਲੀਕਰਨ, ਉਤਪਾਦਕ ਸਾਮਾਨ ਦੀ ਵਿਕਰੀ, ਮੰਡੀ ਦੀ ਆਮਦ, ਲੈਣ-ਦੇਣ ਅਤੇ ਭੁਗਤਾਨਾਂ ਬਾਰੇ ਅਸਲ-ਸਮੇਂ ਵਿੱਚ ਜਾਣਕਾਰੀ ਪ੍ਰਦਾਨ ਕਰੇਗਾ ਅਤੇ ਮਾਰਕੀਟਿੰਗ ਦੇ ਅਭਿਆਸ ਵਿੱਚ ਪਾਰਦਰਸ਼ਤਾ ਦੀ ਹਾਮੀ ਭਰੇਗਾ।

**ਨਵੇਂ ਵਿਚਾਰ (ਇਨੋਵੇਸ਼ਨ) ਮਿਸ਼ਨ**

ਸਪਲਾਈ ਚੇਨ ਦੇ ਪ੍ਰਬੰਧਨ ਵਿੱਚ ਨਵੀਨਤਾਵਾਂ ਦਾ ਅਸਰ, ਭਾਵੇਂ ਇਹ ਅਨਾਜ ਲਈ ਸਵੈਚਲਿਤ ਭੂਮੀਗਤ ਕਮਰਾ ਹੋਵੇ ਜਾਂ ਪਸ਼ੂਆਂ ਦਾ ਅਤਿ-ਆਧੁਨਿਕ ਝੁੰਡ ਪ੍ਰਬੰਧਨ, ਇਹ ਨਾ ਸਿਰਫ਼ ਸਰੋਤਾਂ ਦੀ ਵਰਤੋਂ ਵਿੱਚ ਸੁਧਾਰ ਕਰੇਗਾ, ਬਲਕਿ ਖੇਤਾਂ ਅਤੇ ਜਾਨਵਰਾਂ ਦੀ ਖੋਜ ਕਰਨ, ਬਿਮਾਰੀ ਦੇ ਪ੍ਰਕੋਪ ਦੀ ਸ਼ੁਰੂਆਤ ਵਿੱਚ ਹੀ ਉਸ ਦੀ ਨਿਗਰਾਨੀ ਕਰਕੇ ਉਸ ਦੀ ਰੋਕਥਾਮ ਕਰਨ ਦਾ ਕੰਮ ਵੀ ਕਰੇਗਾ, ਪਰ ਇਸ ਵਿੱਚ ਮੁੱਲ-ਲੜੀ ਦਾ ਨੁਕਸਾਨ ਵੀ ਸ਼ਾਮਿਲ ਹੋਵੇਗਾ। ਜਿਵੇਂ-ਜਿਵੇਂ ਮੁੱਲ ਲੜੀ ਵਿਕਸਿਤ ਹੁੰਦੀ ਜਾਂਦੀ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਦੀ ਮੰਗ ਨੂੰ ਪੂਰਾ ਕਰਦੀ ਹੈ, ਤਾਂ ਭੋਜਨ ਸੁਰੱਖਿਆ ਦੇ ਮਿਆਰਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੋਰ ਵਧ ਜਾਂਦੀ ਹੈ। ਇਨੋਵੇਸ਼ਨ (ਖੋਜ) ਮਿਸ਼ਨ ਪੰਜਾਬ ਵਰਗੀਆਂ ਪਹਿਲਕਦਮੀਆਂ ਨਾਲ਼ ਇੱਕ ਅਸਰਦਾਰ ਮੁੱਲ ਲੜੀ ਬਣਾਉਣ ਲਈ ਸਟਾਰਟ-ਅੱਪ ਕਾਰਜਕ੍ਰਮ, ਕਿਸਾਨਾਂ, ਨਿੱਜੀ ਵਪਾਰੀਆਂ ਅਤੇ ਸਰਕਾਰ ਦੀ ਸਥਾਨਕ ਵਾਤਾਵਰਨ ਪ੍ਰਣਾਲੀ ਨੂੰ ਅੱਗੇ ਵਧਾ ਸਕਦਾ ਹੈ।

**ਅੱਗੇ ਦਾ ਰਾਹ**

ਪੰਜਾਬ ਵਿੱਚ ਖੇਤੀਬਾੜੀ ਨੂੰ ਮੁੜ ਤੋਂ ਸਹੀ ਢੰਗ ਨਾਲ਼ ਲੀਹ ’ਤੇ ਲਿਆਉਣ ਲਈ, ਲੋੜੀਂਦੇ ਵਿੱਤੀ ਸਰੋਤਾਂ ਨੂੰ ਖੋਲਣ ਲਈ, ਸੂਬਾ ਸਰਕਾਰ ਨੂੰ ਕੇਂਦਰ ਨਾਲ਼ ਮਿਲ ਕੇ ਕੁਝ ਦਲੇਰ ਕਦਮ ਚੁੱਕਣ ਦੀ ਡਾਢੀ ਲੋੜ ਹੈ। ਜਨਤਕ ਵੰਡ ਪ੍ਰਣਾਲੀ ਦੀ ਥਾਂ ਸਿੱਧੀ ਨਕਦੀ ਟ੍ਰਾਂਸਫਰ ਪ੍ਰਣਾਲੀ ਰਾਹੀਂ ਵੀ ਅਨਾਜ ’ਤੇ ਮਿਲਣ ਵਾਲੀ ਸਬਸਿਡੀ ਨੂੰ ਤਰਕਸੰਗਤ ਬਣਾਇਆ ਜਾ ਸਕਦਾ ਹੈ, ਕਿਉਂਕਿ ਪੰਜਾਬ ਇੱਕ ਖ਼ਪਤ ਤੋਂ ਜ਼ਿਆਦਾ ਅਨਾਜ ਪੈਦਾ ਕਰਨ ਵਾਲਾ ਸੂਬਾ ਹੈ। ਸਾਰੀ ਚਰਚਾ ਦਾ ਨਿਚੋੜ ਇਹ ਹੈ ਕਿ ਪੰਜਾਬ ਨੂੰ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਝੋਨੇ ਹੇਠਲੇ ਰਕਬੇ ਨੂੰ ਘਟਾ ਕੇ ਅੱਧਾ ਕਰਨ ਦੀ ਲੋੜ ਹੈ। ਪੰਜਾਬ ਵਿੱਚ ਖੇਤੀ ਨਾਲ਼ ਸਬੰਧਤ ਵਾਤਾਵਰਨ ਅਤੇ ਵਿੱਤੀ ਸਥਿਰਤਾ ਵਰਗੀਆਂ ਦੋਵਾਂ ਚਿੰਤਾਵਾਂ ਨੂੰ ਦੂਰ ਕਰਨ ਲਈ ਮੁੜ ਤੋਂ ਇੱਕ ਰਣਨੀਤੀ ਦੀ ਲੋੜ ਹੈ।

---

## ਪਾਤਸ਼ਾਹ ਦਾ ਘਰ ਤੇ ਸਿਆਸੀ ਆਗੂ

ਪਾਤਸ਼ਾਹ ਦਾ ਘਰ ਅਤੇ ਸਿਆਸੀ ਆਗੂਆਂ ਦੇ ਲਾਮ ਲਸ਼ਕਰ ਦਾ ਨਿਖਿੱਧ ਪ੍ਰਗਟਾਵਾ ਇਸ ਸਮੇਂ ਝਲਕ ਰਿਹਾ ਹੈ। ਕੁਝ ਦਿਨ ਪਹਿਲਾਂ ਜੋ ਬਾਦਸ਼ਾਹੀ ਝਲਕ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਕਾਮਿਆਂ ਨੇ ਦਰਬਾਰ ਸਾਹਿਬ ਪੇਸ਼ ਕੀਤੀ ਸੀ। ਅਤੀਤ ਵਿੱਚ ਇਹੋ ਨੁਮਾਇਸ਼ ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਵਾਰੀ ਲੱਗਦੀ ਆਈ ਹੈ।

ਦਰਬਾਰ ਸਾਹਿਬ ਦਰਸ਼ਨ ਕਰਨ ਜਾਵੋ ‘ਮਨ ਨੀਵਾਂ ਮੱਤ ਉੱਚੀ’ ਦੀ ਅਰਦਾਸ ਲੈ ਕੇ ਪਰ ਸਿਆਸੀ ਆਗੂ ਪਾਤਸ਼ਾਹ ਦੇ ਦਰਬਾਰ ਵਿੱਚ ਬਾਦਸ਼ਾਹ ਦੀ ਝਲਕ ਪੇਸ਼ ਕਰਦਿਆਂ ਤੁਰਦੇ ਹਨ। ਇਹੋ ਸਿਰੇ ਦੀ ਦੁਖਦਾਈ ਗੱਲ ਹੈ ਕਿ ਸਿਆਸੀ ਹੇੜਾਂ ਦੀ ਇਸ ਭਾਜੜ ਵਿੱਚ ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ ਅਤੇ ਰਾਹੁਲ ਗਾਂਧੀ ਦਾ ਕਾਫ਼ਲਾ ਜੋ ਪੇਸ਼ ਕਰ ਰਿਹਾ ਸੀ ਇਹ ਬਰਦਾਸ਼ਤੋਂ ਬਾਹਰ ਵੀ ਹੈ ਅਤੇ ਨਿੰਦਣਯੋਗ ਵੀ ਹੈ । ਪਹਿਲੀ ਗੱਲ ਦਰਬਾਰ ਸਾਹਿਬ ਦੀ ਹਦੂਦ ਅੰਦਰ ਅਨੁਸ਼ਾਸਨ ਬਣਾਉਣ ਦੀ ਸਖ਼ਤ ਲੋੜ ਹੈ। ਦੂਜਾ ਇਨਾਂ ਸਿਆਸੀ ਆਗੂਆਂ ਨੂੰ ਵੋਟਾਂ ਪਵਾ ਕੇ ਪੰਜ ਸਾਲ ਅਤਿ ਦੀ ਐਸ਼ ਹੰਡਾਉਣ ਵਾਲਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਯਾਦ ਕਰਨ ਦੀ ਲੋੜ ਹੈ। ਉਹ ਦਰਬਾਰ ਸਾਹਿਬ (ਜਿੱਥੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਹੈ) ਦਰਸ਼ਨ ਕਰਨ ਵੇਲੇ ਇੱਥੇ ਉੱਤਰਕੇ ਮੱਥਾ ਟੇਕਣ ਆਉਂਦੇ ਸਨ ਅਤੇ ਵਾਪਸੀ ਬਿਨਾਂ ਪਿੱਠ ਕੀਤਿਆਂ ਜਿਹੜੀ ਥਾਂ ਉੱਤਰਦੇ ਸਨ ਉੱਥੋਂ ਹੀ ਘੋੜੇ ’ਤੇ ਚੜਕੇ ਵਾਪਸ ਤੁਰ ਜਾਂਦੇ ਸਨ। ਦੇਗ ਉਨਾਂ ਦੀ ਭੇਟਾ ਨਾਲ਼ ਬਣਦੀ ਸੀ ਪਰ ਅਕਾਲੀ ਫੂਲਾ ਸਿੰਘ ਹੋਰਾਂ ਕਿਹਾ ਕਿ ਦਰਬਾਰ ਸਾਹਿਬ ਪੰਥ ਦਾ ਹੈ। ਸੋ ਕੋਈ ਇੱਥੇ ਖ਼ਾਸ ਨਹੀਂ ਇਹ ਸੰਗਤ ਦੀ ਥਾਂ ਹੈ।

ਦਰਬਾਰ ਸਾਹਿਬ ਹਰ ਆਮ ਹੈ। **VIP** ਦੀ ਤਰਤੀਬ ਪਾਤਸ਼ਾਹ ਦੇ ਦਰਬਾਰ ਸੰਗਤਾਂ ਨੂੰ ਵੀ ਟਿੱਚ ਜਾਣਦੀ ਹੈ ਅਤੇ ਅਕਲ ’ਤੇ ਘੱਟਾ ਇਨਾਂ ਲਾਮ ਲਸ਼ਕਰ ਨਾਲ਼ ਹਿੜ-ਹਿੜ ਕਰਦਿਆਂ ਸਭ ਬੰਦਿਆਂ ’ਤੇ ਪੈ ਗਿਆ ਹੈ।

ਦਰਬਾਰ ਸਾਹਿਬ ਵਿੱਚ ਵੀ. ਆਈ. ਪੀ. ਲਾਈਨ ਹੀ ਨਹੀਂ ਹੋਣੀ ਚਾਹੀਦੀ। ਦੂਜਾ ਸਿਆਸੀ ਆਗੂਆਂ ਨੂੰ ਆਪਣਾ ਇੰਝ ਦਾ ਮੁਹਾਵਰਾ ਠੀਕ ਕਰਨ ਦੀ ਲੋੜ ਹੈ। ਪੰਜਾਬ ਦੀ ਰਵਾਇਤ ਨਾਲ਼ ਜੁੜਿਆ ਬੰਦਾ ਇੰਝ ਦਰਸ਼ਨ ਨਾ ਕਰੇ। ਜੇ ਕਰੇ ਤਾਂ ਸੋਚੇ ਅਤੇ ਸ਼ਰਮਿੰਦਾ ਜ਼ਰੂਰ ਹੋਵੇ।

ਹਰਿਮੰਦਰ ਸਾਹਿਬ ਪਾਤਸ਼ਾਹ ਦੀ ਕਿਰਪਾ ਦੀ ਮੁਕੱਦਸ ਥਾਂ ਹੈ। ਇੱਥੇ ਬਾਣੀਆਂ ਦਾ ਪ੍ਰਵਾਹ ਹੈ। ਇਲਾਹੀ ਕੀਰਤਨ ਹੈ। ਵਿਧਾਨ ਸਭਾ ਚੋਣਾਂ ਵੇਲੇ ਦਰਸ਼ਨਾਂ ਨੂੰ ਜਾਣਾ ਹੈ ਤਾਂ ਜੰਮ-ਜੰਮ ਜਾਓ ਪਰ ਚੋਣਾਂ ਦੇ ਬਹਾਨੇ ਖ਼ਬਰੀਆ ਹਾਜ਼ਰੀ ਭਰਨ ਦੀ ਲੋੜ ਨਹੀਂ। ਇਸ ਬਾਰੇ ਸਮਝਣ ਦੀ ਲੋੜ ਹੈ ਕਿ ਦਰਬਾਰ ਸਾਹਿਬ ਮੁਕੱਦਸ ਥਾਂ ’ਤੇ ਦਰਸ਼ਨ ਕਰਨ ਤੋਂ ਇਲਾਵਾ ਹੋਰ ਵਾਧੂ ਲਾਮ ਲਸ਼ਕਰ ਦਾ ਮੁਜ਼ਾਹਰਾ ਨਾ ਕੀਤਾ ਜਾਵੇ।

**ਹਰਪ੍ਰੀਤ ਸਿੰਘ ਕਾਹਲੋਂ**

# ਸੁੰਦਰਤਾ ਮੁਕਾਬਲਿਆਂ ਦੀ ਅਸਲੀਅਤ ਬਨਾਮ ਔਰਤਾਂ ਦਾ ਵਸਤੂਕਰਨ

**ਨਵਜੋਤ**

ਵਰਤਮਾਨ ਸਮਾਜਿਕ ਪ੍ਰਬੰਧ ਜਿਸ ਨੂੰ ਅਸੀਂ ਸਰਮਾਏਦਾਰਾ ਪ੍ਰਬੰਧ ਵੀ ਆਖਦੇ ਹਾਂ, ਔਰਤਾਂ ਦੇ ਸਰੀਰ ਨੂੰ ਵਸਤੂ ਬਣਾ ਕੇ ਪੇਸ਼ ਕਰਦਾ ਹੈ ਅਤੇ ਮਰਦਾਂ (ਤੇ ਬਹੁਤ ਹੱਦ ਤੱਕ ਔਰਤਾਂ) ਦੇ ਦਿਮਾਗ਼ ਵਿੱਚ ਵੀ ਔਰਤ ਦੇ ਸਭ ਗੁਣਾਂ ਵਿੱਚੋਂ ਸਭ ਤੋਂ ਜ਼ਰੂਰੀ ਉਸ ਦੀ ਬਾਹਰੀ ਦਿੱਖ ਨੂੰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਔਰਤ ਦੇ ਇਸ ਵਸਤੂਕਰਨ ਉੱਤੇ ਪੂਰੀ ਮੰਡੀ ਟਿਕੀ ਹੋਈ ਹੈ ਤੇ ਇਸ ਮੰਡੀ ਵਿਚਲੀਆਂ ਜਿਣਸਾਂ ਦੀ ਮੰਗ ਉਸ ਹੱਦ ਉੱਤੇ ਨਿਰਭਰ ਕਰਦੀ ਹੈ ਜਿਸ ਹੱਦ ਤੱਕ ਮਰਦ ਤੇ ਖ਼ੁਦ ਔਰਤਾਂ, ਔਰਤਾਂ ਦੇ ਵਸਤੂਕਰਨ ਦੀ ਪ੍ਰਕਿਰਿਆ ਤੋਂ ਪ੍ਰਭਾਵਿਤ ਹੁੰਦੇ ਹਨ। ਸੁੰਦਰਤਾ ਮੁਕਾਬਲੇ ਕੋਈ ਪਰਉਪਕਾਰ ਵਜੋਂ ਜਾਂ ਔਰਤਾਂ ਨੂੰ ਦੁਨੀਆ ਵਿੱਚ ਅੱਗੇ ਵਧਣ ਲਈ ਮੌਕੇ ਦੇਣ ਲਈ ਨਹੀਂ ਕਰਵਾਏ ਜਾਂਦੇ ਸਗੋਂ ਔਰਤਾਂ ਦੇ ਵਸਤੂਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਕੇ ਤੇ ਸੁੰਦਰਤਾ ਦੇ ਆਮ ਪੈਮਾਨੇ ਸਿਰਜ ਕੇ ਕਈ ਕਾਰਪੋਰੇਟ ਕੰਪਨੀਆਂ ਲਈ ਮੋਟੇ ਮੁਨਾਫ਼ੇ ਕਮਾਉਣ ਦਾ ਜ਼ਰੀਆ ਬਣਦੇ ਹਨ।

ਕੁਝ ਸੱਜਣਾਂ ਨੇ ਸੋਸ਼ਲ ਮੀਡੀਆ ਆਦਿ ਉੱਤੇ ਮਿਸ ਯੂਨੀਵਰਸ ਅਤੇ ਹੋਰ ਸੁੰਦਰਤਾ ਮੁਕਾਬਲਿਆਂ ਦੀ ਪੜਚੋਲ ਕਰਦਿਆਂ ਕਿਹਾ ਹੈ ਕਿ ਇਹ ਪੂਰੀ ਦੁਨੀਆ ਵਿੱਚ ਵੱਖੋ-ਵੱਖਰੀਆਂ ਕੌਮਾਂ, ਮੁਲਕਾਂ, ਸਮਾਜਾਂ ਦੇ ਵੱਖੋ-ਵੱਖਰੇ ਸੁੰਦਰਤਾ ਦੇ ਪੈਮਾਨੇ ਹਨ, ਮਸਲਨ, ਆਰੀਆ ਮੂਲ ਦੇ ਲੋਕਾਂ ਲਈ ਔਰਤ ਦੀ ਸੁੰਦਰਤਾ ਤਿੱਖੇ ਨੱਕ, ਹਿਰਨੀ ਵਰਗੀਆਂ ਅੱਖਾਂ, ਸੁਰਖ਼ ਬੁੱਲ, ਗੁਲਾਬੀ ਗੱਲਾਂ, ਲੰਮੀ ਗਰਦਨ, ਲੰਮੀਆਂ ਉਂਗਲਾਂ ਹਨ। ਦ੍ਰਾਵਿੜ ਤੇ ਅਫਰੀਕਨ ਮੂਲ ਦੇ ਲੋਕਾਂ ਲਈ ਗੁੰਦਵੀਆਂ ਮੀਢੀਆਂ, ਘੁੰਗਰਾਲੇ ਵਾਲ, ਮੋਟੇ ਬੁੱਲ, ਸੁਡੌਲ ਤੇ ਗੁੰਦਵਾਂ ਸਰੀਰ ਆਦਿ ਰਹੇ ਹਨ। ਇਸੇ ਤਰਾਂ ਜਪਾਨ, ਕੋਰੀਆ ਅਤੇ ਚੀਨ ਵਰਗੀਆਂ ਪੀਲੀਆਂ ਕੌਮਾਂ ਵਿੱਚ ਨਿੱਕੇ ਪੈਰ, ਫੀਨੇ ਨੱਕ, ਅੰਦਰ ਧਸੀਆਂ ਨਿੱਕੀਆਂ ਅੱਖਾਂ, ਚੌੜੇ ਮੱਥੇ ਸੁੰਦਰਤਾ ਦੀ ਨਿਸ਼ਾਨੀ ਹਨ ਤੇ ਇਨਾਂ ਵੱਖੋ-ਵੱਖਰੇ ਸੱਭਿਆਚਾਰਾਂ ਦੇ ਹੁੰਦਿਆਂ ਭਲਾ ਕੋਈ ਬ੍ਰਹਿਮੰਡ ਜਾਂ ਵਿਸ਼ਵ ਸੁੰਦਰੀ ਕਿਵੇਂ ਬਣ ਸਕਦੀ ਹੈ? ਅਸਲ ਵਿੱਚ ਇਨਾਂ ਸੁੰਦਰਤਾ ਮੁਕਾਬਲਿਆਂ, ਫ਼ਿਲਮਾਂ, ਗੀਤਾਂ ਆਦਿ ਰਾਹੀਂ ਸੰਸਾਰ ਪੱਧਰ ਉੱਤੇ ਇਨਾਂ ਵੱਖੋ-ਵੱਖਰੇ ਸੁੰਦਰਤਾ ਦੇ ਸੰਕਲਪਾਂ ਦੀ ਥਾਵੇਂ ਸੁੰਦਰਤਾ ਦਾ ਇੱਕ ਸਮਾਨ ਸੰਕਲਪ ਪੇਸ਼ ਕੀਤਾ ਜਾਂਦਾ ਹੈ : ਗੋਰੀ ਚਮੜੀ, ਪਤਲੀ, ਸਾਫ਼ ਤੇ ਮੁਲਾਇਮ ਚਮੜੀ ਤੇ ਅਜਿਹੇ ਕੱਪੜੇ ਜਿਹੜੇ ਔਰਤ ਦੇ ਖਾਸ ਅੰਗਾਂ ਨੂੰ ਉਭਾਰਨ ਆਦਿ। ਇਨਾਂ ਮੁਕਾਬਲਿਆਂ ਰਾਹੀਂ ਔਰਤਾਂ ਦੀ ਬਾਹਰੀ ਦਿੱਖ ਦਾ ਬੱਝਵਾਂ ਮਾਡਲ ਪੇਸ਼ ਕੀਤਾ ਜਾਂਦਾ ਹੈ ਤੇ ਫਿਰ ਅਜਿਹੀ ਦਿੱਖ ਹਾਸਲ ਕਰਨ ਲਈ ਲਲਸਾਈਆਂ ਔਰਤਾਂ ਲਈ ਉੱਭਰਦੀ ਹੈ ਖ਼ੂਬਸੂਰਤੀ ਉਤਪਾਦਾਂ ਜਿਵੇਂ ਕਰੀਮਾਂ, ਲਿਪਸਟਿਕ, ਫਾਊਂਡੇਸ਼ਨ, ਕੱਜਲ ਆਦਿ ਆਦਿ, ਬਿਊਟੀ ਪਾਰਲਰਾਂ, ਕੱਪੜਿਆਂ, ਗਹਿਣਿਆਂ ਆਦਿ ਦੀ ਅਰਬਾਂ-ਖ਼ਰਬਾਂ ਦੀ ਵਿਸ਼ਾਲ ਮੰਡੀ। ਸੁੰਦਰਤਾ ਨਾਲ਼ ਜੁੜੀ ਸਨਅਤ



ਦੀ 90% ਤੋਂ ਵੀ ਵਧੇਰੇ ਮੰਡੀ ਵਿਕਸਿਤ ਮੁਲਕਾਂ ਵਿੱਚ ਹੀ ਹੈ ਤੇ ਸੁੰਦਰਤਾ ਦੀ ਪੇਸ਼ ਕੀਤੀ ਮਿਸਾਲ (ਗੋਰੀ ਚਮੜੀ ਆਦਿ) ਵੀ ਪੱਛਮੀ ਮੁਲਕ ਦੀਆਂ ਔਰਤਾਂ ਦੇ ਵਧੇਰੇ ਨੇੜੇ ਹੈ। ਕੁਝ ਲੋਕ ਕਹਿੰਦੇ ਹਨ ਕਿ ਪਿਛਲੇ ਕਈ ਸਾਲਾਂ ਵਿੱਚ ਵਿਸ਼ਵ ਪੱਧਰ ਉੱਤੇ ਸੁੰਦਰਤਾ ਮੁਕਾਬਲੇ ਵਧੇਰੇ ਕਰਕੇ ਅਵਿਕਸਿਤ ਮੁਲਕਾਂ ਦੀਆਂ ਕੁੜੀਆਂ ਨੇ ਜਿੱਤਿਆ ਹੈ ਤੇ ਇੰਝ ਇਹ ਮੁਕਾਬਲੇ ਮੌਕੇ ਦੀ ਬਰਾਬਰੀ ਮੁਹੱਈਆ ਕਰਾਉਂਦੇ ਹਨ। ਦੱਸਣਾ ਜ਼ਰੂਰੀ ਹੈ ਕਿ ਕਈ ਅਧਿਐਨਾਂ ਨੇ ਇਹ ਗੱਲ ਉਘਾੜੀ ਹੈ ਕਿ ਪਹਿਲੀ ਗੱਲ ਤਾਂ ਬਹੁਤ ਕਰਕੇ ਇਨਾਂ ਅਵਿਕਸਿਤ ਮੁਲਕਾਂ ਦੀਆਂ ਜੇਤੂ ਕੁੜੀਆਂ ਵੀ ਪੱਛਮੀ ਮੁਲਕ ਦੇ ਸੁੰਦਰਤਾ ਦੇ ਮਾਪਦੰਡਾਂ ਦੇ ਅਨੁਸਾਰੀ ਹੀ ਹੁੰਦੀਆਂ ਹਨ; ਦੂਜਾ ਇਨਾਂ ਮੁਲਕਾਂ ਵਿੱਚ ਸੁੰਦਰਤਾ ਉਤਪਾਦਾਂ ਦੀ ਮੰਡੀ ਵਧਾਉਣ ਦਾ ਟੀਚਾ ਇਨਾਂ ਦੇ ਜੇਤੂ ਹੋਣ ਦਾ ਵੱਡਾ ਕਾਰਨ ਬਣਦਾ ਹੈ।

ਸੁੰਦਰਤਾ ਮੁਕਾਬਲਿਆਂ ਦਾ ਇਤਿਹਾਸ ਭਾਵੇਂ ਬਹੁਤ ਪੁਰਾਣਾ ਹੈ, ਇਹ ਕਿਸੇ ਨਾ ਕਿਸੇ ਰੂਪ ਵਿੱਚ 1850 ਵਿਆਂ ਵਿੱਚ ਸ਼ੁਰੂ ਹੋ ਚੁੱਕੇ ਸੀ ਪਰ ਪੱਛਮ ਵਿੱਚ ਇਹ ਆਮ ਵਰਤਾਰਾ ਦੂਜੀ ਸੰਸਾਰ ਜੰਗ ਤੋਂ ਬਾਅਦ ਹੀ ਬਣੇ। ਸੰਸਾਰ ਪੱਧਰ ਤੇ ਨਵ-ਉਦਾਰਵਾਦ ਦੀਆਂ ਨੀਤੀਆਂ ਤੋਂ ਬਾਅਦ ਸੰਸਾਰ ਪੱਧਰ ਤੇ ਮੁਨਾਫ਼ਿਆਂ ਦੇ ਨਵੇਂ ਤੋਂ ਨਵੇਂ ਸਰੋਤਾਂ ਦੀ ਭਾਲ ਨਾਲ਼ ਇਹ ਸੁੰਦਰਤਾ ਮੁਕਾਬਲੇ ਵਿਸ਼ਵਵਿਆਪੀ ਵਰਤਾਰਾ ਬਣ ਗਏ। ਲਾਜ਼ਮੀ ਹੀ ਇਨਾਂ ਵਿੱਚ ਹਿੱਸਾ ਲੈਣਾ ਕਿਸੇ ਦੀ ਅਜ਼ਾਦੀ ਹੈ ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਅਜ਼ਾਦੀ ਪਿੱਛੇ ਸਰਮਾਏਦਾਰਾਂ ਦੇ ਮੁਨਾਫ਼ੇ ਬਣਾਉਣ ਦੀ ਉਹ ਹਵਸ ਹੈ ਜੋ ਔਰਤਾਂ ਨੂੰ ਮਰਦਾਂ ਲਈ ਸਿਰਫ਼ ਵਸਤੂ ਬਣਾ ਕੇ ਪੇਸ਼ ਕਰਦੀ ਹੈ। ਪਹਿਲਾਂ ਪਹਿਲ ਤਾਂ ਇਨਾਂ ਮੁਕਾਬਲਿਆਂ ਦੀਆਂ ਟਿਕਟਾਂ, ਟੀਵੀ ਪ੍ਰਸਾਰਨ ਆਦਿ ਨਾਲ਼ ਵੀ ਕਾਫ਼ੀ ਮੁਨਾਫ਼ਾ ਹੁੰਦਾ ਸੀ ਪਰ ਹੁਣ ਮੁਨਾਫ਼ੇ ਦਾ ਮੁੱਖ ਸਰੋਤ ਇਨਾਂ ਅਖੌਤੀ ਵਿਸ਼ਵ ਤੇ ਬ੍ਰਹਿਮੰਡ ਸੁੰਦਰੀਆਂ ਵੱਲੋਂ ਵੱਖੋ-ਵੱਖ ਕੰਪਨੀਆਂ ਦੇ ਸੁੰਦਰਤਾ ਉਤਪਾਦਾਂ, ਕੱਪੜਿਆਂ, ਗਹਿਣਿਆਂ ਤੇ ਹੋਰ ਵਸਤਾਂ ਦੀ ਮਸ਼ਹੂਰੀ ਰਾਹੀਂ ਕਮਾਇਆ ਜਾਂਦਾ ਹੈ। ਇਹ ਮੁਕਾਬਲੇ ਅਜਿਹੀਆਂ ਕੰਪਨੀਆਂ ਮੋਟਾ ਪੈਸੇ ਦੇ ਕੇ ਕਰਵਾਉਂਦੀਆਂ ਹਨ। ਮਿਸ ਯੂਨੀਵਰਸ-2021 ਫੰਡ ਕਰਨ ਵਾਲ਼ੀਆਂ ਕੁਝ ਕੰਪਨੀਆਂ ਵਿੱਚ ਮੂਵਾਦ (ਗਹਿਣਿਆਂ ਦੀ ਕੰਪਨੀ), ਪੋਰਟੀਆ ਐਂਡ ਸਕਾਰਲੈਟ (ਕੱਪੜਿਆਂ ਦੀ ਕੰਪਨੀ), ਮੂਬਾ (ਸੁੰਦਰਤਾ ਉਤਪਾਦਾਂ ਦੀ ਕੰਪਨੀ) ਆਦਿ ਮੋਹਰੀ ਹਨ। ਇਨਾਂ ਮੁਕਾਬਲਿਆਂ ਦੌਰਾਨ ਵੀ ਇਨਾਂ ਕੰਪਨੀਆਂ ਦੀਆਂ ਜਿਣਸਾਂ ਦੀ ਮਸ਼ਹੂਰੀ ਹੁੰਦੀ ਹੈ ਅਤੇ ਜੇਤੂ ਕੁੜੀ ਦੇ ਠੇਕੇ ਵਿੱਚ ਵੀ ਕੁਝ ਖ਼ਾਸ ਅਰਸੇ ਲਈ ਇਨਾਂ ਕੰਪਨੀਆਂ ਦੀ ਵੱਖੋ-ਵੱਖ ਤਰੀਕੇ ਨਾਲ਼ ਮਸ਼ਹੂਰੀ ਕਰਨੀ ਲਾਜ਼ਮੀ ਹੁੰਦੀ ਹੈ। ਸਰਮਾਏਦਾਰਾ ਪ੍ਰਬੰਧ ਕਿਵੇਂ ਔਰਤ ਦੇ ਸਰੀਰ ਤੋਂ ਮੁਨਾਫ਼ੇ ਕਮਾਉਣ ਦੀ ਲਾਲਸਾ ਪਾਲਦਾ ਹੈ, ਇਸ ਦਾ ਭੱਦਾ ਪ੍ਰਗਟਾਵਾ ਕਈ ਸੁੰਦਰਤਾ ਮੁਕਾਬਲਿਆਂ ਵਿੱਚ ਦੇਖਣ ਨੂੰ ਮਿਲ਼ਦਾ ਹੈ ਜਿੱਥੇ ਕੁੱਲ ਮੁਕਾਬਲੇ ਦੀ ਇੱਕ ਜੇਤੂ ਕੁੜੀ ਦੇ ਨਾਲ਼-ਨਾਲ਼ ਕਈ ਹੋਰ ਇਨਾਮ ਦਿੱਤੇ ਜਾਂਦੇ ਹਨ; ਜਿਵੇਂ ਸਭ ਤੋਂ ਸੋਹਣੀ ਚਮੜੀ (ਤੇ ਆਮ ਕਰਕੇ ਅਜਿਹਾ ਇਨਾਮ ਕੋਈ ਸੁੰਦਰਤਾ ਕਰੀਮ ਦੀ ਕੰਪਨੀ ਵੱਲੋਂ ਫੰਡ ਕੀਤਾ ਜਾਂਦਾ ਹੈ) ਅਤੇ ਸਭ ਤੋਂ ਸੋਹਣੇ ਅੰਗਾਂ, ਸਭ ਤੋਂ ਸੋਹਣੀ ਮੁਸਕਾਨ ਆਦਿ ਆਦਿ।

ਇਨਾਂ ਮੁਕਾਬਲਿਆਂ ਨੂੰ ਪ੍ਰਚਾਰਨ ਵਾਲੇ ਇਸ ਨੂੰ ਔਰਤਾਂ ਲਈ ਅਜਿਹੇ ਜ਼ਰੀਏ ਵਜੋਂ ਵੀ ਦੇਖਦੇ ਹਨ ਜਿਸ ਰਾਹੀਂ ਇਸ ਸਮਾਜ ਵਿੱਚ ਉਹ ਅੱਗੇ ਵਧ ਸਕਦੀਆਂ ਹਨ, ਭਾਵ ਅਮੀਰ ਹੋ ਸਕਦੀਆਂ ਹਨ। ਤੀਜੇ ਮੁਲਕ ਦੀਆਂ ਕੁੜੀਆਂ ਦੇ ਜੇਤੂ ਹੋਣ ਨਾਲ਼ ਇਹ ਵੀ ਭਰਮ ਸਿਰਜਿਆ ਜਾਂਦਾ ਹੈ ਕਿ ਇਨਾਂ ਮੁਕਾਬਲਿਆਂ ਵਿੱਚ ਘੱਟ ਆਰਥਿਕ ਹੈਸੀਅਤ ਵਾਲੇ ਵੀ ਜਿੱਤ ਸਕਦੇ ਹਨ ਤੇ ਇਨਾਂ ਮੁਕਾਬਲਿਆਂ ਰਾਹੀਂ ਵਿਸ਼ਵ ਪ੍ਰਸਿੱਧੀ ਹਾਸਲ ਕਰ ਸਕਦੇ ਹਨ ਪਰ ਅਸਲ ਵਿੱਚ ਇਨਾਂ ਸੁੰਦਰਤਾ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਕੱਪੜੇ ਖਰੀਦਣ, ਪੂਰੇ ਮੁਕਾਬਲੇ ਲਈ ਸਿਖਲਾਈ ਹਾਸਲ ਕਰਨ, ਗਹਿਣੇ ਆਦਿ ਵਿੱਚ ਜਿੰਨਾ ਖ਼ਰਚਾ ਆਉਂਦਾ ਹੈ, ਉਹ ਆਮ ਘਰਾਂ ਦੀਆਂ ਕੁੜੀਆਂ ਦੇ ਵਿੱਤੋਂ ਬਾਹਰ ਦੀ ਗੱਲ ਹੈ। ਪਿੱਛੇ ਜਿਹੇ ਅਮਰੀਕਾ ਦੀ ਇੱਕ ਕੁੜੀ ਨੇ ਸੋਸ਼ਲ ਮੀਡੀਆ ਤੇ ਇਸ ਬਾਰੇ ਜਾਣਕਾਰੀ ਦਿੱਤੀ ਸੀ ਕਿ ਸਥਾਨਕ ਪੱਧਰ ਦੇ ਇੱਕ ਆਮ ਜਿਹੇ ਸੁੰਦਰਤਾ ਮੁਕਾਬਲੇ ਵਿੱਚ ਹਿੱਸਾ ਲੈਣ ਦਾ ਕੁੱਲ ਖ਼ਰਚਾ 800-1000 ਅਮਰੀਕੀ ਡਾਲਰ ਆ ਜਾਂਦਾ ਹੈ। ਇਸ ਦੇ ਨਾਲ਼ ਹੀ ਇਨਾਂ ਸੁੰਦਰਤਾ ਮੁਕਾਬਲਿਆਂ ਆਦਿ ਰਾਹੀਂ ਸੁੰਦਰਤਾ ਦਾ ਜੋ ਆਦਰਸ਼ ਸਿਰਜਿਆ ਜਾਂਦਾ ਹੈ, ਉਹ ਬਹੁਤ ਦੁਰਲੱਭ ਹੁੰਦਾ ਹੈ; ਅਸਲ ਵਿੱਚ ਲੱਖਾਂ-ਕਰੋੜਾਂ ਰੁਪਏ ਖਰਚ ਕੇ ਵੀ ਉਸ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਆਦਰਸ਼ ਨੂੰ ਹਾਸਲ ਕਰਨ ਦੇ ਚੱਕਰ ਵਿੱਚ ਕਿੰਨੀ ਹੀ ਊਰਜਾ, ਕੀਮਤੀ ਸਮਾਂ, ਪੈਸੇ ਅਜਾਈਂ ਬਰਬਾਦ ਕੀਤੇ ਜਾਂਦੇ ਹਨ ਤੇ ਇਹ ਆਦਰਸ਼ ਹਾਸਲ ਨਾ ਹੋਣ ਦੀ ਹਾਲਤ ਵਿੱਚ ਲੱਖਾਂ-ਕਰੋੜਾਂ ਕੁੜੀਆਂ ਹਰ ਸਾਲ ਮਾਨਸਿਕ ਸਮੱਸਿਆਵਾਂ ਦੀ ਸ਼ਿਕਾਰ ਹੁੰਦੀਆਂ ਹਨ।

ਇਨਾਂ ਸੁੰਦਰਤਾ ਮੁਕਾਬਲਿਆਂ ਰਾਹੀਂ ਔਰਤਾਂ ਦਾ ਹੋ ਰਹੇ ਵਸਤੂਕਰਨ ਦਾ ਹੱਲ ਕੁਝ ਲੋਕ ਔਰਤਾਂ ਤੋਂ ਕੱਪੜਿਆਂ ਆਦਿ ਦੀ ਚੋਣ ਸਮੇਤ ਹਰ ਤਰਾਂ ਦੀ ਅਜ਼ਾਦੀ ਖੋਹਣ, ਉਨਾਂ ਨੂੰ ਘਰਾਂ ਵਿੱਚ ਤਾੜਨ ਵਿੱਚ ਦੇਖਦੇ ਹਨ; ਮਤਲਬ, ਉਨਾਂ ਅਨੁਸਾਰ ਸਰਮਾਏਦਾਰਾ ਪ੍ਰਬੰਧ ਵੱਲੋਂ ਔਰਤਾਂ ਦੇ ਵਸਤੂਕਰਨ ਦਾ ਹੱਲ ਮੱਧਯੁਗੀ ਕਦਰਾਂ-ਕੀਮਤਾਂ ਵੱਲ ਮੁੜਨ ਵਿੱਚ ਪਿਆ ਹੈ ਪਰ ਇਹ ਵੀ ਔਰਤਾਂ ਦਾ ਅਮਾਨਵੀਕਰਨ ਹੀ ਹੈ ਜਿੱਥੇ ਔਰਤ ਮਰਦਾਂ ਦੀ ਜਗੀਰ ਤੋਂ ਛੁੱਟ ਹੋਰ ਕੁਝ ਨਹੀਂ ਹੋਵੇਗੀ। ਸਮਾਜ ਦੇ ਪਹੀਏ ਨੂੰ ਪਿੱਛੇ ਘੁਮਾਉਣਾ ਮਸਲੇ ਦਾ ਹੱਲ ਨਹੀਂ। ਦੂਜੇ ਪਾਸੇ ਉਹ ਅਖੌਤੀ ਅਗਾਂਹਵਧੂ ਲੋਕ ਹਨ ਜੋ ਆਜ਼ਾਦੀ ਦੇ ਨਾਮ ਤੇ ਅਜਿਹੇ ਮੁਕਾਬਲਿਆਂ ਨੂੰ ਹੀ ਅਜ਼ਾਦੀ ਦਾ ਮੀਲਪੱਥਰ ਐਲਾਨਣ ਤੇ ਤੁਲੇ ਹੋਏ ਹਨ। ਅਸਲ ਵਿੱਚ, ਇਹ ਔਰਤਾਂ ਦੀ ਅਜ਼ਾਦੀ ਦੀ ਵਕਾਲਤ ਨਹੀਂ ਸਗੋਂ ਉਸ ਨੂੰ ਸਰਮਾਏਦਾਰਾ ਮੰਡੀ ਦੀ ਗ਼ੁਲਾਮ ਬਣਾਉਣ ਦੀ ਵਕਾਲਤ ਹੈ। ਨਾ ਤਾਂ ਇਸ ਮਸਲੇ ਦਾ ਹੱਲ ਬੀਤੇ ਦਾ ਹੇਰਵਾ ਹੈ ਤੇ ਨਾ ਹੀ ਮੌਜੂਦਾ ਸਰਮਾਏਦਾਰਾ ਸਮਾਜ ਦਾ ਮਹਿਮਾ-ਗਾਉਣ ਸਗੋਂ ਇਸ ਦਾ ਹੱਲ ਵਪਾਰਕ ਪਹੁੰਚ ਦਾ ਵਿਰੋਧ ਕਰਨ ਅਤੇ ਔਰਤ ਨੂੰ ਸਮਾਜਿਕ ਤੇ ਸੱਭਿਆਚਾਰਕ ਪੱਖਾਂ ਤੋਂ ਬਰਾਬਰੀ ਤੇ ਲਿਆਉਣ ਵਿੱਚ ਹੈ।

---

# ਵਿਆਹਾਂ ਦਾ ਸੀਜ਼ਨ ਤੇ ਫੁਕਰੇ ਲੋਕ



**ਬਲਰਾਜ ਸਿੰਘ ਸਿੱਧੂ**

**ਸੀਨੀਅਰ ਪੁਲਿਸ ਅਧਿਕਾਰੀ**

ਅੱਜ ਕੱਲ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ। ਕਾਰਡ ਇੱਕ ਨੂੰ ਮਿਲਦਾ ਹੈ ਪਰ ਉਹ ਦੋ ਚਾਰ ਵਿਹਲੜ ਹੋਰ ਨਾਲ਼ ਲੈ ਜਾਂਦਾ ਹੈ। ਲਿਫ਼ਾਫ਼ੇ ਵਿੱਚ ਪਾ ਕੇ ਰੁਪਇਆ 100 ਦਿੰਦੇ ਹਨ ਪਰ ਅਗਲੇ ਦੇ ੧੨੦੦ ਰੁਪਏ ਪ੍ਰਤੀ ਪਲੇਟ ਖਾਣੇ ਤੇ ਬਲੈਕ ਡਾਗ ਵਿਸਕੀ ਦੀਆਂ ਧੱਜੀਆਂ ਉਡਾ ਦਿੰਦੇ ਹਨ। ਜੇ ਕਿਤੇ ਕੋਈ ਲੀਡਰ ਆਪਣੇ ਗੰਨਮੈਨਾਂ ਦੀ ਧਾੜ ਨਾਲ਼ ਆ ਵੜੇ ਤਾਂ ਸਮਝੋ ਲੱਗ ਗਿਆ ਚਾਲੀ ਪੰਜਾਹ ਹਜ਼ਾਰ ਦਾ ਚੂਨਾ। ਲੋਕ ਇਹ ਨਹੀਂ ਸੋਚਦੇ ਕਿ ਸਮਾਨ ਚਾਹੇ ਬਿਗ਼ਾਨਾ ਹੈ, ਪਰ ਢਿੱਡ ਤਾਂ ਆਪਣਾ ਹੈ। ਬਹੁਤੇ ਕਾਹਲੇ ਮਹਿਮਾਨ ਤਾਂ ਬਰਾਤ ਆਉਣ ਦਾ ਇੰਤਜ਼ਾਰ ਵੀ ਨਹੀਂ ਕਰਦੇ, ਪਹਿਲਾਂ ਹੀ ਵੇਟਰਾਂ ਤੋਂ ਸ਼ਰਾਬ ਦਾ ਤਕਾਜ਼ਾ ਸ਼ੁਰੂ ਕਰ ਦਿੰਦੇ ਹਨ। ਕਈ ਜਾਣ ਲੱਗੇ ਵਿਸਕੀ ਦੀਆਂ ਬੋਤਲਾਂ ਛੁਪਾ ਕੇ ਲੈ ਜਾਂਦੇ ਹਨ। ਵੱਡੇ ਘੁਲਾਟੀਏ ਤਾਂ ਡੋਲੀ ਤੁਰਨ ਤੋਂ ਬਾਅਦ ਵੀ ਆਪਣਾ ਕੰਮ ਜਾਰੀ ਰੱਖਦੇ ਹਨ। ਉਹ ਉਦੋਂ ਹੀ ਮੋਰਚਾ ਛੱਡਦੇ ਹਨ ਜਦੋਂ ਪੈਲੇਸ ਵਾਲੇ ਕਹਿਣ ਕਿ ਭਾਈ ਜਾਓ, ਹੁਣ ਅਸੀਂ ਅਗਲੇ ਫੰਕਸ਼ਨ ਦੀ ਤਿਆਰੀ ਵੀ ਕਰਨੀ ਹੈ। ਵਿਆਹਾਂ ਦੇ ਬਹੁਤੇ ਸ਼ੌਕੀਨਾਂ ਦਾ ਵਜ਼ਨ ਵਿਆਹ ਸੀਜ਼ਨ ਖ਼ਤਮ ਹੋਣ ਵੇਲੇ ਸਮੇਂ 20-25 ਕਿੱਲੋ ਤੱਕ ਵਧ ਜਾਂਦਾ ਹੈ।





ਵਿਆਹਾਂ ਵਿੱਚ ਵੱਡੇ ਵੱਡੇ ਕਲਾਕਾਰਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਹੈ ਜੋ 500 ਰੁਪਏ ਦਾ ਸ਼ਗਨ ਦੇ ਕੇ ਮੈਰਿਜ ਪੈਲੇਸ ਦੇ ਮਾਲਕ ਬਣ ਜਾਂਦੇ ਹਨ। ਉਹਨਾਂ ਦਾ ਸਭ ਤੋਂ ਪਹਿਲਾ ਕੰਮ ਵਿਆਹ ਦੇ ਖਾਣੇ ਵਿੱਚੋਂ ਨੁਕਸ ਕੱਢਣਾ ਹੈ ਜਿਵੇਂ, ਮੱਛੀ ਛੱਪੜ ਵਾਲੀ ਮੰਗੂਰ ਹੈ, ਮੁਰਗਾ ਕੱਚਾ ਹੈ, ਪਨੀਰ 90 ਰੁਪਏ ਕਿੱਲੋ ਵਾਲਾ ਨਕਲੀ ਹੈ ਤੇ ਮਠਿਆਈ ਬੇਹੀ ਹੈ। ਪਰ ਜਦੋਂ ਵੇਖੀਦਾ ਹੈ ਤਾਂ ਸਭ ਤੋਂ ਵੱਧ ਮੀਟ ਮੱਛੀ ਨਾਲ਼ ਪਲੇਟ ਉਹੀ ਭਰਦੇ ਹਨ, ਆਈਸ ਕਰੀਮ ਵਿੱਚ ਗਰਮ ਗੁਲਾਬ ਜਾਮੁਨ ਪਾ ਕੇ ਖਾਣਗੇ। ਘਰ ਮੁਰਗੇ ਬੱਕਰੇ ਦੀਆਂ ਹੱਡੀਆਂ ਤੱਕ ਚੱਬ ਜਾਣ ਵਾਲੇ ਬਿਗ਼ਾਨੇ ਵਿਆਹ ਵਿੱਚ ਲੈੱਗ ਪੀਸ ਨਾਲ਼ ਮਾੜੀ ਜਿਹੀ ਦਾਤਨ ਕਰ ਕੇ ਬਾਕੀ ਭਵਾਂ ਕੇ ਮੇਜ਼ ਦੇ ਥੱਲੇ ਮਾਰਦੇ ਹਨ। ਬਹੁਤੇ ਤਾਂ ਜਾਣ ਬੁੱਝ ਕੇ ਸ਼ਰਾਬੀ ਹੋਣ ਦਾ ਨਾਟਕ ਕਰ ਕੇ ਸ਼ਗਨ ਦਿੱਤੇ ਬਗ਼ੈਰ ਹੀ ਰਫ਼ੂ ਚੱਕਰ ਹੋ ਜਾਂਦੇ ਹਨ। ਕਈ ਕਮੀਨਿਆਂ ਦਾ ਤਾਂ ਕੰਮ ਹੀ ਕੁੜੀ ਮੁੰਡੇ ਵਾਲਿਆਂ ਦੀ ਬਦਖ਼ੋਈ ਕਰਨਾ ਹੁੰਦਾ ਹੈ, 'ਕੁੜੀ ਤਾਂ ਮੁੰਡੇ ਨਾਲ਼ੋਂ ਵੱਡੀ ਉਮਰ ਦੀ ਆ, ਐਵੇਂ ਬਾਹਰ ਜਾਣ ਦੇ ਚੱਕਰ ਵਿੱਚ ਫਸ ਗਏ ਲੱਗਦੇ ਆ। ਕੁੜੀ ਵਾਲਿਆਂ ਨੂੰ ਐਨਾ ਪੈਸਾ ਖ਼ਰਚ ਕਰਨ ਦੀ ਕੀ ਜ਼ਰੂਰਤ ਸੀ, ਪਤਾ ਨਹੀਂ ਚਾਰ ਦਿਨ ਨਿਭਣੀ ਵੀ ਆ ਕੇ ਨਹੀਂ। ਡੈਕੋਰੇਸ਼ਨ 'ਤੇ ਐਨੇ ਪੈਸੇ ਲਗਾ ਦਿੱਤੇ, ਹਰਾਮ ਦੀ ਕਮਾਈ ਲੱਗਦੀ ਆ। ਮੁੰਡਾ ਬੜਾ ਟਿਕ ਕੇ ਬੈਠਾ, ਮਿੱਤਰਾਂ ਨੇ ਵਾਹਵਾ ਮਾਲ ਛਕਾਇਆ ਲੱਗਦਾ। ਲੋਕਾਂ ਦੇ ਤਾਂ ਕਰਜ਼ੇ ਮੋੜ ਦੇਵੇ ਪਹਿਲਾਂ, ਸਾਲਾ ਕਿਵੇਂ ਰਾਜਾ ਬਣਿਆ ਬੈਠਾ। ਕੁੜੀ ਪੂਰੀ ਮਾਂ ਵਰਗੀ ਆ, ਚਕਾਊ ਸਹੁਰਿਆਂ ਦੇ ਚੌਂਹਟੇ।' ਜੇ ਜ਼ਿਆਦਾ ਪਕਵਾਨ ਬਣੇ ਹੋਣ ਤਾਂ ਕਹਿਣਗੇ ਫੁਕਰੀ ਮਾਰਦੇ ਆ ਤੇ ਜੇ ਵਿਆਹ ਸਾਦਾ ਹੋਵੇ ਤਾਂ ਭੁੱਖੇ ਮਾਰ ਤਾ ਸਾਲੇ ਮੱਖੀ ਚੂਸਾਂ ਨੇ। ਸਭ ਤੋਂ ਨੀਚ ਉਹ ਬੰਦੇ ਹੁੰਦੇ ਹਨ ਜੋ ਬੁਲਾਉਣ ਵਾਲਿਆਂ ਦੀ ਧੀਆਂ ਭੈਣਾਂ ਬਾਰੇ ਰੱਜ ਕੇ ਬਕਵਾਸ ਕਰਦੇ ਹਨ। ਸ਼ਗਨ ਦੇਣ ਲੱਗਿਆਂ ਜਿਨਾਂ ਨੂੰ ਮੌਤ ਪੈਂਦੀ ਹੈ, ਉਹ ਆਪਣੀ ਬੇਟੀ ਦੀ ਉਮਰ ਦੀਆਂ ਡਾਂਸਰਾਂ ਨੂੰ ਮੂੰਹ ਨਾਲ਼ ਪੰਜ-ਪੰਜ ਸੌ ਦੇ ਨੋਟ ਫੜਾਉਂਦੇ ਹਨ। ਕਈ ਵਾਰ ਬਹੁਤੇ ਕਾਹਲੇ ਪੈਲੇਸ ਵਿੱਚ ਜਾ ਕੇ ਵੇਟਰਾਂ ਨੂੰ ਆਰਡਰ ਛੱਡਣ ਲੱਗ ਪੈਂਦੇ ਹਨ ਤੇ ਬਾਅਦ ਵਿੱਚ ਪਤਾ ਚੱਲਦਾ ਹੈ ਕਿ ਵਿਆਹ ਤਾਂ ਦੂਸਰੇ ਪੈਲੇਸ ਵਿੱਚ ਸੀ।

ਵਿਆਹ ਵਾਲੇ ਦਿਨ ਸਵੇਰ ਤੋਂ ਹੀ ਤਮਾਸ਼ਾ ਸ਼ੁਰੂ ਹੋ ਜਾਂਦਾ ਹੈ। ਜੰਞ ਦੇ ਪਹੁੰਚਣ ਦਾ ਵਕਤ ਕਾਰਡ ਵਿੱਚ ਸਵੇਰੇ ਦਸ ਵਜੇ ਦਾ ਲਿਖਿਆ ਹੁੰਦਾ ਹੈ, ਪਰ ਬਰਾਤਣਾਂ ਦੇ ਬਿਊਟੀ ਪਾਰਲਰ ਦੇ ਚੱਕਰ ਵਿੱਚ 12 ਵਜੇ ਤੋਂ ਬਾਅਦ ਪਹੁੰਚਦੀ ਹੈ। ਲਾਵਾਂ ਫੇਰੇ ਬਾਰਾਂ ਵਜੇ ਤੋਂ ਪਹਿਲਾਂ ਹੋਣੇ ਸ਼ੁਭ ਮੰਨੇ ਜਾਂਦੇ ਹਨ, ਪਰ ਉਹ ਵੀ ਦੋ ਤਿੰਨ ਵਜੇ ਤੋਂ ਪਹਿਲਾਂ ਨਹੀਂ ਨਿਪਟਦੇ। ਬਰਾਤੀਆਂ ਦੀ ਸ਼ਕਲ ਸੂਰਤ ਆਉਣ ਲੱਗਿਆਂ ਹੋਰ ਹੁੰਦੀ ਹੈ 'ਤੇ ਜਾਣ ਲੱਗਿਆਂ ਹੋਰ। ਸਵੇਰੇ ਸੂਟ-ਬੂਟ, ਠੋਕ-ਠੋਕ ਕੇ ਬੰਨੀਆਂ ਪੱਗਾਂ ਤੇ ਮੈਚਿੰਗ ਟਾਈਆਂ। ਸ਼ਾਮ ਤੱਕ ਹੱਥ 'ਤੇ ਕੋਟ-ਪੈਂਟ ਮੀਟ ਦੀ ਤਰੀ ਨਾਲ਼ ਲਿੱਬੜੇ ਹੋਏ ਤੇ ਟਾਈ ਘੁੰਮ ਕੇ ਪਿੱਠ ਵੱਲ ਗਈ ਹੁੰਦੀ ਹੈ। ਕਈ ਡਿੱਗਦੇ ਢਹਿੰਦੇ ਘਰ ਪਹੁੰਚਣ ਵਿੱਚ ਕਾਮਯਾਬ ਹੋ ਜਾਂਦੇ ਹਨ ਤੇ ਕਈ ਐਕਸੀਡੈਂਟ ਕਰਵਾ ਕੇ ਹਸਪਤਾਲ। ਵਿਆਹ ਵੇਖਣ ਵੇਲੇ ਸਭ ਤੋਂ ਜ਼ਿਆਦਾ ਧਿਆਨ ਰੱਖਣਾ ਚਾਹੀਦਾ ਹੈ ਕਾਨਪੁਰੀ ਪਿਸਤੌਲਾਂ ਵਾਲੇ ਫੁਕਰਿਆਂ ਦਾ। ਇਹ ਸ਼ੋਸ਼ੇਬਾਜ਼ ਆਪਣੀ ਚਾਂਦਮਾਰੀ ਨਾਲ਼ ਕਈ ਘਰਾਂ ਦੇ ਦੀਵੇ ਗੁੱਲ ਕਰ ਚੁੱਕੇ ਹਨ। ਇਸ ਲਈ ਡਾਂਸਰਾਂ ਦੇ ਨਜ਼ਦੀਕੀ ਲਟਕੇ-ਝਟਕੇ ਦੇਖਣ ਦੇ ਲਾਲਚ ਤੋਂ ਬਚ ਕੇ ਸਟੇਜ ਤੋਂ ਵੱਧ ਤੋਂ ਵੱਧ ਦੂਰੀ 'ਤੇ ਟੇਬਲ ਮੱਲਣਾ ਚਾਹੀਦਾ ਹੈ। ਜੇ ਫੁਕਰੇ ਮੁਫ਼ਤ ਦੀ ਸ਼ਰਾਬ ਨਾਲ਼ ਆਫਰ ਕੇ ਪਟਾਕੇ ਪਾਉਣੇ ਸ਼ੁਰੂ ਕਰ ਦੇਣ ਤਾਂ ਬਿਨਾਂ ਖਾਧੇ ਪੀਤੇ ਪਰਿਵਾਰ ਸਮੇਤ ਪੈਲੇਸ ਤੋਂ ਫ਼ਰਾਰ ਹੋ ਜਾਓ, ਇਨਸਾਨ ਦੀ ਜਾਨ ਚਾਹ ਪਕੌੜਿਆਂ ਤੋਂ ਬਹੁਤ ਜ਼ਿਆਦਾ ਕੀਮਤੀ ਹੁੰਦੀ ਹੈ।

# ਗੁਰਦੁਆਰਾ ਸ਼ਹੀਦ ਬਾਬਾ ਜੈ ਸਿੰਘ ਜੀ ਖਲਕੱਟ, ਪਿੰਡ ਬਾਰਨ (ਪਟਿਆਲਾ)



**ਤਸਵਿੰਦਰ ਸਿੰਘ ਬੜੈਚ**
ਮੋਬਾ-7527931887

ਸਿੱਖ ਕੌਮ ਵਿੱਚ ਅਜਿਹੇ ਅਣਗਿਣਤ ਹੀ ਸਿਰਲੱਥ, ਸੂਰਬੀਰ, ਅਣਥੱਕ ਤੇ ਬਹਾਦਰ ਯੋਧੇ ਹੋਏ ਹਨ ਜਿਨਾਂ ਨੇ ਆਪਣੇ ਘਰ-ਪਰਿਵਾਰ ਅਤੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਹੀ ਆਪਣੀ ਜ਼ਿੰਦਗੀ ਦੀ ਅਹੂਤੀ ਦਿੱਤੀ ਹੈ। ਇਸੇ ਤਰਾਂ ਦੇ ਇੱਕ ਯੋਧਾ ਸਨ ਬਾਬਾ ਜੈ ਸਿੰਘ ਜੀ। ਬਾਬਾ ਜੈ ਸਿੰਘ ਅਠਾਰਵੀਂ ਸਦੀ 'ਚ ਇੱਕ ਗੁਰਸਿੱਖ ਹੋਏ ਹਨ ਜੋ ਰਹਿਤ ਮਰਿਆਦਾ ਦੇ ਵਿੱਚ ਬੜੇ ਪਰਪੱਕ ਸਨ ਤੇ ਪਿੰਡ ਮੁਗਲ ਮਾਜਰਾ ਦੇ ਰਹਿਣ ਵਾਲੇ ਸਨ। ਬਾਬਾ ਜੈ ਸਿੰਘ ਜੀ ਦੇ ਪਿਤਾ ਜੀ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਤੇ ਬਾਬਾ ਜੀ ਵੀ ਬਚਪਨ ਦੇ ਵਿੱਚ ਅਨੰਦਪੁਰ ਸਾਹਿਬ ਆਉਂਦੇ ਜਾਂਦੇ ਰਹੇ।

ਸੰਨ 1810 (ਸੰਨ 1753 ਈਸਵੀ) ਨੂੰ ਸਰਹਿੰਦ ਦੇ ਨਵਾਬ ਅਬਦੁੱਲ ਸਮੱਦ ਖਾਂ ਆਪਣੀ ਫ਼ੌਜ ਸਮੇਤ ਸਰਹਿੰਦ ਤੋਂ ਪਟਿਆਲੇ ਨੂੰ ਜਾ ਰਿਹਾ ਸੀ, ਜਦੋਂ ਉਹ ਪਿੰਡ ਮੁਗਲ ਮਾਜਰਾ ਪੁੱਜਾ ਤਾਂ ਏਥੇ ਆ ਕੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਜੇਕਰ ਕੋਈ ਸਿੰਘ ਮਿਲਦਾ ਹੈ ਤਾਂ ਉਸ ਨੂੰ ਮੇਰੇ ਪਾਸ ਲੈ ਕੇ ਆਓ। ਉਸ ਵੇਲੇ ਬਾਬਾ ਜੈ ਸਿੰਘ ਜੀ ਖੂਹ 'ਤੇ ਇਸ਼ਨਾਨ ਕਰ ਰਹੇ ਸਨ। ਸਿਪਾਹੀਆਂ ਨੇ ਬਾਬਾ ਜੈ ਸਿੰਘ ਜੀ ਨੂੰ ਪਕੜ ਕੇ ਸਮੱਦ ਖਾਂ ਦੇ ਸਾਹਮਣੇ ਪੇਸ਼ ਕੀਤਾ। ਸਮੱਦ ਖਾਂ ਸਿੰਘ ਨੂੰ ਦੇਖ ਕੇ ਬੜਾ ਖੁਸ਼ ਹੋਇਆ ਤੇ ਨਾਲ਼ ਹੀ ਬੋਲਿਆ ਕਿ ਅਸੀਂ ਤੁਸਾਂ ਦੇ ਕੋਲ਼ੋਂ ਦੀ ਲੰਘ ਕੇ ਆਏ ਹਾਂ, ਸਾਨੂੰ ਸਲਾਮ ਕਿਉਂ ਨਹੀਂ ਬੁਲਾਈ। ਬਾਬਾ ਜੈ ਸਿੰਘ ਨੇ



ਕਿਹਾ ਕਿ ਮੈਨੂੰ ਤੁਸਾਂ ਦੇ ਲੰਘਣ ਬਾਰੇ ਕੋਈ ਪਤਾ ਨਹੀਂ ਲੱਗਾ। ਕਿਉਂਕਿ ਉਸ ਵੇਲੇ ਮੇਰੀ ਬਿਰਤੀ ਗੁਰਚਰਨਾਂ ਨਾਲ਼ ਜੁੜੀ ਹੋਈ ਸੀ। ਇਸ ਤੇ ਸੂਬੇਦਾਰ ਨੇ ਹਕੂਮਤੀ ਹੰਕਾਰ ਵਿੱਚ ਕਿਹਾ ਕਿ ਮੈਂ ਪਟਿਆਲੇ ਜਾ ਕੇ ਤੇਰੀ ਜੁੜੀ ਬਿਰਤੀ ਨੂੰ ਦੇਖਾਂਗਾ। ਪਹਿਲਾਂ ਤੂੰ ਮੇਰਾ ਇਹ ਬੋਝਾ ਚੁੱਕ ਕੇ ਪਟਿਆਲੇ ਪਹੁੰਚਾ। ਬਾਬਾ ਜੀ ਕਹਿਣ ਲੱਗੇ ਕਿ ਇਸ ਬੋਝੇ ਵਿੱਚ ਕੀ ਹੈ, ਤਾਂ ਸਿਪਾਹੀਆਂ ਨੇ ਕਿਹਾ ਕਿ ਇਸ ਬੋਝੇ ਵਿੱਚ ਸਾਹਿਬ ਦਾ ਹੁੱਕਾ ਹੈ। ਬਾਬਾ ਜੀ ਨੇ ਕਿਹਾ ਕਿ ਮੈਂ ਹੁੱਕੇ ਵਾਲਾ ਬੋਝਾ ਨਹੀਂ ਚੁੱਕਾਗਾਂ, ਤਾਂ ਨਵਾਬ ਨੇ ਗੁੱਸੇ ਵਿੱਚ ਆ ਕੇ ਬਾਬਾ ਜੀ ਦੀ ਧਰਮ ਪਤਨੀ ਮਾਤਾ ਧੰਨ ਕੌਰ ਤੇ ਦੋ ਸਪੁੱਤਰਾਂ ਭਾਈ ਕੜਾਕਾ ਸਿੰਘ ਤੇ ਭਾਈ ਖੜਕ ਸਿੰਘ ਤੇ ਇੱਕ ਨੂੰਹ ਮਾਤਾ ਅਮਰ ਕੌਰ ਨੂੰ ਬੁਲਾਇਆ ਗਿਆ ਤੇ ਉਨਾਂ ਨੂੰ ਕਿਹਾ ਕਿ ਬੋਝਾ ਤੁਸੀਂ ਚੁੱਕੋ। ਤਾਂ ਉਨਾਂ ਨੇ ਕਿਹਾ ਕਿ ਅਸੀਂ ਵੀ ਅੰਮ੍ਰਿਤਧਾਰੀ ਸਿੰਘ ਹਾਂ, ਇਸ ਹੁੱਕੇ ਵਾਲੇ ਬੋਝੇ ਨੂੰ ਅਸੀਂ ਵੀ ਨਹੀਂ ਚੁੱਕਦੇ, ਤਾਂ ਉਨਾਂ ਨੂੰ ਬਾਬਾ ਜੀ ਸਾਹਮਣੇ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਬਾਬਾ ਜੀ ਨੂੰ ਦਰੱਖਤ ਨਾਲ਼ ਪੁੱਠਾ ਟੰਗ ਕੇ ਪੁੱਠੀ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ। ਮਗਰੋਂ ਪਿੰਡ ਦੀਆਂ ਸੰਗਤਾਂ ਨੇ ਇਕੱਠੇ ਹੋ ਕੇ ਪੰਜੇ ਅਮਰ ਸ਼ਹੀਦਾਂ ਦਾ ਸ਼ਹੀਦੀ ਅਸਥਾਨ ਵਾਲੀ ਜਗਾ 'ਤੇ ਹੀ ਸਸਕਾਰ ਕਰ ਦਿੱਤਾ ਤੇ ਉਸ ਬਾਬਾ ਜੈ ਸਿੰਘ ਜੀ ਦੀ ਇੱਕ ਨੂੰਹ ਭਾਈ ਕੜਾਕਾ ਸਿੰਘ ਦੀ ਸੁਪੱਤਨੀ ਮਾਤਾ ਰਾਜ ਕੌਰ ਜੋ ਗਰਭਵਤੀ ਹੋਣ ਕਾਰਨ ਅੰਬਾਲੇ ਸ਼ਹਿਰ ਗਈ ਹੋਈ ਸੀ ਜਿਸ ਨੇ ਉੱਥੇ ਲੜਕੇ ਨੂੰ ਜਨਮ ਦਿੱਤਾ। ਅੱਗੋਂ ਉਨਾਂ ਦੀ ਪੀੜੀ ਦਰ ਪੀੜੀ ਚੱਲਦੀ ਆ ਰਹੀ ਹੈ ਤੇ ਉਨਾਂ ਪੰਜੇ ਅਮਰ ਸ਼ਹੀਦਾਂ ਦੀ ਯਾਦ ਵਿੱਚ ਪਹਿਲਾਂ ਸ਼ਹੀਦੀ ਅਸਥਾਨ ਬਣਾਇਆ ਗਿਆ ਜਿੱਥੇ (ਥੜਾ ਸਾਹਿਬ) ਸੁਸ਼ੋਭਿਤ ਹੈ। ਉਪਰੰਤ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ। ਹੁਣ ਇਸ ਅਸਥਾਨ 'ਤੇ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜਿਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਫ਼ੱਗਣ ਸੁਦੀ ਦਸਵੀਂ ਨੂੰ ਸੰਗਤਾਂ ਦੇ ਸਹਿਯੋਗ ਨਾਲ਼ ਜੋੜ ਮੇਲਾ ਲੱਗਦਾ ਹੈ। ਹਰੇਕ ਮਹੀਨੇ ਦਸਵੀਂ ਦਾ ਪਵਿੱਤਰ ਦਿਹਾੜਾ ਵੀ ਸਮੂਹ ਸੰਗਤਾਂ ਦੇ ਸਹਿਯੋਗ ਨਾਲ਼ ਮਨਾਇਆ ਜਾਂਦਾ ਹੈ। ਇਹ ਗੁਰਦੁਆਰਾ ਸਾਹਿਬ ਪਟਿਆਲਾ-ਸਰਹੰਦ ਰੋਡ 'ਤੇ ਪਿੰਡ ਬਾਰਨ ਵਿਖੇ ਸੁਸ਼ੋਭਿਤ ਹੈ।

# ਗੁਰੂ ਦੇ ਪਿਆਰੇ ਭਾਈ ਮੁਗਲੂ ਜੀ

**ਮੇਜਰ ਸਿੰਘ**

ਭਾਈ ਮੁਗਲੂ ਜੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਫ਼ੌਜ ਵਿੱਚ ਸਿਪਾਹੀ ਸਨ, ਜੰਗਾਂ ਦੇ ਸਮੇਂ ਇਨਾਂ ਬੜੀ ਸੇਵਾ ਕੀਤੀ। ਖਾਸ ਕਰਕੇ ਮਹਿਰਾਜ ਦੀ ਜੰਗ ਵਿੱਚ ਵੈਰੀਆਂ ਦੇ ਆਹੂ ਲਾਹੇ ਬੜੇ ਜੌਹਰ ਦਿਖਾਏ ਜੰਗ ਫ਼ਤਹਿ ਹੋਣ ਤੋਂ ਬਾਅਦ ਛੇਵੇਂ ਸਤਿਗੁਰਾਂ ਨੇ ਸਾਰੀ ਫ਼ੌਜ ਨੂੰ ਬਖ਼ਸ਼ਿਸ਼ਾਂ ਦੇ ਨਾਲ ਨਿਵਾਜਿਆ। ਭਾਈ ਮੁਗਲੂ ਜੀ ਦੀ ਵਾਰੀ ਆਈ ਤਾਂ ਸਤਿਗੁਰਾਂ ਪੁੱਛਿਆ ਮੁਗਲੂ ਦੱਸੋ ਕਿਸ ਚੀਜ਼ ਦੀ ਲੋੜ ਹੈ ? ਹੱਥ ਜੋੜ ਕੇ ਮੁਗਲੂ ਜੀ ਕਹਿੰਦੇ ਨੇ, ਮਹਾਰਾਜ ਤੁਹਾਡਾ ਦਿੱਤਾ ਸਭ ਕੁਝ ਹੈ ਕਿਸੇ ਚੀਜ਼ ਦਾ ਘਾਟਾ ਨਹੀਂ, ਮੀਰੀ-ਪੀਰੀ ਦੇ ਮਾਲਕ ਫਿਰ ਬੋਲੇ, ਮੁਗਲੂ ਅਸੀਂ ਦੇਣਾ ਚਾਹੁੰਦੇ ਹਾਂ ਕੁਝ ਤੇ ਮੰਗੋ। ਭਾਈ ਜੀ ਨੇ ਕਿਹਾ ਸਤਿਗੁਰੂ ਫਿਰ ਕ੍ਰਿਪਾ ਕਰੋ ਮੇਰੇ ਆਖ਼ਰੀ ਸਵਾਸ ਤੁਹਾਡੀ ਗੋਦ ਦੇ ਵਿੱਚ ਤੁਹਾਡੇ ਦਰਸ਼ਨ ਕਰਦਿਆਂ ਨਿਕਲਣ। ਸਤਿਗੁਰਾਂ ਕਿਹਾ ਮੁਗਲੂ ਤੇਰੀ ਉਮਰ ਬਹੁਤ ਲੰਮੀ ਹੈ, ਪਰ ਤੇਰੀ ਇੱਛਾ ਜ਼ਰੂਰ ਪੂਰੀ ਹੋਵੇਗੀ, ਅਸੀਂ ਨੌਵੇਂ ਜਾਮੇ ਵਿੱਚ ਹੋਵਾਂਗੇ। ਸਮਾਂ ਲੰਘਦਾ ਗਿਆ, ਬਿਰਧ ਉਮਰ ਵਿੱਚ ਭਾਈ ਮੁਗਲੂ ਜੀ ਪਲ-ਪਲ ਸਤਿਗੁਰਾਂ ਨੂੰ ਯਾਦ ਕਰਦੇ ਹਨ ਤੇ ਦਰਸ਼ਨਾਂ ਦੀ ਮੰਗ ਹੈ। ਗੁਰੂ ਤੇ ਇੰਨਾ ਭਰੋਸਾ ਹੈ ਕਿ ਘਰ ਵਾਲਿਆਂ ਨੂੰ ਕਹਿ ਛੱਡਿਆ ਦਿਨ ਹੋਵੇ ਜਾਂ ਰਾਤ ਦਰਵਾਜ਼ਾ ਖੁੱਲਾ ਹੀ ਰੱਖਣਾ, ਮੇਰੇ ਸਤਿਗੁਰਾਂ ਨੇ ਬਚਨ ਕੀਤਾ ਉਹ ਜ਼ਰੂਰ ਆਉਣਗੇ।

ਸਿੱਖ ਦੇ ਪਿਆਰ ਦੇ ਖਿੱਚੇ ਹੋਏ ਧੰਨ ਗੁਰੂ ਤੇਗ ਬਹਾਦਰ ਮਹਾਰਾਜ ਮਾਲਵਾ ਯਾਤਰਾ ਸਮੇਂ ਭੀਖੀ ਤੋਂ ਬੜੀ ਕਾਹਲੀ ਦੇ ਨਾਲ ਗੰਢੂਆਂ ਪਿੰਡ ਭਾਈ ਮੁਗਲੂ ਜੀ ਦੇ ਘਰ ਪਹੁੰਚੇ। ਛੇਤੀ-ਛੇਤੀ ਘੋੜੇ ਤੋਂ ਉੱਤਰ ਕੇ ਸਿੱਧਾ ਬਾਈ ਮੁਗਲੂ ਜੀ ਕੋਲ ਪਹੁੰਚੇ, ਸਤਿਗੁਰਾਂ ਨੂੰ ਦੇਖਦਿਆਂ ਸਾਰ ਮੁਗਲੂ ਜੀ ਨੂੰ ਛੇਵੇਂ ਸਤਿਗੁਰਾਂ ਦਾ ਰੂਪ ਦਿਖਾਈ ਦਿੱਤਾ। ਉਸ ਵੇਲੇ ਗੁਰੂ ਚਰਨਾਂ ਤੇ ਸਿਰ ਰੱਖਿਆ। ਪਿਆਰ ਵਿੱਚ ਅੱਖਾਂ ਭਰ ਆਈਆਂ, ਸਤਿਗੁਰਾਂ ਘੁੱਟ ਕੇ ਸੀਨੇ ਨਾਲ ਲਾਇਆ, ਬਚਨ ਕਹੇ, ਮੁਗਲੂ ਜੀ ਅਸੀਂ ਤੁਹਾਡੇ ਵਾਸਤੇ ਹੀ ਉਚੇਚਾ ਆਏ ਹਾਂ। ਮੁਗਲੂ ਜੀ ਨੇ ਦਰਸ਼ਨ ਕਰਦਿਆਂ ਹੋਇਆਂ ਕੁਝ ਸਮੇਂ ਦੇ ਵਿੱਚ ਹੀ ਗੁਰੂ ਗੋਦ ਵਿੱਚ ਸਰੀਰ ਤਿਆਗ ਦਿੱਤਾ।

ਗੁਰੂ ਸਿੱਖ ਦੇ ਇਸ ਪਿਆਰ ਭਰੇ ਰਿਸ਼ਤੇ ਨੂੰ ਦੇਖ ਸਭ ਦੀਆਂ ਅੱਖਾਂ ਭਰ ਆਈਆਂ। ਨੌਵੇਂ ਸਤਿਗੁਰਾਂ ਨੇ ਆਪ ਹੱਥੀਂ ਭਾਈ ਮੁਗਲੂ ਜੀ ਦਾ ਸਸਕਾਰ ਕੀਤਾ। ਭਾਈ ਮੁਗਲੂ ਜੀ ਦਾ ਘਰ ਗੁਰੂ ਦਾ ਘਰ ਬਣ ਗਿਆ। ਗੰਢੂਆਂ ਪਿੰਡ ਦੇ ਵਿੱਚ ਨੌਵੇਂ ਪਾਤਸ਼ਾਹ ਦੀ ਯਾਦ ਵਿੱਚ ਅਸਥਾਨ ਬਣਿਆ ਹੋਇਆ ਹੈ। ਛੋਟਾ ਜਿਹਾ ਸਰੋਵਰ ਵੀ ਹੈ, ਇਹ ਅਸਥਾਨ ਭੀਖੀ ਤੋਂ ਤਕਰੀਬਨ ਪੱਚੀ ਕੁ ਕਿਲੋਮੀਟਰ ਹੈ

ਨੋਟ : ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਵੀ ਮੀਰੀ-ਪੀਰੀ ਦੇ ਮਾਲਕ ਤੋਂ ਇਹੀ ਮੰਗ ਕੀਤੀ ਸੀ ਆਖਰੀ ਸਵਾਸ ਤੁਹਾਡੀ ਗੋਦ ਵਿੱਚ ਨਿਕਲੇ ਤੇ ਛੇਵੇਂ ਸਤਿਗੁਰਾਂ ਬਾਬਾ ਬੁੱਢਾ ਸਾਹਿਬ ਜੀ ਦਾ ਹੱਥੀਂ ਸਸਕਾਰ ਕੀਤਾ ਸੀ।



# ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ

# ਜਾਣੋ ਪਲ ਪਲ ਦੀ ਖਬਰ




## Minute to Minute Coverage of Punjab Elections

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com

# ਸਹਿਕਾਰਤਾ ਅਤੇ ਕਾਰਪੋਰੇਟ ਅਦਾਰੇ ਹੀ ਰੁਜ਼ਗਾਰ ਪੈਦਾ ਕਰ ਸਕਦੇ ਹਨ

**ਦਲੀਪ ਸਿੰਘ ਵਾਸਨ, ਐਡਵੋਕੇਟ**

ਸਾਡੇ ਮੁਲਕ ਦੀਆਂ ਸਰਕਾਰਾਂ ਪਾਸ ਹੁਣ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਸਾਧਨ ਖ਼ਤਮ ਹੋ ਗਏ ਹਨ ਅਤੇ ਅਸਲ ਹਾਲਤ ਇਹ ਬਣ ਆਈ ਹੈ ਕਿ ਅੱਜ ਸਰਕਾਰ ਆਪ ਖ਼ੁਦ ਸੰਵਿਧਾਨ ਦੀ ਵੀ ਉਲੰਘਣਾ ਕਰਕੇ ਘੱਟ ਤਨਖ਼ਾਹਾਂ ਉੱਤੇ ਮੁਲਾਜ਼ਮ ਰੱਖ ਰਹੀ ਹੈ ਅਤੇ ਕਿਤਨੀਆਂ ਹੀ ਮਨਜ਼ੂਰ ਅਸਾਮੀਆਂ ਪੈਸੇ ਦੀ ਘਾਟ ਕਾਰਨ ਖ਼ਾਲੀ ਵੀ ਰੱਖ ਰਹੀ ਹੈ। ਮੁਲਕ ਵਿੱਚ ਅੰਤਾਂ ਦੀ ਬੇਰੁਜ਼ਗਾਰੀ ਕਾਰਨ ਅੱਜ ਸਾਡੇ ਆਪਣੇ ਦੇਸ਼ ਦਾ ਹਰ ਨੌਜਵਾਨ ਬਾਹਰ ਜਾਣ ਦੀ ਸੋਚਣ ਲੱਗ ਪਿਆ ਹੈ ਅਤੇ ਅਗਰ ਇਹੀ ਪਰਿਸਥਿਤੀਆਂ ਚੱਲਦੀਆਂ ਰਹੀਆਂ ਤਾਂ ਇੱਕ ਦਿਨ ਐਸਾ ਆ ਜਾਣਾ ਹੈ ਕਿ ਸਾਡੇ ਦੇਸ਼ ਵਿੱਚ ਬੁੱਢੇ ਅਤੇ ਅਪੰਗ ਹੀ ਰਹਿ ਜਾਣਗੇ। ਰੁਜ਼ਗਾਰ ਦੀ ਘਾਟ ਕਾਰਨ ਹੀ ਅਤੇ ਘਰਾਂ ਦੀ ਘੱਟ ਆਮਦਨ ਕਰਕੇ ਹੀ ਮੁਲਕ ਦੀ ਤਿੰਨ ਚੌਥਾਈ ਜਨਤਾ ਇਤਨੀ ਗ਼ਰੀਬ ਹੋ ਕੇ ਰਹਿ ਗਈ ਹੈ ਕਿ ਅਗਰ ਦੋ ਚਾਰ ਦਿਹਾੜੀਆਂ ਨਾ ਲੱਗਣ ਤਾਂ ਭੁੱਖ ਮਰੀ ਦਾ ਸ਼ਿਕਾਰ ਹੋ ਜਾਂਦੀ ਹੈ।

ਅਸਾਂ ਦੇਖਿਆ ਹੈ ਕਿ ਜਦ ਦੀ ਅਜ਼ਾਦੀ ਆਈ ਹੈ ਇਸ ਮੁਲਕ ਵਿੱਚ ਸਰਕਾਰ ਹਮੇਸ਼ਾ ਹੀ ਬਸ ਵਾਅਦੇ ਕਰਕੇ ਵੋਟਾ ਲੈ ਲੈਂਦੀ ਹੈ, ਪਰ ਹਾਲਾਂ ਤੱਕ ਕਿਸੇ ਵੀ ਸਰਕਾਰ ਨੇ ਕੋਈ ਐਸੀ ਸਕੀਮ ਨਹੀਂ ਲਿਆਂਦੀ ਜਿਸ ਨਾਲ਼ ਰੁਜ਼ਗਾਰ ਦੇ ਮੌਕੇ ਬਣ ਜਾਣ ਅਤੇ ਇਹ ਗੱਲ ਹਾਲਾਂ ਤੱਕ ਸੋਚੀ ਨਹੀਂ ਜਾ ਸਕੀ ਕਿ ਲੋਕਾਂ ਦੀ ਆਮਦਨ ਕਿਵੇਂ ਵਧਾਈ ਜਾਵੇ। ਅਸਾਂ ਇਹ ਵੀ ਦੇਖ ਲਿਆ ਹੈ ਕਿ ਇਸ ਮੁਲਕ ਵਿੱਚੋਂ ਜਾਣ ਤੋਂ ਪਹਿਲਾਂ ਹੀ ਅੰਗਰੇਜ਼ ਇਹ ਕਾਰਪੋਰੇਟ ਕੰਪਨੀਆਂ ਖੜੀਆਂ ਕਰ ਗਏ ਸਨ ਅਤੇ ਜਾਣ ਲੱਗਿਆਂ ਇਹ ਇੱਥੋਂ ਦੀਆਂ ਕੰਪਨੀਆਂ ਇੱਥੇ ਹੀ ਚਲਦੀਆਂ ਛੱਡ ਗਏ ਸਨ ਅਤੇ ਅਸਾਂ ਅੰਗਰੇਜ਼ਾਂ ਦਾ ਬਣਾਇਆ ਇਹ ਕੰਪਨੀ ਐਕਟ ਵੀ ਲਾਗੂ ਕਰ ਰੱਖਿਆ ਹੈ। ਅਸਾਂ ਇਹ ਕੰਪਨੀਆਂ ਚਲਦੀਆਂ ਦੇਖ ਵੀ ਰਹੇ ਹਾਂ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਇਹ ਜਿਤਨੀਆਂ ਵੀ ਕੰਪਨੀਆਂ ਹਨ ਇਹ ਕਿਸੇ ਦੀ ਜਾਇਦਾਦ ਨਹੀਂ ਹਨ ਬਲਕਿ ਹਰ ਕੰਪਨੀ ਦੀ ਬੈਲੈਂਸ ਸ਼ੀਟ ਇਹ ਦਿਖਾ ਰਹੀ ਹੈ ਕਿ ਹਰ ਮਾਲਕ ਬਣਿਆ ਕੰਪਨੀ ਵਿੱਚੋਂ ਬਾਕਾਇਦਾ ਤਨਖ਼ਾਹ ਲੈਂਦਾ ਹੈ ਅਤੇ ਉਸ ਉੱਤੇ ਟੈਕਸ ਦਿੰਦਾ ਹੈ। ਅਗਰ ਘਾਟਾ ਪੈ ਜਾਵੇ ਤਾਂ ਵੀ ਕੋਈ ਮਾਲਕ ਨਹੀਂ ਹੈ ਬਲਕਿ ਘਾਟਾ ਸ਼ੇਅਰ ਹੋਲਡਰਾਂ ਅਤੇ ਬੈਂਕਾਂ ਨੂੰ ਝੱਲਣਾ ਪੈਂਦਾ ਹੈ ਜਿੱਥੋਂ ਕਰਜ਼ਾ ਲੈ ਕੇ ਇਹ ਕੰਪਨੀਆਂ ਖੜੀਆਂ ਕੀਤੀਆਂ ਜਾਂਦੀਆ ਹਨ। ਇਹ ਜਿਹੜੇ ਅਸੀਂ ਮਾਲਕ ਸਮਝੀ ਬੈਠੇ ਹਾਂ ਇਹ ਤਾਂ ਬਸ ਪ੍ਰਬੰਧਕ ਹੀ ਹਨ। ਪੈਸਾ ਸ਼ੇਅਰ ਹੋਲਡਰਾਂ ਦਾ ਹੈ ਜਾਂ ਬੈਂਕਾਂ ਦਾ ਹੈ।

ਅੱਜ ਵਕਤ ਆ ਗਿਆ ਹੈ ਜਦ ਸਾਡੇ ਮੁਲਕ ਦੀ ਆਬਾਦੀ ਵੀ ਵਧ ਗਈ ਹੈ ਅਤੇ ਵਿਗਿਆਨ ਅਤੇ ਤਕਨਾਲੋਜੀ ਦੇ ਆ ਜਾਣ ਨਾਲ ਲੋਕਾਂ ਦੀਆਂ ਲੋੜਾਂ ਵੀ ਵਧ ਗਈਆਂ ਹਨ। ਇਹ ਜਿਹੜੇ ਵੀ ਨਿੱਜੀ ਅਤੇ ਘਰੇਲੂ ਛੋਟੇ-ਛੋਟੇ ਅਦਾਰੇ ਅਰਥਾਤ ਇਕਾਈਆਂ ਸਨ ਇਹ ਅੱਜ ਦੀ ਵਧੀ ਆਬਾਦੀ ਦੀਆਂ ਲੋੜਾਂ ਪੂਰੀਆਂ ਨਹੀਂ ਸਨ ਕਰ ਸਕਦੇ ਅਤੇ ਇਸ ਲਈ ਇਹ ਕੰਪਨੀਆਂ ਵਾਲਾ ਕਾਨੂੰਨ ਅੰਗਰੇਜ਼ ਬਣਾ ਗਏ ਸਨ ਅਤੇ ਸਾਡੇ ਮੁਲਕ ਵਿੱਚ ਵੀ ਅੰਗਰੇਜ਼ਾਂ ਦੇ ਵਕਤ ਵਿੱਚ ਹੀ ਕੰਪਨੀਆਂ ਆ ਗਈਆਂ ਸਨ ਅਤੇ ਇਹ ਕੰਪਨੀਆਂ ਬੇਸ਼ੱਕ ਮੁਨਾਫ਼ੇ ਲਈ ਹੀ ਖੜੀਆਂ ਕੀਤੀਆਂ ਗਈਆਂ ਸਨ, ਪਰ ਇਹ ਜੋ ਕੁਝ ਵੀ ਬਣਾ ਰਹੀਆਂ ਸਨ ਇਹ ਮਾਲਕਾਂ ਜਾਂ ਪ੍ਰਬੰਧਕਾਂ ਲਈ ਹੀ ਨਹੀਂ ਸਨ ਬਣਾ ਰਹੀਆਂ ਬਲਕਿ ਇਹ ਜਿਤਨਾ ਵੀ ਮਾਲ ਤਿਆਰ ਕਰ ਰਹੀਆਂ ਸਨ ਇਹ ਲੋਕਾਂ ਦੀ ਵਰਤੋਂ ਲਈ ਬਣਾ ਰਹੀਆਂ ਸਨ ਅਤੇ ਇਹ ਵੀ ਚਾਹ ਰਹੀਆਂ ਸਨ ਕਿ ਜਿਤਨਾ ਵੀ ਮਾਲ ਬਣ ਆਇਆ ਹੈ ਉਹ ਵਕਤ ਸਿਰ ਵਿਕਦਾ ਰਵੇ ਅਤੇ ਹੋਰ ਬਣਦਾ ਰਵੇ ਇਹ ਜਿਹੜੀ ਗੁਰਬਤ ਮੁਲਕ ਵਿੱਚ ਆ ਗਈ ਹੈ ਇਸ ਨਾਲ ਕੰਪਨੀਆਂ ਦਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਅਗਰ ਬਣਦਾ ਮਾਲ ਵਿਕਦਾ ਰਵੇ ਤਾਂ ਕੰਪਨੀਆਂ ਹੋਰ ਮਾਲ ਤਿਆਰ ਕਰ ਸਕਦੀਆਂ ਹਨ ਅਤੇ ਇਸ ਮੁਨਾਫ਼ੇ ਨਾਲ਼ ਹੋਰ ਇਕਾਈਆਂ ਵੀ ਖੜੀਆਂ ਕਰ ਸਕਦੀਆਂ ਹਨ। ਪਰ ਇਹ ਲੋਕਾਂ ਪਾਸ ਪੈਸੇ ਦੀ ਘਾਟ ਕਾਰਨ ਜਿਹੜੀ ਰੁਕਾਵਟ ਜਿਹੀ ਆ ਗਈ ਹੈ ਇਸ ਨਾਲ ਕੰਪਨੀਆਂ ਘਾਟੇ ਵਿੱਚ ਵੀ ਚਲੀਆਂ ਜਾਂਦੀਆਂ ਹਨ ਅਤੇ ਉਤਪਾਦਨ ਕੀਤਾ ਮਾਲ ਮਹਿੰਗਾ ਕਰਕੇ ਵੀ ਵੇਚਣਾ ਪੈਂਦਾ ਹੈ। ਇਹ ਕੰਪਨੀਆਂ ਹੀ ਹਨ ਜਿਹੜੀਆਂ ਅੱਜ ਰੁਜ਼ਗਾਰ ਖੜਾ ਕਰ ਸਕਦੀਆਂ ਹਨ ਕਿਉਂਕਿ ਸਰਕਾਰ ਪਾਸ ਤਾਂ ਰੁਜ਼ਗਾਰ ਪੈਦਾ ਕਰਨ ਦੇ ਸਾਧਨ ਬਹੁਤ ਹੀ ਸੀਮਤ ਜਿਹੇ ਹਨ।

ਅਸੀਂ ਮੁਲਕ ਵਿੱਚ ਸਹਿਕਾਰਤਾ ਲਿਆਏ ਸਾਂ ਅਤੇ ਅਸਾਂ ਇਹ ਵੀ ਇਰਾਦਾ ਬਣਾ ਲਿੱਤਾ ਸੀ ਕਿ ਅਸੀਂ ਇਹ ਪ੍ਰਾਈਵੇਟ ਕੰਪਨੀਆਂ ਦੇ ਮੁਕਾਬਲੇ ਵਿੱਚ ਇਹ ਵਾਲਾ ਨਵਾਂ ਆਦਾਰਾ ਖੜਾ ਕਰ ਲਵਾਂਗੇ। ਪਰ ਇਹ ਬਹੁਤਾ ਕਾਮਯਾਬ ਹੋਇਆ ਨਹੀਂ ਲਗਦਾ। ਕੁਝ ਇਕਾਈਆਂ ਆਈਆਂ ਹਨ ਜਿਵੇਂ ਇਹ ਦੁੱਧ ਦੀਆਂ ਫੈਕਟਰੀਆਂ, ਇਹ ਖੰਡ ਮਿੱਲਾਂ ਅਤੇ ਕੁਝ ਸਹਿਕਾਰੀ ਬੈਂਕ, ਪਰ ਹੋਰ ਨਿੱਕੀਆਂ-ਨਿੱਕੀਆਂ ਇਕਾਈਆਂ ਬਹੁਤਾ ਲਾਭ ਨਹੀਂ ਪਹੁੰਚਾ ਸਕੀਆਂ ਅਤੇ ਨਾ ਹੀ ਰੁਜ਼ਗਾਰ ਹੀ ਪੈਦਾ ਕਰ ਸਕੀਆਂ ਹਨ ਅਤੇ ਇਹ ਪਿਆ ਲਗਦਾ ਹੈ ਕਿ ਇਹ ਜਿਹੜੇ ਖੇਤਰਾਂ ਵਿੱਚ ਹੋਰ ਵੱਡੀਆਂ ਇਕਾਈਆਂ ਖੜੀਆਂ ਕੀਤੀਆਂ ਜਾ ਸਕਦੀਆਂ ਹਨ ਉੱਥੇ ਅਗਰ ਵੱਡੀਆਂ ਇਕਾਈਆਂ ਆ ਜਾਣ ਤਾਂ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਸਾਡੇ ਮੁਲਕ ਵਿੱਚ ਖੇਤੀਬਾੜੀ ਵਾਲਾ ਖੇਤਰ ਹੀ ਹੈ ਜਿੱਥੇ ਮੁਲਕ ਦੀ ਬਹੁਤੀ ਅਬਾਦੀ ਵਸਦੀ ਹੈ। ਇਹ ਖੇਤਾਂ ਵਿੱਚੋਂ ਅਨਾਜ ਤੋਂ ਇਲਾਵਾ ਵੀ ਬਹੁਤ ਕੁਝ ਹੈ ਜਿਸਦੀ ਪ੍ਰੋਸੈਸਿੰਗ ਅਸਾਂ ਹਾਲਾਂ ਕਰਨੀ ਹੈ। ਇਸ ਮੁਲਕ ਵਿੱਚ ਵੱਡੀਆਂ ਸਹਿਕਾਰੀ ਇਕਾਈਆਂ ਦੀ ਹਾਲਾਂ ਬਹੁਤ ਜ਼ਰੂਰਤ ਹੈ। ਇਸ ਮੁਲਕ ਵਿੱਚ ਮੱਛੀ ਪਾਲਣ ਦਾ ਕੰਮ ਹਾਲਾਂ ਕਰਨਾ ਹੈ। ਇਸ ਮੁਲਕ ਵਿੱਚ ਵੱਡੇ ਮੁਰਗੀ ਖ਼ਾਨਿਆ ਦੀ ਹਾਲਾਂ ਜ਼ਰੂਰਤ ਹੈ। ਇਸ ਮੁਲਕ ਵਿੱਚ ਡੰਗਰ ਪਾਲਣ ਦਾ ਧੰਦਾ ਵੀ ਖੜਾ ਕਰਨਾ ਹੈ। ਇਸ ਮੁਲਕ ਵਿੱਚ ਸੂਰ ਪਾਲਣ ਅਤੇ ਬੱਕਰੀਆਂ ਪਾਲਣ ਦੀਆਂ ਇਕਾਈਆਂ ਵੀ ਹਾਲਾਂ ਖੜੀਆਂ ਕਰਨੀਆਂ ਹਨ। ਇਸ ਮੁਲਕ ਵਿੱਚ ਗੱਤਾ ਫੈਕਟਰੀਆਂ, ਕਾਗਜ਼ ਦੇ ਕਾਰਖ਼ਾਨੇ, ਪਰਾਲੀ ਤੋਂ ਲੱਕੜ ਬਨਾਉਣ ਦੇ ਕਾਰਖ਼ਾਨੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਇਕੱਠੀਆਂ ਕਰਕੇ ਵੱਡੇ ਫ਼ਾਰਮ ਵੀ ਖੜੇ ਕਰਨੇ ਹਨ। ਇਸ ਮੁਲਕ ਵਿੱਚ ਬਾਰਿਸ਼ਾਂ ਦਾ ਪਾਣੀ ਵੀ ਇਕੱਠਾ ਕਰਨ ਲਈ ਛੋਟੇ ਡੈਮ ਹਾਲਾਂ ਬਨਾਉਣੇ ਪੈਣਗੇ ਕਿਉਂਕਿ ਪਾਣੀ ਦੀ ਘਾਟ ਹੈ ਅਤੇ ਧਰਤੀ ਹੇਠਲਾ ਪਾਣੀ ਹੇਠਾਂ ਜਾ ਰਿਹਾ ਹੈ ਅਤੇ ਕਦੀ ਮੁੱਕ ਵੀ ਸਕਦਾ ਹੈ। ਇਸ ਮੁਲਕ ਵਿੱਚ ਹਵਾ, ਧੁੱਪ ਅਤੇ ਪਹਾੜਾਂ ਵਿੱਚ ਨਿੱਕੇ-ਨਿੱਕੇ ਦਰਿਆ ਜਿਹੜੇ ਢਲਾਣਾਂ ਤੇ ਭੱਜ ਰਹੇ ਹਨ ਛੋਟੇ-ਛੋਟੇ ਬਿਜਲੀਘਰ ਵੀ ਅਸਾਂ ਲਗਾਉਣੇ ਹਨ ਤਾਂਕਿ ਇਹ ਬਿਜਲੀ ਦੀ ਘਾਟ ਪੂਰੀ ਕੀਤੀ ਜਾ ਸਕੇ। ਇਹ ਸਾਰੇ ਕੰਮ ਸਹਿਕਾਰਤਾ ਵਾਲਿਆਂ ਕਰਨੇ ਸਨ, ਪਰ ਅਗਰ ਉਹ ਵਾਲਾ ਖੇਤਰ ਇਸ ਪਾਸੇ ਕਾਮਯਾਬ ਨਹੀਂ ਹੋ ਸਕਿਆ ਤਾਂ ਇਹ ਇਕਾਈਆਂ ਲਈ ਇਹ ਸਾਡਾ ਕਾਰਪੋਰੇਟ ਖੇਤਰ ਅੱਗੇ ਆ ਸਕਦਾ ਹੈ। ਇਨਾਂ ਪਾਸ ਤਜਰਬਾ ਵੀ ਹੈ ਅਤੇ ਇਹ ਪ੍ਰਬੰਧਕੀ ਲਿਹਾਜ਼ ਨਾਲ਼ ਘਾਟੇ ਵਿੱਚ ਵੀ ਨਹੀਂ ਜਾਂਦੇ ਹਨ।

ਇਹ ਕਾਰਪੋਰੇਟ ਇਕਾਈਆਂ ਵੀ ਮੁਲਕ ਦੀ ਹੀ ਮਾਲਕੀ ਹਨ ਅਤੇ ਮੁਲਕ ਵਿੱਚ ਹੀ ਮੁਲਕ ਦੇ ਲੋਕਾਂ ਲਈ ਕੰਮ ਕਰ ਰਹੀਆਂ ਹਨ ਅਤੇ ਇਹ ਇਕਾਈਆਂ ਸਥਾਪਿਤ ਕਰਨ ਵਾਲਿਆਂ ਦੀ ਮਿਹਨਤ, ਜ਼ਿੰਮੇਵਾਰੀ ਅਤੇ ਤਜਰਬੇ ਦਾ ਲਾਭ ਉਠਾਇਆ ਜਾਣਾ ਚਾਹੀਦਾ ਹੈ। ਇਹ ਇਕਾਈਆਂ ਹੀ ਹੋਰ ਰੁਜ਼ਗਾਰ ਪੈਦਾ ਕਰ ਸਕਦੀਆਂ ਹਨ ਅਤੇ ਵਕਤ ਦੀ ਸਰਕਾਰ ਇੰਨਾਂ ਉੱਤੇ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਜ਼ਿੰਮੇਵਾਰੀ ਵੀ ਦੇ ਸਕਦੀ ਹੈ ਅਤੇ ਇਸ ਤਰਾਂ ਮੁਲਕ ਵਿੱਚ ਰਜ਼ਗਾਰ ਦੇਣ ਦੇ ਮੌਕੇ ਹੋਰ ਬਣਾਏ ਜਾ ਸਕਦੇ ਹਨ ਅਤੇ ਤਨਖ਼ਾਹਾ ਵੀ ਨਿਸ਼ਚਿਤ ਕੀਤੀਆਂ ਜਾ ਸਕਦੀਆਂ ਹਨ। ਕਾਰਪੋਰੇਟ ਅਦਾਰਿਆਂ ਪਾਸ ਅਗਰ ਕਿਸੇ ਦੀ ਮਾਲਕੀ ਜਾਂਦੀ ਹੈ ਤਾਂ ਉਸ ਉੱਤੇ ਕਾਨੂੰਨੀ ਰੋਕ ਲਗਾਈ ਜਾ ਸਕਦੀ ਹੈ ਅਤੇ ਕੁੱਲ ਆਮਦਨ ਵਿੱਚੋਂ ਮਾਲਕੀ ਦਾ ਹਿੱਸਾ ਵੀ ਰੱਖਿਆ ਜਾ ਸਕਦਾ ਹੈ। ਅਤੇ ਇਹ ਛੋਟੀਆਂ ਮਾਲਕੀਆਂ ਵਾਲੇ ਇਕਾਈ ਵਿੱਚ ਕੰਮ ਕਰਨ ਦਾ ਅਧਿਕਾਰ ਵੀ ਰੱਖ ਸਕਦੇ ਹਨ।

ਅੱਜ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਹੈ ਅਤੇ ਜਦ ਤੱਕ ਇਹ ਬੇਰੁਜ਼ਗਾਰੀ ਖ਼ਤਮ ਨਹੀਂ ਹੋ ਜਾਂਦੀ ਇਸ ਮੁਲਕ ਦੀ ਗ਼ੁਰਬਤ ਖ਼ਤਮ ਨਹੀਂ ਕੀਤੀ ਜਾ ਸਕਦੀ। ਅੱਜ ਦੀਆਂ ਸਰਕਾਰਾਂ ਹੱਥ ਖੜੇ ਕਰ ਬੈਠੀਆਂ ਹਨ ਅਤੇ ਹੁਣ ਸਾਡੇ ਪਾਸ ਇਹ ਇਕਾਈਆਂ ਹੀ ਹਨ ਜਿਹੜੀਆਂ ਸਾਨੂੰ ਤੁਰੰਤ ਖੜੀਆਂ ਕਰਨੀਆਂ ਪੈਣਗੀਆਂ ਅਤੇ ਇਹ ਫ਼ੈਸਲਾ ਵੀ ਅਸਾਂ ਕਰਨਾ ਹੈ ਕਿ ਕਿਹੜੀਆਂ-ਕਿਹੜੀਆਂ ਇਕਾਈਆਂ ਸਹਿਕਾਰਤਾ ਖੇਤਰ ਵਿੱਚ ਲਿਆਂਦੀਆਂ ਜਾਣ ਅਤੇ ਕਿਹੜੀਆਂ-ਕਿਹੜੀਆਂ ਇਕਾਈਆਂ ਕਾਰਪੋਰੇਟ ਸੈਕਟਰ ਹਵਾਲੇ ਕਰ ਦਿੱਤੀਆਂ ਜਾਣ। ਇਹ ਫ਼ੈਸਲਾ ਹੁਣ ਹੀ ਕਰ ਲਿਆ ਜਾਵੇ ਕਿਉਂਕਿ ਇਸ ਮੁਲਕ ਵਿੱਚ ਗ਼ੁਰਬਤ ਇਤਨੀ ਆਣ ਬਣੀ ਹੈ ਜਿਸ ਕਾਰਨ ਸਾਡਾ ਇਹ ਆਜ਼ਦੀ ਅਤੇ ਇਹ ਵਾਲਾ ਪਰਜਾ ਤੰਤਰ ਸ਼ਰਮਿੰਦਾ ਹੋ ਉੱਠੇ ਹਨ।

**101-ਸੀ ਵਿਕਾਸ ਕਲੋਨੀ, ਪਟਿਆਲਾ-ਪੰਜਾਬ-ਭਾਰਤ-147001**
**ਫੋਨ- 0175 5191856**

# ਮੇਰੀ ਮਾਂ ਬੜੀ ਦਲੇਰ ਔਰਤ ਸੀ

**ਰਿਪਨਜੋਤ ਕੌਰ ਸੋਨੀ ਬੱਗਾ**

ਇਹ ਵਾਕਿਆ ਛੋਟਾ ਜਿਹਾ ਹੈ ਪਰ ਬਹੁਤੇ ਪਿਉਆਂ ਦੇ ਦਿਲ ਦੇ ਨਜ਼ਦੀਕ ਹੈ। ਸਾਡੇ ਦੋਹਾਂ ਪਰਿਵਾਰਾਂ ਦੇ ਘਰ ਵਿੱਚ ਪਹਿਲੀ ਖ਼ੁਸ਼ੀ ਇੱਕ ਧੀ ਦੀਆਂ ਕਿਲਕਾਰੀਆਂ ਸਨ। ਜਦੋਂ ਮੇਰੀ ਬੇਟੀ ਹੋਈ ਤਾਂ ਕੁੜੀ ਦੇ ਫ਼ੌਜੀ ਕੈਪਟਨ ਪਿਓ ਨੇ ਆਪਣੀ ਮਾਂ ਨੂੰ ਫ਼ੋਨ ਤੇ ਇਹ ਖ਼ਬਰ ਸੁਣਾਈ ਤਾਂ ਉਹਨਾਂ ਦਾ ਅੱਗੋਂ ਜੁਆਬ ਸੁਣ ਕੇ ਉਸ ਦਾ ਚਿਹਰਾ ਮੁਰਝਾ ਗਿਆ, ਅੱਗੋਂ ਉਸਦਾ ਜੁਆਬ ਸੀ ਤੁਸੀਂ ਵੀ ਤੇ ਔਰਤ ਹੋ। ਨਵਾਂ-ਨਵਾਂ ਪਿਓ ਬਣਿਆ ਭਾਵੇਂ ਕੁਝ ਦੇਰ ਉਹ ਖ਼ਾਮੋਸ਼ ਰਿਹਾ, ਨਵ ਜੰਮੀ ਬੱਚੀ ਦਾ ਸਿਉ ਵਰਗਾ ਸੂਹਾ ਚਿਹਰਾ, ਚਾਰ ਉਂਗਲ ਲੰਮੇ ਕਾਲੇ ਵਾਲ, ਗੋਲ ਮਟੋਲ ਗੋਭਲੂ ਜਿਹੀ ਕੁੜੀ ਨੂੰ ਗੋਦੀ ਵਿੱਚ ਲੈ ਕੇ ਖ਼ੁਸ਼ ਹੋ ਗਿਆ। ਸਭ ਮਿਲਣ-ਗਿਲਣ ਵਾਲਿਆਂ ਨੂੰ ਬਰਫ਼ੀ ਵੰਡੀ ਗਈ। ਮੇਰੀ ਮਾਂ ਨੇ ਕਮਾਂਡ ਹਸਪਤਾਲ ਚੰਡੀਗੜ੍ਹ ਵਿਖੇ ਰੋਟੀ ਵਰਤਾਉਣ ਤੋਂ ਲੈ ਕੇ ਸਫ਼ਾਈ ਕਰਨ ਵਾਲੀਆਂ ਸਾਰੀਆਂ ਔਰਤਾਂ ਨੂੰ ੧੦੦ -੧੦੦ ਰੁਪਏ ਸ਼ਗਨ ਦਿੱਤਾ। ਸਹੁਰਿਆਂ ਵੱਲੋਂ ਪੁਰਾਣੀ ਰਵਾਇਤ ਕਿ ਬੱਚੇ ਨੂੰ ਪਹਿਲੇ ੪੦ ਦਿਨ ਪੁਰਾਣੇ ਲੱਥੇ ਹੋਏ ਕੱਪੜੇ ਪਾਉਣੇ ਹਨ, ਨੂੰ ਤੋੜ ਕੇ ਨਵੇਂ ਕਪੜੇ ਲੈ ਕੇ ਉਹਨਾਂ ਨੂੰ ਧੋ ਕੇ ਪਾਇਆ ਗਿਆ। ਆਪਣੇ ਕੁੜਮਾਂ ਦੀ ਪੂਰੀ ਇੱਜ਼ਤ ਕਰਨਾ ਅਤੇ ਹਰ ਤਿੱਥ ਤਿਉਹਾਰ ਮੌਕੇ ਤੇ ਉਹਨਾਂ ਨੂੰ ਮਿਲਣ ਜਾਣਾ ਮੇਰੇ ਮਾਤਾ ਜੀ ਆਪਣਾ ਫ਼ਰਜ਼ ਸਮਝਦੇ ਸਨ। ਮੇਰੀ ਮਾਂ ਬਹੁਤ ਦਲੇਰ ਔਰਤ ਸੀ। ਮੇਰੇ ਭਰਾ ਦੇ ਘਰ ਇੱਕ ਤੋਂ ਬਾਅਦ ਇੱਕ ਕੁੜੀ ਦੇ ਜਨਮ ਤੇ ਮੇਰੀ ਭਰਜਾਈ ਬੜੀ ਉਦਾਸ ਰਹਿਣ ਲੱਗੀ, ਬੜੇ ਦਿਨ ਮੇਰੀ ਮਾਂ ਉਸਨੂੰ ਸਮਝਾਉਂਦੀ ਰਹੀ, ਪਰ ਉਹ ਟੱਸ ਤੋਂ ਮੱਸ ਨਾ ਹੋਵੇ, ਆਖ਼ਰ ਮੇਰੀ ਮਾਂ ਨੇ ਝਿੜਕ ਦਿੱਤਾ, ਜੇ ਤੂੰ ਇਸ ਨੂੰ ਨਹੀਂ ਸਾਂਭਣਾ ਤਾਂ ਲਿਆ ਇਸ ਨੂੰ ਮੈਂ ਸੁੱਟ ਆਉਨੀ ਹਾਂ, ਜਾਂ ਕਿਸੇ ਨੂੰ ਦੇ ਆਉਂਦੀ ਹਾਂ। ਘਰ ਵਿੱਚ




ਕੁੜੀਆਂ ਅਤੇ ਮੁੰਡਿਆਂ ਦੋਨਾਂ ਦੇ ਜਨਮ ਤੇ ਖ਼ੁਸ਼ ਹੋਣ ਵਾਲੀ ਅਤੇ ਉਹਨਾਂ ਦੇ ਪਹਿਲੇ ਸਾਰੇ ਤਿਉਹਾਰ ਬਰਾਬਰ ਦੇ ਮਨਾਉਣ ਵਾਲੀ, ਕੁੜੀਆਂ ਵਾਸਤੇ ਵੰਨ-ਸੁਵੰਨੀਆਂ ਫਰਾਕਾਂ ਲਿਆਉਣ ਵਾਲੀ ਮੇਰੀ ਮਾਂ, ਹਮੇਸ਼ਾ ਸਾਨੂੰ ਕਹਿੰਦੀ ਸੀ ਕਿ ਬੱਚਿਆਂ ਦੇ ਦਿਨ ਵਿੱਚ ਤਿੰਨ ਵਾਰ ਕੱਪੜੇ ਬਦਲਿਆ ਕਰੋ ਅਤੇ ਆਪਣੇ ਵੀ ਘੱਟ ਤੋਂ ਘੱਟ ਦੋ ਵਾਰ। ਜੋ ਦਿਨੇ ਸੂਟ ਪਾ ਕੇ ਰੱਖਣਾ ਰਾਤ ਨੂੰ ਬਦਲ ਕੇ ਸੋਣਾ ਹੈ, ਰੋਜ਼ ਨਹਾਉਣਾ ਅਤੇ ਆਪਣੇ ਕੱਪੜੇ ਆਪ ਹੱਥਾਂ ਨਾਲ ਧੋਣਾ ਉਹਨਾਂ ਦੇ ਨਿੱਤਨੇਮ ਵਿੱਚੋਂ ਸਭ ਤੋਂ ਉੱਪਰ ਸੀ। ਘਰਾਂ, ਰਿਸ਼ਤੇਦਾਰੀਆਂ ਵਿੱਚ ਆਈਆਂ ਮੁਸੀਬਤਾਂ ਨੂੰ ਮੇਰੀ ਮਾਂ ਨੇ ਬੜੀ ਹਿੰਮਤ ਨਾਲ ਸਾਂਭਿਆ। ਉਹਨਾਂ ਦੀਆਂ ਕਈ ਗੱਲਾਂ ਵਿੱਚੋਂ ਸਭ ਤੋਂ ਉੱਤਮ ਮੈਨੂੰ ਇਹ ਗੱਲ ਲੱਗਦੀ ਸੀ ਕੇ ਕੋਈ ਵੀ ਮਹਿਮਾਨ ਤੁਹਾਡੇ ਘਰ ਖਾਣ ਲਈ ਨਹੀਂ ਆਉਂਦਾ ਸਗੋਂ ਮਿਲਣ ਲਈ ਉਚੇਚਾ ਸਮਾਂ ਕੱਢ ਕੇ ਆਉਂਦਾ ਹੈ। ਬਰਕਤਾਂ ਵਾਲੇ ਘਰ ਹੀ ਮਹਿਮਾਨ ਆਉਂਦੇ ਹਨ। ਕੋਈ ਵੀ ਮਹਿਮਾਨ ਆਵੇ ਉਸ ਦੀ ਰੱਜ ਕੇ ਆਓ ਭਗਤ ਕਰੋ, ਖਾਣ-ਪੀਣ ਵਿੱਚ ਕੰਜੂਸੀ ਵੀ ਨਹੀਂ ਕਰਨੀ ਅਤੇ ਸੰਜਮ ਵੀ ਬਰਕਰਾਰ ਰੱਖਣਾ। ਅੱਜ ਤੋਂ ਪੱਚੀ ਸਾਲ ਪਹਿਲਾਂ ਅਤੇ ਕੁਝ ਸਾਲ ਪਹਿਲਾਂ ਸਾਡੀ ਰਿਸ਼ਤੇਦਾਰੀ ਵਿੱਚ ਕਿਸੇ ਨੇ ਅੰਤਰਜਾਤੀ ਪ੍ਰੇਮ ਵਿਆਹ ਕਰਵਾਇਆ, ਸਾਡਾ ਸਾਰਾ ਵੱਡਾ ਪਰਿਵਾਰ ਉਹਨਾਂ ਬੱਚਿਆਂ ਦੇ ਇੱਕ ਦਮ ਉਲਟ ਹੋ ਗਿਆ, ਮੇਰੀ ਮਾਂ ਨੇ ਇਹ ਕਹਿ ਕੇ ਬੱਚਿਆਂ ਨੂੰ ਅਪਣਾ ਲਿਆ ਕਿ ਦੋਨੋਂ ਇੱਕ-ਦੂਜੇ ਨੂੰ ਚਾਹੁੰਦੇ ਹਨ ਇਹਨਾਂ ਨੂੰ ਅਲੱਗ ਕਰਕੇ ਇਹ ਚਾਹਤ ਨਹੀਂ ਮੁੱਕਣੀ, ਹੁਣ ਵੀ ਦੋਨੋਂ ਜੋੜੀਆ ਖ਼ੁਸ਼ੀ-ਖ਼ੁਸ਼ੀ ਰਹਿ ਰਹੀਆਂ ਹਨ ਅਤੇ ਸਾਡੀ ਮਾਂ ਦੇ ਚੁੱਕੇ ਕਦਮ ਅੱਗੇ ਸਿਰ ਨਿਵਾਉਂਦੀਆਂ ਹਨ।

# ਪੰਛੀ-ਪਰਿੰਦਿਆਂ ਦੀ ਅਹਿਮੀਅਤ



**ਮਾਸਟਰ ਸੰਜੀਵ ਧਰਮਾਣੀ**
**੯੪੭੮੫੬੧੩੫੬**

ਮਾਨਵਜਾਤੀ ਦੇ ਨਾਲ਼-ਨਾਲ਼ ਪੰਛੀ-ਪਰਿੰਦੇ ਵੀ ਆਪਣੀ ਹੋਂਦ/ਵਜੂਦ ਕਾਇਮ ਰੱਖਦੇ ਆ ਰਹੇ ਹਨ। ਪੰਛੀ-ਪਰਿੰਦੇ ਸਾਡੇ ਮਾਨਵਜਾਤੀ ਲਈ ਕਿੰਨੇ ਜ਼ਰੂਰੀ ਤੇ ਅਹਿਮੀਅਤ ਰੱਖਣ ਵਾਲੇ ਹਨ, ਇਸ ਗੱਲ ਦਾ ਅਨੁਮਾਨ ਉਨਾਂ ਦੀ ਗਿਣਤੀ ਘੱਟ ਜਾਣ ਅਤੇ ਉਨਾਂ ਦੇ ਲੁਪਤ ਹੋ ਜਾਣ ਤੋਂ ਬਾਅਦ ਹੀ ਲਗਾਇਆ ਜਾਂਦਾ ਹੈ। ਪ੍ਰਮਾਤਮਾ ਨੇ ਜੋ ਵੀ ਪੰਛੀ-ਪਰਿੰਦੇ ਸਿਰਜੇ ਉਹ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖ ਦੇ ਹਿਤੈਸ਼ੀ, ਸ਼ੁਭ-ਚਿੰਤਕ ਤੇ ਸਹਿਯੋਗੀ ਬਣਦੇ ਆਏ ਹਨ। ਇਸ ਦਾ ਸਹਿਜ ਅਨੁਮਾਨ ਗਿਰਝਾਂ ਦੇ ਘੱਟ ਜਾਣ ਤੋਂ ਬਾਅਦ ਮ੍ਰਿਤਕ ਜਾਨਵਰਾਂ ਦੀਆਂ ਥਾਂ-ਥਾਂ ਪਈਆਂ ਬਦਬੂ ਮਾਰਦੀਆਂ ਗਲੀਆਂ-ਸੜੀਆਂ ਲਾਸ਼ਾਂ ਤੋਂ ਪਰੇਸ਼ਾਨ ਹੋ ਕੇ ਲਗਾਇਆ ਜਾ ਸਕਦਾ ਹੈ। ਪੰਛੀ-ਪਰਿੰਦੇ ਆਪਣੀਆਂ ਮਨਮੋਹਕ ਤੇ ਸੁਰੀਲੀਆਂ ਆਵਾਜ਼ਾਂ ਤੇ ਆਪਣੀਆਂ ਰੰਗ-ਬਰੰਗੀਆਂ ਅਤੇ ਹੈਰਤਅੰਗੇਜ਼ ਬਣਤਰਾਂ ਨਾਲ਼ ਵੀ ਮਨੁੱਖ ਨੂੰ ਸੁਖ-ਸਕੂਨ ਅਤੇ ਦਿਲਕਸ਼ ਦ੍ਰਿਸ਼-ਨਜ਼ਾਰੇ ਸੁਲਭ ਕਰਾਉਂਦੇ ਹਨ। ਚਿੜੀਆਂ ਦੀ ਚੀਂ-ਚੀਂ, ਕੋਇਲ ਦੀ ਕੂ-ਕੂ, ਗੁਟਾਰਾਂ ਦਾ ਚਹਿਚਹਾਉਣਾ ਤੇ ਮੋਰ ਦੀ ਕੂਕ ਤੇ ਪੈਲ ਪਾਉਣਾ ਹਰ ਕਿਸੇ ਨੂੰ ਆਨੰਦ ਪ੍ਰਦਾਨ ਕਰਨ ਅਤੇ ਸਕੂਨ ਦੇਣ ਵਿੱਚ ਮਦਦਗਾਰ ਸਾਬਿਤ ਹੁੰਦਾ ਹੈ ਅਤੇ ਜੀਵਨ ਜਿਉਣ ਦੀ ਨਵੀਂ ਤਾਜ਼ਗੀ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹਨਾਂ ਪੰਛੀਆਂ ਸਦਕਾ ਹੀ ਨਾਨੀ ਤੇ ਦਾਦੀ ਸਾਨੂੰ ਕਲਪਨਾਸ਼ੀਲ, ਮਿੱਠੀਆਂ ਤੇ ਸਿੱਖਿਆਦਾਇਕ ਕਹਾਣੀਆਂ ਸੁਣਾਉਂਦੇ ਆਏ। ਇਹ ਪੰਛੀ-ਪਰਿੰਦੇ ਸਾਡੀਆਂ ਫ਼ਸਲਾਂ ਤੇ ਬਾਗ਼-ਬਗ਼ੀਚਿਆਂ ਲਈ ਵੀ ਸਹਾਇਕ ਦੀ ਭੂਮਿਕਾ ਅਦਾ ਕਰਦੇ ਹਨ। ਪੰਛੀਆਂ ਦੇ ਅਨੁਭਵ ਤੇ ਸੁਣਨ ਸ਼ਕਤੀ ਵਾਲੀ ਨਾਯਾਬ ਹਸਰਤ ਮਨੁੱਖ ਨੂੰ ਕਈ ਤਰਾਂ ਦੀਆਂ ਕੁਦਰਤੀ ਕਰੋਪੀਆਂ ਜਿਵੇਂ : ਭੁਚਾਲ, ਹੜ, ਮੀਂਹ , ਹਨੇਰੀ , ਸੁਨਾਮੀ ਆਦਿ ਤੋਂ ਸੁਚੇਤ ਕਰਨ ਲਈ ਵੀ ਸਹਾਇਕ ਸਿੱਧ ਹੁੰਦੀ ਆਈ ਹੈ ਜੋ ਕਿ ਵਿਗਿਆਨ ਦੀਆਂ ਅਜੋਕੀਆਂ ਉੱਚਤਮ ਖੋਜਾਂ ਨੂੰ ਵੀ ਮਾਤ ਪਾ ਦਿੰਦੀ ਹੈ। ਪੰਛੀਆਂ ਤੋਂ ਇਨਸਾਨ ਨੂੰ ਕਾਫ਼ੀ ਕੁਝ ਸਿੱਖਣ -ਸਮਝਣ ਨੂੰ ਵੀ ਮਿਲਦਾ ਹੈ। ਇਹ ਪੰਛੀ ਮਨੁੱਖ ਦੀ ਘਰ, ਬਾਹਰ, ਜੰਗਲਾਂ, ਖੇਤਾਂ ਆਦਿ ਵਿੱਚ ਕਈ ਤਰਾਂ ਦੀਆਂ ਚਿਤਾਵਨੀ ਆਵਾਜ਼ਾਂ ਸਦਕਾ ਯੋਗ ਅਗਵਾਈ ਕਰਦੇ ਆਏ ਹਨ। ਪੰਛੀਆਂ- ਪਰਿੰਦਿਆਂ ਦੀ ਹੋਂਦ ਨਾਲ਼ ਹੀ ਕਈ ਤਰਾਂ ਦੀਆਂ ਭੋਜਨ ਲੜੀਆਂ ਕਾਇਮ ਰਹਿ ਸਕਦੀਆਂ ਹਨ। ਜਿਸ ਨਾਲ ਕੁਦਰਤ ਵਿੱਚ ਵਾਤਾਵਰਨਕ ਸੰਤੁਲਨ ਬਣਿਆ ਰਹਿ ਸਕਣ ਦੇ ਹਾਲਾਤ ਬਣਦੇ ਹਨ। ਅੱਜ ਮਨੁੱਖ ਵੱਲੋਂ ਜੰਗਲਾਂ ਦੀ ਧੜਾਧੜ ਕਟਾਈ ਕਰਕੇ ਪੰਛੀਆਂ ਦੇ ਰਹਿਣ ਸਥਾਨਾਂ ਨੂੰ ਜਾਣੇ- ਅਣਜਾਣੇ ਵਿੱਚ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਨਵੇਂ ਰੁੱਖ ਲਗਾਉਣ ਤੇ ਉਨਾਂ ਦੀ ਸੰਭਾਲ ਕਰਨ ਤੋਂ ਘੇਸਲ ਵੱਟੀ ਜਾ ਰਹੀ ਹੈ।



ਬਾਕੀ ਸਫ਼ਾ 26 'ਤੇ

## ਬੀਬੀ ਭਾਗ ਕੌਰ ਜੀ

ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪ ਪ੍ਰਗਟ ਹੋ ਕੇ ਉੱਥੇ ਇਨਾਂ ਦੋਵਾਂ ਨੂੰ ਅਜ਼ਾਦ ਕਰਵਾਇਆ ਤੇ ਨੰਦੇੜ ਜਾਣ ਲਈ ਕਿਹਾ। ਕਿਹਾ ਜਾਂਦਾ ਹੈ ਕਿ ਇਹ ਦੋਵੇਂ ਜੇਲ ਵਿੱਚੋਂ ਗੁਰੂ ਜੀ ਦੇ ਘੋੜੇ ਦੇ ਖੁਰ ਫੜ ਕੇ ਅਜ਼ਾਦ ਹੋਏ। ਇਨਾਂ ਦੋਵਾਂ ਨੇ ਨੰਦੇੜ ਵਿਖੇ ਆ ਕੇ ਗੁਰੂ ਸਾਹਿਬ ਦੇ ਹਮੇਸ਼ਾ ਹਾਜ਼ਰ ਨਾਜ਼ਰ ਹੋਣ ਦਾ ਸਬੂਤ ਦਿੰਦਿਆਂ ਆਪਣੀ ਰਿਹਾਈ ਦੀ ਘਟਨਾ ਸੰਗਤਾਂ ਨੂੰ ਸੁਣਾਈ। ਕੁਝ ਸਮਾਂ ਨੰਦੇੜ ਵਿਖੇ ਹੀ ਇਹ ਦੋਵੇਂ ਕੀਰਤਨ ਦਰਬਾਰ ਦਾ ਆਨੰਦ ਮਾਣਦੇ ਰਹੇ। ਫੇਰ ਉਨਾਂ ਨੇ ਆਪਣੇ ਘਰ ਜਾਣ ਦੀ ਇੱਛਾ ਪ੍ਰਗਟ ਕੀਤੀ।

ਉਸ ਵੇਲੇ ਹਜ਼ੂਰ ਸਾਹਿਬ ਵਿਖੇ ਜੱਥੇਦਾਰ ਸੰਤੋਖ ਸਿੰਘ ਜੀ ਨੂੰ ਇਨਾਂ ਦੋਵਾਂ ਨੇ ਬੇਨਤੀ ਕੀਤੀ ਕਿ ਇਨਾਂ ਨੂੰ ਹਿਫਾਜ਼ਤ ਨਾਲ਼ ਜਨਵਾੜਾ ਵਿਖੇ ਰਵਾਨਾ ਕੀਤਾ ਜਾਵੇ। ਕੋਈ ਵੀ ਇਨਾਂ ਦੋਵਾਂ ਦੇ ਨਾਲ਼ ਜਨਵਾੜਾ ਤੱਕ ਜਾਣ ਲਈ ਤਿਆਰ ਨਹੀਂ ਹੋਇਆ, ਕਿਉਂਕਿ ਸੰਗਤ ਵਿੱਚੋਂ ਕੋਈ ਵੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪਵਿੱਤਰ ਅਸਥਾਨ ਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ। ਦੂਜੀ ਗੱਲ ਜਨਵਾੜਾ ਤੱਕ ਦਾ ਰਸਤਾ ਕਾਫ਼ੀ ਲੰਮਾ ਤੇ ਔਖਾ ਸੀ। ਇਹ ਦੋਵੇਂ ਹਕੂਮਤ ਦੇ ਭਗੌੜੇ ਹੀ ਮੰਨੇ ਜਾਣੇ ਸਨ ਤੇ ਫ਼ੌਜਾਂ ਸਾਰੇ ਹੀ ਰਸਤਿਆਂ 'ਤੇ ਹਰਲ-ਹਰਲ ਕਰਦੀਆਂ ਫਿਰ ਰਹੀਆਂ ਸਨ। ਕੋਈ ਵੀ ਇੰਨਾ ਵੱਡਾ ਰਿਸਕ ਉਠਾਉਣਾ ਨਹੀਂ ਸੀ ਚਾਹੁੰਦਾ। ਤਿਆਗ ਦੀ ਮੂਰਤ ਮਾਤਾ ਭਾਗੋ ਜੀ ਤੁਰੰਤ ਸੰਗਤ ਵਿੱਚ ਖੜੇ ਹੋ ਗਏ ਅਤੇ ਕਿਹਾ ਕਿ ਉਹ ਇਨਾਂ ਦੋਵਾਂ ਨੂੰ ਜਨਵਾੜਾ ਵਿਖੇ ਪਹੁੰਚਾ ਸਕਦੇ ਹਨ। ਆਪ ਜੀ ਸਾਰੇ ਹੀ ਇਹ ਭਲੀ-ਭਾਂਤ ਜਾਣਦੇ ਹੋ ਕਿ ਮਾਤਾ ਭਾਗੋ ਜੀ ਨੇ ਹੀ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇਣ ਵਾਲੇ ਸਿੱਖਾਂ ਨੂੰ ਮੁੜ ਗੁਰੂ ਜੀ ਕੋਲ ਪਹੁੰਚਾਇਆ ਤੇ ਉਨਾਂ ਦੇ ਗੁਨਾਹ ਮੁਆਫ਼ ਕਰਵਾਏ। ਕਿਸ ਤਰਾਂ ਭੁੱਖ ਅਤੇ ਲੜਾਈ ਹੱਥੋਂ ਤੰਗ ਆਏ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇਣ ਵਾਲੇ ਸਿੱਖਾਂ ਨੂੰ ਮਾਤਾ ਭਾਗੋ ਜੀ ਨੇ ਹੀ ਮੁੜ ਕੇ ਗੁਰੂ ਜੀ ਦੇ ਹੱਕ ਵਿੱਚ ਲੜਨ ਲਈ ਪ੍ਰੇਰਿਤ ਕੀਤਾ ਅਤੇ ਖਿਦਰਾਣੇ ਦੀ ਢਾਬ 'ਤੇ 40 ਮੁਕਤਿਆਂ ਦਾ ਵਰਦਾਨ ਦਿਵਾਇਆ। ਮਾਤਾ ਭਾਗੋ ਜੀ ਤਾਂ ਤਿਆਗ ਦੀ ਹੀ ਮੂਰਤ ਸਨ। ਉਹ ਬਹੁਤ ਹੀ ਪਰਉਪਕਾਰੀ ਵੀ ਸਨ।

ਮਾਤਾ ਭਾਗੋ ਜੀ ਰੁਸਤਮ ਰਾਓ ਤੇ ਬਾਲਾ ਰਾਓ ਜੀ ਨੂੰ ਹਿਫ਼ਾਜ਼ਤ ਨਾਲ਼ ਜਨਵਾੜਾ (ਬਿਦਰ) ਵਿਖੇ ਲੈ ਆਏ ਅਤੇ ਉਨਾਂ ਦੀ ਗੜੀ ਵਿਖੇ ਹੀ ਰਹਿੰਦੇ ਰਹੇ। ਮਾਤਾ ਭਾਗੋ ਜੀ ਨੇ ਆਪਣੀ ਬਾਕੀ ਦੀ ਜ਼ਿੰਦਗੀ ਇੱਥੇ ਹੀ ਬਤੀਤ ਕੀਤੀ। ਮਾਤਾ ਭਾਗੋ ਜੀ ਦਾ ਰੋਜ਼ਾਨਾ ਦਾ ਕਾਰਜ ਇਹ ਸੀ ਕਿ ਆਪ ਜਨਵਾੜਾ ਤੋਂ ਤੁਰ ਕੇ ਨਾਨਕ ਝੀਰਾ ਸਾਹਿਬ ਵਿਖੇ ਜਾਂਦੇ ਅਤੇ ਉੱਥੇ ਹੀ ਆਪਣਾ ਨਿਤਨੇਮ ਕਰਦੇ। ਇਸਦੇ ਨਾਲ਼-ਨਾਲ਼ ਸਿੱਖੀ ਦਾ ਪ੍ਰਚਾਰ ਵੀ ਕਰਦੇ ਰਹਿੰਦੇ। ਸ਼ਾਮ ਵੇਲੇ ਵਾਪਸ ਗੜੀ ਵਿੱਚ ਚਲੇ ਜਾਂਦੇ। ਵੱਡੀ ਉਮਰ ਵਿੱਚ ਵੀ ਆਪ ਜੀ ਰੋਜ਼ਾਨਾ ਇਹੋ ਕਾਰਜ ਕਰਦੇ ਰਹੇ। ਇਲਾਕੇ ਵਿੱਚ ਆਪ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅਖੀਰ ਜਨਵਾੜਾ ਵਿਖੇ ਰੁਸਤਮ ਰਾਓ ਤੇ ਬਾਲਾ ਰਾਓ ਦੀ ਗੜੀ ਵਿੱਚ ਹੀ ਆਪ ਜੀ ਗੁਰਪੁਰੀ ਸਿਧਾਰ ਗਏ। ਆਪ ਜੀ ਦੀ ਮਿੱਠੀ ਯਾਦ ਵਿੱਚ ਜਨਵਾੜਾ ਵਿਖੇ ਇਹ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜਿਸ ਦਾ ਨਾਂ ਗੁਰਦੁਆਰਾ ਮਾਤਾ ਭਾਗੋ ਜੀ ਹੈ। ਇਥੇ ਹੀ ਮਾਤਾ ਭਾਗੋ ਜੀ ਦਾ ਤਪ ਅਸਥਾਨ ਵੀ ਬਣਿਆ ਹੋਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਮਾਤਾ ਭਾਗੋ ਜੀ ਨੂੰ ਕਰਨਾਟਕ ਦੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਭੇਜਿਆ ਸੀ। ਸਹੀ ਸਮਾਂ ਆਉਣ 'ਤੇ ਉਹ ਗੁਰੂ ਜੀ ਦਾ ਹੁਕਮ ਮੰਨ ਕੇ ਹੀ ਰੁਸਤਮ ਰਾਓ ਤੇ ਬਾਲਾ ਰਾਓ ਜੀ ਨੂੰ ਹਿਫ਼ਾਜ਼ਤ ਨਾਲ ਜਨਵਾੜਾ ਵਿਖੇ ਲੈ ਕੇ ਆਏ ਸਨ। ਮਾਤਾ ਭਾਗੋ ਜੀ ਨੂੰ ਹਰ ਰੋਜ਼ ਗੁਰੂ ਜੀ ਦੇ ਦਰਸ਼ਨ ਹੁੰਦੇ ਸਨ। ਆਪ ਨੇ ਬਿਦਰ ਵਿੱਚ ਸਿੱਖੀ ਦਾ ਪ੍ਰਚਾਰ ਕਰਦਿਆਂ ਜਨਵਾੜੇ ਦੀ ਗੜੀ ਬਿਦਰ, ਕਰਨਾਟਕਾ ਚਲੀ ਗਈ, ਉਥੇ ਬਾਲਾ ਰਾਓ ਤੇ ਰੁਸਤਮ ਰਾਓ ਦੀ ਹਵੇਲੀ ਵਿੱਚ ਰੱਬ ਨੂੰ ਪਿਆਰੀ ਹੋ ਗਈ ਜਿਸ ਵਿੱਚ ਉਨਾਂ ਨੇ ਕਿਹਾ ਕੀ ਮੇਰਾ ਸਸਕਾਰ ਚਾਹੇ ਇਥੇ ਕਰ ਦੇਣਾ ਪਰ ਮੇਰੇ ਫੁੱਲ ਹਜ਼ੂਰ ਸਾਹਿਬ ਭੇਜ ਦੇਣੇ।

ਇੱਥੇ ਮਾਤਾ ਜੀ ਯਾਦ ਵਿੱਚ ਇੱਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਮਾਤਾ ਜੀ ਦੀ ਸਾਂਗ ਹਜ਼ੂਰ ਸਾਹਿਬ ਦਸਮੇਸ਼ ਪਿਤਾ ਦੇ ਸ਼ਸਤਰਾਂ ਵਿੱਚ ਸ਼ਸ਼ੋਭਤ ਮਾਨ ਪਾ ਰਹੀ ਹੈ। ਇਤਿਹਾਸ ਵਿੱਚ ਲਿਖਿਆ ਹੈ ਕਿ ਜਦੋਂ ਮਾਤਾ ਭਾਗ ਕੌਰ ਹੋਸ਼ ਵਿੱਚ ਆਈ ਤਾਂ ਗੁਰੂ ਜੀ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਫੁਰਮਾਇਆ। ਮਾਈ ਜੀ ਕਿਹਾ :

**ਦਰਸ ਭਏ ਅਬ ਕ੍ਰਿਪਾ ਕੀਜਹਿ ।**
**ਸੁਤ ਅਪਰਾਧ ਨਾ ਪਿਤ ਚਿਤ ਰੀਜਹਿ ।**
**ਪੁਰ ਅਨੰਦ ਜਿਸ ਮਾਝੇ ਵਾਰੇ ।**
**ਦੀਨ ਬੇਦਾਵਾ ਸਿਦਕ ਰੇ ॥**
**ਮੇਲ ਲੇਹੁ ਟੂਟੀ ਸੋ ਫਾਰੇ ॥**
**ਪਤਿਤ ਸੁਪਾਵਨ ਬਿਰਧ ਸੰਭਾਰੇ ।**

ਕੁਝ ਚਿਰ ਵਿਸਮਾਦ ਵਿੱਚ ਦਸ਼ਮੇਸ਼ ਜੀ ਇਉਂ ਫ਼ੁਰਮਾਇਆ 'ਜ਼ਿੰਦਾ ਸ਼ਹੀਦ ਪੁੱਤਰੀ, ਬੇਦਾਵੇ ਵਾਲਾ ਕਾਗਜ਼ ਪਾੜ ਸੁੱਟਿਆ ਹੈ। ਟੁੱਟੀ ਗੰਢੀ ਹੈ ਤੁਸੀਂ ਆਪ ਲਹੂ ਡੋਲ ਕੇ ਵਿਛੜਿਆਂ ਨੂੰ ਮੇਲਿਆ ਹੈ ਏਥੇ ਸ਼ਹੀਦੀ ਪਾਉਣ ਵਾਲੇ ਮੁਕਤੇ ਹੋਏ ਹਨ। ਉਨਾਂ ਦੀ ਕੁਰਬਾਨੀ ਸਦਕਾ ਖਦਰਾਣੇ ਦੀ ਢਾਬ ਦਾ ਨਾਮ ਬਦਲ ਕੇ ਮੁਕਤਸਰ ਹੋਇਆ। ਤੁਹਾਡੀ ਸੇਵਾ ਪ੍ਰਵਾਨ ਹੋਈ ਹੈ। ਤੁਹਾਡੀ ਬਹਾਦਰੀ ਦਾ ਸਾਕਾ ਮੋਏ ਦਿਲਾਂ ਵਿੱਚ ਰੂਹ ਫੂਕੇਗਾ। ਤੁਹਾਡਾ ਇਹ ਕਾਰਨਾਮਾ ਚਾਨਣ ਮੁਨਾਰਾ ਬਣੇਗਾ। ਤੁਹਾਡਾ ਨਾਂ ਹਰ ਥਾਂ ਆਦਰ ਤੇ ਸਤਿਕਾਰ ਨਾਲ ਲਿਆ ਜਾਇਆ ਕਰੇਗਾ। ਤੁਹਾਡਾ ਜੀਵਨ ਇਸਤਰੀਆਂ ਲਈ ਮਾਣ ਦਾ ਕਾਰਨ ਬਣੇਗਾ ਤੇ ਮਰਦ ਵੀ ਤੁਹਾਡੀ ਕਰਨੀ ਤੇ ਫ਼ਖ਼ਰ ਕਰਨਗੇ।

ਮਾਤਾ ਭਾਗ ਕੌਰ ਸੀਲ ਤੇ ਸਹਿਨਸ਼ੀਲ, ਸਿਦਕ ਸਿਮਰਨ ਵਿੱਚ ਪੂਰੇ, ਨਿਰਭੈ, ਜੁਰਅੱਤ ਤੇ ਸੁਰਮਤਾਈ ਦੀ ਮੂਰਤ, ਦ੍ਰਿੜ ਤੇ ਪੱਕਾ ਵਿਸ਼ਵਾਸ ਪੂਰਨ ਮਰਦਾਵਾਂ ਲਿਬਾਸ ਪਾ ਮਰਦਾਂ ਵਾਂਗ ਦਲੇਰੀ ਨਾਲ਼ ਲੜੀ। ਏਨੇ ਜ਼ਖ਼ਮੀ ਹੋ ਕੇ, ਲਹੂ ਲੁਹਾਣ ਹੋ ਵੀ ਦਿਲ ਤੇ ਹੌਸਲਾ ਨਹੀਂ ਹਾਰਿਆ। ਸਿੱਖੀ ਵਿੱਚ ਆਪ ਦਾ ਨਿਵੇਕਲਾ ਅਸਥਾਨ ਹੈ। ਜਿਸ ਨੇ ਟੁੱਟੀ ਗੰਢਾਈ। ਗੁਰੂ ਜੀ ਹੋਰਾਂ ਸਭ ਤੋਂ ਪਿਆਰੀ ਸ਼ੈਅ ਆਤਮਕ ਪਰਮਪਦ ਅਵਸਥਾ ਦੀ ਅਸ਼ੀਰਵਾਦ ਮਾਤਾ ਭਾਗ ਕੌਰ ਨੂੰ ਬਖ਼ਸ਼ੀ ਜਿਸ ਨੇ ਇੱਕ ਇਸਤਰੀ ਹੋ ਕੇ ਮਾਝੇ ਦੇ ਸਿੱਖਾਂ ਨੂੰ ਸਨਮੁਖ ਹੋਣ ਲਈ ਪ੍ਰੇਰਿਆ। ਆਪਣੇ ਪਤੀ ਦੋ ਭਰਾਵਾਂ ਤੇ ਭਤੀਜਿਆਂ ਨੂੰ ਨਾਲ਼ ਲੈ ਮੈਦਾਨੇ ਜੰਗ ਵਿੱਚ ਜੂਝੀ। ਇਹੋ ਜਿਹੀਆਂ ਬਹਾਦਰ ਬੀਬੀਆਂ ਨੂੰ ਵੇਖ ਆਉਣ ਵਾਲੇ ਸਮੇਂ ਵਿੱਚ ਬੀਬੀਆਂ ਕੈਦਾਂ ਵਿੱਚ ਰਹਿ ਕਸ਼ਟ ਝੱਲੇ ਬੱਚਿਆਂ ਦੇ ਟੋਟੇ ਝੋਲੀਆਂ ਵਿੱਚ ਗਲਾਂ ਵਿੱਚ ਹਾਰ ਪਵਾ ਤੇਰਾ ਭਾਣਾ ਮਿੱਠਾ ਕਰਕੇ ਮੰਨਿਆ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ।

## ਚੋਰ ਅੱਖੀਏ

ਸਾਲ ਕੁ ਬਾਦ ਜਦ ਉਸ ਕੁੜੀ ਤੋਂ ਮਨ ਭਰਨ ਲੱਗਾ ਤਾਂ ਬਹਾਨੇਬਾਜ਼ੀ ਸ਼ੁਰੂ ਹੋਗੀ। ਕੁੜੀ ਵੱਲੋਂ ਵਿਆਹ ਲਈ ਕਹਿਣ ਤੇ ਟਾਲਣ ਲੱਗ ਪਿਆ। ਉਸਦੇ ਪਿੰਡ ਖ਼ਲਾਰਾ ਤਾਂ ਪੈ ਗਿਆ ਹੋਇਆ ਸੀ। ਕੁੜੀ ਦਾ ਫ਼ੌਜੀ ਚਾਚਾ ਵੱਡੇ ਭਰਾ ਵਰਗਾ, 'ਛੱਡੋ ਪਰੇ' ਕਰਨ ਵਾਲਾ ਨਹੀਂ ਸੀ। ਪਿੰਡ ਵਿੱਚ ਉਸਨੂੰ ਧਾਕੜ ਵੀ ਕਹਿੰਦੇ ਸੀ। ਜੋ ਕਹਿੰਦਾ ਕਰਕੇ ਵਿਖਾ ਦਿੰਦਾ। ਉਸਦੇ ਇੱਕੋ ਦਬਕੇ ਮੂਹਰੇ ਇਸਨੇ ਹਥਿਆਰ ਸੁੱਟਕੇ ਵਿਆਹ ਲਈ ਹਾਂ ਕਰਤੀ ਤੇ ਉਸੇ ਮਹੀਨੇ ਵਿਆਹ ਹੋ ਗਿਆ। ਪਰ ਇਸਨੇ ਆਪਣੇ ਪਿਓ ਦਾ ਪੁੱਤਰ ਹੋਣ ਦੇ ਸਬੂਤ ਦੇਣੇ ਜਾਰੀ ਰੱਖੇ। ਵਿਆਹ ਤੋਂ ਛੇ ਕੁ ਮਹੀਨੇ ਬਾਦ ਲੜਕਾ ਹੋਇਆ ਤਾਂ ਲੋਕਾਂ ਨੂੰ ਪਤਾ ਲੱਗਾ ਕਿ ਚਾਚੇ ਦੇ ਦਬਕੇ ਮੂਹਰੇ ਇਸਦੀ ਪੈਂਟ ਕਿਉਂ ਗਿੱਲੀ ਹੋਈ ਸੀ। ਵਿਆਹ ਤੋਂ ਬਾਦ ਉਲਾਂਭੇ ਤਾਂ ਪਤਨੀ ਨੂੰ ਮਹੀਨੇ ਬਾਦ ਈ ਆਉਣ ਲੱਗ ਪਏ ਸਨ, ਪਰ ਉਹ ਵਿਚਾਰੀ ਆਪਣੇ ਪਿਓ ਵਰਗੀ, ਸਾਊ ਸੁਭਾਅ ਦੀ ਹੋਣ ਕਰਕੇ ਹਊ ਪਰੇ ਕਰ ਛੱਡਦੀ। ਕੁਝ ਆਪਣੇ ਖ਼ੂਨ (ਮੁੰਡੇ) ਦਾ ਮੋਹ ਤੇ ਕੁਝ ਲੋਕ ਲਾਜ ਕਰਕੇ ਇਸਨੇ ਔਖੇ-ਸੌਖੇ ਦੋ ਢਾਈ ਸਾਲ ਉਸ ਨਾਲ਼ ਕੱਢੇ। ਸ਼ਾਇਦ ਸਕੀਮਾਂ ਘੜਦਾ ਰਿਹਾ ਹਊ। ਇੱਕ ਦਿਨ ਦਫ਼ਤਰ ਖ਼ਬਰ ਪੁੱਜੀ ਕਿ ਇਸਦੀ ਵਹੁਟੀ ਦੀ ਮੌਤ ਹੋ ਗਈ ਐ। ਪੇਕੇ ਘਰ ਹੋਣ ਕਰਕੇ ਕਿਸੇ ਨੇ ਬਹੁਤਾ ਸ਼ੱਕ ਨਾ ਕੀਤਾ। ਸਭਨੇ ਕੁਦਰਤੀ ਮੌਤ ਸਮਝ ਕੇ ਗੱਲ ਆਈ ਗਈ ਕਰ ਦਿੱਤੀ। ਦੋ ਸਾਲਾਂ ਦਾ ਕਾਕਾ ਨਾਨੀ ਪਾਲਣ ਲੱਗ ਪਈ।

ਘੱਟ ਤਾਂ ਇਹ ਪਤਨੀ ਦੇ ਹੁੰਦਿਆ ਨਹੀਂ ਸੀ ਕਰਦਾ ਰਿਹਾ, ਪਰ ਵਿਆਹ ਵਾਲੇ ਪਿੰਜਰੇ ਚੋਂ ਅਜ਼ਾਦ ਹੋਕੇ ਸ਼ਿਕਾਰ ਨੂੰ ਜਾਲ ਵਿੱਚ ਫਸਾਉਣਾ ਉਸ ਲਈ ਸੌਖਾ ਹੋ ਗਿਆ। ਅਸੀਂ ਜਾਣਦੇ ਈ ਆਂ ਕਿ ਸਾਡੇ ਸਮਾਜਕ ਢਾਂਚੇ ਵਿਚਲਾ ਦਹੇਜ ਰੂਪੀ ਦੈਂਤ ਆਮ ਘਰਾਂ ਦੀਆਂ ਜਵਾਨ ਹੁੰਦੀਆਂ ਕੁੜੀਆਂ ਦੇ ਮਨਾਂ ਵਿੱਚ ਡਰਾਉਣਾ ਰੂਪ ਬਣਾਕੇ ਨਾਲ਼ੋ-ਨਾਲ਼ ਤੁਰਦਾ ਰਹਿੰਦਾ। ਕੁੜੀਆਂ ਦੇ ਮਨਾਂ ਵਿਚਲਾ ਉਹ ਡਰ ਇਹੋ ਜਿਹੇ ਸ਼ਿਕਾਰੀਆਂ ਨੂੰ ਬੜਾ ਰਾਸ ਆਉਂਦਾ। ਤਾਰੇ ਤੋੜ ਕੇ ਲਿਆ ਦੇਣ ਅਤੇ ਰਾਣੀ ਬਣਾਕੇ ਰੱਖਣ ਦੇ ਲਾਰਿਆਂ ਨਾਲ਼ ਚਮਕਾਏ ਇੰਨਾਂ ਸ਼ਿਕਾਰੀਆਂ ਦੇ ਜਾਲ਼ ਬਹੁਤੀਆਂ ਕੁੜੀਆਂ ਦੀਆਂ ਅੱਖਾਂ ਤੇ ਪੱਟੀ ਦਾ ਕੰਮ ਕਰਦੇ ਨੇ। ਉਨਾਂ ਵਿਚਾਰੀਆਂ ਨੂੰ ਅਸਲੀਅਤ ਉਦੋਂ ਸਮਝ ਆਉਂਦੀ ਐ, ਜਦ ਪਰਵਾਰ ਦੀ ਇੱਜ਼ਤ ਦਾ ਦਿਵਾਲਾ ਨਿਕਲ ਗਿਆ ਹੁੰਦਾ।

ਬਾਈ ਜੀ, ਇਸਦੇ ਖਲਾਰੇ ਈ ਐਨੇ ਨੇ ਕਿ ਗੱਲ ਛੇਤੀ ਮੁਕਾਉਣ ਵਾਲੀ ਗੱਲ ਦੇ ਵਿੱਚੋਂ ਈ ਕੋਈ ਨਵੀਂ ਗੱਲ 'ਵਾਜ ਮਾਰ ਲੈਂਦੀ ਐ। ਤਿੰਨ ਕੁ ਸਾਲ ਖੇਹਾਂ ਫੱਕ ਕੇ ਇਸਦੇ ਮਨ ਵਿੱਚ ਫਿਰ ਤੋਂ ਘਰ ਵਸਾਉਣ ਦਾ ਖ਼ਿਆਲ ਆਇਆ ਤਾਂ ਕਿਸੇ ਨੇ ਮਾਲਵੇ 'ਚੋਂ ਈ ਚੰਗੇ ਘਰ ਦੀ ਕੁਆਰੀ ਕੁੜੀ ਨਾਲ਼ ਰਿਸ਼ਤਾ ਕਰਵਾ ਦਿਤਾ। ਸਮਾਜ ਵਿੱਚ ਬਥੇਰੇ ਭਲੇਮਾਣਸ ਮਾਪੇ ਹੁੰਦੇ ਈ ਨੇ ਜਿਹੜੇ ਆਪ ਚੰਗੇ ਹੋਣ ਕਰਕੇ ਹੋਰਾਂ ਉੱਤੇ ਸ਼ੱਕ ਨਹੀਂ ਕਰਦੇ। ਇਹ ਤਾਂ ਪਤਾ ਨਹੀਂ, ਉਨਾਂ ਕੋਲ਼ ਇਸਨੇ ਕੀ-ਕੀ ਕੁਫ਼ਰ ਤੋਲਿਆ ਹਊ। ਖ਼ੈਰ, ਵਿਆਹ ਹੋ ਗਿਆ ਤੇ ਇਹ ਉਸਨੂੰ ਡਿਊਟੀ ਵਾਲੇ ਸ਼ਹਿਰ ਲੈ ਗਿਆ। ਉੱਥੋਂ ਦਾ ਮੇਰਾ ਇੱਕ ਦੋਸਤ ਉਸੇ ਦਫ਼ਤਰ ਲੱਗਾ ਸੀ। ਉਹ ਦੱਸਦਾ ਸੀ ਕਿ ਦੂਜੇ ਵਿਆਹ ਬਾਦ ਵੀ ਇਸਦੇ ਵਿਹਾਰ ਵਿੱਚ ਫ਼ਰਕ ਨਾ ਪਿਆ। ਜਿਸ ਬੰਦੇ ਨਾਲ਼ ਇਸਦੀ ਸਾਂਝ ਬਣਦੀ, ਉਸਦੇ ਘਰ ਜ਼ਰੂਰ ਜਾਂਦਾ। ਜੇ ਇਸਦੀ ਚੋਰ ਅੱਖ ਗਰਮ ਨਾ ਹੁੰਦੀ ਤਾਂ ਦੂਜੀ ਵਾਰ ਅਗਲੇ ਦੇ ਸੱਦਣ ਤੇ ਵੀ ਨਾਂਹ ਕਰ ਦੇਂਦਾ। ਥੋੜੇ ਸਾਲਾਂ ਬਾਦ ਦੂਜੀ ਪਤਨੀ ਨਾਲ਼ ਅਣਬਣ ਹੋ ਗਈ ਤੇ ਕਈ ਸਾਲ ਅਦਾਲਤੀ ਕੇਸ ਤੋਂ ਬਾਦ ਤਲਾਕ ਹੋ ਗਿਆ। ਉਸ 'ਚੋਂ ਪੈਦਾ ਹੋਇਆ ਮੁੰਡਾ ਇਸਨੂੰ ਰੱਖਣਾ ਪਿਆ।

"ਭਾਈ ਸਾਹਿਬ ਸਮੇਂ ਦੇ ਦੌਰ ਨੇ ਪਲਟਾ ਖਾ ਲਿਆ ਹੋਇਆ। ਹੁਣ ਅਣਖਾਂ ਉਹ ਨਹੀਂ ਰਹੀਆਂ ਜੋ ਅਸੀਂ ਆਪਣੀ ਜਵਾਨੀ ਵੇਲੇ ਸੁਣਦੇ ਹੁੰਦੇ ਸੀ। ਬੇਸ਼ੱਕ ਪੰਜਾਬੀਆਂ ਨੇ ਅਜੇ ਇੱਥੇ ਲਾਲ ਬੱਤੀ ਖੇਤਰ ਤਾਂ ਨਹੀਂ ਬਣਨ ਦਿੱਤੇ, ਪਰ ਆਪਾਂ ਇਸ ਗੱਲੋਂ ਮੁਨਕਰ ਨਹੀਂ ਹੋ ਸਕਦੇ ਕਿ ਲੋੜਾਂ ਤੇ ਮਜਬੂਰੀਆਂ ਕਾਰਣ ਧੰਦੇ 'ਚ ਪੈਣ ਵਾਲੀਆਂ ਦੀ ਗਿਣਤੀ ਵਧ ਰਹੀ ਹੈ। ਵਿਦੇਸ਼ ਘੁੰਮ ਕੇ ਆਇਆਂ ਦੇ ਮੂੰਹੋ ਚਟਕਾਰੇ ਲਾ ਲਾ ਕੇ ਸਾਡੇ ਕੰਨਾਂ ਵਿੱਚ ਪਾਈਆਂ ਗੋਰੀਆਂ ਦੇ ਕਿਰਦਾਰ ਦੀਆਂ ਗੱਲਾਂ ਤਾਂ ਹੁਣ ਪਿੱਛੇ ਪੈਂਦੀਆਂ ਲੱਗਦੀਆਂ ਨੇ।' ਮੈਨੂੰ ਲੱਗਿਆ ਜਿਵੇਂ ਅਜੋਕੇ ਹਾਲਾਤਾਂ ਵਿੱਚੋਂ ਉਪਜਿਆ ਬਾਊ ਜੀ ਦੇ ਮਨ ਦਾ ਦਰਦ ਛਲਕ ਪਿਆ ਹੋਵੇ।

ਦੂਜੀ ਪਤਨੀ ਤੋਂ ਬਾਦ ਇਸਨੇ ਆਪਣੀ ਬਦਲੀ ਪਿੰਡੋਂ ਨੇੜਲੇ ਸ਼ਹਿਰ ਵਾਲੇ ਦਫ਼ਤਰ ਕਰਵਾ ਲਈ। ਛੋਟੇ ਭਰਾ ਨਾਲ਼ ਜ਼ਮੀਨ ਵੰਡਕੇ ਆਪ ਖੇਤੀ ਕਰਾਉਣ ਲੱਗ ਪਿਆ। ਪਹਿਲਾਂ ਮੁੰਡਾ ਵਿਆਹ ਲਿਆ, ਪਰ ਇਸਨੇ ਆਪਣੀ ਚੋਰ ਅੱਖ ਬੰਦ ਨਾ ਕੀਤੀ। ਆਂਢੀ ਗਵਾਂਢੀਆਂ ਦੀ ਅੱਖ ਤੋਂ ਬਚਣ ਲਈ ਆਪਣੇ ਵਾਸਤੇ ਖੇਤਾਂ ਵਿੱਚ ਛੋਟਾ ਜਿਹਾ ਘਰ ਬਣਾ ਲਿਆ। ਉੱਥੇ ਕਿਸੇ ਨੂੰ ਪਤਾ ਨਾ ਲੱਗਦਾ ਕਿ ਇਸਦੇ ਨਾਲ਼ ਕੌਣ ਆਇਆ ਜਾਂ ਰਹਿੰਦਾ। ਕਹਿੰਦੇ ਨੇ ਨਾ ਬੁਰੇ ਕੰਮੀਂ ਤਾਂ ਖੂਹ ਵੀ ਖ਼ਾਲੀ ਹੋ ਜਾਂਦੇ ਨੇ। ਇਸਦੇ ਨਾਲ਼ ਵੀ ਦੋ ਕੁ ਸਾਲਾਂ ਬਾਦ ਇੰਜ ਹੋਣ ਲੱਗਾ। ਤਨਖ਼ਾਹ ਤਾਂ ਬਥੇਰੀ ਸੀ, ਪਰ ਜੇਬਾਂ ਵਿੱਚ ਪਏ ਛਿਗਾਨੇ ਹੱਥ ਕਿੱਥੇ ਛਡਦੇ ਨੇ ਕੁਝ। ਜ਼ਮੀਨ ਨੂੰ ਹੱਥ ਲਾ ਲਿਆ। ਅਜੇ ਪਹਿਲਾ ਸੌਦਾ ਕੀਤਾ ਸੀ, ਪੁੱਤਾਂ ਨੇ ਡਾਂਗ ਚੁੱਕ ਲਈ।

ਸ਼ਾਇਦ ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ, ਵਾਲੀ ਕਹਾਵਤ ਇਸਦੇ ਸਿਰ ਦੇ ਉੱਪਰ ਉੱਪਰ ਲੰਘ ਜਾਂਦੀ ਹੋਵੇ। ਇਸਦੀ ਚੋਰ ਅੱਖ ਧੋਖਾ ਦੇਣ ਲੱਗ ਪਈ। ਉਸ ਦਿਨ ਇਸਦੀ ਛੁੱਟੀ ਸੀ। ਖੇਤਾਂ ਵਿੱਚ ਨਰਮਾ ਚੁੱਗਣ ਆਈਆਂ 'ਚੋਂ ਕਿਸੇ ਨੂੰ ਚਾਹ ਬਣਾਕੇ ਦੇਣ ਲਈ ਵਾਜ ਮਾਰੀ ਤੇ ਅੰਦਰ ਲਿਜਾ ਕੇ ਕਰਤੂਤ ਵਿਖਾਤੀ। ਕਹਿ ਲਓ, 'ਦਹੀਂ ਦੇ ਭੁਲੇਖੇ ਨਰਮੇਂ ਦਾ ਬੁਰਕ ਭਰ ਲਿਆ।' ਕਈ ਸਾਲਾਂ ਤੋਂ ਵਿੱਸ ਘੋਲਦੇ ਪਿੰਡ ਵਾਲਿਆਂ ਨੂੰ ਮਸੀਂ ਮੌਕਾ ਮਿਲਿਆ ਸੀ। ਪੁਲੀਸ ਨੂੰ ਸੰਭਾਲਣ ਦੇ ਯਤਨ ਤਾਂ ਇਸਨੇ ਬਥੇਰੇ ਕੀਤੇ, ਪਰ ਕੁੜੀ ਦਾ ਪਿਊ ਕਿਸੇ ਦਲਿਤ ਯੂਨੀਅਨ ਦਾ ਮੈਂਬਰ ਸੀ। ਠਾਣੇ ਮੂਹਰੇ ਲੱਗੇ ਧਰਨੇ ਨੇ ਇਸਦੇ ਹੱਥਕੜੀ ਲਵਾਤੀ। ਗਵਾਹੀਆਂ ਤੇ ਹੋਰ ਸਬੂਤ ਤਕੜੇ ਸੀ। ਸੁਣਦੇ ਸੀ ਕਿ ਜੱਜ ਕਾਫ਼ੀ ਇਨਸਾਫ਼ ਪਸੰਦ ਹੈ। ਸੱਤ ਸਾਲ ਕੈਦ ਸੁਣਾਤੀ। ਅਪੀਲ ਵਾਲੇ ਵਕੀਲ ਨੇ ਪਹਿਲਾਂ ਈ ਕਹਿਤਾ ਕਿ ਜੱਜ ਨੇ ਫ਼ੈਸਲਾ ਲਿਖਦਿਆਂ ਲਿਹਾਜ਼ ਦੀ ਗੁੰਜਾਇਸ਼ ਤੇ ਛੱਡੀ ਨਹੀਂ, ਜਮਾਨਤ ਦੀ ਉਮੀਦ ਨਾ ਰੱਖੀਂ। ਸਾਲ ਹੋਣ ਲੱਗਾ ਜੇਲ ਬੈਠੇ ਨੂੰ। ਤਿੰਨ ਚਾਰ ਸਾਲ ਤਾਂ ਅਜੇ ਉੱਥੇ ਕੱਟੂ। ਪੁੱਤ ਤਾਂ ਕਦੀ ਮੁਲਾਕਾਤ ਕਰਨ ਨਹੀਂ ਗਏ। ਨੌਕਰੀ ਵਾਲਿਆਂ ਫ਼ਾਰਗ ਕਰ ਦਿੱਤਾ ਹੋਇਆ। ਪੁੱਤਰਾਂ ਦਾ ਚੰਗਾ ਵਿਹਾਰ ਵੇਖਕੇ ਪਿੰਡ ਵਾਲਿਆਂ ਦਾ ਮਨ ਤਾਂ ਨਹੀਂ ਕਰਦਾ ਚੋਰ ਅੱਖੀਏ ਕਹਿਣ ਨੂੰ, ਪਰ ਤੁਸੀਂ ਜਾਣਦੇ ਓ ਕਿ ਪੱਕੀਆਂ ਹੋਈਆਂ ਅੱਲਾਂ ਲੋਕਾਂ ਦੇ ਮੂੰਹੋਂ ਲਹਿੰਦਿਆਂ-ਲਹਿੰਦਿਆਂ ਪੀੜੀਆਂ ਲੱਗ ਜਾਂਦੀਆਂ।' ਮੇਰੇ ਸਵਾਲ ਦਾ ਜਵਾਬ ਪੂਰਾ ਕਰਕੇ ਬਾਊ ਜੀ ਨੇ ਚੰਗਾ ਜੀ, ਕਦੇ ਫਿਰ ਹੋਰ ਗੱਲਾਂ ਕਰਾਂਗੇ ਕਹਿੰਦਿਆਂ ਰਿਸੀਵਰ ਉਸਦੇ ਟਿਕਾਣੇ ਤੇ ਰੱਖ ਦਿਤਾ।

ਸੰਪਰਕ +੧੯੦੪੪੪੨੭੯੬੬

## ਪੰਛੀ-ਪਰਿੰਦਿਆਂ ਦੀ...

ਅੱਜ ਵਧ ਰਹੇ ਮੋਬਾਇਲ ਫ਼ੋਨ ਟਾਵਰਾਂ ਤੇ ਇੰਟਰਨੈੱਟ ਵਸੀਲਿਆਂ ਆਦਿ ਨੇ ਵੀ ਪੰਛੀਆਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ। ਹਰ ਖ਼ੁਸ਼ੀ ਸਮੇਂ ਡੀ. ਜੇ. ਦੀ ਵਰਤੋਂ ਕਰਨਾ, ਬੰਬ-ਪਟਾਖਿਆਂ ਦੀ ਵਰਤੋਂ ਕਰਨਾ, ਹਾਨੀਕਾਰਕ ਪਤੰਗ ਡੋਰਾਂ ਦੀ ਵਰਤੋਂ ਅਤੇ ਲੋੜ ਤੋਂ ਵੱਧ ਕੀਤੀ ਜਾ ਰਹੀ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਅੱਜ ਪੰਛੀਆਂ-ਪਰਿੰਦਿਆਂ ਲਈ ਬਹੁਤ ਮਾਰੂ ਸਾਬਤ ਹੋ ਰਹੀ ਹੈ ਅਤੇ ਉਨਾਂ ਨੂੰ ਨਵੀਆਂ ਨਸਲਾਂ ਪੈਦਾ ਕਰਨ ਦੀ ਕੁਦਰਤੀ ਪ੍ਰਕਿਰਿਆ ਵਿੱਚ ਵੀ ਰੋੜਾ ਪੈਦਾ ਕਰ ਰਹੀ ਹੈ। ਅੱਜ ਸਾਡੀ ਲਾਪ੍ਰਵਾਹੀ ਕਰਕੇ ਚਿੜੀਆਂ, ਕਾਂ, ਚੱਕੀਰਾਹਾ, ਕਠਫੋੜਾ, ਬੁਲਬੁਲ, ਗਿਰਝਾਂ, ਕੋਇਲ, ਬਾਜ਼, ਤੋਤੇ, ਤਿੱਤਰ, ਬਟੇਰ, ਕੂੰਜਾਂ, ਇੱਲਾਂ, ਗੁਟਾਰਾਂ ਆਦਿ ਪੰਛੀ ਆਮ ਦੇਖਣ ਨੂੰ ਘੱਟ ਹੀ ਮਿਲਦੇ ਹਨ। ਮਨੁੱਖ ਨੇ ਕੱਚੇ ਘਰਾਂ, ਝੁੱਗੀਆਂ, ਬਾਲੇ, ਸ਼ਤੀਰਾਂ, ਟੀਨਾ ਆਦਿ ਦੇ ਘਰ ਬਣਾਉਣ ਦੀ ਥਾਂ ਸੀਮਿੰਟ ਦੇ ਬੰਦ ਘਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ।

ਜਿਸ ਕਰਕੇ ਪੰਛੀਆਂ ਨੂੰ ਆਪਣੀ ਹੋਂਦ ਬਚਾਉਣ ਲਈ ਦੋ-ਚਾਰ ਹੋਣਾ ਪੈ ਰਿਹਾ ਹੈ। ਪਹਿਲੇ ਸਮੇਂ ਮਨੁੱਖ ਕਈ ਤਰਾਂ ਦੇ ਵਿਚਾਰਾਂ ਨੂੰ ਧਾਰਮਿਕ ਤੇ ਮਾਨਸਿਕ ਦ੍ਰਿਸ਼ਟੀ ਨਾਲ਼ ਜੋੜ ਕੇ ਪੰਛੀ-ਪਰਿੰਦਿਆਂ ਲਈ ਦਾਣਾ- ਪਾਣੀ ਤੇ ਆਵਾਸ ਦਾ ਪ੍ਰਬੰਧ ਕਰਿਆ ਕਰਦਾ ਸੀ ਅਤੇ ਇਨਾਂ ਦੇ ਉੱਥਾਨ ਤੇ ਭਲਾਈ ਲਈ ਯੋਗ ਢੰਗ-ਤਰੀਕੇ ਅਪਣਾਉਂਦਾ ਹੁੰਦਾ ਸੀ, ਕਈ ਲੋਕ ਜਾਂ ਰਾਜੇ ਵੀ ਪੰਛੀ-ਪਰਿੰਦਿਆਂ ਨੂੰ ਸਮਰਪਿਤ ਕੰਮਕਾਜ ਮਨ ਲਗਾ ਕੇ ਮਾਨਵਤਾ ਦੀ ਭਲਾਈ ਦੀ ਦੁਹਾਈ ਦੇ ਕੇ ਕਰਦੇ ਰਹਿੰਦੇ ਸਨ, ਪਰ ਅਜੋਕੇ ਮਨੁੱਖੀ ਸੁਭਾਅ ਵਿੱਚੋਂ ਇਨਾਂ ਜੀਵਾਂ ਪੰਛੀਆਂ ਪ੍ਰਤੀ ਦਇਆ ਭਾਵਨਾ ਵੱਲ ਧਿਆਨ ਸ਼ਾਇਦ ਘੱਟ ਗਿਆ ਹੈ। ਇਸ ਲਈ ਸਾਨੂੰ ਪੰਛੀਆਂ ਦੀਆਂ ਲੁਪਤ ਹੋ ਰਹੀਆਂ ਨਸਲਾਂ ਨੂੰ ਬਚਾਉਣ ਲਈ ਆਪਣੀ ਆਮਦਨ ਵਿੱਚੋਂ ਕੁਝ ਹਿੱਸਾ ਪੰਛੀ-ਪਰਿੰਦਿਆਂ ਲਈ ਰੁੱਖ ਲਗਾ ਕੇ, ਦਾਣਾ-ਪਾਣੀ ਦਾ ਪ੍ਰਬੰਧ ਕਰਕੇ ਤੇ ਘਰਾਂ ਦੇ ਨੇੜੇ ਬਨਾਉਟੀ ਆਲਣੇ ਸਥਾਪਤ ਕਰਕੇ ਮਾਨਵਤਾ ਲਈ ਪੰਛੀਆਂ ਨੂੰ ਸਮਰਪਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਜੇਕਰ ਮਨੁੱਖ ਨੇ ਪੰਛੀਆਂ-ਪਰਿੰਦਿਆਂ ਪ੍ਰਤੀ ਚੁੱਪ ਵੱਟੀ ਰੱਖੀ ਤਾਂ ਆਉਣ ਵਾਲੀਆਂ ਪੀੜੀਆਂ ਕੁਦਰਤ ਦੀਆਂ ਇਨਾਂ ਅਦਭੁੱਤ ਤੇ ਅਦਿੱਵਿਤਿਯਾ ਦਾਤਾਂ ਅਤੇ ਦ੍ਰਿਸ਼ਾਂ, ਆਵਾਜ਼ਾਂ, ਨਜ਼ਾਰਿਆਂ ਅਤੇ ਮਨਮੋਹਕ ਕਾਰਨਾਮਿਆਂ ਤੋਂ ਅਣਜਾਣ ਤੇ ਅਭਿੱਜ ਰਹਿ ਸਕਦੀ ਹੈ। ਫਿਰ ਇਹ ਮਨਮੋਹਕ ਤੇ ਰੰਗ-ਬਿਰੰਗੇ ਪਿਆਰੇ ਪੰਛੀ-ਪਰਿੰਦੇ ਕੇਵਲ ਕਿਤਾਬਾਂ ਜਾਂ ਕੰਪਿਊਟਰਾਂ ਦੀਆਂ ਫੋਟੋਆਂ ਅਤੇ ਮੋਬਾਇਲ ਫ਼ੋਨਾਂ 'ਤੇ ਰਿੰਗ-ਟੋਨਾਂ ਤੱਕ ਹੀ ਸੀਮਿਤ ਹੋ ਜਾਣਗੇ ਅਤੇ ਕੁਦਰਤ ਦਾ ਇਹ ਵਡਮੁੱਲਾ ਤੋਹਫ਼ਾ ਸਾਡੇ ਪਾਸੋਂ ਸਦਾ-ਸਦਾ ਲਈ ਖੁੱਸ ਜਾਵੇਗਾ।

# ਸਭ ਤੇ ਭਾਰੀ , ਈਰਖਾ ਦੀ ਬੀਮਾਰੀ !

**ਅਸ਼ੋਕ ਸੋਨੀ, ਕਾਲਮਨਵੀਸ,**
**ਪਿੰਡ ਖੂਈ ਖੇੜਾ, ਫਾਜ਼ਿਲਕਾ**
**੯੮੭੨੭੦੫੦੭੮**

ਈਰਖਾ ਕੋਈ ਸਰੀਰਕ ਬੀਮਾਰੀ ਤਾਂ ਨਹੀਂ ਹੈ, ਪਰ ਇਸ ਦੀ ਜ਼ਿਆਦਾ ਮਾਤਰਾ ਤੋਂ ਪੀੜਤ ਲੋਕ ਨਾਂ ਸਿਰਫ਼ ਮਾਨਸਿਕ ਸਗੋਂ ਸਰੀਰਕ ਹੀਣਤਾ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਵੈਸੇ ਤਾਂ ਹਮੇਸ਼ਾਂ ਤੋਂ ਈ, ਈਰਖਾ, ਮਨੁੱਖੀ ਸੁਭਾਅ ਦਾ ਅਹਿਮ ਹਿੱਸਾ ਸੀ, ਹੁਣ ਵੀ ਹੈ ਅਤੇ ਹਮੇਸ਼ਾ ਰਹੇਗੀ, ਦਰਅਸਲ ਈਰਖਾ ਦੀ ਭਾਵਨਾ ਸਾਡੇ ਸਾਰਿਆਂ ਵਿੱਚ ਹੈ, ਪਰ ਤੁਹਾਡੇ ਵਿੱਚ ਇਸ ਬੀਮਾਰੀ ਦੀ ਮਾਤਰਾ ਕਿੰਨੀ ਕੁ ਹੈ, ਇਹ ਨਿਰਧਾਰਤ ਕਰੇਗਾ ਕਿ ਤੁਸੀਂ ਨੈਤਿਕਤਾ ਦੇ ਪੈਮਾਨੇ ਤੇ ਕਿੱਥੇ ਖੜਦੇ ਹੋ। ਅਸਲ ਵਿੱਚ ਤੁਹਾਡਾ ਹੁਨਰ, ਯੋਗਤਾ, ਪ੍ਰਾਪਤੀਆਂ, ਪ੍ਰਸਿੱਧੀ, ਸਮਰੱਥਾ, ਕਾਬਲੀਅਤ, ਭਰੋਸੇਯੋਗਤਾ ਅਤੇ ਵਿਲੱਖਣਤਾ ਹੀ, ਤੁਹਾਡੇ ਨਾਲ਼ ਹੁੰਦੀ ਈਰਖਾ ਦਾ ਪ੍ਰਮੁੱਖ ਕਾਰਣ ਹੈ। ਤੁਹਾਡੇ ਇੰਨਾਂ ਸਾਰੇ ਗੁਣਾਂ ਦਾ ਪਤਾ, ਪਹਿਲਾਂ ਤੁਹਾਡੇ ਨੇੜਲੇ ਸੱਜਣ-ਮਿੱਤਰਾਂ ਨੂੰ ਹੀ ਲੱਗਦਾ ਏ, ਇਸੇ ਕਰਕੇ ਉਹ ਲੋਕ ਜੋ ਸਾਡੇ ਨਾਲ਼ ਈਰਖਾ ਕਰਦੇ ਹਨ, ਅਕਸਰ ਸਾਡੇ ਨਜ਼ਦੀਕੀ ਹੀ ਹੁੰਦੇ ਹਨ। ਬਹੁਤੇ ਲੋਕ ਤਾਂ ਇਹ ਸੋਚਦੇ ਹਨ ਕਿ ਮੇਰਾ ਮਿੱਤਰ, ਸੱਜਣ, ਦੋਸਤ ਕਿਸੇ ਵੀ ਖੇਤਰ ਵਿੱਚ ਚੰਗਾ ਪ੍ਰਦਰਸ਼ਨ ਭਾਵੇਂ ਕਰ ਲਵੇ, ਪਰ ਉਹ ਮੇਰੇ ਤੋਂ ਅੱਗੇ ਨਾ ਨਿਕਲ ਜਾਵੇ । ਉਹ ਲੋਕ ਜਿਨਾਂ ਵਿੱਚ ਤੁਹਾਡੇ ਪ੍ਰਤਿ ਬਹੁਤ ਜ਼ਿਆਦਾ ਈਰਖਾ ਹੁੰਦੀ ਹੈ, ਸ਼ੁਰੂ ਵਿੱਚ ਤੁਹਾਡੀ ਤਰੱਕੀ ਵੇਖ ਕੇ ਜ਼ਿਆਦਾ ਸਾੜਾ ਕਰਦੇ ਹਨ, ਪਰ ਜਦੋਂ ਤੁਹਾਡੀ ਤਰੱਕੀ ਦਿਨ ਪ੍ਰਤੀ ਦਿਨ ਵਧਦੀ ਰਹਿੰਦੀ ਹੈ, ਤਾਂ ਉਹ ਤੁਹਾਡੇ ਖ਼ਿਲਾਫ਼ ਭੰਡੀ ਪ੍ਰਚਾਰ, ਚੁਗਲੀਆਂ ਤੇ ਫੇਰ ਸਾਜ਼ਿਸ਼ਾਂ ਕਰਨ ਤੱਕ ਜਾਂਦੇ ਹਨ ਪਰ ਫਿਰ ਇੱਕ ਦਿਨ ਅਜਿਹਾ ਆਉਂਦਾ ਹੈ, ਕਿ ਤੁਸੀਂ ਆਪਣੀ ਸਖ਼ਤ ਮਿਹਨਤ ਤੇ ਕਾਬਲੀਅਤ ਨਾਲ਼, ਹਰੇਕ ਖੇਤਰ ਵਿੱਚ ਇਹਨਾਂ ਈਰਖਾ ਦੇ ਪੁਤਲਿਆਂ ਤੋਂ ਬਹੁਤ ਅੱਗੇ ਲੰਘ ਜਾਂਦੇ ਹੋ, ਫਿਰ ਉਹ ਤੁਹਾਡੇ ਤੋਂ ਈਰਖਾ ਨਹੀਂ ਕਰਦੇ, ਸਗੋਂ ਲੋਕਾਂ 'ਚ ਪ੍ਰਚਾਰ ਕਰਦੇ ਹਨ ਕਿ ਤੁਹਾਡੀ ਸਫ਼ਲਤਾ ਵਿੱਚ ਉਨਾਂ ਦਾ ਵੀ ਬਹੁਤ ਮਹੱਤਵਪੂਰਣ ਯੋਗਦਾਨ ਹੈ।

ਆਓ! ਇੱਕ ਸੱਚੀ ਕਹਾਣੀ ਸੁਣਾਉਂਦਾ ਹਾਂ, ਮੇਰਾ ਇੱਕ ਜਾਣਕਾਰ, ਰਮੇਸ਼, ਜੋ ਕਿਸੇ ਪਿੰਡ ਦੇ ਇੱਕ ਆਮ ਘਰ ਦਾ ਹੋਣਹਾਰ ਮੁੰਡਾ ਹੈ, ਜੋ ਹਾਲ ਹੀ ਵਿੱਚ ਬਿਜਲੀ ਬੋਰਡ 'ਚ ਸਿੱਧਾ ਐਸ. ਡੀ. ਓ. ਵਜੋਂ ਨਿਯੁਕਤ ਹੋਇਆ ਏ। ਉਸ ਦੇ ਪਿੰਡ ਦਾ ਅਖੌਤੀ ਚੌਧਰੀ, ਜਿਸਨੇ ਕਿਸੇ ਸਮੇਂ ਰਾਜਨੀਤਿਕ ਵੈਰ ਦੀ ਭਾਵਨਾ ਨਾਲ਼, ਰਮੇਸ਼ ਦੇ ਗ਼ਰੀਬ ਪਰਿਵਾਰ ਦਾ ਲਾਭਪਾਤਰੀ ਕਾਰਡ ਕੱਟਵਾ ਦਿੱਤਾ ਸੀ, ਕਿਸੇ ਕੰਮ ਲਈ ਉਸਦੇ ਦਫਤਰ ਆਇਆ ਪਰ ਅੱਗੇ ਰਮੇਸ਼ ਐਸ. ਡੀ. ਓ. ਦੀ ਕੁਰਸੀ 'ਤੇ ਸੀ, ਈਰਖਾ ਦਾ ਮਾਰਿਆ ਪਹਿਲਾ ਤਾਂ ਉਹ ਰੁਕ ਗਿਆ, ਪਰ ਈਰਖਾਲੂ ਪ੍ਰਵਿਰਤੀਆਂ ਦੇ ਲੋਕਾਂ 'ਚ ਬੇਸ਼ਰਮੀ ਦਾ ਗੁਣ ਵੀ ਕਦੇ ਘੱਟ ਨਹੀਂ ਹੁੰਦਾ, ਅੱਗੇ ਜਾ ਬਣਾਉਟੀ ਖੁਸ਼ੀ ਦਿਖਾਉਂਦਾ, ਰਮੇਸ਼ ਨੂੰ ਧੱਕੇ ਨਾਲ਼ ਅਸ਼ੀਰਵਾਦ ਦੇਣ ਦੀ ਓਵਰ ਐਕਟਿੰਗ ਦੇ ਨਾਲ਼ ਹੀ ਰਮੇਸ਼ ਦੇ ਪਰਿਵਾਰ ਨਾਲ਼ ਬੇਲੋੜੀ ਨੇੜਤਾ ਦੀਆਂ ਝੂਠੀਆਂ ਕਹਾਣੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ, ਰਮੇਸ਼ ਨੂੰ ਚੌਧਰੀ ਜਾਂਦਾ ਨਾ ਲੱਗਿਆ ਤਾਂ ਉਹਨੂੰ ਤੋਰਨ ਲਈ ਚਾਹ ਮੰਗਵਾਉਣੀ ਪਈ, ਚਾਹ ਪੀ ਕੇ ਚੌਧਰੀ, ਰਮੇਸ਼ ਨੂੰ ਸੁਣਾਉਂਦਾ, ਕੋਲ਼ ਬੈਠੇ ਜੇ. ਈ. ਸੋਢੀ ਨੂੰ ਕਹਿੰਦਾ, 'ਸੋਢੀ, ਹੁਣ ਸਾਡੇ ਪਿੰਡ ਦਾ ਮਾਣ, ਸਾਡਾ ਆਪਣਾ ਬੱਚਾ ਰਮੇਸ਼ ਅਫ਼ਸਰ ਬਣ ਗਿਆ ਹੈ, ਹੁਣ ਮੇਰੀ ਬਿਜਲੀ ਮੁਆਫ਼ੀ ਦੀ ਅਰਜ਼ੀ ਰੋਕ ਕੇ ਦਿਖਾਇਆ ਜੇ।' ਆਪਣੀ ਈਰਖਾ ਨੂੰ ਚਮਚਾਗਿਰੀ ਦੇ ਮੁਸ਼ਕੜੇ ਹਾਸੇ ਨਾਲ਼ ਲੁਕਾਉਣ ਦੀ ਅਸਫ਼ਲ ਕੋਸ਼ਿਸ਼ ਕਰਦਾ ਚੌਧਰੀ ਜਾਂਦਾ ਹੋਇਆ ਕਹਿੰਦਾ,. 'ਰਮੇਸ਼ ਪੁੱਤਰ, ਮੈਂ ਘੰਟੀ ਮਾਰ ਦਿੱਤੀ ਏ, ਮੇਰਾ ਨੰਬਰ ਸੇਵ ਕਰ ਲਈ, ਨਹੀਂ ਤਾਂ ਵਿਅਸਤ ਸਮੇਂ ਵਿੱਚ ਆਦਮੀ ਕਈ ਵਾਰ, ਅਣਜਾਣ ਨੰਬਰ ਤੋਂ ਫ਼ੋਨ ਨਹੀਂ ਚੁੱਕ ਪਾਉਂਦਾ।' ਰਮੇਸ਼ ਚੌਧਰੀ ਦੇ ਦੋਹਰੇ ਚਰਿੱਤਰ ਦੇ ਅਲਫ਼ ਨੰਗੇ ਪ੍ਰਦਰਸ਼ਨ 'ਤੇ ਮੁਸਕਰਾਉਣ ਤੋਂ ਇਲਾਵਾ ਹੋਰ ਕਰ ਵੀ ਕੀ ਸਕਦਾ ਸੀ।

ਅੱਜ ਦੇ ਆਧੁਨਿਕ ਯੁੱਗ ਵਿੱਚ, ਈਰਖਾ ਦਾ ਪੈਮਾਨਾ ਵੀ ਬਦਲ ਗਿਆ ਹੈ, ਸਿਰਫ਼ ਤੁਹਾਡੀਆਂ ਵੱਡੀਆਂ ਸਫਲਤਾਵਾਂ ਦੇ ਕਾਰਨ ਨਹੀਂ ਸਗੋਂ ਹੁਣ ਤਾਂ ਈਰਖਾ ਦਾ ਭੂਤ ਬਹੁਤ ਛੋਟੀਆਂ ਚੀਜ਼ਾਂ ਵਿੱਚ ਪ੍ਰਗਟ ਹੋ ਜਾਂਦਾ ਏ।

ਜੇ ਤੁਸੀਂ ਆਪਣੇ ਖੇਤਰ ਵਿੱਚ ਇੱਕ ਮਸ਼ਹੂਰ ਹਸਤੀ ਬਣ ਗਏ ਹੋ, ਅਤੇ ਸੋਸ਼ਲ ਮੀਡੀਆ ਤੇ, ਤੁਹਾਡੀਆਂ ਪ੍ਰਾਪਤੀਆਂ ਬਾਰੇ ਜਾਂ ਤੁਹਾਡੀ ਕਿਸੇ ਨਿੱਜੀ ਪੋਸਟ ਤੇ, ਕਿਸੇ ਵੀ ਵਿਚਾਰ ਜਾਂ ਤਸਵੀਰ ਆਦਿ ਨਾਲ਼ ਸੰਬੰਧਿਤ ਸਮੱਗਰੀ 'ਤੇ ਵਧੇਰੇ ਪ੍ਰਤੀਕਿਰਿਆਵਾਂ ਆ ਜਾਣ ਤਾਂ ਈਰਖਾ ਦੀ ਇਹ ਬੀਮਾਰੀ, ਤੁਹਾਡੇ ਬਹੁਤ ਸਾਰੇ ਨਜ਼ਦੀਕੀ ਸਾਥੀਆਂ ਵਿੱਚ ਆਪਣੇ-ਆਪ ਵਿੱਚ ਇੱਕ ਵਿਸ਼ੇਸ਼ ਤਰਾਂ ਦੇ ਕਬਜ਼ ਦੇ ਰੂਪ ਵਿੱਚ ਪ੍ਰਗਟ ਹੋ ਜਾਂਦੀ ਏ, ਇਸਦਾ ਇਹ ਮਤਲਬ ਨਹੀਂ ਹੈ ਕਿ ਉਹਨਾਂ ਕੋਲ਼ ਤੁਹਾਡੇ ਵਿਚਾਰ ਜਾਂ ਉਹ ਸਮੱਗਰੀ ਪਸੰਦ ਨਹੀਂ ਆਈ, ਅਸਲ ਵਿੱਚ ਉਹ ਤੁਹਾਡੇ ਵਧਦੇ ਕੱਦ ਨੂੰ ਵੇਖ ਕੇ ਆਪਣੇ ਆਪ ਨੂੰ ਬੌਣਾ ਮਹਿਸੂਸ ਕਰਦੇ ਹਨ, ਇਸੇ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ, ਉਹ ਕਦੇ ਵੀ ਤੁਹਾਨੂੰ ਕੋਈ ਪ੍ਰਤੀਕਿਰਿਆ ਨਹੀਂ ਦਿੰਦੇ, ਅਸਲ 'ਚ ਉਹ ਤੁਹਾਡੀ ਪ੍ਰਸਿੱਧੀ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਜੇਕਰ ਤੁਹਾਡੇ ਨਾਲ਼ ਕੋਈ ਵੀ ਈਰਖਾ ਨਹੀਂ ਕਰਦਾ ਤਾਂ ਇਹ ਬਹੁਤ ਈ ਡੂੰਘੀ ਚਿੰਤਾ ਦਾ ਵਿਸ਼ਾ ਹੈ, ਤੁਹਾਨੂੰ ਜ਼ਿੰਦਗੀ ਵਿੱਚ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਉਹ ਵਿਅਕਤੀ ਜਿਸ ਨਾਲ਼ ਤੁਸੀਂ ਈਰਖਾ ਕਰਦੇ ਓ, ਉਹ ਬਿਨਾਂ ਸ਼ੱਕ ਤੁਹਾਡੇ ਤੋਂ ਉੱਤਮ ਹੈ, ਪਰ ਕੀ ਤੁਸੀਂ ਸਿਰਫ਼ ਈਰਖਾ ਕਰਕੇ ਜਾਂ ਉਸਦੇ ਵਿਰੁੱਧ ਝੂਠਾ ਪ੍ਰਚਾਰ ਕਰਕੇ ਉਸਦੀ ਪ੍ਰਤਿਭਾ ਨੂੰ ਮਾਰ ਸਕਦੇ ਹੋ ? ਇੱਕ ਯੋਗ ਵਿਅਕਤੀ ਈਰਖਾ ਤੇ ਭੰਡੀ-ਪ੍ਰਚਾਰ ਨਾਲ਼ ਬਿਖਰ ਨਹੀਂ ਸਕਦਾ, ਉਲਟਾ ਨਿੱਖਰ ਜਾਂਦਾ ਏ। ਤੁਸੀਂ ਕਿਸੇ ਦੀ ਪ੍ਰਤਿਭਾ ਨੂੰ ਦਬਾ ਨਹੀਂ ਸਕਦੇ, ਯਾਦ ਰੱਖੋ, ਕੂੜੇ ਵਿੱਚ ਸੁੱਟਣ ਤੇ ਵੀ ਸੋਨਾ, ਸੋਨਾ ਹੀ ਰਹਿੰਦਾ ਹੈ, ਅਤੇ ਲੋਹੇ ਨੂੰ ਜਿੰਨੀਆਂ ਮਰਜੀ ਪਾਲਸ਼ਾਂ ਮਾਰ ਭਾਵੇਂ ਸੁਨਿਆਰਿਆਂ ਦੀਆਂ ਤਿਜ਼ੋਰੀਆਂ 'ਚ ਮਖ਼ਮਲ 'ਚ ਰੱਖ ਲਵੋ, ਲੋਹਾ, ਲੋਹਾ ਈ ਰਹਿੰਦਾ ਏ, ਸੋਨਾ ਨੀਂ ਬਣ ਜਾਂਦਾ। ਬਾਕੀ ਜੇਕਰ ਮੈਂ ਕਹਾਂ ਕਿ ਮੈਂ ਈਰਖਾ ਮੁਕਤ ਹੋ ਚੁੱਕਾ ਹਾਂ ਤਾਂ ਇਹ ਸੱਚ ਨਹੀਂ ਏ ਪਰ ਇਹ ਸੱਚ ਏ ਕਿ ਮੈਂ ਆਪਣੇ-ਆਪ ਵਿੱਚ ਇਸ ਬੀਮਾਰੀ ਦੀ ਮਾਤਰਾ ਘੱਟ ਕੀਤੀ ਏ ਤੇ ਹੋਰ ਘਟਾਉਣ ਲਈ ਯਤਨਸ਼ੀਲ ਆਂ, ਮੈਂ ਆਸ ਕਰਦਾ ਹਾਂ ਕਿ ਤੁਸੀਂ ਵੀ ਇਸ ਬੀਮਾਰੀ ਦੇ ਇਲਾਜ ਲਈ ਜੰਗੀ ਪੱਧਰ ਤੇ ਉਪਾਅ ਕਰੋਗੇ।

## ਇਸ ਵਾਰ ਪੰਜਾਬ ਦੇ...

ਉਹ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਲੜ ਰਹੇ ਹਨ। ਇਸੇ ਤਰਾਂ ਹੀ ਜ਼ਿਲੇ ਦੀ ਬੁਢਲਾਡਾ ਵਿਧਾਨ ਸਭਾ ਹਲਕੇ (ਰਿਜ਼ਰਵ) ਤੋਂ ਪਹਿਲੀ ਵਾਰ ਚੋਣ ਮੈਦਾਨ ਵਿੱਚ ਡਾ. ਰਣਬੀਰ ਕੌਰ ਮੀਆਂ ਨੂੰ ਉਤਾਰਿਆ ਗਿਆ ਹੈ, ਜੋ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਮਰਹੂਮ ਹਾਕਮ ਸਿੰਘ ਮੀਆਂ ਦੀ ਪੋਤ-ਨੂੰਹ ਹੈ। ਮੀਆਂ ਆਪਣੇ ਵੇਲੇ ਇੰਦਰਾ ਗਾਂਧੀ ਅਤੇ ਬਾਅਦ ਵਿੱਚ ਰਾਜੀਵ ਗਾਂਧੀ ਦੇ ਨਜ਼ਦੀਕੀ ਰਹੇ ਹਨ। ਕਾਂਗਰਸ ਦੀ ਹੁਣ ਤੱਕ ਜਾਰੀ ਹੋਈ 117 ਉਮੀਦਵਾਰਾਂ ਦੀ ਸੂਚੀ ਨੂੰ ਘੋਖਣ ਤੋਂ ਪਤਾ ਲੱਗਦਾ ਹੈ ਕਿ ਇਸ ਵਾਰ ਜ਼ਿਆਦਾਤਰ ਕਾਂਗਰਸ ਦੇ ਵੱਡੇ ਆਗੂ ਖ਼ੁਦ ਚੋਣ ਨਹੀਂ ਲੜ ਰਹੇ ਹਨ, ਸਗੋਂ ਉਨਾਂ ਨੇ ਆਪਣੇ ਸਕੇ-ਸੰਬੰਧੀਆਂ ਨੂੰ ਹੀ ਚੋਣ ਮੈਦਾਨ ਵਿੱਚ ਉਮੀਦਵਾਰ ਵਜੋਂ ਉਤਾਰਿਆ ਹੋਇਆ ਹੈ। ਪੰਜਾਬ ਵਿੱਚ ਲਗਪਗ 18 ਸੀਟਾਂ ਅਜਿਹੀਆਂ ਹਨ, ਜਿੱਥੇ ਕਾਂਗਰਸ ਪਾਰਟੀ ਦੇ ਨੇਤਾਵਾਂ ਦੇ ਪੁੱਤ-ਧੀ ਅਤੇ ਭਤੀਜੇ ਹੀ ਟਿਕਟਾਂ ਲੈਣ ਵਿੱਚ ਸਫ਼ਲ ਹੋਏ ਹਨ ਅਤੇ ਇਨਾਂ ਵਿੱਚੋਂ 10 ਇਕੱਲੇ ਮਾਲਵਾ ਖੇਤਰ ਵਿੱਚ ਹਨ। ਪੰਜਾਬ ਦੇ ਤਿੰਨ ਤੋਂ ਵੱਧ ਕਾਂਗਰਸੀ ਆਗੂ ਆਪਣੇ ਬੱਚਿਆਂ ਨੂੰ ਟਿਕਟ ਨਹੀਂ ਦਿਵਾ ਸਕੇ ਹਨ, ਜਿੱਥੇ ਬਗ਼ਾਵਤ ਹੋਣ ਦੀ ਸੰਭਾਵਨਾ ਬਣ ਗਈ ਹੈ। ਸੂਚੀ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਇਸ ਵਾਰ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਆਪਣੇ ਜਵਾਈ ਬਿਕਰਮ ਬਾਜਵਾ ਨੂੰ ਸਾਹਨੇਵਾਲ ਤੋਂ ਟਿਕਟ ਦਿਵਾਉਣ ਵਿੱਚ ਸਫ਼ਲ ਰਹੇ ਹਨ। ਸੀਨੀਅਰ ਕਾਂਗਰਸੀ ਆਗੂ ਸੁਨੀਲ ਜਾਖੜ ਅਬੋਹਰ ਤੋਂ ਆਪਣੇ ਭਤੀਜੇ ਸੰਦੀਪ ਜਾਖੜ ਨੂੰ ਟਿਕਟ ਦਿਵਾ ਗਏ ਹਨ, ਜਦਕਿ ਸਾਬਕਾ ਮੁੱਖ ਮੰਤਰੀ ਮਰਹੂਮ ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਪਣੇ ਭਤੀਜੇ ਸੁਮਿਤ ਸਿੰਘ ਨੂੰ ਅਮਰਗੜ ਤੋਂ ਅਤੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਆਪਣੇ ਪੁੱਤਰ ਮੋਹਿਤ ਮਹਿੰਦਰਾ ਨੂੰ ਪਟਿਆਲਾ ਦਿਹਾਤੀ ਤੋਂ ਟਿਕਟ ਦਿਵਾਉਣ ਵਿੱਚ ਸਫ਼ਲ ਹੋ ਗਏ ਹਨ। ਇਸੇ ਤਰਾਂ ਸੁਰਜੀਤ ਸਿੰਘ ਧੀਮਾਨ ਆਪਣੇ ਪੁੱਤਰ ਜਸਵਿੰਦਰ ਸਿੰਘ ਨੂੰ ਸੁਨਾਮ ਤੋਂ, ਸੀਨੀਅਰ ਕਾਂਗਰਸੀ ਨੇਤਾ ਲਾਲ ਸਿੰਘ ਆਪਣੇ ਪੁੱਤਰ ਰਾਜਿੰਦਰ ਸਿੰਘ ਨੂੰ ਸਮਾਣਾ ਤੋਂ, ਗੁਰਨਾਮ ਸਿੰਘ ਅਬਲਖੁਰਾਣਾ ਆਪਣੇ ਪੁੱਤਰ ਜਗਪਾਲ ਸਿੰਘ ਨੂੰ ਲੰਬੀ ਤੋਂ, ਚੌਧਰੀ ਚਰਨ ਸਿੰਘ ਆਪਣੇ ਪੁੱਤਰ ਬਿਕਰਮ ਚੌਧਰੀ ਨੂੰ ਸਮਰਾਲਾ ਤੋਂ, ਅਮਰ ਸਿੰਘ ਆਪਣੇ ਪੁੱਤਰ ਕਾਮਿਲ ਅਮਰ ਸਿੰਘ ਨੂੰ ਰਾਏਕੋਟ ਤੋਂ ਅਤੇ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਆਪਣੇ ਪੁੱਤਰ ਮੁਨੀਸ਼ ਬਾਂਸਲ ਨੂੰ ਬਰਨਾਲਾ ਤੋਂ ਟਿਕਟ ਦਿਵਾਉਣ 'ਚ ਕਾਮਯਾਬ ਰਹੇ ਹਨ।



# ਚੋਰ ਅੱਖੀਏ



ਗੁਰਮਲਕੀਅਤ ਸਿੰਘ ਕਾਹਲੋਂ

ਦਿਵਾਲੀ 'ਚ ਥੋੜੇ ਦਿਨ ਬਾਕੀ ਸਨ। ਕਿਸੇ ਨੇ ਬਾਹਰਲੇ ਦਰਵਾਜ਼ੇ ਤੋਂ ਘੰਟੀ ਦਾ ਸਵਿੱਚ ਨੱਪਿਆ। ਖਿੜਕੀ 'ਚੋਂ ਵੇਖਿਆ, ਰੱਦੀ ਵਾਲਾ ਸੀ। ਉੱਥੋਂ ਹੀ ਅਵਾਜ਼ ਦਿੱਤੀ, 'ਭਾਈ ਦੋ ਘੰਟੇ ਬਾਦ ਆ ਜਾਈਂ ਉਦੋਂ ਤੱਕ ਇਕੱਠੀ ਕਰ ਲਵਾਂਗਾ ਤੇ ਨਾਲ਼ ਕਿਸੇ ਕਬਾੜ ਵਾਲੇ ਨੂੰ ਵੀ ਲੈ ਆਈਂ।' ਦਫ਼ਤਰੋਂ ਉਸ ਦਿਨ ਛੁੱਟੀ ਸੀ। ਪਤਨੀ ਨੇ ਰੱਦੀ ਵਾਲੀ ਗਲ ਸੁਣ ਲਈ ਸੀ। ਗੈਸ ਉੱਤੇ ਉੱਬਲਦੀ ਚਾਹ ਛੱਡਕੇ, ਆਕੇ ਹੁਕਮ ਚਾੜ੍ਹਿਆ,

'ਜੇ ਰੱਦੀ ਤੇ ਹੋਰ ਸਫ਼ਾਈ ਕਰਨੀ ਹੈ ਤਾਂ ਨਹਾਉਣ ਤੋਂ ਪਹਿਲਾਂ ਕਰ ਲਓ।' ਚਾਹ ਦੀਆਂ ਚੁਸਕੀਆਂ ਦੇ ਨਾਲ਼-ਨਾਲ਼ ਮੈਂ ਕੀਤੇ ਜਾਣ ਵਾਲੇ ਸਫ਼ਾਈ ਦੇ ਕੰਮ ਉਲੀਕਦਾ ਰਿਹਾ। ਇੰਨੇ ਨੂੰ ਹਾਕਰ ਵੱਲੋਂ ਗੇਟ ਦੇ ਉੱਪਰੋਂ ਵਗਾਹ ਮਾਰੇ ਅਖ਼ਬਾਰਾਂ ਦੇ ਬੰਡਲ ਦਾ ਖੜਕਾ ਸੁਣਿਆ। ਪਤਨੀ ਅਖ਼ਬਾਰਾਂ ਚੁੱਕ ਲਿਆਈ ਤੇ ਆਪਣੇ ਕਬਜੇ ਵਿੱਚ ਕਰ ਲਈਆਂ। ਉਸਨੂੰ ਲੱਗਦਾ ਸੀ ਕਿ ਜੇ ਮੈਂ ਅਖ਼ਬਾਰਾਂ ਲੈਕੇ ਬਹਿ ਗਿਆ ਤਾਂ ਸਫ਼ਾਈ ਵਾਲੀ ਗੱਲ ਫਿਰ ਭਲਕ ਤੇ ਪੈ ਜਾਊ।

ਅਜੇ ਚਾਹ ਮੁਕਾ ਕੇ ਕੱਪ ਮੇਜ਼ ਤੇ ਰੱਖਿਆ ਈ ਸੀ ਕਿ ਅੱਖਾਂ ਮਲਦੇ-ਮਲਦੇ ਆਏ ਪੋਤੇ ਨੇ ਜੱਫੀ ਪਾ ਲਈ। ਮੈਂ ਸਮਝਿਆ ਕਿ ਸ਼ਾਇਦ ਉਹ ਆਪਣੀ ਦਿਵਾਲੀ ਤੇ ਲੈਕੇ ਦੇਣ ਵਾਲੀ ਗੇਮ ਯਾਦ ਕਰਵਾਏਗਾ। ਮਿੰਟ ਕੁ ਲਾਡ ਦੁਲਾਰ ਕਰਵਾ ਕੇ ਉਸਨੇ ਜੋ ਕਿਹਾ, ਮੇਰੇ ਲਈ ਮਾਣ ਵਾਲੀ ਗੱਲ ਸੀ।

'ਦਾਦਾ ਜੀ ਮੈਂ ਵੀ ਸਫ਼ਾਈ ਕਰਾਊਂਗਾ ਤੁਹਾਡੇ ਨਾਲ।' ਪੋਤੇ ਦੀ ਗੱਲ ਸੁਣਕੇ ਉਸਦੀ ਦਾਦੀ ਨੇ ਮਾਣ ਵਜੋਂ ਨੂੰਹ ਨੂੰ ਜੱਫੀ ਵਿੱਚ ਘੁੱਟ ਲਿਆ। ਪੋਤੇ ਦੀ ਗੱਲ ਕਿਸੇ ਮਾਣ ਨਾਲੋਂ ਘੱਟ ਵੀ ਨਹੀਂ ਸੀ।

ਅਸੀਂ ਦਾਦਾ ਪੋਤਾ ਸਫ਼ਾਈ ਵਿੱਚ ਰੁੱਝ ਗਏ। ਪਤਨੀ ਨੂੰ ਮੈਂ ਪਹਿਲਾਂ ਈ ਕਹਿ ਦਿੱਤਾ ਸੀ ਕਿ ਉਹ ਸਫ਼ਾਈ ਮੁੱਕਣ ਤੱਕ ਕੋਈ ਟੋਕਾ-ਟਾਕੀ ਨਾ ਕਰੇ। ਕਿਸ-ਕਿਸ ਚੀਜ਼ ਨਾਲ਼ ਕੀ ਸਲੂਕ ਕਰਨਾ ਉਸ ਬਾਰੇ ਸੋਚਕੇ ਈ ਅਸੀਂ ਮੈਦਾਨ ਵਿੱਚ ਕੁੱਦੇ ਸੀ। ਗੈਸ ਵਾਲੇ ਤਿੰਨੇ ਸਲੰਡਰ ਤਰਤੀਬ ਵਿੱਚ ਟਿਕਾ ਦਿਤੇ। ਗੱਤੇ ਦੇ ਖ਼ਾਲੀ ਡੱਬੇ, ਕੋਕ ਵਾਲੀਆਂ ਖ਼ਾਲੀ ਬੋਤਲਾਂ ਤੇ ਅਖ਼ਬਾਰਾਂ ਦੇ ਢੇਰ ਬਾਹਰਲੇ ਗੇਟ ਕੋਲ਼ ਕਿੱਥੇ ਲਾਉਣੇ ਨੇ, ਮੈਂ ਪੋਤੇ ਨੂੰ ਸਮਝਾ ਦਿੱਤਾ। ਸੋਚਿਆ ਕਿ ਕਬਾੜ ਤੇ ਰੱਦੀ ਵਾਲੇ ਆਉਣਗੇ ਤਾਂ ਬਾਹਰੋਂ-ਬਾਹਰ ਨਿਪਟਾ ਲਵਾਂਗੇ। ਉੱਗੜ ਦੁੱਗੜ ਪਈਆਂ ਅਖ਼ਬਾਰਾਂ ਦੇ ਬੰਡਲ ਬਣਾਉਂਦਿਆਂ ਮੇਰਾ ਧਿਆਨ ਇੱਕ ਅਖ਼ਬਾਰ ਦੀ ਉਘਾੜਕੇ ਛਾਪੀ ਗਈ ਖ਼ਬਰ ਉੱਤੇ ਪਈ। ਸਿਰਲੇਖ ਸੀ, 'ਨਰਮਾ ਚੁਗਾਵੀ ਨਾਲ਼ ਜ਼ਬਰਦਸਤੀ ਵਾਲਾ ਅਫ਼ਸਰ ਜੇਲ 'ਚ ਵੇਖੇਗਾ ਪੰਜ ਦਿਵਾਲੀਆਂ।' ਸਫ਼ਾਈ ਵੱਲੋਂ ਵਿਹਲੇ ਹੋਕੇ ਪੜਨ ਲਈ ਮੈਂ ਉਹ ਅਖ਼ਬਾਰ ਉਸ ਦਿਨ ਆਈਆਂ ਅਖ਼ਬਾਰਾਂ ਦੇ ਨਾਲ਼ ਅੰਦਰ ਰੱਖ ਆਇਆ ਤੇ ਸਫ਼ਾਈ ਵਿੱਚ ਰੁੱਝ ਗਿਆ। ਘਰ ਦੀ ਉਸ ਨੁੱਕਰੇ ਪਿਆ ਸਾਰਾ ਕੁਝ ਸਾਫ਼ ਕਰਕੇ ਤੇ ਲੱਗੇ ਜਾਲੇ ਲਾਹੇ ਅਤੇ ਪੋਚਾ ਲਾਕੇ ਉਹ ਥਾਂ ਚਮਕਣ ਲਾ ਦਿੱਤੀ। ਉਦੋਂ ਤੱਕ ਰੱਦੀ ਤੇ ਕਬਾੜ ਵਾਲੇ ਨਾਲ਼ ਨਜਿੱਠ ਕੇ ਪੋਤੇ ਦੀ ਦਾਦੀ ਵਿਹਲੀ ਹੋ ਗਈ ਸੀ। ਕੀਤੀ ਸਫ਼ਾਈ ਵਿਖਾ ਕੇ ਅਸੀਂ ਉਸਦਾ ਮਨ ਖ਼ੁਸ਼ ਕਰ ਦਿਤਾ ਸੀ। ਦਾਦੀ ਨੇ ਰੱਦੀ ਵਾਲੇ ਸਾਰੇ ਪੈਸੇ ਪੋਤੇ ਦੇ ਹੱਥ ਫੜਾਉਂਦਿਆਂ ਕਿਹਾ, ਲੈ ਆਹ ਤੇਰੀ ਦਿਵਾਲੀ ਦੇ ਪਟਾਕਿਆਂ ਜੋਗੇ ਬਣ ਗਏ ਨੇ। ਪੋਤੇ ਨੂੰ ਉਤਸ਼ਾਹਤ ਕਰਨ ਦੀ ਉਸਦੀ ਗੱਲ ਮੈਨੂੰ ਵੀ ਚੰਗੀ ਲੱਗੀ। ਨਹਾਉਣ ਤੋਂ ਬਾਅਦ ਨਾਸ਼ਤਾ ਕਰਕੇ ਮੈਂ ਅਖ਼ਬਾਰਾਂ ਫੜ ਲਈਆਂ ਤੇ ਪੋਤਾ ਆਪਣੀ ਖੇਡੇ ਲੱਗ ਗਿਆ।

ਤਾਜ਼ੀਆਂ ਤੋਂ ਪਹਿਲਾਂ ਮੈਂ ਉਹੀ ਪੁਰਾਣੀ ਅਖ਼ਬਾਰ ਫੜੀ। ਖ਼ਬਰ ਵਿੱਚ ਲਿਖੇ ਮਾਲਵੇ ਦੇ ਉਸ ਪਿੰਡ ਦਾ ਨਾਂਅ ਪੜਕੇ ਉਡਣੇ ਸਿੱਖ ਦੇ ਜਿੰਦਗੀ ਤੇ ਬਣੀ ਫਿਲਮ ਮੇਰੇ ਚੇਤਿਆਂ ਵਿੱਚ ਘੁੰਮ ਗਈ। ਕੋਈ ਗੱਲ ਯਾਦ ਰੱਖਣ ਲਈ ਉਸਨੂੰ ਕਿਸੇ ਹੋਰ ਗੱਲ ਨਾਲ਼ ਜੋੜ ਲੈਣਾ ਮੇਰੀ ਆਦਤ ਵੀ ਹੈ। ਚੇਤੇ ਕਰਨਾ ਸੌਖਾ ਹੋ ਜਾਂਦਾ। ਪਿੰਡ ਦੇ ਨਾਂਅ ਤੋਂ ਮੈਨੂੰ ਉਸੇ ਪਿੰਡ ਦਾ ਇੱਕ ਸੱਜਣ ਯਾਦ ਆ ਗਿਆ। ਮੈਨੂੰ ਲੱਗਣ ਲੱਗਾ ਕਿ ਖ਼ਬਰ ਵਾਲਾ ਅਫ਼ਸਰ ਉਹੀ ਹੋਊ ਜਿਸ ਬਾਰੇ ਉਸ ਬਾਊ ਜੀ ਨੇ ਇੱਕ ਵਾਰ ਉਦਾਹਰਣ ਵਜੋਂ ਗੱਲ ਸੁਣਾਈ ਸੀ। ਰੇਲ ਸਫ਼ਰ ਕਰਦਿਆਂ ਨਾਲ਼ ਬੈਠੇ ਬਾਊ ਜੀ ਨੇ ਕਹਾਵਤ, 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼', ਦੇ ਵਿਸਥਾਰ ਨੂੰ ਉਸ ਖ਼ਾਨਦਾਨ ਦੀਆਂ ਹਰਕਤਾਂ ਨਾਲ਼ ਜੋੜ ਲਿਆ ਸੀ। ਮੇਰੇ ਮਨ ਵਿੱਚ ਤਸੱਲੀ ਕਰਨ ਦੀ ਖਾਹਸ਼ ਜਾਗ ਆਈ। ਕਈ ਸਾਲ ਪਹਿਲਾਂ ਮਿਲੇ ਉਹ ਬਾਊ ਜੀ ਅੱਖਾਂ ਮੂਹਰੇ ਆਣ ਖੜੋਏ। ਮੈਂ ਆਪਣੀ ਪੁਰਾਣੀ ਡਾਇਰੀ ਫਰੋਲੀ, ਬਾਊ ਜੀ ਦਾ ਨੰਬਰ ਲੱਭ ਕੇ ਡਾਇਲ ਕਰ ਲਿਆ। ਉਦੋਂ ਮੋਬਾਇਲਾਂ ਵਾਲੇ ਝੰਜਟਾਂ ਨੂੰ ਬਹੁਤੇ ਸਾਲ ਨਹੀਂ ਸੀ ਹੋਏ, ਤੇ ਕਾਲ ਸੁਣਨ ਦੇ ਵੀ ਪੈਸੇ ਲੱਗਦੇ ਹੁੰਦੇ ਸੀ। ਹੁਣ ਵਾਂਗ ਹਰ ਕਿਸੇ ਦੇ ਪਹੁੰਚ ਵਾਲਾ ਨਹੀਂ ਸੀ ਬਣਿਆ ਹਵਾ ਦੀਆਂ ਤਰੰਗਾਂ ਰਾਹੀਂ ਗੱਲ ਕਰਾਉਣ ਵਾਲਾ ਖਿਡੌਣਾ। ਉਂਜ ਸੁਣਿਆ ਜਾਣ ਲੱਗ ਪਿਆ ਸੀ ਕਿ ਅਗਲੇ ਸਾਲਾਂ ਵਿੱਚ ਇਹ ਖਿਡੌਣਾ ਕਈ ਰੂਪ ਵਟਾਕੇ ਖ਼ਲਕਤ ਉੱਤੇ ਕਾਬੂ ਪਾ ਲਏਗਾ।

ਪੰਜ ਸੱਤ ਵਾਰ ਡਾਇਲ ਕਰਨ ਤੇ ਉਸਦੇ ਘਰ ਵੱਜਦੀ ਘੰਟੀ ਦੀ ਅਵਾਜ਼ ਮੈਨੂੰ ਸੁਣਨ ਲੱਗ ਪਈ। ਉਸਦੀ ਪਤਨੀ ਨੇ ਫ਼ੋਨ ਚੁੱਕਿਆ ਤੇ ਦੱਸਿਆ ਕਿ ਉਹ ਖੇਤਾਂ ਨੂੰ ਗਏ ਨੇ ਤੇ ਰੋਟੀ ਵੇਲੇ (ਦੁਪਹਿਰੇ) ਘਰ ਮੁੜਨਗੇ। ਮੇਰੇ ਲਈ ਉਡੀਕ ਭਾਰੀ ਹੋਣ ਲੱਗੀ। ਮੇਰੀ ਉਤਸੁਕਤਾ ਤਾਜ਼ੀਆਂ ਖ਼ਬਰਾਂ ਵੱਲੋਂ ਹਟਕੇ ਉਸ ਬੇਹੀ ਖ਼ਬਰ ਵਾਲੇ ਅਫ਼ਸਰ ਬਾਰੇ ਜਾਨਣ ਦੀ ਜਾਗੀ ਹੋਈ ਸੀ। ਬੜੇ ਔਖੇ ਕੱਢੇ ਤਿੰਨ ਘੰਟਿਆਂ ਬਾਦ ਮੈਂ ਫਿਰ ਡਾਇਲ ਕਰਨ ਲੱਗ ਪਿਆ। ਏਰੀਆ ਕੋਡ ਮਿਲਾਂਉਦੇ ਈ ਰੂਟ ਬਿਜੀ ਹੈ, ਸੁਣ ਸੁਣਕੇ ਮੇਰੇ ਕੰਨ ਦੁਖਣ ਲੱਗ ਪਏ। ਵੀਹ ਕੁ ਵਾਰ ਟਰਾਈ ਕਰਕੇ ਮੈਂ ਰਸੀਵਰ ਜੋਰ ਨਾਲ਼ ਰੱਖਦੇ ਹੋਏ ਧਿਆਨ ਹੋਰ ਪਾਸੇ ਲਾਉਣ ਦੇ ਯਤਨ ਕਰਨ ਲੱਗਾ। ਕੰਧ ਤੇ ਲੱਗੀ ਦਾਦੀ ਦੀ ਫ਼ੋਟੋ ਤੋਂ ਯਾਦ ਆਇਆ। ਦਾਦੀ ਜੀ ਕਹਿੰਦੇ ਹੁੰਦੇ ਸੀ ਜਨਾਨੀਆਂ ਵਾਲੇ ਘਰ ਕਿਸੇ ਚੋਰ ਅੱਖੀਏ ਨੂੰ ਵਾੜਨ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਨਹੀਂ ਤਾਂ ਬਾਦ ਵਿੱਚ ਪਛਤਾਉਣਾ ਪੈਂਦਾ। ਚੋਰ ਅੱਖੀਏ ਸ਼ਬਦ ਮੈਂ ਦਾਦੀ ਤੋਂ ਬਾਦ ਉਸ ਮਾਲਵੇ ਵਾਲੇ ਬਾਊ ਜੀ ਦੇ ਮੂੰਹੋਂ ਦੂਜੀ ਵਾਰ ਸੁਣਿਆ ਸੀ। ਬਾਊ ਜੀ ਨਾਲ਼ ਖ਼ਬਰ ਵਾਲੀ ਗੱਲ ਕਰਨ ਦੀ ਮੈਨੂੰ ਕਾਹਲੀ ਪੈ ਰਹੀ ਸੀ।

ਘੰਟੇ ਕੁ ਬਾਦ ਮੈਂ ਫਿਰ ਰਸੀਵਰ ਚੁੱਕਿਆ ਤੇ ਲੱਗਿਆ ਡਾਇਲ ਕਰਨ। ਉਦੋਂ ਤੱਕ ਤਾਂ ਨੰਬਰ ਯਾਦ ਨਹੀਂ ਸੀ ਕਰਨਾ ਪੈ ਰਿਹਾ। ਪੋਟਿਆਂ ਨੂੰ ਰਟ ਗਿਆ ਹੋਇਆ ਸੀ। ਅੱਗਿਓਂ ਆਈ ਅਵਾਜ਼ 'ਬਾਈ ਜੀ ਕੌਣ ?' ਮੈਂ ਆਪਣਾਂ ਨਾਂ ਦੱਸਿਆ ਜੋ ਉਨਾਂ ਨੂੰ ਭੁੱਲ ਗਿਆ ਹੋਇਆ ਸੀ। ਰੇਲ ਗੱਡੀ ਵਾਲੀ ਆਪਣੀ ਮਿਲਣੀ ਯਾਦ ਕਰਾਈ ਤੇ ਦੱਸਿਆ ਕਿ ਕਿਸੇ ਬਾਰੇ ਇੰਜ ਦੀ ਗੱਲ ਹੋਈ ਸੀ।

'ਉਹ ਬੰਦਾ ਤਾਂ ਭਾਈ ਸਾਹਿਬ ਹੁਣ ਉਸ ਥਾਂ ਬੈਠਾ, ਜਿੱਥੇ ਉਸਨੂੰ ਕਈ ਸਾਲ ਪਹਿਲਾਂ ਹੋਣਾ ਚਾਹੀਦਾ ਸੀ।' ਬਾਊ ਜੀ ਨੇ ਸਹਿਜ-ਸੁਭਾਅ ਅੰਦਾਜ਼ ਵਿੱਚ ਜਵਾਬ ਦਿਤਾ। ਮੈਨੂੰ ਵਿਸ਼ਵਾਸ਼ ਜਿਹਾ ਹੋ ਗਿਆ ਕਿ ਖ਼ਬਰ ਉਸੇ ਅਫ਼ਸਰ ਨਾਲ਼ ਸਬੰਧਤ ਹੈ, ਜਿਸਨੂੰ ਬਾਊ ਜੀ ਚੋਰ ਅੱਖੀਆ ਕਹਿੰਦੇ ਸੀ। ਮੈਂ ਦੱਸਿਆ ਕਿ ਉਹ ਖ਼ਬਰ ਮੇਰੀ ਨਜ਼ਰੇ ਅੱਜ ਹੀ ਚੜੀ ਹੈ, ਇਸੇ ਕਰਕੇ ਫ਼ੋਨ ਕੀਤਾ ਤਾਂ ਕਿ ਉਸ ਦੀਆਂ ਭੁੱਲ ਗਈਆਂ ਹੋਰ ਕਰਤੂਤਾਂ ਤੇ ਜੇਲ ਵਾਲੀ ਗੱਲ ਜਾਣ ਲਵਾਂ।

'ਹਾਂ ਜੀ ਜੋ ਪੁੱਛਣਾ ਪੁੱਛੀ ਜਾਓ, ਜੋ ਮੈਨੂੰ ਪਤਾ ਹੈ, ਦੱਸੀ ਜਾਂਵਾਂਗਾ, ਜੇ ਇੰਨਾਂ ਦੇ ਖ਼ਾਨਦਾਨ ਦਾ ਮੁੱਢ ਫੜਨਾ ਤਾਂ ਵੀ ਮੇਰੇ ਕੋਲ਼ ਹੁਣ ਟਾਈਮ ਹੈਗਾ।' ਬਾਊ ਜੀ ਦੇ ਉੱਤਰ ਨੇ ਇਸ ਗੱਲੋਂ ਮੇਰੀ ਤਸੱਲੀ ਕਰਵਾ ਦਿੱਤੀ ਕਿ ਨਾ ਤਾਂ ਉਨਾਂ ਦਾ ਟਾਈਮ ਖ਼ਰਾਬ ਕਰ ਰਿਹਾਂ ਤੇ ਨਾ ਹੀ ਦੱਸਣ ਲਈ ਮਜਬੂਰ ਕਰ ਰਿਹਾਂ।

'ਬਹੁਤ ਬਹੁਤ ਧੰਨਵਾਦ ਬਾਊ ਜੀ, ਤੁਸੀਂ ਮੇਰਾ ਭਾਵ ਸਮਝ ਲਿਆ, ਅਸਲ ਵਿੱਚ ਇਹ ਖ਼ਬਰ ਅੱਜ ਪੁਰਾਣੀ ਅਖ਼ਬਾਰ ਵਿੱਚੋਂ ਮੇਰੀ ਨਜ਼ਰੀਂ ਪੈ ਗਈ। ਸੋਚਿਆ ਬਾਊ ਜੀ ਤੋਂ ਅਸਲ ਗੱਲ ਪਤਾ ਲੱਗੂ, ਅਖ਼ਬਾਰਾਂ ਵਿੱਚ ਤਾਂ ਗੱਲ ਨੂੰ ਘੁੰਮਾ-ਫ਼ਿਰਾ ਕੇ ਲਿਖਿਆ ਹੁੰਦਾ ? ਅੱਜ ਫਿਰ ਦੱਸ ਈ ਦਿਓ ਚੋਰ ਅੱਖੀਆ ਬਾਰੇ, ਮੇਰੇ ਪਾਠਕਾਂ ਨੂੰ ਵੀ ਪਤਾ ਲੱਗਜੇ ਕਿ ਕਿੰਜ-ਕਿੰਜ ਦੇ ਲੋਕ ਵਸਦੇ ਨੇ ਸਾਡੇ ਇਰਦ-ਗਿਰਦ।' ਬਾਊ ਜੀ ਨੂੰ ਸਹਿਜ ਅਹਿਸਾਸ ਕਰਾਉਣ ਲਈ ਮੈਂ ਆਪਣੇ ਸਵਾਲ ਦਾ ਵਿਸਥਾਰ ਜੋੜ ਦਿੱਤਾ ।

'ਸੁਹਾਗਵੰਤੀ ਜ਼ਰਾ ਪਾਣੀ ਦਾ ਗਿਲਾਸ ਭਰਕੇ ਰੱਖ ਦੇਣਾ ਮੇਰੇ ਕੋਲ।'

ਉਨਾਂ ਆਪਣੀ ਪਤਨੀ ਨੂੰ ਕਿਹਾ। ਮੈਂ ਸਮਝ ਗਿਆ ਕਿ ਬਾਊ ਜੀ ਅਫ਼ਸਰ ਦੀ ਖ਼ਾਨਦਾਨੀ ਦੇ ਸਾਰੇ ਵਰਕੇ ਫ਼ਰੋਲ ਦੇਣ ਦੇ ਮੂਡ ਵਿੱਚ ਨੇ ਤਾਂ ਹੀ ਉਨਾਂ ਲੰਮੀ ਗੱਲਬਾਤ ਦੌਰਾਨ ਗਲੇ ਦੀ ਰਵਾਨਗੀ ਬਣਾਏ ਰੱਖਣ ਲਈ ਪਾਣੀ ਕੋਲ਼ ਰਖਵਾ ਲਿਆ। ਇੱਧਰ ਮੈਂ ਵੀ ਆਪਣੀ ਪਤਨੀ ਨੂੰ ਕਹਿ ਦਿੱਤਾ ਕਿ ਕਿਸੇ ਨਾਲ਼ ਜ਼ਰੂਰੀ ਗੱਲ ਕਰਨੀ ਐ। ਜਦ ਤੱਕ ਫ਼ੋਨ ਮੇਰੇ ਕੰਨ ਤੇ ਲੱਗਾ ਹੋਵੇ, ਚੁੱਪ ਰਹਿਣ ਦੀ ਕੋਸ਼ਿਸ਼ ਕਰਿਓ।

"ਲਓ ਬਾਈ ਜੀ, ਸੁਣੋ । ਇੰਨਾਂ ਦਾ ਦਾਦੇ ਦੋ ਭਰਾ ਸੀ। ਦਾਦਾ ਵਿਆਹਿਆ ਗਿਆ, ਪਰ ਛੋਟਾ ਛੜਾ ਰਹਿ ਗਿਆ। ਦੱਸੀ ਦਾ ਸੀ ਕਿ ਛੋਟਾ ਭਲਾ ਲੋਕ ਸੀ। ਉਦੋਂ ਅਜੇ ਪਾਕਿਸਤਾਨ ਨਈਂ ਸੀ ਬਣਿਆ। ਮੇਰੀ ਸੰਭਾਲ ਤੋਂ ਪਹਿਲਾਂ ਦੀਆਂ ਗਲਾਂ ਨੇ। ਦੱਸਦੇ ਸੀ ਕਿ ਸਾਡੇ ਪਿੰਡ 'ਚ ਕਿਸੇ ਦੇ ਘਰ ਵਿਆਹ ਮੌਕੇ ਰਾਤ ਨੂੰ ਇੰਨਾਂ ਦਾ ਦਾਦਾ ਗਿੱਧੇ 'ਚ ਜਨਾਨੀਆਂ ਦੇ ਨਾਲ਼ ਨੱਚਣ ਲੱਗ ਪਿਆ। ਨਾਲ਼ ਦੇ ਪਿੰਡ ਦੇ ਲੰਬੜਾਂ ਦੀ ਨੂੰਹ ਵੀ ਸੀ ਉਸੇ ਗਿੱਧੇ ਵਿੱਚ। ਬਾਂਹ ਉੱਚੀ ਕਰਕੇ ਬੋਲੀ ਪਾਉਂਦੀ ਨੂੰ ਅਫ਼ਸਰ ਦੇ ਦਾਦੇ ਨੇ ਕਲਾਵੇ 'ਚ ਭਰ ਲਿਆ। ਉਸਦੀ ਸੱਸ ਉੱਥੇ ਈ ਸੀ। ਉਸਨੇ ਨੂੰਹ ਨੂੰ ਪਾਸੇ ਕਰਕੇ ਪਤਾ ਨਈਂ ਕੰਨ 'ਚ ਕੀ ਫੂਕ ਮਾਰੀ। ਨੂੰਹ ਇੰਨਾਂ ਦੇ ਦਾਦੇ ਨੂੰ ਇਸ਼ਾਰਾ ਕਰਕੇ ਪਿੰਡੋਂ ਬਾਹਰ ਲੈ ਗਈ। ਥੋੜਾ ਪਿੱਛੇ-ਪਿੱਛੇ ਸੱਸ ਚਲੇ ਗਈ। ਕਾਲ਼ੀ ਹਨੇਰੀ ਰਾਤ ਸੀ। ਸੱਸ ਭਰਿਆ ਹੋਇਆ ਰਿਵਾਲਵਰ ਕੋਲ਼ ਰੱਖਦੀ ਹੁੰਦੀ ਸੀ। ਪਿੰਡ ਵਾਲਿਆਂ ਚਾਰ ਗੋਲੀਆਂ ਦਾ ਖੜਕਾ ਤਾਂ ਸੁਣਿਆ, ਪਰ ਵਿਆਹ ਵਾਲੇ ਘਰ ਆਤਸ਼ਬਾਜੀ ਸਮਝ ਕੇ ਗੱਲ ਆਈ ਗਈ ਹੋ ਗਈ। ਸੱਪ ਦੀ ਸਿਰੀ ਫੇਹਕੇ ਸੱਸ ਨੂੰਹ ਫਿਰ ਗਿੱਧੇ 'ਚ ਆਣ ਵੜੀਆਂ। ਸਵੇਰੇ ਲੋਕ ਬਾਹਰ ਗਏ ਤਾਂ ਪਤਾ ਲੱਗਾ ਕਿ ਇੰਨਾਂ ਦਾ ਦਾਦਾ .....। ਪੁਲੀਸ ਆਈ ਤਾਂ ਦਰੋਗੇ ਨੇ ਲੰਬੜਾਂ ਦੇ ਘਰ ਬੈਠਿਆਂ ਉਨਾਂ ਦੀ ਅੱਖ 'ਚੋਂ ਕਾਤਲ ਪਛਾਣ ਲਿਆ ਸੀ, ਪਰ ਗੋਰੇ ਡਿਪਟੀ ਦੇ ਇਸ਼ਾਰੇ ਤੇ ਉਸਨੇ ਕੌਣ ਮਾਰ ਗਿਆ, ਦੀ ਜਾਂਚ ਵਾਲੀ ਫ਼ਾਈਲ ਖੂਹ-ਖ਼ਾਤੇ ਪਾਕੇ ਬੰਦ ਕਰਵਾਤੀ। ਅਸਲ ਵਿੱਚ ਗੋਰੇ ਨੂੰ ਲੰਬੜ ਵਰਗਿਆਂ ਦੀ ਲੋੜ ਪਈ ਰਹਿੰਦੀ ਸੀ।

ਦਾਦੇ ਦੇ ਭੋਗ ਮੌਕੇ ਆਏ ਦਾਦੀ ਦੇ ਪੇਕਿਆਂ ਪਿੰਡ ਵਾਲਿਆਂ ਦੇ ਕਹਿਣ ਤੇ ਆਪਣੀ ਧੀ ਦੀ ਚਾਦਰ ਛੜੇ ਦਿਉਰ ਨਾਲ਼ ਪਵਾ ਦਿੱਤੀ। ਉਦੋਂ ਇੰਜ ਦੇ ਰਿਵਾਜ ਹੁੰਦੇ ਸੀ। ਦੱਸਦੇ ਸੀ ਕਿ ਇੰਨਾਂ ਦੀ ਦਾਦੀ ਨੂੰ ਕਤਲ ਤੋਂ ਅਗਲੇ ਦਿਨ ਈ ਪਤਾ ਲੱਗ ਗਿਆ ਸੀ ਕਿ ਉਸਦਾ ਘਰ ਵਾਲਾ ਕਿਸ ਹੱਥੋਂ ਤੇ ਕਿਉਂ ਮਾਰਿਆ ਗਿਆ। ਜਨਾਨੀਆਂ ਵਿੱਚ ਬੈਠੀ-ਬੈਠੀ ਸਹਿਬਨ ਬੋਲ ਦੇਂਦੀ ਹੁੰਦੀ ਸੀ। 'ਮੈਨੂੰ ਤਾਂ ਪਹਿਲਾਂ ਈ ਪਤਾ ਸੀ ਉਸਦੇ ਚਾਲਿਆਂ ਦਾ। ਬਥੇਰਾ ਰੋਕਦੀ ਸੀ, ਪਰ ....।'

ਪਾਕਿਸਤਾਨ ਬਣਨ ਤੋਂ ਕੁਝ ਸਾਲ ਪਹਿਲਾਂ ੧੯ਵੇਂ ਸਾਲ 'ਚ ਇਸ ਅਫ਼ਸਰ ਦੇ ਪਿਉ ਦਾ ਵਿਆਹ ਹੋ ਗਿਆ। ਪਿਉ ਤੇ ਛੜੇ ਵਾਲੀ ਰਲ਼ਣ ਕਰਕੇ ਜ਼ਮੀਨ ਇੰਨਾਂ ਕੋਲ਼ ਚੋਖੀ ਹੋਗੀ ਸੀ। ਜ਼ਮੀਨਾਂ ਮੂਹਰੇ ਲੋਕ ਔਗੁਣ ਵਿਸਾਰ ਕੇ ਰਿਸ਼ਤਾ ਕਰ ਦੇਂਦੇ ਸੀ। ਉਂਜ ਵੀ ਉਸ ਜ਼ਮਾਨੇ ਵਿੱਚ ਬਹੁਤੇ ਸਾਕ ਵਿਚੋਲੇ ਈ ਕਰਵਾ ਦਿਆ ਕਰਦੇ ਸੀ। ਮਾਂ ਵੱਲੋਂ ਰੋਕਣ ਦੇ ਬਾਵਜੂਦ ਪਿਉ ਵਾਲੀਆਂ ਕਰਤੂਤਾਂ ਵਿਆਹ ਤੋਂ ਪਹਿਲਾਂ ਈ ਕਰਨ ਲੱਗ ਪਿਆ ਸੀ ਇਸਦਾ ਪਿਉ। ਦੋ ਤਿੰਨ ਵਾਰ ਕਾਫ਼ੀ ਛਿੱਤਰ ਪ੍ਰੇਡ ਹੋਈ। ਦੱਸਦੇ ਸੀ ਕਿ ਇੱਕ ਵਾਰ ਤਾਂ ਕਈ ਦਿਨ ਉਸਦਾ ਮੂੰਹ ਸੁੱਜਾ ਰਿਹਾ ਸੀ। ਇਸ ਅਫ਼ਸਰ ਦੀ ਮਾਂ ਉਦੋਂ ਬਹੁਤੀ ਉਮਰ ਦੀ ਤਾਂ ਨਹੀਂ ਸੀ, ਪਰ ਉਸਨੂੰ ਵੀ ਆਪਣੀ ਸੱਸ ਵਾਂਗ ਸਾਰੀ ਸਮਝ ਸੀ। ਲੜ ਕੇ ਪੇਕੇ ਗਈ ਨੂੰ ਦੋ ਸਾਲ ਬਾਦ ਤਰਲੇ ਕਰਵਾ ਕੇ ਤੋਰਿਆ ਸੀ ਉਸਦੇ ਮਾਪਿਆਂ। ਸੁਣਦੇ ਸੀ ਕਿ ਬੜੇ ਅਣਖੀ ਸੀ ਅਫ਼ਸਰ ਦੇ ਨਾਨਕੇ।

ਉਦੋਂ ਤੱਕ ਮੈਨੂੰ ਪਿੰਡ ਵਿੱਚ ਵਾਪਰਦੇ ਚੰਗੇ-ਮਾੜੇ ਵਿੱਚ ਰੁਚੀ ਲੈਣ ਦੀ ਜਾਗ ਲੱਗ ਗਈ ਸੀ। ਪਿੰਡ ਵਿੱਚ ਇੰਨਾਂ ਦੇ ਟੱਬਰ ਦੀ ਅੱਲ ਚੋਰ ਅੱਖੀਏ ਪੈ ਗਈ ਸੀ। ਮੈਂ ਆਪਣੀ ਮਾਂ ਨੂੰ ਚੋਰ ਅੱਖ ਦਾ ਮਤਲਬ ਪੁੱਛ ਲਿਆ। ਕਹਿੰਦੀ ਜਿਹੜਾ ਬੰਦਾ ਬਦਨੀਤ ਨਾਲ਼ ਕਿਸੇ ਦੇ ਘਰ ਜਾਕੇ ਟੀਰੀ ਨਜ਼ਰੇ ਔਰਤਾਂ ਵੱਲ ਵੇਖੇ ਉਸਨੂੰ ਚੋਰ ਅੱਖੀਆ ਆਖਦੇ ਨੇ। ਸ਼ਾਇਦ ਮੇਰੀ ਮਾਂ ਨੂੰ ਗੱਲ ਚੰਗੀ ਤਰਾਂ ਸਮਝਾਉਣੀ ਨਹੀਂ ਸੀ ਆਈ, ਜਾਂ ਉਦੋਂ ਨਿਆਣਪੁਣੇ ਕਰਕੇ ਮੈਨੂੰ ਸਮਝ ਨਹੀਂ ਸੀ ਲੱਗੀ। ਪਰ ਦੁਨੀਆਂ ਵਿੱਚ ਵਿਚਰਦਿਆਂ ਇਸ ਭੇਦ ਦਾ ਪਤਾ ਲੱਗ ਗਿਆ। ਮੁਆਫ਼ ਕਰਨਾ ਤੁਹਾਡੇ ਮਾਝੇ 'ਚੋਂ ਵੀ ਇੰਜ ਦੀਆਂ ਬਥੇਰੀਆਂ ਗੱਲਾਂ ਸੁਣੀਦੀਆਂ ਨੇ। ਗੰਦੇ ਖ਼ਾਨਦਾਨ ਵਾਲੇ ਤਾਂ ਇਹ ਮਾੜੀ ਆਦਤ ਕੈਨੇਡਾ, ਅਮਰੀਕਾ ਤੇ ਵਲੈਤ ਵੀ ਨਾਲ਼ ਲਿਜਾਕੇ ਉੱਥੇ ਇਹੀ ਗੰਦ ਖਿਲਾਰਦੇ ਨੇ।

ਮੈਂ ਦਸਾਂ ਕੁ ਸਾਲਾਂ ਦਾ ਸੀ ਜਦ ਇਹ ਅਫ਼ਸਰ ਜੰਮਿਆ ਸੀ। ਮੈਨੂੰ ਚੰਗੀ ਤਰਾਂ ਯਾਦ ਹੈ, ਇਹ ਤਿੰਨ ਚਾਰ ਸਾਲਾਂ ਦਾ ਹੋਊ ਜਦ ਇਸਦੇ ਪਿਉ ਨੂੰ ਲਾਗਲੇ ਪਿੰਡੋਂ ਮੰਜੇ ਤੇ ਪਾਕੇ ਲਿਆਏ ਸੀ। ਦੱਸਦੇ ਸੀ ਕਿ ਉਹ ਉੱਥੇ ਆਪਣੇ ਪਿਉ ਵਰਗੀ ਹਰਕਤ ਕਰਦਾ ਫੜਿਆ ਗਿਆ ਸੀ। ਕੁੜੀ ਵਾਲਿਆਂ ਜਾਨੋ ਈ ਨਹੀਂ ਸੀ ਮਾਰਿਆ, ਹੱਡ ਪੈਰ ਭੰਨਣੋਂ ਕਸਰ ਨਹੀਂ ਸੀ ਛੱਡੀ। ਇਨਾਂ ਤਾਂ ਸ਼ਰਮ ਦੇ ਮਾਰਿਆਂ ਪੁਲੀਸ ਕੇਸ ਨਹੀਂ ਸੀ ਬਣਵਾਇਆ। ਪਰ ਟਲਿਆ ਉਹ ਬਾਦ ਵਿੱਚ ਨਹੀਂ ਸੀ। ਕਹਿੰਦੇ ਹੁੰਦੇ ਨੇ ਨਾ, ਸਿੱਧੀ ਕਰਨ ਲਈ ਵੰਜਲੀ ਵਿੱਚ ਪਾਈ ਕੁੱਤੇ ਦੀ ਪੂਛ ਦਾ ਵਿੰਗ ੧੨ ਸਾਲਾਂ ਬਾਦ ਵੀ ਸਿੱਧਾ ਨਹੀਂ ਸੀ ਹੋਇਆ। ਖ਼ੈਰ, ਉਸਨੇ ਆਪਣੀ ਵਹੁਟੀ ਲਈ ਪਿੰਡ ਵਿੱਚ ਸਿਰ ਚੁੱਕ ਕੇ ਜਿਉਣ ਦਾ ਮੌਕਾ ਨਾ ਆਉਣ ਦਿੱਤਾ। ਹਾਂ, ਖੁੱਲੀ ਤੇ ਉਪਜਾਊ ਜਮੀਨ ਦੇ ਮਾਲਕ ਹੋਣ ਕਰਕੇ ਟੱਬਰ ਨੂੰ ਪੈਸੇ ਧੇਲੇ ਪੱਖੋਂ ਔਖਿਆਈ ਨਹੀਂ ਸੀ ਕਦੇ ਸੁਣੀ।

ਕਹਿੰਦੇ ਹੁੰਦੇ ਨੇ ਨਾ, ਬੰਦੇ ਦੀ ਕਮਾਈ ਚੰਗੇ ਜਾਂ ਮੰਦੇ, ਸਿਰਫ਼ ਦੋ ਸਬਦਾਂ ਵਿੱਚ ਮਿਣੀ ਜਾਂਦੀ ਐ। 'ਚੰਗਾ ਬੰਦਾ ਸੀ, ਰੱਬ ਹੋਰ ਚਾਰ ਸਾਲ ਦੇ ਦੇਂਦਾ ਜਾਂ ਚਲੋ ਧਰਤੀ ਤੋਂ ਭਾਰ ਹਲਕਾ ਹੋਇਆ।' ਇਨਸਾਨ ਆਪਣੇ ਪਿੱਛੇ ਏਹੀ ਕੁਝ ਛੱਡਕੇ ਜਾਂਦਾ। ਤਾਂ ਹੀ ਤੇ ਅਰਥੀ ਨਾਲ਼ ਜਾਂਦਿਆਂ ਰਾਮ ਨਾਮ ਸੱਤ ਹੈ ਬੋਲਕੇ ਯਾਦ ਕਰਾਇਆ ਜਾਂਦਾ ਕਿ ਐਹੀ ਕੁਝ ਐ, ਜੋ ਇਹ ਛੱਡ ਚੱਲਿਆ। ਪਰ ਅਸੀਂ ਲੋਕ ਉਹ ਗੱਲ ਨੂੰ ਸਸਕਾਰ ਤੋਂ ਮੁੜਦਿਆਂ ਈ ਵਿਸਾਰ ਦੇਨੇਂ ਆਂ। ਹੈ ਨਾ ? ਮੈਨੂੰ ਲੱਗਿਆ ਜਿਵੇਂ ਬਾਊ ਜੀ ਨੇ ਝਟਕੇ ਦੇ ਰੂਪ ਵਿੱਚ ਮੈਨੂੰ ਵੀ ਅੰਦਰਝਾਤ ਦੀ ਚਿਤਾਵਨੀ ਦਿੱਤੀ ਹੋਵੇ ?

ਕੁਝ ਸੈਕੰਡ ਅਵਾਜ਼ ਨਾ ਆਉਣ ਤੇ ਮੈਂ ਹੈਲੋ ਕਹਿਣ ਈ ਲੱਗਾ ਸੀ ਕਿ ਗੱਟ-ਗੱਟ ਦੀ ਅਵਾਜ਼ ਤੋਂ ਸਮਝ ਗਿਆ ਕਿ ਬਾਊ ਜੀ ਪਾਣੀ ਪੀ ਰਹੇ ਸੀ। ਗਲਾਸ ਰੱਖਦਿਆਂ ਈ ਅਵਾਜ਼ ਆਈ।

'ਮਾਫ਼ ਕਰਨਾ, ਤੁਹਾਡੇ ਸਵਾਲ ਤੇ ਆਵਾਂ। ਇਸ ਅਫ਼ਸਰ ਦੀਆਂ ਸ਼ਿਕਾਇਤਾਂ ਤਾਂ ਹਾਈ ਸਕੂਲੋਂ ਈ ਆਉਣ ਲੱਗ ਪਈਆਂ ਸੀ। ਮੈਂ ਉਦੋਂ ਨਾਲ਼ਦੇ ਪਿੰਡ ਵਾਲੇ ਪ੍ਰਾਇਮਰੀ ਸਕੂਲ ਪੜਾਉਂਦਾ ਸੀ। ਹੈਡਮਾਸਟਰ ਕਪਿਲ ਦੇਵ ਨੇ ਇਸਨੂੰ ਦੋ ਵਾਰ ਸਕੂਲੋਂ ਕੱਢਿਆ ਸੀ, ਪਰ ਇਸਦੀ ਮਾਂ ਦੇ ਤਰਲੇ ਹਰ ਕਿਸੇ ਨੂੰ ਪੰਘਰਾ ਲੈਂਦੇ ਸੀ। ਵਿਚਾਰੀ ਦਾ ਕਸੂਰ ਵੀ ਤੇ ਨਹੀਂ ਸੀ ਨਾ ਹੁੰਦਾ। ਧੀਆਂ ਧਿਆਣੀਆਂ ਨੂੰ ਕੀ ਪਤਾ ਹੁੰਦਾ, ਉਨਾਂ ਨੂੰ ਕਿਹੋ ਜਿਹਿਆਂ ਦੇ ਲੜ ਲਾਇਆ ਜਾ ਰਿਹਾ। ਦਸਵੀਂ ਕਰਕੇ ਇਹ ਮੋਟਰ ਮਕੈਨਿਕ ਕੋਰਸ ਕਰਨ ਲਈ ਆਈ. ਟੀ. ਆਈ. ਦਾਖ਼ਲ ਹੋ ਗਿਆ ਤੇ ਸ਼ਹਿਰ ਵਿੱਚ ਹੋਰ ਮੁੰਡਿਆਂ ਨਾਲ਼ ਰਹਿਣ ਲੱਗ ਪਿਆ। ਆਈ. ਟੀ. ਆਈ. ਦੂਜੇ ਤੀਜੇ ਜ਼ਿਲੇ 'ਚ ਹੋਣ ਕਰਕੇ ਇਸਦੀਆਂ ਉੱਥੇ ਵਾਲੀਆਂ ਹਰਕਤਾਂ ਦੀ ਖ਼ਬਰ ਪਿੰਡ ਇੱਕ ਦੋ ਵਾਰ ਆਈ। ਸੁਣਿਆ ਸੀ ਕਿ ਉੱਥੇ ਇਸਦੀ ਔਕਾਤ ਵਰਗਾ ਕੋਈ ਪਹਿਲਾਂ ਈ ਲੱਗਾ ਹੋਇਆ ਸੀ ਤੇ ਇਹ ਲੰਗੇ ਨੂੰ ਮੀਣਾ ਟੱਕਰ ਗਿਆ ਸੀ। ਦੋ ਸਾਲ ਇਸਦੀ ਮਾਂ ਨੂੰ ਕੁਝ ਸੁੱਖ ਦਾ ਸਾਹ ਆਇਆ ਸੀ। ਉਲਾਂਭੇ ਨਹੀਂ ਸੀ ਸੁਣਨੇ ਪੈਂਦੇ। ਆਈ. ਟੀ. ਆਈ. ਪਾਸ ਕਰਨ ਤੋਂ ਬਾਦ ਇਸਦੇ ਨਾਨਕਿਆਂ ਨੇ ਭੱਜ ਦੌੜ ਕਰਕੇ ਸਰਕਾਰੀ ਮਹਿਕਮੇਂ ਵਿੱਚ ਨੌਕਰੀ ਦਾ ਜੁਗਾੜ ਕਰਾ ਦਿਤਾ। ਉਂਜ ਵੀ ਇਸਦੇ ਵਰਗੇ ਬੰਦਿਆਂ ਵਿੱਚ ਜੁਗਾੜੂ ਸੋਚ ਕੁੱਟ-ਕੁੱਟ ਕੇ ਭਰੀ ਹੋਈ ਹੁੰਦੀ ਆ। ਸੋ ਇਸਨੇ ਢਿੰਬਰੀ ਫਿੱਟ ਕਰ ਲਈ। ਭਰਤੀ ਤਾਂ ਇਸਦੀ ਤੀਜਾ ਦਰਜਾ ਸੀ, ਪਰ ਇਸਦੇ ਘਰਦੇ ਇਸਨੂੰ ਅਫ਼ਸਰ ਕਹਿਣ ਲੱਗ ਪਏ ਤੇ ਉਹੀ ਨਾਂ ਪੱਕ ਗਿਆ। ਹਾਂ, ਕਈ ਸਾਲਾਂ ਬਾਦ ਤਰੱਕੀ ਕਰਕੇ ਅਫ਼ਸਰ ਬਣ ਗਿਆ ਸੀ। ਇਸਦਾ ਮਹਿਕਮਾ ਉਹ ਜਿੱਥੇ ਸਾਰਾ ਅਮਲਾ ਫੈਲਾ ਮਰਦ ਈ ਹੁੰਦੈ ਨੇ। ਹੁਣ ਤਕ ਵੀ ਉਸ ਮਹਿਕਮੇ ਦੇ ਮੁੱਖ ਕੰਮ ਲਈ ਔਰਤਾਂ ਨੂੰ ਭਰਤੀ ਨਹੀਂ ਕੀਤਾ ਜਾਂਦਾ। ਘਰੋਂ ਚਾਰ ਜ਼ਿਲੇ ਦੂਰੀ ਪੋਸਟਿੰਗ ਹੋਣ ਦਾ ਇਸਨੂੰ ਫ਼ਾਇਦਾ ਹੋਇਆ ਕਿ ਉੱਥੇ ਇਸਦੇ ਪਿਛੋਕੜ ਤੋਂ ਕੋਈ ਜਾਣੂ ਨਹੀਂ ਸੀ। ਇੱਕ ਦਿਨ ਉੱਥੇ ਸੀਨੀਅਰ ਕਾਮੇ ਦੀ ਪਤਨੀ ਤੇ ਧੀ ਕਿਸੇ ਕੰਮ ਉਸਨੂੰ ਮਿਲਣ ਆਈਆਂ। ਚੋਰ ਅੱਖ ਝਾਕਦਿਆਂ ਇਸਨੂੰ ਤਾਂ ਚਾਅ ਚੜ ਗਿਆ। ਸਵਾਗਤ ਤੇ ਸੇਵਾ ਵਾਲਾ ਮਖੌਟਾ ਪਾਕੇ ਕੰਨਟੀਨ ਵਿੱਚ ਲੈ ਗਿਆ। ਸ਼ਰੀਫ਼ ਜਿਹੇ ਉਸ ਸੀਨੀਅਰ ਨੂੰ ਇਸਨੇ ਪੈਸੇ ਨਾ ਦੇਣ ਦਿੱਤੇ। ਮੈਨੂੰ ਲੱਗਦਾ, ਇਸਦੇ ਮਨ ਵਿੱਚ ਤਾਂ ਲਾਟਰੀ ਨਿਕਲਣ ਵਰਗੇ ਲੱਡੂ ਫੁੱਟੇ ਹੋਣਗੇ ਉਸ ਦਿਨ। ਇਸਨੇ ਉਸ ਸੀਨੀਅਰ ਯਾਨੀ ਡੈਡੀ ਨਾਲ਼ ਸਾਂਝ ਬਣਾਉਣੀ ਤੇ ਵਧਾਉਣੀ ਸ਼ੁਰੂ ਕਰਤੀ। ਸ਼ਹਿਰੋਂ ਕੁਝ ਮੀਲਾਂ ਤੇ ਉਸਦਾ ਪਿੰਡ ਸੀ। ਇੱਕ ਦਿਨ ਬਹਾਨਾ ਬਣਾਕੇ ਉਸਦੇ ਘਰ ਪਹੁੰਚ ਗਿਆ। ਇਸਦੀ ਸੋਚ ਭਾਂਵੇ ਗੰਦੀ ਸੀ, ਪਰ ਸ਼ਕਲੋਂ ਬਣਦਾ ਠਣਦਾ ਸੀ। ਆਉਣ ਜਾਣ ਦਾ ਮੁੱਢ ਬੱਝਦੇ ਈ ਹਫਤੇ ਦਸੀਂ ਦਿਨੀ ਡੈਡੀ ਦੇ ਘਰ ਗੇੜੇ ਵਜਣ ਲੱਗ ਪਏ। ਘਾਗ ਸ਼ਿਕਾਰੀ ਆਪਣੇ ਸ਼ਿਕਾਰ ਦੀ ਕਮਜ਼ੋਰੀ ਲੱਭ ਲੈਂਦੇ ਨੇ। ਇਸ ਵੱਲੋਂ ਪਹਿਲੇ ਦਿਨ ਤੋਂ ਸੁੱਟੀ ਜਾ ਰਹੀ ਕੁੰਡੀ ਹੌਲੀ-ਹੌਲੀ ਭਾਰੀ ਹੋਣ ਲੱਗ ਪਈ । ਫਿਰ ਜੋ ਹੁੰਦਾ, ਤੁਸੀਂ ਜਾਣਦੇ ਈ ਓ, ਜਵਾਨੀ ਦਾ ਜੋਸ਼ ਤੇ ਅਹਿਸਾਸ ਬੱਚਿਆਂ ਤੋਂ ਕਿਹੋ ਜਿਹੀਆਂ ਗਲਤੀਆਂ ਕਰਵਾ ਲੈਂਦਾ।

**ਬਾਕੀ ਸਫ਼ਾ 26 'ਤੇ**

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। – ਸੰਪਾਦਕ)*

### ਅਨੁਵਾਦ : ਬੂਟਾ ਸਿੰਘ

ਹਿੰਦੂ ਮਹਾਸਭਾ ਦੇ ਨੇਤਾ ਹੋਣ ਦੇ ਬਾਵਜੂਦ ਦਿਗਵਿਜੇ ਹਮੇਸ਼ਾ ਆਪਣੀ ਪਾਰਟੀ ਤੋਂ ਪਾਰ ਜਾ ਕੇ ਦੇਖਣ ਲਈ ਤਿਆਰ ਸੀ। ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਸ ਨੇ ਆਰ.ਐੱਸ.ਐੱਸ. ਅਤੇ ਇਸ ਦੀਆਂ ਮਤਹਿਤ ਜਥੇਬੰਦੀਆਂ ਨਾਲ ਸਾਂਝ ਪਾਈ, ਜ਼ਿਆਦਾਤਰ ਉਨ੍ਹਾਂ ਦੀ ਸਰਪ੍ਰਸਤੀ ਕਰਕੇ। 1949 'ਚ, ਉਸ ਨੇ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਅੰਦਰ ਗੁਪਤ ਰੂਪ ਵਿਚ ਰਾਮ ਦੀ ਮੂਰਤੀ ਸਥਾਪਤ ਕਰਨ ਦੀ ਮੁਹਿੰਮ ਦੀ ਅਗਵਾਈ ਕੀਤੀ, ਜਿਸ ਨਾਲ ਰਾਮ ਜਨਮ ਭੂਮੀ ਅੰਦੋਲਨ ਸ਼ੁਰੂ ਹੋ ਗਿਆ।

ਵੈਦਿਆਨਾਥ ਨੇ 1969 ਵਿਚ ਦਿਗਵਿਜੇ ਦੀ ਮੌਤ ਤੋਂ ਬਾਦ ਮਹੰਤ ਦਾ ਅਹੁਦਾ ਸੰਭਾਲਿਆ। ਉਸ ਨੇ 1989 ਤੱਕ ਹਿੰਦੂ ਮਹਾਸਭਾ ਦੀ ਟਿਕਟ 'ਤੇ ਚੋਣ ਲੜੀ, ਜਦੋਂ ਉਹ ਰਾਮ ਜਨਮ ਭੂਮੀ ਅੰਦੋਲਨ ਦਾ ਚਿਹਰਾ ਬਣ ਗਿਆ ਅਤੇ ਭਗਵਾ ਰਾਜਨੀਤੀ ਨੂੰ ਅੱਗੇ ਵਧਾਉਣ ਵਿਚ ਉਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ।

1989 ਵਿਚ ਧਰਮ ਸੰਸਦ ਵਿਚ ਉਸ ਦੇ ਭਾਸ਼ਣ, ਜੋ ਅਲਾਹਾਬਾਦ ਵਿਚ ਕੁੰਭ ਮੇਲੇ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਆਯੋਜਿਤ ਸਾਧੂਆਂ ਦੀ ਇਕੱਤਰਤਾ ਸੀ, ਨੇ ਇਕ ਅੰਦੋਲਨ ਦੀ ਨੀਂਹ ਰੱਖ ਦਿੱਤੀ ਜਿਸ ਨੇ ਬਾਬਰੀ ਮਸਜਿਦ ਨੂੰ ਤੋੜਨਾ ਲਗਭਗ ਸੰਭਵ ਦਿੱਤਾ। ਦ ਸਟੇਟਸਮੈਨ ਨੇ 1 ਫਰਵਰੀ 1989 ਨੂੰ ਰਿਪੋਰਟ ਛਾਪੀ ਕਿ ਅਵੈਦਿਆਨਾਥ ਕਹਿੰਦਾ ਹੈ ਕਿ "ਕੁਰਾਨ ਮੁਸਲਮਾਨਾਂ ਨੂੰ ਦੂਜੇ ਧਰਮਾਂ ਦੇ ਪਵਿੱਤਰ ਸਥਾਨਾਂ ਵਿਚ ਮਸਜਿਦਾਂ ਬਣਾਉਣ ਤੋਂ ਮਨ੍ਹਾ ਕਰਦਾ ਹੈ।" ਅਖ਼ਬਾਰ ਨੇ ਉਸ ਦੇ ਹਵਾਲੇ ਨਾਲ ਕਿਹਾ, "ਅਤੇ ਵਿਵਾਦ ਤੋਂ ਬਚਣ ਲਈ ਸਾਨੂੰ ਕਿਸੇ ਹੋਰ ਜਗ੍ਹਾ 'ਤੇ ਮੰਦਰ ਬਣਾਉਣ ਲਈ ਕਹਿਣਾ ਇੰਞ ਹੈ ਜਿਵੇਂ ਰਾਵਣ ਨਾਲ ਯੁੱਧ ਤੋਂ ਬਚਣ ਲਈ ਭਗਵਾਨ ਰਾਮ ਨੂੰ ਕਿਸੇ ਹੋਰ ਸੀਤਾ ਨਾਲ ਵਿਆਹ ਕਰਨ ਲਈ ਕਹਿਣਾ।" 1992 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ ਬਾਦ ਹਾਲਾਤ ਫ਼ੈਸਲਾਕੁੰਨ ਸਥਿਤੀ 'ਚ ਪਹੁੰਚ ਗਏ। ਬਾਬਰੀ ਕਾਂਡ ਬਾਰੇ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਵਿਚ, ਅਵੈਦਿਆਨਾਥ ਦਾ ਨਾਮ ਮੁਲਕ ਨੂੰ ਫਿਰਕੂ ਤਬਾਹੀ ਦੇ ਕੰਢੇ 'ਤੇ ਲਿਜਾਣ ਦੇ ਦੋਸ਼ੀ ਪਾਏ ਗਏ ਲੋਕਾਂ ਦੀ ਫਿਹਰਿਸਤ ਵਿਚ ਪ੍ਰਮੁੱਖਤਾ ਨਾਲ ਦਿੱਤਾ ਗਿਆ ਸੀ।

ਅਵੈਦਿਆਨਾਥ ਇਸ ਸਮੇਂ ਤੱਕ ਭਾਜਪਾ ਵਿਚ ਸ਼ਾਮਿਲ ਹੋ ਗਿਆ ਸੀ – ਉਹ ਪਹਿਲਾਂ 1991 'ਚ ਅਤੇ ਫਿਰ 1996 'ਚ ਗੋਰਖ਼ਪੁਰ ਤੋਂ ਸੰਸਦ ਮੈਂਬਰ ਚੁਣਿਆ ਗਿਆ ਸੀ। ਹਾਲਾਂਕਿ ਉਸ ਨੇ ਇਸ ਅਹੁਦੇ ਲਈ ਚੋਣ ਭਾਜਪਾ ਦੀ ਟਿਕਟ 'ਤੇ ਲੜੀ ਸੀ, ਉਸ ਨੇ ਇਕ ਹੱਦ ਤੱਕ ਖ਼ੁਦਮੁਖਤਿਆਰੀ ਬਣਾਈ ਰੱਖੀ - ਪ੍ਰਥਾ ਜੋ ਅਦਿੱਤਿਆਨਾਥ ਨੇ ਵੀ ਬਰਕਰਾਰ ਰੱਖੀ ਹੈ। ਅਵੈਦਿਆਨਾਥ ਨੇ ਆਪਣੇ ਚੇਲੇ ਲਈ ਜਗ੍ਹਾ ਬਣਾ ਕੇ ਛੇਤੀ ਹੀ ਚੋਣ ਰਾਜਨੀਤੀ ਤੋਂ ਸੰਨਿਆਸ ਲੈ ਲਿਆ। 1998 'ਚ, ਅਦਿੱਤਿਆਨਾਥ ਲੋਕ ਸਭਾ ਵਿਚ ਸਭ ਤੋਂ ਘੱਟ ਉਮਰ ਦਾ ਸੰਸਦ ਮੈਂਬਰ ਬਣਿਆ।

ਅਵੈਦਿਆਨਾਥ ਦੀ 2014 'ਚ 95 ਸਾਲ ਦੀ ਉਮਰ 'ਚ ਮੌਤ ਹੋ ਗਈ। ਮੋਦੀ, ਜੋ ਉਸ ਸਾਲ ਪ੍ਰਧਾਨ ਮੰਤਰੀ ਬਣਿਆ ਸੀ, ਨੇ ਕਿਹਾ ਕਿ ਉਸ ਨੂੰ "ਉਸ ਦੇ ਦੇਸ਼ ਭਗਤੀ ਦੇ ਜਜ਼ਬੇ ਅਤੇ ਸਮਾਜ ਦੀ ਸੇਵਾ ਲਈ ਉਸ ਦੇ ਦ੍ਰਿੜ ਯਤਨਾਂ ਲਈ" ਚੇਤੇ ਕੀਤਾ ਜਾਵੇਗਾ।

ਆਖ਼ਿਰਕਾਰ ਅਦਿੱਤਿਆਨਾਥ ਨੇ ਮਹੰਤ ਦਾ ਅਹੁਦਾ ਸੰਭਾਲ ਲਿਆ। ਅਵੈਦਿਆਨਾਥ ਦੇ ਅਧੀਨ ਉਸ ਦੀ ਤਕੜੀ ਸਿਖਲਾਈ ਹੋ ਚੁੱਕੀ ਸੀ, ਅਤੇ ਉਹ ਪਹਿਲਾਂ ਹੀ ਗੋਰਖ਼ਪੁਰ ਤੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕਾ ਸੀ।

2002 'ਚ ਉਸ ਨੇ ਹਿੰਦੂ ਯੁਵਾ ਵਾਹਿਨੀ ਬਣਾ ਲਈ ਸੀ, ਜੋ ਪਿਛਲੇ ਦਹਾਕੇ ਵਿਚ ਉਸ ਲਈ ਆਪਣਾ ਖ਼ੁਦ ਦਾ ਲੜਾਕੂ ਸ਼ਕਤੀ ਅਧਾਰ ਵਿਕਸਤ ਕਰਨ 'ਚ ਸਹਾਈ ਹੋਈ। ਇਸ ਗਰੁੱਪ ਨੇ ਜਿੱਥੇ ਪੂਰੇ ਰਾਜ ਵਿਚ ਹਿੰਦੂਤਵ ਫਾਇਰਬਰੈਂਡ ਦੇ ਰੂਪ ਵਿਚ ਉਸ ਦਾ ਅਕਸ ਮਜ਼ਬੂਤ ਕੀਤਾ, ਉੱਥੇ ਗੋਰਖ਼ਪੁਰ ਨੇ ਉਸ ਦੇ ਸੱਤਾ ਦੇ ਤਖ਼ਤ ਦੀ ਭੂਮਿਕਾ ਨਿਭਾਈ, ਜਿੱਥੋਂ ਉਸ ਨੇ ਪੂਰਬੀ ਉੱਤਰ ਪ੍ਰਦੇਸ਼ ਵਿਚ ਆਪਣਾ ਦਬਦਬਾ ਕਾਇਮ ਕੀਤਾ।

ਮੱਠ ਵਿਚ ਸ਼ਾਮਲ ਹੋਣ ਤੋਂ ਬਾਦ, ਅਦਿੱਤਿਆਨਾਥ ਨੇ ਜ਼ਿਆਦਾਤਰ ਸ਼ੁਰੂਆਤੀ ਵਕਤ ਗਾਵਾਂ ਦੀ ਦੇਖਭਾਲ ਕਰਦਿਆਂ, ਆਪਣੇ ਗੁਰੂ ਦੀ ਸੇਵਾ ਕਰਦਿਆਂ ਅਤੇ ਆਪਣੀ ਨਵੀਂ ਦੁਨੀਆ 'ਚ ਆਪਣੇ ਪੈਰ ਜਮਾਉਂਦਿਆਂ ਗੁਜ਼ਾਰਿਆ। 1996 ਦੀਆਂ ਗਰਮੀਆਂ 'ਚ, ਅਦਿੱਤਿਆਨਾਥ ਨੇ ਅਨਿਸ਼ਚਿਤਤਾ ਤਿਆਗ ਦਿੱਤੀ ਅਤੇ ਮਹਾਰਾਣਾ ਪ੍ਰਤਾਪ ਇੰਟਰ ਕਾਲਜ - ਜੋ ਗੋਰਖਨਾਥ ਮੱਠ ਦੁਆਰਾ ਚਲਾਈ ਜਾਂਦੀ ਸੰਸਥਾ ਹੈ, ਦੀ ਵਰਤੋਂ ਕਰਦੇ ਹੋਏ ਨਵੀਂ ਸ਼ੁਰੂਆਤ ਕਰਨ ਲਈ ਜਨਤਕ ਤੌਰ 'ਤੇ ਸਾਹਮਣੇ ਆ ਗਿਆ। ਕਾਲਜ ਦੇ ਪਾੜ੍ਹਿਆਂ ਦੀ ਸ਼ਹਿਰ ਦੇ ਗੋਲਘਰ ਬਾਜ਼ਾਰ ਵਿਚ ਦੁਕਾਨਦਾਰਾਂ ਨਾਲ ਲੜਾਈ ਹੋ ਗਈ ਸੀ, ਅਦਿੱਤਿਆਨਾਥ ਨੇ ਉਨ੍ਹਾਂ ਦੀ ਡੱਟ ਕੇ ਹਮਾਇਤ ਕੀਤੀ।

ਸੁਨੀਲ ਸਿੰਘ ਨੇ ਮੈਨੂੰ ਦੱਸਿਆ, "ਉਦੋਂ ਮੈਂ ਪਹਿਲੀ ਵਾਰ ਅਦਿੱਤਿਆਨਾਥ ਨੂੰ ਦੇਖਿਆ। ਉਹ ਵਿਦਿਆਰਥੀਆਂ ਦੇ ਮੁੱਦੇ ਨੂੰ ਉਠਾਉਣ ਲਈ ਆਤਮਵਿਸ਼ਵਾਸ ਅਤੇ ਦ੍ਰਿੜ ਸੰਕਲਪ ਜਾਪਦਾ ਸੀ। ਮੈਂ ਉਸ ਤੋਂ ਸੱਚਮੁੱਚ ਪ੍ਰਭਾਵਿਤ ਹੋਇਆ।" ਕਾਲਜ ਦੇ ਸਾਬਕਾ ਵਿਦਿਆਰਥੀ ਸਿੰਘ ਨੇ ਇਕਮੁੱਠਤਾ ਦਿਖਾਉਣ ਲਈ ਕੈਂਪਸ ਦਾ ਗੇੜਾ ਮਾਰਿਆ। ਸਿੰਘ ਨੇ ਦੱਸਿਆ, "ਲੜਾਈ ਮਾਮੂਲੀ ਗੱਲ ਨੂੰ ਲੈ ਕੇ ਸ਼ੁਰੂ ਹੋਈ ਸੀ, ਪਰ ਇਹ ਦੋਵੇਂ ਧਿਰਾਂ ਵਿਚਕਾਰ ਵੱਡੇ ਟਕਰਾਅ 'ਚ ਬਦਲ ਗਈ, ਜਿਸ ਦੇ ਨਤੀਜੇ ਵਜੋਂ ਪੁਲਿਸ ਵਿਦਿਆਰਥੀਆਂ ਦਾ ਪਿੱਛਾ ਕਰਦੀ ਹੋਸਟਲ ਤੱਕ ਗਈ।" "ਜਦੋਂ ਤਣਾਅ ਜ਼ਿਆਦਾ ਸੀ, ਅਦਿੱਤਿਆਨਾਥ ਕਾਲਜ ਦੇ ਹੋਸਟਲ ਵਿਚ ਗਿਆ। ਉਸ ਦੀ ਮੌਜੂਦਗੀ ਨੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ। ਉਹ ਉਸ ਦੇ ਪਿੱਛੇ ਲਾਮਬੰਦ ਹੋ ਗਏ ਅਤੇ ਪੁਲਿਸ ਨੂੰ ਪਿੱਛੇ ਹਟਣਾ ਪਿਆ।"

ਸਿੰਘ ਅਤੇ ਉਸ ਦੇ ਸਾਥੀਆਂ ਨੂੰ ਅਦਿੱਤਿਆਨਾਥ ਵਿਚ ਆਪਣਾ ਆਦਰਸ਼ ਮਿਲ ਗਿਆ। ਅਗਲੀ ਸਵੇਰ ਸਿੰਘ ਆਪਣੇ ਮਿੱਤਰਾਂ ਅਸ਼ੀਸ਼ ਸਿੰਘ ਸ਼੍ਰੀਨਾਤੇ, ਅਮਿਤ ਸਿੰਘ, ਕੁਮਾਰ ਗੌਰਵ ਅਤੇ ਮੈਯੰਕ ਤ੍ਰਿਪਾਠੀ ਨਾਲ ਅਦਿੱਤਿਆਨਾਥ ਦੇ ਦਰਸ਼ਨਾਂ ਕਰਨ ਲਈ ਮੰਦਰ 'ਚ ਜਾ ਪਹੁੰਚਿਆ। ਸਿੰਘ ਨੇ ਚੇਤੇ ਕੀਤਾ ਕਿ ਉਹ ਉਨ੍ਹਾਂ ਨੂੰ "ਮੰਦਰ ਨਾਲ ਸੰਬੰਧਤ ਗਊਸ਼ਾਲਾ ਵਿਚ ਉਸਾਰੀ ਦੇ ਕੰਮ ਦੀ ਨਿਗਰਾਨੀ ਕਰਦਾ ਹੋਇਆ ਮਿਲਿਆ। ਸਾਨੂੰ ਦੇਖ ਕੇ ਉਸ ਨੇ ਆਪਣਾ ਕੰਮ ਛੱਡ ਦਿੱਤਾ। ਉਹ ਸਾਡੇ ਨਾਮ ਅਤੇ ਜਾਤ ਪੁੱਛ ਕੇ ਸੰਤ ਆਸ਼ਰਮ ਵਿਚ ਆਪਣੇ ਕਮਰੇ 'ਚ ਲੈ ਗਿਆ। ਅਸੀਂ ਗੋਰਖ਼ਪੁਰ ਦੇ ਰਾਜਨੀਤਿਕ ਮਾਹੌਲ ਅਤੇ ਠਾਕੁਰਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਲੰਬੀ ਚਰਚਾ ਕੀਤੀ।" ਸਿੰਘ ਖ਼ੁਦ ਵੀ ਠਾਕੁਰ ਹੈ।

ਸਿੰਘ ਅਤੇ ਉਸ ਦੇ ਸਾਥੀਆਂ ਨੇ ਰੋਜ਼ਾਨਾ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਮਿਲ ਕੇ ਆਪਣੇ ਉਦੇਸ਼ ਲਈ ਹੋਰ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕਰ ਕੀਤਾ। ਸਿੰਘ ਨੇ ਦੱਸਿਆ, "ਅਸੀਂ ਗਊਸ਼ਾਲਾ ਦੇ ਨੇੜੇ ਜ਼ਮੀਨ ਵੀ ਪੱਧਰੀ ਕੀਤੀ ਅਤੇ ਉੱਥੇ ਬੈਡਮਿੰਟਨ ਖੇਡਣਾ ਸ਼ੁਰੂ ਕੀਤਾ।"



ਅਦਿੱਤਿਆਨਾਥ ਦੀ ਜਿਸ ਗੱਲ ਨੇ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਪ੍ਰਭਾਵਿਤ ਕੀਤਾ ਉਹ ਸੀ "ਉਸ ਨੇ ਗੋਰਖ਼ਪੁਰ ਵਿਚ ਠਾਕੁਰਾਂ ਦੀ ਸਥਿਤੀ ਨੂੰ ਸਮਝਣ 'ਚ ਖ਼ਾਸ ਦਿਲਚਸਪੀ ਲਈ।"

ਅਦਿੱਤਿਆਨਾਥ ਨੇ ਆਪਣੇ ਆਪ ਨੂੰ ਖੇਤਰ ਦੀ ਤਣਾਓਪੂਰਨ ਜਾਤਪਾਤੀ ਗਤੀਸ਼ੀਲਤਾ ਦੇ ਕੇਂਦਰ 'ਚ ਰੱਖਣਾ ਸ਼ੁਰੂ ਕਰ ਦਿੱਤਾ ਸੀ। ਗੋਰਖ਼ਪੁਰ ਦੇ ਇਕ ਸੀਨੀਅਰ ਪੱਤਰਕਾਰ ਮਨੋਜ ਕੁਮਾਰ ਨੇ ਮੈਨੂੰ ਦੱਸਿਆ, "ਇਹ ਜਾਤੀ ਅਧਾਰਤ ਭੇਦਭਾਵ ਵਾਂਗ ਜਾਪਦਾ ਹੈ, ਪਰ ਇਹ ਇਸ ਤੋਂ ਵੀ ਅੱਗੇ ਹੈ।" ਇਹ ਉਹ ਵਕਤ ਸੀ ਜਦੋਂ ਦੋ ਗੈਂਗਸਟਰਾਂ – ਹਰੀਸ਼ੰਕਰ ਤਿਵਾਰੀ ਜੋ ਬ੍ਰਾਹਮਣ ਸੀ, ਅਤੇ ਠਾਕੁਰ ਵਰਿੰਦਰ ਪ੍ਰਤਾਪ ਸ਼ਾਹੀ – ਦੀ ਜਾਤੀ ਅਧਾਰਤ ਦੁਸ਼ਮਣੀ ਦਾ ਗੋਰਖ਼ਪੁਰ ਉੱਪਰ ਬੋਲਬਾਲਾ ਸੀ। ਇੱਥੋਂ ਤੱਕ ਕਿ ਅਦਿੱਤਿਆਨਾਥ ਦੀ ਤਾਕਤ ਦਾ ਮੁੱਖ ਸਰੋਤ ਗੋਰਕਸ਼ਾਪੀਠ ਮੱਠ ਵੀ ਠਾਕੁਰ ਮੱਠ ਵਜੋਂ ਮਸ਼ਹੂਰ ਸੀ।

ਠਾਕੁਰ ਦੇ ਦਬਦਬੇ ਵਾਲੇ ਖੇਤਰ ਦਾ ਸਿਰਮੌਰ ਆਗੂ ਬਣਨ ਲਈ ਅਦਿੱਤਿਆਨਾਥ ਨੂੰ ਪਹਿਲਾਂ ਸਿਰਮੌਰ ਠਾਕੁਰ ਨੇਤਾ ਬਣਨਾ ਪੈਣਾ ਸੀ। 1996 ਦੀਆਂ ਲੋਕ ਸਭਾ ਚੋਣਾਂ ਵਿਚ ਅਵੈਦਿਆਨਾਥ ਨੂੰ ਵੀਰੇਂਦਰ ਪ੍ਰਤਾਪ ਸ਼ਾਹੀ ਤੋਂ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਜੋ ਗੋਰਖ਼ਪੁਰ ਸੀਟ ਲਈ ਸਮਾਜਵਾਦੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਿਹਾ ਸੀ, ਅਤੇ ਦੂਜੇ ਸਥਾਨ 'ਤੇ ਰਿਹਾ ਸੀ। 1997 'ਚ ਇਕ ਉੱਭਰ ਰਹੇ ਬ੍ਰਾਹਮਣ ਗੈਂਗਸਟਰ ਸ੍ਰੀ ਪ੍ਰਕਾਸ਼ ਸ਼ੁਕਲਾ ਵੱਲੋਂ ਸ਼ਾਹੀ ਦਾ ਕਤਲ ਗੋਰਖ਼ਪੁਰ ਵਿਚ ਠਾਕੁਰਾਂ ਦੇ ਦਬਦਬੇ ਲਈ ਪਛਾੜ ਜਾਪਦਾ ਸੀ, ਪਰ ਇਸ ਨੇ ਅਦਿੱਤਿਆਨਾਥ ਨੂੰ ਖਾਲੀ ਥਾਂ ਭਰਨ ਦਾ ਮੌਕਾ ਵੀ ਦਿੱਤਾ।

1998 'ਚ ਅਗਲੀਆਂ ਲੋਕ ਸਭਾ ਚੋਣਾਂ ਵਿਚ, ਅਵੈਦਿਆਨਾਥ ਨੇ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਅਤੇ ਆਪਣੇ ਜਾਨਸ਼ੀਨ ਨੂੰ ਭਾਜਪਾ ਉਮੀਦਵਾਰ ਬਣਨ ਦੀ ਇਜਾਜ਼ਤ ਦੇ ਦਿੱਤੀ। ਹਾਲਾਂਕਿ ਉਹ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਜਮਨਾ ਪ੍ਰਸਾਦ ਨਿਸ਼ਾਦ, ਜੋ ਕਿ ਹੋਰ ਪਛੜੀਆਂ ਸ਼੍ਰੇਣੀਆਂ 'ਚੋਂ ਸੀ, ਦੇ ਵਿਰੁੱਧ ਜਿੱਤ ਗਿਆ, ਪਰ ਜਿੱਤ ਦਾ ਅੰਤਰ 1996 ਵਾਲੇ ਤੋਂ ਤੇਜ਼ੀ ਨਾਲ ਘੱਟ ਗਿਆ ਸੀ। ਮੁਸਲਮਾਨਾਂ ਅਤੇ ਓ.ਬੀ.ਸੀ. 'ਚ ਹਮਾਇਤੀ ਆਧਾਰ ਵਾਲੀ ਸਮਾਜਵਾਦੀ ਪਾਰਟੀ ਭਾਜਪਾ ਦੇ ਪਾੜੇ ਨੂੰ ਤੇਜ਼ੀ ਨਾਲ ਭਰਦੀ ਜਾਪਦੀ ਸੀ, ਜੋ ਅਦਿੱਤਿਆਨਾਥ ਨੂੰ ਅਨਿਸ਼ਚਿਤ ਸਿਆਸੀ ਹੋਣੀ ਵੱਲ ਲਿਜਾ ਰਹੀ ਸੀ।

ਅਦਿੱਤਿਆਨਾਥ ਦੀ ਅਗਵਾਈ ਹੇਠ ਫਿਰਕੂ ਹਮਲਿਆਂ ਦੀ ਸੂਚੀ ਦਿੰਦਿਆਂ ਸੁਨੀਲ ਸਿੰਘ ਨੇ ਕਿਹਾ, "ਇਸ ਪਿਛੋਕੜ 'ਚ ਗੋਰਖ਼ਪੁਰ ਅਤੇ ਨੇੜਲੇ ਖੇਤਰਾਂ 'ਚ ਖੁੱਲ੍ਹੇਆਮ ਮੁਸਲਿਮ ਵਿਰੋਧੀ ਫਿਰਕੂ ਰਾਜਨੀਤੀ ਸ਼ੁਰੂ ਹੋਈ।.... ਮੈਂ ਲੱਗਭੱਗ ਸਭ ਘਟਨਾਵਾਂ ਵਿਚ ਉਸ ਦੇ ਨਾਲ ਸੀ। ਸ਼ਾਇਦ ਹੀ ਕੋਈ ਅਜਿਹਾ ਮਾਮਲਾ ਹੋਵੇ ਜਿਸ ਵਿਚ ਮੈਂ ਉਸ ਦੇ ਨਾਲ ਦੋਸ਼ੀ ਨਾ ਰਿਹਾ ਹੋਵਾਂ।"

ਇਨ੍ਹਾਂ ਵਿੱਚੋਂ ਸਭ ਤੋਂ ਬਦਨਾਮ 1999 ਦਾ ਪੰਚਰੁਖੀਆ ਕਾਂਡ ਸੀ। ਸਿੰਘ ਨੇ ਦੱਸਿਆ, "ਅਸੀਂ ਮਹਾਰਾਜਗੰਜ ਵਿਚ ਸੀ ਜਦੋਂ ਖ਼ਬਰ ਆਈ ਕਿ ਕਿਸੇ ਨੇ ਇਕ ਪਿੱਪਲ ਦਾ ਪੌਦਾ ਪੱਟ ਦਿੱਤਾ ਹੈ, ਜੋ ਕਿ ਕੁਝ ਸਥਾਨਕ ਹਿੰਦੂਆਂ ਦੁਆਰਾ ਲਗਾਇਆ ਗਿਆ ਸੀ। ਇਸ ਨੂੰ ਹਟਾਉਣ ਵਾਲਿਆਂ ਨੇ ਦਾਅਵਾ ਕੀਤਾ ਕਿ ਜਿਸ ਜਗ੍ਹਾ ਇਸ ਨੂੰ ਲਾਇਆ ਗਿਆ ਸੀ ਉਹ ਮੁਸਲਮਾਨ ਕਬਰਿਸਤਾਨ ਦਾ ਹਿੱਸਾ ਸੀ। ਅਦਿੱਤਿਆਨਾਥ ਨੇ ਤੁਰੰਤ ਐਲਾਨ ਕੀਤਾ ਕਿ ਉਹ ਉਸੇ ਥਾਂ 'ਤੇ ਦੁਬਾਰਾ ਪਿਪਲ ਦਾ ਪੌਦਾ ਲਗਾਉਣ ਲਈ ਸਿੱਧਾ ਪੰਚਰੁਖੀਆ ਜਾਵੇਗਾ।" ਇਸ ਐਲਾਨ ਨਾਲ ਸਥਾਨਕ ਪ੍ਰਸ਼ਾਸਨ ਚੁਕੰਨਾ ਹੋ ਕੇ ਹਰਕਤ 'ਚ ਆ ਗਿਆ। "ਅਸੀਂ ਝੱਟਪੱਟ ਉਸ ਪਿੰਡ ਪਹੁੰਚ ਗਏ, ਪਰ, ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਕਾਰਵਾਈ ਨੂੰ ਅੰਜਾਮ ਦਿੰਦੇ, ਪੁਲਿਸ ਨੇ ਆ ਕੇ ਸਾਨੂੰ ਉੱਥੋਂ ਦਬੱਲ ਦਿੱਤਾ।" ਅਦਿੱਤਿਆਨਾਥ ਦਾ ਕਾਫ਼ਲਾ ਪਿੰਡ ਤੋਂ ਭੱਜ ਤੁਰਿਆ, ਪਰ ਉਨ੍ਹਾਂ ਨੂੰ ਤਲਤ ਅਜ਼ੀਜ਼ ਦੀ ਅਗਵਾਈ ਵਿਚ ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਰੁਕਣ ਲਈ ਮਜਬੂਰ ਕਰ ਦਿੱਤਾ ਜੋ ਅਦਾਲਤ ਵਿਚ ਗ੍ਰਿਫ਼ਤਾਰੀ ਦੇਣ ਲਈ ਪਿੰਡ ਦੀ ਮੁੱਖ ਸੜਕ 'ਤੇ ਇਕੱਠੇ ਹੋਏ ਸਨ। ਉਹ ਰਾਜ ਦੀ ਸੱਤਾਧਾਰੀ ਭਾਜਪਾ ਸਰਕਾਰ ਦੇ ਅਧੀਨ ਵਿਗੜ ਰਹੀ ਕਾਨੂੰਨ ਵਿਵਸਥਾ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਸਨ। ਵਿਵਾਦ ਇਕਦਮ ਗੁੱਸੇਖ਼ੋਰ ਨਾਅਰੇਬਾਜ਼ੀ ਤੋਂ ਗੋਲੀਆਂ ਦੀ ਵਾਛੜ 'ਚ ਬਦਲ ਗਿਆ। ਅਜ਼ੀਜ਼ ਦੇ ਸੁਰੱਖਿਆ ਗਾਰਡ ਸੱਤਿਆਪ੍ਰਕਾਸ਼ ਯਾਦਵ ਨਾਂ ਦੇ ਹੌਲਦਾਰ ਦੇ ਚਿਹਰੇ 'ਤੇ ਗੋਲੀ ਲੱਗਣ ਨਾਲ ਉਹ ਡਿਗ ਪਿਆ ਅਤੇ ਖ਼ੂਨ ਬਹੁਤ ਜ਼ਿਆਦਾ ਵਹਿ ਰਿਹਾ ਸੀ। ਬਾਦ ਵਿਚ ਉਸ ਦੀ ਮੌਤ ਹੋ ਗਈ। ਅਜ਼ੀਜ਼ ਅਤੇ ਸਮਾਜਵਾਦੀ ਪਾਰਟੀ ਦੇ ਹੋਰ ਵਰਕਰ ਭੈਭੀਤ ਹੋਏ ਆਲੇ ਦੁਆਲੇ ਦੇ ਖੇਤਾਂ 'ਚ ਭੱਜ ਤੁਰੇ ਅਤੇ ਅਦਿੱਤਿਆਨਾਥ ਅਤੇ ਉਸ ਦੇ ਆਦਮੀਆਂ ਦੇ ਨਿਕਲਣ ਲਈ ਰਾਹ ਪੱਧਰਾ ਹੋ ਗਿਆ।

ਤਿੰਨ ਘੰਟੇ ਬਾਦ, ਮਹਾਰਾਜਗੰਜ ਪੁਲਿਸ ਨੇ ਅਦਿੱਤਿਆਨਾਥ ਅਤੇ 24 ਹੋਰਾਂ 'ਤੇ ਇਰਾਦਾ ਕਤਲ, ਦੰਗੇ, ਮਾਰੂ ਹਥਿਆਰ ਰੱਖਣ, ਪੂਜਾ ਸਥਾਨ ਦੀ ਬੇਅਦਬੀ, ਮੁਸਲਿਮ ਕਬਰਿਸਤਾਨ ਵਿਚ ਘੁਸਣ ਅਤੇ ਵੈਰ ਭਾਵਨਾ ਨੂੰ ਉਕਸਾਉਣ ਸਮੇਤ ਅਪਰਾਧਾਂ ਦੀ ਲੰਮੀ ਸੂਚੀ ਤਹਿਤ ਐੱਫ.ਆਈ.ਆਰ. ਦਰਜ ਕੀਤੀ।

ਪੰਚਰੁਖੀਆ ਕਾਂਡ ਨੇ ਅਦਿੱਤਿਆਨਾਥ ਨੂੰ ਗੋਰਖ਼ਪੁਰ ਵਿਚ ਇਕ ਸਨਸਨੀਖੇਜ਼ ਹਸਤੀ ਬਣਾ ਦਿੱਤਾ, ਪਰ ਇਸ ਨੇ ਸਮਾਜਵਾਦੀ ਪਾਰਟੀ ਦੀ ਵੱਧ ਰਹੀ ਹਮਾਇਤ ਨੂੰ ਪੁੱਠਾ ਗੇੜਾ ਨਹੀਂ ਦਿੱਤਾ। ਕੁਝ ਮਹੀਨੇ ਬਾਦ 1999 'ਚ ਹੋਈ ਲੋਕ ਸਭਾ ਚੋਣ ਵਿਚ ਅਦਿੱਤਿਆਨਾਥ ਦੀ ਨਿਸ਼ਾਦ ਨਾਲੋਂ ਜਿੱਤ ਦਾ ਫ਼ਰਕ ਹੋਰ ਸੁੰਗੜ ਕੇ ਸਿਰਫ਼ ਸੱਤ ਹਜ਼ਾਰ ਵੋਟਾਂ ਰਹਿ ਗਿਆ।

ਜਾਪਦਾ ਹੈ ਕਿ 2002 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਨਾਲ ਹੋਈ ਦੁਰਗਤ ਨੇ ਅਦਿੱਤਿਆਨਾਥ ਨੂੰ ਨਿੱਜੀ ਹਿੰਦੂ ਮਿਲੀਸ਼ੀਆ ਬਣਾਉਣ ਲਈ ਪ੍ਰੇਰਿਆ। ਇਹ ਮੌਕਾ ਚੋਣ ਨਤੀਜਿਆਂ ਦੇ ਐਲਾਨ ਦੇ ਇਕ ਹਫ਼ਤੇ ਦੇ ਅੰਦਰ ਆਇਆ। 27 ਫਰਵਰੀ 2002 ਨੂੰ, ਗੁਜਰਾਤ ਦੇ ਇਕ ਛੋਟੇ ਜਿਹੇ ਕਸਬੇ ਗੋਧਰਾ 'ਚ ਰੇਲਵੇ ਸਟੇਸ਼ਨ ਦੇ ਬਾਹਰ ਸਾਬਰਮਤੀ ਐਕਸਪ੍ਰੈਸ ਦੇ ਇਕ ਡੱਬੇ 'ਚ ਅੱਗ ਲੱਗਣ ਕਾਰਨ 59 ਲੋਕ ਮਾਰੇ ਗਏ। ਇਸ ਘਟਨਾ ਨੇ ਹਾਲੀਆ ਭਾਰਤੀ ਇਤਿਹਾਸ ਵਿਚ ਮੁਸਲਿਮ ਵਿਰੋਧੀ ਹਿੰਸਾ ਦੇ ਇਕ ਸਭ ਤੋਂ ਭਿਆਨਕ ਵਿਸਫੋਟ ਨੂੰ ਜਨਮ ਦਿੱਤਾ, ਖ਼ਾਸ ਤੌਰ 'ਤੇ ਗੁਜਰਾਤ ਵਿਚ ਕੇਂਦ੍ਰਿਤ ਖ਼ੂਨ-ਖਰਾਬੇ ਨਾਲ। ਜਦੋਂ ਮੁਲਕ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤੇ ਗਏ ਪਹਿਲੇ ਕਤਲੇਆਮ ਦੇ ਦ੍ਰਿਸ਼ਾਂ ਨਾਲ ਪ੍ਰੇਸ਼ਾਨ ਸੀ - ਕਿਉਂਕਿ ਸਦੀ ਦੇ ਆਖ਼ਰੀ ਦਹਾਕੇ 'ਚ ਨਿੱਜੀ ਨਿਊਜ਼ ਚੈਨਲਾਂ 'ਚ ਉਛਾਲ ਆਇਆ ਸੀ – ਅਦਿੱਤਿਆਨਾਥ ਨੇ ਹਿੰਦੂ ਯੁਵਾ ਵਾਹਿਨੀ ਖੜ੍ਹੀ ਕਰਨ ਲਈ ਪਹਿਲੇ ਕਦਮ ਚੁੱਕੇ।

ਵਾਹਿਨੀ ਬਣਾਏ ਜਾਣ ਦੇ ਇਕ ਸਾਲ ਦੇ ਅੰਦਰ, ਗੋਰਖ਼ਪੁਰ ਅਤੇ ਇਸਦੇ ਗੁਆਂਢੀ ਜ਼ਿਲ੍ਹਿਆਂ 'ਚ ਬੇਸ਼ੁਮਾਰ ਛੋਟੀਆਂ ਘਟਨਾਵਾਂ ਤੋਂ ਇਲਾਵਾ ਫਿਰਕੂ ਹਿੰਸਾ ਦੇ ਘੱਟੋ-ਘੱਟ ਛੇ ਵੱਡੇ ਕਾਂਡ ਹੋਏ। ਜੂਨ ਮਹੀਨੇ 'ਚ ਕੁਸ਼ੀਨਗਰ ਜ਼ਿਲ੍ਹੇ ਦੇ ਮੋਹਨ ਮੁੰਡੇਰਾ, ਗੋਰਖ਼ਪੁਰ ਜ਼ਿਲ੍ਹੇ ਦੇ ਨਾਥੂਆ ਅਤੇ ਸ਼ਹਿਰ ਦੇ ਤੁਰਕਮਾਨਪੁਰ ਇਲਾਕੇ 'ਚ; ਅਗਸਤ ਵਿਚ ਮਹਾਰਾਜਗੰਜ ਜ਼ਿਲ੍ਹੇ ਵਿਚ ਨਰਕਤਾਹਾ; ਅਤੇ ਸਤੰਬਰ ਵਿਚ ਮਹਾਰਾਜਗੰਜ ਜ਼ਿਲ੍ਹੇ 'ਚ ਭੇਦਾਹੀ ਅਤੇ ਸੰਤ ਕਬੀਰ ਨਗਰ ਜ਼ਿਲ੍ਹੇ ਦੇ ਧਨਘਾਟਾ ਵਿਚ ਵੱਡੇ ਕਾਂਡ ਵਾਪਰੇ। ਸੱਭਿਆਚਾਰਕ ਸੰਸਥਾ ਵਜੋਂ ਰਜਿਸਟਰਡ ਹੋਣ ਦੇ ਬਾਵਜੂਦ ਗਰੁੱਪ ਬੇਸ਼ਰਮੀ ਨਾਲ ਹਮਲਾਵਰ ਸੀ। ਇਸ ਦੀ ਤਰਜ਼ੀਹੀ ਰਣਨੀਤੀ ਹਿੰਦੂ ਅਤੇ ਮੁਸਲਮਾਨ ਵਿਚਕਾਰ ਹਰ ਤਕਰਾਰ ਅਤੇ ਝਗੜੇ ਨੂੰ ਮਜ਼ਬੀ ਰੰਗਤ ਦੇਣਾ ਅਤੇ ਇਸ ਨੂੰ ਪੂਰੀ ਤਰ੍ਹਾਂ ਨਾਲ ਫਿਰਕੂ ਦੰਗਿਆਂ ਵਿਚ ਬਦਲਣ ਦੀ ਸੀ। ਅਗਲੇ ਸਾਲਾਂ 'ਚ ਫਿਰਕੂ ਗੜਬੜ ਲਗਾਤਾਰ ਜਾਰੀ ਰਹੀ ਕਿਉਂਕਿ ਸਥਾਨਕ ਪ੍ਰਸ਼ਾਸਨ ਬੇਅਸਰ ਰਿਹਾ। "2007 'ਚ ਅਦਿੱਤਿਆਨਾਥ ਦੀ ਗ੍ਰਿਫ਼ਤਾਰੀ ਤੱਕ ਗੋਰਖ਼ਪੁਰ ਅਤੇ ਲਾਗਲੇ ਜ਼ਿਲ੍ਹਿਆਂ 'ਚ ਘੱਟੋ-ਘੱਟ 22 ਵੱਡੇ ਦੰਗੇ ਹੋ ਚੁੱਕੇ ਹਨ", ਇਹ ਮੈਨੂੰ ਖੇਤਰ ਦੇ ਫਿਰਕੂ ਦੰਗਿਆਂ ਵੇਰਵਾ ਤਿਆਰ ਕਰਨ ਵਾਲੇ ਮਨੋਜ ਕੁਮਾਰ ਨੇ ਮੈਨੂੰ ਦੱਸਿਆ।

ਹਿੰਦੂ ਯੁਵਾ ਵਾਹਿਨੀ ਦੀਆਂ ਭੜਕਾਊ ਮੁਹਿੰਮਾਂ ਨੇ ਅਦਿੱਤਿਆਨਾਥ ਨੂੰ ਭਰਪੂਰ ਚੋਣ ਲਾਭ ਦਿੱਤਾ। 2004 ਦੀਆਂ ਲੋਕ ਸਭਾ ਚੋਣਾਂ ਵਿਚ ਉਸ ਨੇ ਗੋਰਖ਼ਪੁਰ ਸੀਟ ਜਿੱਤੀ, ਜਦੋਂ ਕਿ ਪੂਰੇ ਮੁਲਕ 'ਚ ਭਾਜਪਾ ਦੀ ਹਾਰ ਹੋਈ। ਉਸ ਦੀ ਜਿੱਤ ਦਾ ਫ਼ਰਕ ਤੇਜ਼ੀ ਨਾਲ ਵਧ ਕੇ ਇਕ ਲੱਖ ਚਾਲੀ ਹਜ਼ਾਰ ਤੋਂ ਵੱਧ ਵੋਟਾਂ ਤੱਕ ਪਹੁੰਚ ਗਿਆ।

ਸ਼ੁਰੂ 'ਚ ਇੰਞ ਜਾਪਿਆ ਕਿ 2007 ਦੇ ਝਟਕੇ ਨੇ, ਜਦੋਂ ਉਹ ਜੇਲ੍ਹ ਗਿਆ ਅਤੇ ਬਾਦ ਵਿਚ ਲੋਕ ਸਭਾ ਵਿਚ ਰੋਇਆ- ਸ਼ੁਰੂ 'ਚ ਅਦਿੱਤਿਆਨਾਥ ਨੂੰ ਸਿਆਸੀ ਤੌਰ 'ਤੇ ਵਧੇਰੇ ਸਮਝਦਾਰ ਅਤੇ ਵਧੇਰੇ ਸੰਜਮੀ ਬਣਾ ਦਿੱਤਾ ਸੀ। ਥੋੜ੍ਹੇ ਸਮੇਂ ਲਈ, ਉਸ ਨੇ ਆਮ ਤੌਰ 'ਤੇ ਨਿੱਜੀ ਰੂਪ 'ਚ ਭੀੜ ਦੀ ਅਗਵਾਈ ਕਰਨ ਅਤੇ ਮੁਸਲਮਾਨਾਂ 'ਤੇ ਹਮਲਿਆਂ 'ਚ ਹਿੱਸਾ ਲੈਣ ਤੋਂ ਪਰਹੇਜ਼ ਕੀਤਾ, ਜਿਵੇਂ ਉਹ ਪਹਿਲਾਂ ਕਰਦਾ ਸੀ। ਅਦਿੱਤਿਆਨਾਥ ਸਿਰਫ਼ ਭੜਕਾਊ ਭਾਸ਼ਣ ਦੇਣ ਅਤੇ ਸੰਕੇਤਕ ਕਾਰਵਾਈਆਂ 'ਚ ਹਿੱਸਾ ਲੈਣ 'ਤੱਕ ਸੀਮਤ ਰਿਹਾ, ਜਦੋਂ ਕਿ ਬਾਕੀ ਕੰਮ ਉਸ ਦੀ ਹਿੰਦੂ ਮਿਲੀਸ਼ੀਆ ਕਰਦੀ ਰਹੀ। ਇਸ ਰਣਨੀਤੀ ਨਾਲ, ਉਹ 2009 'ਚ ਹੋਰ ਵੀ ਵੱਡੇ ਫ਼ਰਕ ਨਾਲ ਲੋਕ ਸਭਾ 'ਚ ਵਾਪਸ ਆ ਗਿਆ।

(ਚਲਦਾ...)

## ਕੈਨੇਡੀਅਨ ਸਰਕਾਰ ਨੂੰ...

ਏਅਰ ਇੰਡੀਆ ਬੰਬ ਧਮਾਕਿਆਂ ਦੇ ਸਿਲਸਿਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਇਕਲੌਤਾ ਵਿਅਕਤੀ ਇੰਦਰਜੀਤ ਸਿੰਘ ਰਿਆਤ ਹੈ। ਸਿੱਖ ਕਰੋੜਪਤੀ ਰਿਪੁਦਮਨ ਸਿੰਘ ਮਲਿਕ ਸਮੇਤ ਦੋ ਵਿਅਕਤੀਆਂ ਨੂੰ 2005 ਵਿੱਚ ਬੀ ਸੀ ਸੁਪਰੀਮ ਕੋਰਟ ਵਿੱਚ ਨਾਕਾਫ਼ੀ ਸਬੂਤਾਂ ਕਾਰਨ ਬਰੀ ਕਰ ਦਿੱਤਾ ਗਿਆ ਸੀ। ਜਸਟਿਸ ਇਆਨ ਬਰੂਸ ਜੋਸੇਫਸਨ ਨੇ ਘੋਸ਼ਣਾ ਕੀਤੀ ਕਿ ਮਲਿਕ ਲਈ ਉਸਦਾ ਗ਼ੈਰ-ਦੋਸ਼ੀ ਫ਼ੈਸਲਾ ਉਸਦੀ ਨਿਰਦੋਸ਼ਤਾ ਦਾ ਐਲਾਨ ਨਹੀਂ ਸੀ। ਜੋਸੇਫਸਨ ਨੇ ਬਾਅਦ ਵਿੱਚ ਮਲਿਕ ਨੂੰ ਉਸਦੇ ਕਾਨੂੰਨੀ ਬਿੱਲਾਂ ਲਈ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ।ਫਿਰ ਵੀ ਭਾਰਤ ਸਰਕਾਰ ਨੇ ਮਲਿਕ ਨੂੰ 2019 ਵਿੱਚ ਉਸ ਦੇ ਜਨਮ ਵਾਲੇ ਦੇਸ਼ ਵਿੱਚ ਵਾਪਸ ਜਾਣ ਲਈ ਵੀਜ਼ਾ ਦਿੱਤਾ। ਪਰ ਕਹਾਣੀ ਇੱਥੇ ਹੀ ਖ਼ਤਮ ਨਹੀਂ ਹੋਈ। ਉਸ ਦੇ ਭਰਾ ਨੇ ਇੱਕ ਪੰਜਾਬੀ ਟੀਵੀ ਚੈਨਲ ਨਾਲ ਇੱਕ ਇੰਟਰਵਿਊ ਦੌਰਾਨ ਮੰਨਿਆ ਕਿ ਉਹ ਭਾਰਤ ਦੀ ਬਦਨਾਮ ਜਾਸੂਸੀ ਏਜੰਸੀ, ਰਿਸਰਚ ਐਂਡ ਐਨਾਲਿਸਿਸ ਵਿੰਗ (ਆਰ. ਐਂਡ ਏ. ਡਬਲਯੂ.) ਦੇ ਮੁਖੀ ਸਾਮੰਤ ਗੋਇਲ ਨੂੰ ਮਿਲੇ ਸਨ ।

ਇਸ ਨਾਲ ਕੈਨੇਡੀਅਨ ਸਿੱਖ ਭਾਈਚਾਰੇ ਵਿੱਚ ਚਿੰਤਾ ਪੈਦਾ ਹੋ ਗਈ ਹੈ। ਆਖ਼ਰਕਾਰ, ਕੈਨੇਡਾ ਵਿੱਚ ਸਿੱਖ ਆਬਾਦੀ ਦਾ ਇੱਕ ਹਿੱਸਾ ਇਹ ਮੰਨਦਾ ਹੈ ਕਿ ਏਅਰ ਇੰਡੀਆ ਬੰਬ ਧਮਾਕੇ ਕੈਨੇਡਾ ਵਿੱਚ ਸਿੱਖ ਸਿਆਸੀ ਕਾਰਕੁਨਾਂ ਨੂੰ ਬਦਨਾਮ ਕਰਨ ਦੀ ਇੱਕ ਭਾਰਤੀ ਸਾਜ਼ਿਸ਼ ਦਾ ਹਿੱਸਾ ਸਨ। ਮਲਿਕ ਅਤੇ ਗੋਇਲ ਵਿਚਕਾਰ ਸੁਹਿਰਦ ਮੁਲਾਕਾਤ ਨੇ ਉਨ੍ਹਾਂ ਸਾਜ਼ਿਸ਼ ਸਿਧਾਂਤਾਂ ਨੂੰ ਹੋਰ ਮਜ਼ਬੂਤ ਕੀਤਾ। ਹਾਲ ਹੀ ਵਿੱਚ, ਮਲਿਕ ਨੇ ਭਾਰਤ ਦੇ ਦੱਖਣਪੰਥੀ ਹਿੰਦੂ ਰਾਸ਼ਟਰਵਾਦੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖਿਆ, ਜਿਸ ਵਿੱਚ ਲੰਬੇ ਸਮੇਂ ਤੋਂ ਲਟਕ ਰਹੀਆਂ ਸਿੱਖ ਮੰਗਾਂ 'ਤੇ ਉਨ੍ਹਾਂ ਦੀਆਂ ਪਹਿਲਕਦਮੀਆਂ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਮਲਿਕ ਅਤੇ ਏਅਰ ਇੰਡੀਆ ਕੇਸ ਵਿੱਚ ਨਾਮਜ਼ਦ ਹੋਰਾਂ ਦੇ ਸੰਬੰਧਾਂ ਦੀ ਜਾਂਚ ਭਾਰਤ ਸਰਕਾਰ ਨੂੰ ਕਰਨੀ ਚਾਹੀਦੀ ਹੈ। ਕਿਉਂਕਿ ਭਾਰਤ ਕੋਲ ਅਜਿਹੀ ਕਿਸੇ ਵੀ ਜਾਂਚ ਵਿੱਚ ਦਿਲਚਸਪੀ ਲੈਣ ਦਾ ਕੋਈ ਕਾਰਨ ਨਹੀਂ ਹੈ, ਇਸ ਲਈ ਕੈਨੇਡੀਅਨ ਸਰਕਾਰ ਨੂੰ ਜ਼ਿਆਦਾ ਸਮਾਂ ਗੁਆਏ ਬਿਨਾਂ ਇਸ ਨੂੰ ਸ਼ੁਰੂ ਕਰਨਾ ਚਾਹੀਦਾ ਹੈ।

## ਮੋਦੀ ਸਰਕਾਰ ਨੇ...

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਸਰਕਾਰ ਨੇ ਪੈਗਾਸਸ ਦੀ ਖ਼ਰੀਦ ਕਰਕੇ ਆਪਣੇ ਹੀ ਨਾਗਰਿਕਾਂ ਦੀ ਜਾਸੂਸੀ ਕਰਕੇ ਦੇਸ਼ ਧ੍ਰੋਹ ਕੀਤਾ। ਰਾਹੁਲ ਗਾਂਧੀ ਨੇ ਟਵਿੱਟਰ 'ਤੇ ਪਾਏ ਸੰਦੇਸ਼ ਵਿੱਚ ਕਿਹਾ ਕਿ ਮੋਦੀ ਸਰਕਾਰ ਨੇ ਸਾਡੇ ਲੋਕਤੰਤਰ ਦੀਆਂ ਮੁੱਢਲੀਆਂ ਸੰਸਥਾਵਾਂ, ਰਾਜਨੇਤਾਵਾਂ ਅਤੇ ਜਨਤਾ ਦੀ ਜਾਸੂਸੀ ਲਈ ਪੈਗਾਸਸ ਖ਼ਰੀਦਿਆ ਸੀ। ਉਨ੍ਹਾਂ ਕਿਹਾ ਕਿ ਫ਼ੋਨ ਟੈਪ ਕਰਕੇ ਸੱਤਾ ਧਿਰ, ਵਿਰੋਧੀ, ਫ਼ੌਜ, ਨਿਆਂਪਾਲਿਕਾ ਸਭ ਨੂੰ ਨਿਸ਼ਾਨਾ ਬਣਾਇਆ ਹੈ । ਇਹ ਦੇਸ਼ ਧ੍ਰੋਹ ਹੈ । ਕਾਂਗਰਸ ਨੇ ਇਸ ਮੁੱਦੇ 'ਤੇ ਵਿਸ਼ੇਸ਼ ਤੌਰ 'ਤੇ ਪ੍ਰੈੱਸ ਕਾਨਫ਼ਰੰਸ ਸੱਦ ਕੇ ਵੀ ਮੋਦੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਇਸ ਸਾਫ਼ਟਵੇਅਰ ਦੀ ਖ਼ਰੀਦ ਦੇ ਲਈ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਸੰਸਦ ਨੂੰ ਧੋਖਾ ਦਿੱਤਾ ਹੈ । ਉਨ੍ਹਾਂ ਦੋਸ਼ ਲਗਾਉਂਦਿਆਂ ਕਿਹਾ ਕਿ ਜਨਤਾ ਦੇ ਪੈਸੇ ਦਾ ਇਸਤੇਮਾਲ ਜਾਸੂਸੀ ਲਈ ਕੀਤਾ ਗਿਆ।

## ਭੁੱਲਰ ਦੀ ਰਿਹਾਈ...

ਭੁੱਲਰ ਨੂੰ ੧੯੯੪ ਵਿੱਚ ਜਰਮਨੀ ਵਿੱਚ ਸਿਆਸੀ ਸ਼ਰਨ ਲੈਣ ਜਾਂਦੇ ਸਮੇਂ ਫ਼ਰੈਂਕਫਰਟ ਵਿੱਚ ਇਮੀਗਰੇਸ਼ਨ ਕਾਗਜ਼ ਸਹੀ ਨਾ ਹੋਣ ਕਰਨ ਹਿਰਾਸਤ ਵਿੱਚ ਲਿਆ ਗਿਆ ਅਤੇ ੧੯੯੫ ਵਿੱਚ ਭਾਰਤ ਹਵਾਲੇ ਕਰ ਦਿੱਤਾ ਗਿਆ। ਭਾਰਤ ਵਿੱਚ ਉਹ ਉਦੋਂ ਤੋਂ ਹੀ ਵੱਖ-ਵੱਖ ਜੇਲਾਂ ਵਿੱਚ ਰਹੇ ਹਨ। ਉਨ੍ਹਾਂ ਦੀ ਮਾਨਸਿਕ ਸਿਹਤ ਵੀ ਵਿਗੜ ਗਈ ਸੀ। ਪਿਛਲੇ ਕੁਝ ਸਾਲਾਂ ਤੋਂ ਉਹ ਅੰਮ੍ਰਿਤਸਰ ਕੇਂਦਰੀ ਜੇਲ ਵਿੱਚ ਹਨ।

ਭੁੱਲਰ ਕਈ ਵਾਰ ਪੈਰੋਲ ਤੇ ਰਿਹਾਅ ਵੀ ਹੋਏ ਹਨ ਤੇ ਅੰਮ੍ਰਿਤਸਰ ਵਿੱਚ ਹੀ ਉਨ੍ਹਾਂ ਦਾ ਇਲਾਜ ਵੀ ਚੱਲ ਰਿਹਾ ਹੈ।

ਭੁੱਲਰ ਦੀ ਪਤਨੀ ਨਵਨੀਤ ਕੌਰ ਆਪਣੇ ਪਤੀ ਖ਼ਿਲਾਫ਼ ਸਾਰੇ ਇਲਜ਼ਾਮਾਂ ਨੂੰ ਰੱਦ ਕਰਦੇ ਰਹੇ ਹਨ। ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਆਪਣੇ ਪਤੀ ਖ਼ਿਲਾਫ਼ ਸਾਰੇ ਇਲਜ਼ਾਮਾਂ ਨੂੰ ਰੱਦ ਕਰਦੇ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਭੁੱਲਰ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ, ਉਨ੍ਹਾਂ ਤੋਂ ਪੁਲਿਸ ਹਿਰਾਸਤ ਦੌਰਾਨ ਹਲਫ਼ੀਆ ਬਿਆਨ ਉੱਤੇ ਹਸਤਾਖ਼ਰ ਕਰਵਾ ਲਏ ਗਏ ਅਤੇ ਇਸੇ ਅਧਾਰ ਉੱਤੇ ਸਜ਼ਾ ਦੇ ਦਿੱਤੀ ਗਈ।

**ਭੁੱਲਰ ਦੀ ਰਿਹਾਈ ਵਿੱਚ ਕੀ ਅੜਚਨ ਹੈ ?**

ਕੇਂਦਰ ਸਰਕਾਰ ਨੇ ੨੦੧੯ ਵਿੱਚ ਭੁੱਲਰ ਨੂੰ ਰਿਹਾਅ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪ੍ਰੋਟੋਕਾਲ ਮੁਤਾਬਕ ਸਜ਼ਾ ਬਾਰੇ ਫ਼ੈਸਲਾ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਅਨਿਲ ਬੈਜ਼ਲ ਨੇ ਸਜ਼ਾ ਸਮੀਖਿਆ ਬੋਰਡ ਦੀ ਸਿਫ਼ਾਰਿਸ਼ ਉੱਤੇ ਲੈਣਾ ਸੀ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਮੁਤਾਬਕ ਹਰ ਸੂਬੇ ਵਿੱਚ ਜੇਲ ਮੰਤਰੀ ਦੀ ਅਗਵਾਈ ਹੇਠ ਬੋਰਡ ਬਣੇ ਹੋਏ ਹਨ। ਭੁੱਲਰ ਦੀ ਰਿਹਾਈ ਦੀ ਮੰਗ ਸਿੱਖ ਸੰਗਠਨ ਲਗਾਤਾਰ ਕਰਦੇ ਰਹਿੰਦੇ ਹਨ। ਦਸਤਾਵੇਜ਼ਾਂ ਮੁਤਾਬਕ ੧੧ ਦਸੰਬਰ ੨੦੨੦ ਨੂੰ ਜਦੋਂ ਭੁੱਲਰ ਦੀ ਰਿਹਾਈ ਉੱਤੇ ਸਜ਼ਾ ਸਮੀਖਿਆ ਬੋਰਡ ਦੀ ਬੈਠਕ ਹੋਈ ਤਾਂ ਇਹ ਕੇਸ ਰੱਦ ਕਰ ਦਿੱਤਾ ਗਿਆ।

ਅੰਮ੍ਰਿਤਸਰ ਪੁਲਿਸ (ਜਿੱਥੇ ਕੁਝ ਸਮਾਂ ਭੁੱਲਰ ਬੰਦ ਸਨ ਅਤੇ ਜਿੱਥੇ ਉਨ੍ਹਾਂ ਦੀ ਪਤਨੀ ਰਹਿੰਦੇ ਹਨ) ਆਪਣੇ ਵੱਲੋਂ ਭੁੱਲਰ ਦੀ ਰਿਹਾਈ ਬਾਰੇ ਕੋਈ ਇਤਰਾਜ਼ ਨਾ ਹੋਣ ਦੀ ਸਿਫ਼ਾਰਿਸ਼ ਕਰ ਦਿੱਤੀ ਸੀ।

ਦਿੱਲੀ ਦੇ ਸਮਾਜ ਭਲਾਈ ਵਿਭਾਗ ਨੇ ਕੋਈ ਰਿਪੋਰਟ ਨਹੀਂ ਭੇਜੀ ਅਤੇ ਪੰਜਾਬ ਦੇ ਵਿਭਾਗ ਨੇ ਨਾ ਵਿਰੋਧ ਕੀਤਾ ਅਤੇ ਨਾ ਹੀ ਸਿਫ਼ਾਰਿਸ਼ ਕੀਤੀ। ਬੈਠਕ ਦੇ ਵੇਰਵਿਆਂ ਮੁਤਾਬਕ ਭੁੱਲਰ ਨੂੰ ਦੇਸ਼ ਵਿਰੋਧੀ ਅਤੇ ਖ਼ਤਰਨਾਕ ਖਾੜਕੂ ਗਤੀਵਿਧੀਆਂ, ਅਪਰਾਧ ਦੀ ਗੰਭੀਰਤਾ ਅਤੇ ਹਿਸਟਰੀ ਦਾ ਹਵਾਲਾ ਦੇ ਕੇ ਰਿਹਾਈ ਦਾ ਕੇਸ ਰੱਦ ਕਰ ਦਿੱਤਾ ਗਿਆ। ਇਸ ਬਾਰੇ ਸਜ਼ਾ ਨਿਗਰਾਨੀ ਬੋਰਡ ਨੇ ਦੋ ਵਾਰ ਕੇਸ ਰੱਦ ਕਰ ਦਿੱਤਾ।

**ਵਿਧਾਨ ਸਭਾ ਚੋਣਾਂ ਦੌਰਾਨ ਹੁਣ ਕਿਉਂ ਭਖਿਆ ਮਸਲਾ**

ਭੁੱਲਰ ਦੀ ਰਿਹਾਈ ਖ਼ਿਲਾਫ਼ ਮਨਿੰਦਰਜੀਤ ਸਿੰਘ ਬਿੱਟਾ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਹੋਈ ਸੀ, ੯ ਦਸੰਬਰ ੨੦੨੧ ਨੂੰ ਇਸ ਪਟੀਸ਼ਨ ਦਾ ਅਦਾਲਤ ਨੇ ਨਿਪਟਾਰਾ ਕਰ ਦਿੱਤਾ ਸੀ। ਅਦਾਲਤ ਨੇ ਇਸ ਮਾਮਲੇ ਵਿੱਚ ਯਥਾਸਥਿਤੀ ਬਰਕਰਾਰ ਰੱਖਣ ਦੇ ਹੁਕਮ ਦਿੱਤੇ, ਜਾਣੀ ਭੁੱਲਰ ਨੂੰ ਰਿਹਾਅ ਕਰਨ ਵਾਲੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਬਰਕਰਾਰ ਰੱਖਿਆ। ਅਲਾਇੰਸ ਫ਼ਾਰ ਸਿੱਖ ਆਰਗੇਨਾਈਜੇਸ਼ਨ ੩੫ ਸਿੱਖ ਸੰਗਠਨਾਂ ਦਾ ਸਾਂਝਾ ਮੋਰਚਾ ਹੈ। ਇਸ ਦੇ ਆਗੂ ਸੁਖਦੇਵ ਸਿੰਘ ਫਗਵਾੜਾ ਨੇ ਕਿਹਾ ਇਸ ਤੋਂ ਦੋ ਦਿਨਾਂ ਬਾਅਦ ਉਨ੍ਹਾਂ ਕੇਜਰੀਵਾਲ ਸਰਕਾਰ ਨੂੰ ਭੁੱਲਰ ਦੀ ਰਿਹਾਈ ਦੀ ਫ਼ਾਇਲ ਕਲੀਅਰ ਕਰਨ ਲਈ ਕਿਹਾ।

ਪਰ ਜਦੋਂ ਹੁਣ ਸਜ਼ਾ ਸਮੀਖਿਆ ਬੋਰਡ ਦੇ ਦਸਤਾਵੇਜ਼ ਸਾਹਮਣੇ ਆਏ ਹਨ ਤਾਂ ਪਤਾ ਲੱਗਿਆ ਕਿ ਸਤੇਂਦਰ ਜੈਨ ਦੀ ਅਗਵਾਈ ਵਾਲਾ ਸਜ਼ਾ ਸਮੀਖਿਆ ਬੋਰਡ ਦੋ ਵਾਰ ਭੁੱਲਰ ਦੀ ਰਿਹਾਈ ਨੂੰ ਠੁਕਰਾ ਚੁੱਕਾ ਹੈ।

ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਪਾਰਟੀ ਦੇ ਕਈ ਆਗੂਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਟਾਲਾ ਵੱਟਦੇ ਰਹੇ, ਜਿਸ ਕਾਰਨ ਹੁਣ ਲੋਕਾਂ ਵਿੱਚ ਰੋਹ ਵਧ ਰਿਹਾ ਹੈ।ਕੇਜਰੀਵਾਲ ਸਰਕਾਰ ਨੂੰ ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਇੱਕ ਵੀਡੀਓ ਸੰਦੇਸ਼ ਰਾਹੀ ੨੬ ਜਨਵਰੀ ਤੱਕ ਫ਼ੈਸਲਾ ਲੈਣ ਲਈ ਕਿਹਾ ਸੀ।ਸੁਖਦੇਵ ਸਿੰਘ ਕਹਿੰਦੇ ਹਨ ਕਿ ਜੇਕਰ ਕੇਜਰੀਵਾਲ ਸਰਕਾਰ ਨੇ ਇਸ ਬਾਬਤ ਫ਼ੈਸਲਾ ਨਾ ਲਿਆ ਤਾਂ ਇਹ ਮਸਲਾ ਆਉਣ ਵਾਲੇ ਦਿਨਾਂ ਵਿੱਚ ਕਾਫ਼ੀ ਗਰਮਾਉਣ ਦੇ ਆਸਾਰ ਹਨ।

**ਭੁੱਲਰ ਦੀ ਰਿਹਾਈ ਦਾ ਮਾਮਲਾ ਛੇਤੀ ਵਿਚਾਰਿਆ ਜਾਵੇਗਾ: ਕੇਜਰੀਵਾਲ**

ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਸਿੱਖ ਬੰਦੀ ਪ੍ਰੋਫ਼ੈਸਰ ਭੁੱਲਰ ਦੀ ਰਿਹਾਈ ਦਾ ਮਾਮਲਾ ਸੈਂਟੈਂਸ ਰੀਵਿਊ ਬੋਰਡ ਦੀ ਅਗਲੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਕੇਜਰੀਵਾਲ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਉਨ੍ਹਾਂ ਗ੍ਰਹਿ ਵਿਭਾਗ ਨੂੰ ਆਦੇਸ਼ ਦਿੱਤੇ ਹਨ ਕਿ ਸੈਂਟੈਂਸ ਰੀਵਿਊ ਬੋਰਡ ਦੀ ਅਗਲੀ ਮੀਟਿੰਗ ਤੁਰੰਤ ਰੱਖੀ ਜਾਵੇ ਤੇ ਇਹ ਮਾਮਲਾ ਏਜੰਡੇ ਵਿੱਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਭੁੱਲਰ ਦੀ ਰਿਹਾਈ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅੰਤਮ ਫ਼ੈਸਲਾ ਦਿੱਲੀ ਦੇ ਲੈਫ਼ਟੀਨੈਂਟ ਜਨਰਲ ਵੱਲੋਂ ਕੀਤਾ ਜਾਵੇਗਾ। ਇਸ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਅਰਵਿੰਦ ਕੇਜਰੀਵਾਲ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਹੈ। ਸਿੱਖ ਆਗੂ ਪ੍ਰੋਫ਼ੈਸਰ ਭੁੱਲਰ ਦੀ ਰਿਹਾਈ ਦੇ ਮਾਮਲੇ ਨੂੰ ਲੈ ਕੇ ਦਿੱਲੀ ਦੇ ਮੁੱਖ ਮੰਤਰੀ ਖ਼ਿਲਾਫ਼ ਰੋਸ ਵਿਖਾਵਾ ਕਰ ਰਹੇ ਸਨ। ਸਿੱਖ ਪ੍ਰਦਰਸ਼ਨਕਾਰੀ ਕੇਜਰੀਵਾਲ ਦੇ ਕਾਫ਼ਲੇ ਦੇ ਸਾਹਮਣੇ ਪ੍ਰਦਰਸ਼ਨ ਕਰਨਾ ਚਾਹੁੰਦੇ ਸਨ ਪਰ ਪੁਲੀਸ ਨੇ ਉਨ੍ਹਾਂ ਨੂੰ ਰੋਕ ਕੇ ਰੱਖਿਆ ਅਤੇ ਕਾਰਾਂ ਕੋਲ ਨਹੀਂ ਜਾਣ ਦਿੱਤਾ।

**ਸਿੱਖ ਕੈਦੀਆਂ ਦਾ ਮਾਮਲਾ**

ਬਲਵੰਤ ਸਿੰਘ ਰਾਜੋਆਣੇ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿੱਚ ਤਬਦੀਲ ਕੀਤਾ ਗਿਆ ਭਾਰਤ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਮੌਕੇ ੯ ਸਿੱਖ ਕੈਦੀਆਂ ਦੀ ਰਿਹਾਈ ਦਾ ਹੁਕਮ ਦਿੱਤਾ ਸੀ। ਭਾਰਤ ਸਰਕਾਰ ਦੇ ੧੧ਦਸੰਬਰ ੨੦੧੯ ਨੂੰ ਜਾਰੀ ਇੱਕ ਨੋਟੀਫਿਕੇਸ਼ਨ ਮੁਤਾਬਕ ੮ ਸਿੱਖ ਕੈਦੀਆਂ ਨੂੰ ਵਿਸ਼ੇਸ਼ ਮਾਫ਼ੀ ਦੇਣ ਅਤੇ ਇੱਕ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਫ਼ੈਸਲਾ ਲਿਆ ਗਿਆ ਸੀ। ਜਿਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ ਗਿਆ ਸੀ, ਉਨ੍ਹਾਂ ਵਿੱਚ ਲਾਲ ਸਿੰਘ, ਦਵਿੰਦਰ ਪਾਲ ਸਿੰਘ ਭੁੱਲਰ, ਸੁਬੇਗ ਸਿੰਘ, ਨੰਦ ਸਿੰਘ, ਹਰਜਿੰਦਰ ਸਿੰਘ ਉਰਫ਼ ਕਾਲੀ,ਵਰਿਆਮ ਸਿੰਘ ਉਰਫ਼ ਸਬੀਰ ਉਰਫ਼ ਗਿਆਨੀ, ਗੁਰਦੀਪ ਸਿੰਘ ਖੇੜਾ ਅਤੇ ਬਲਬੀਰ ਸਿੰਘ ਦਾ ਨਾਂ ਸ਼ਾਮਲ ਹੈ।

ਇਸ ਨੋਟੀਫਿਕੇਸ਼ਨ ਮੁਤਾਬਕ ੯ਵਾਂ ਨਾਂ ਬਲਵੰਤ ਸਿੰਘ ਰਾਜੋਆਣੇ ਦਾ ਹੈ, ਜਿਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ। ਇਨ੍ਹਾਂ ਕੇਸਾਂ ਦੀ ਪੈਰਵੀ ਕਰਨ ਵਾਲੇ ਵਕੀਲ ਜਸਪਾਲ ਸਿੰਘ ਮੰਝਪੁਰ ਮੁਤਾਬਕ ੮ ਵਿੱਚੋਂ ੩ (ਨੰਦ ਸਿੰਘ, ਸੁਬੇਗ ਸਿੰਘ ਅਤੇ ਲਾਲ ਸਿੰਘ) ਰਿਹਾਅ ਹੋ ਚੁੱਕੇ ਹਨ। ਇਨ੍ਹਾਂ ੮ ਵਿੱਚੋਂ ਹਰਜਿੰਦਰ ਸਿੰਘ, ਵਰਿਆਮ ਸਿੰਘ ਅਤੇ ਬਲਬੀਰ ਸਿੰਘ (੩ ਹੋਰ) ਪਹਿਲਾਂ ਹੀ ਰਿਹਾਅ ਸਨ, ਕਿਉਂਕਿ ਉਹ ਉਮਰ ਕੈਦੀ ਨਹੀਂ ਸਨ, ਉਨ੍ਹਾਂ ਤਾਂ ਰਿਹਾਅ ਹੋ ਹੀ ਜਾਣਾ ਸੀ। ਬਾਕੀ ਬਚਦੇ ਦੋ ਨਾਵਾਂ ਵਿੱਚ ਦਵਿੰਦਰਪਾਲ ਸਿੰਘ ਭੁੱਲਰ ਅਤੇ ਗੁਰਦੀਪ ਸਿੰਘ ਖੇੜਾ ਨੂੰ ਨੋਟੀਫਿਕੇਸ਼ਨ ਮੁਤਾਬਕ ਰਿਹਾਅ ਨਹੀਂ ਕੀਤਾ ਗਿਆ। ਜਸਪਾਲ ਸਿੰਘ ਮੰਝਪੁਰ ਦਾਅਵਾ ਕਰਦੇ ਹਨ ਕਿ ਇਸ ਸੂਚੀ ਵਿੱਚ ਉਮਰ ਕੈਦ ਤੋਂ ਵੱਧ ਸਜ਼ਾ ਭੁਗਤ ਚੁੱਕੇ ਤੇ ਬੁੜੈਲ ਜੇਲ ਚੰਡੀਗੜ੍ਹ ਵਿੱਚ ਬੰਦ ਲਖਵਿੰਦਰ ਸਿੰਘ, ਸ਼ਮਸ਼ੇਰ ਸਿੰਘ ਅਤੇ ਗੁਰਮੀਤ ਸਿੰਘ ( ਤਿੰਨੇ ਬੇਅੰਤ ਸਿੰਘ ਕੇਸ ਨਾਲ ਸਬੰਧਤ) ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਸੀ, ਕਿਉਂਕਿ ਉਨ੍ਹਾਂ ਦੇ ਖ਼ਿਲਾਫ਼ ਕੋਈ ਵੀ ਪੈਂਡਿੰਗ ਕੇਸ ਨਹੀਂ ਸੀ ਅਤੇ ਉਹ ਉਮਰ ਕੈਦ ਤੋਂ ਵੱਧ ਸਜ਼ਾ ਵੀ ਭੁਗਤ ਚੁੱਕੇ ਸਨ। ਦਵਿੰਦਰਪਾਲ ਸਿੰਘ ਭੁੱਲਰ ਦੇ ਖ਼ਿਲਾਫ਼ ਤਾਂ ਕੋਈ ਕੇਸ ਪੈਂਡਿੰਗ ਵੀ ਨਹੀਂ ਹੈ, ਉਨ੍ਹਾਂ ਨੂੰ ਰਿਹਾਅ ਕਰਨ ਦੇ ਕੇਂਦਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਹੋਇਆ ਹੈ, ਪਰ ਦਿੱਲੀ ਸਰਕਾਰ ਨੇ ਫੇਰ ਵੀ ਰਿਹਾਅ ਨਹੀਂ ਕੀਤਾ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਹਰਚਰਨ ਸਿੰਘ ਬੈਂਸ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਦੀ ਪ੍ਰਕਿਰਿਆ ਸਬੰਧੀ ਕੋਈ ਤੱਥ ਨਾ ਹੋਣ ਦੇ ਕੀਤੇ ਦਾਅਵਿਆਂ ਖ਼ਿਲਾਫ਼ ਸਮੀਖਿਆ ਬੋਰਡ ਦੀ ਮੀਟਿੰਗ ਦੇ ਵੇਰਵੇ ਜਨਤਕ ਕੀਤੇ ਹਨ। ਉਨ੍ਹਾਂ 'ਆਪ' ਸੁਪਰੀਮੋ 'ਤੇ ਝੂਠ ਬੋਲਣ ਅਤੇ ਪੰਜਾਬੀਆਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਏ ਹਨ। ਬੈਂਸ ਨੇ ਕਿਹਾ ਕਿ ਕੇਜਰੀਵਾਲ ਵਾਰ-ਵਾਰ ਇਹ ਦਾਅਵਾ ਕਰ ਰਹੇ ਹਨ ਕਿ ਪ੍ਰੋ. ਭੁੱਲਰ ਦੀ ਰਿਹਾਈ ਬਾਰੇ ਫ਼ੈਸਲਾ ਲੈਣ ਵਾਲੇ ਸਜ਼ਾ ਸਮੀਖਿਆ ਬੋਰਡ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ ਜਦਕਿ ਅਸਲੀਅਤ ਇਹ ਹੈ ਕਿ ਇਸ ਬੋਰਡ ਦਾ ਚੇਅਰਮੈਨ ਦਿੱਲੀ ਦਾ ਗ੍ਰਹਿ ਮੰਤਰੀ ਹੁੰਦਾ ਹੈ ਜੋ ਸਤੇਂਦਰ ਜੈਨ ਹਨ। ਉਨ੍ਹਾਂ ਦੱਸਿਆ ਕਿ ਬੋਰਡ ਦੇ ਕੁੱਲ ੭ ਮੈਂਬਰ ਹਨ ਜਿਨ੍ਹਾਂ ਵਿੱਚੋਂ ੫ ਦਾ ਸਿੱਧਾ ਸਬੰਧ ਅਰਵਿੰਦ ਕੇਜਰੀਵਾਲ ਨਾਲ ਹੈ। ਗ੍ਰਹਿ ਮੰਤਰੀ ਤੋਂ ਇਲਾਵਾ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਬੀ. ਐੱਸ. ਭੱਲਾ, ਦਿੱਲੀ ਸਰਕਾਰ ਦੇ ਡੀ. ਜੀ. ਪੀ. ਜੇਲਾਂ ਸੰਦੀਪ ਗੋਇਲ, ਦਿੱਲੀ ਸਰਕਾਰ ਦੇ ਕਾਨੂੰਨ ਤੇ ਨਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਸੰਜੇ ਕੁਮਾਰ ਅਗਰਵਾਲ ਅਤੇ ਦਿੱਲੀ ਸਰਕਾਰ ਦੇ ਸਮਾਜ ਭਲਾਈ ਵਿਭਾਗ ਦੇ ਡਾਇਰੈਕਟਰ ਰਸ਼ਮੀ ਸਿੰਘ ਇਸ ਦੇ ਮੈਂਬਰ ਹਨ। ਸ੍ਰੀ ਬੈਂਸ ਨੇ ਦੱਸਿਆ ਕਿ ਇਸ ਬੋਰਡ ਦੀ ੧੧ ਦਸੰਬਰ ੨੦੨੦ ਨੂੰ ਦਿੱਲੀ ਸਕੱਤਰੇਤ ਵਿੱਚ ਹੀ ਮੀਟਿੰਗ ਹੋਈ ਸੀ, ਜਿਸ ਵਿੱਚ ਪ੍ਰੋ ਭੁੱਲਰ ਦਾ ਮਾਮਲਾ ਵਿਚਾਰਿਆ ਗਿਆ ਸੀ। ਉਨ੍ਹਾਂ ਇਸ ਮੀਟਿੰਗ ਦੇ ਵੇਰਵੇ ਜਨਤਕ ਕਰਦਿਆਂ ਦੱਸਿਆ ਕਿ ਕਿਵੇਂ ਬੋਰਡ ਨੇ ਪ੍ਰੋ. ਭੁੱਲਰ ਦੀ ਰਿਹਾਈ ਲਈ ਪ੍ਰਵਾਨਗੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ।

## ਸੁਪਰੀਮ ਕੋਰਟ ਵਿੱਚ ਨਵੀਂ...

ਮੀਡੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਨੇ ਪੈਗਾਸਸ ਜਾਸੂਸੀ ਸਾਫ਼ਟਵੇਅਰ ਇਜ਼ਰਾਈਲ ਨਾਲ ਹੋਏ 2 ਅਰਬ ਅਮਰੀਕੀ ਡਾਲਰ ਦੇ ਸੌਦੇ ਤਹਿਤ ਖ਼ਰੀਦਿਆ ਸੀ। ਰਿਪੋਰਟ ਵਿੱਚ ਹੋਏ ਖ਼ੁਲਾਸੇ ਨਾਲ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ ਤੇ ਭਾਰਤ ਵਿੱਚ ਵਿਰੋਧੀ ਧਿਰ ਦੋਸ਼ ਲਾ ਰਹੀ ਹੈ ਕਿ ਸਰਕਾਰ ਗ਼ੈਰ-ਕਾਨੂੰਨੀ ਜਾਸੂਸੀ ਕਰਵਾ ਰਹੀ ਸੀ ਜੋ ਕਿ 'ਦੇਸ਼ਧ੍ਰੋਹ' ਦੇ ਬਰਾਬਰ ਹੈ। ਇਹ ਪਟੀਸ਼ਨ ਵਕੀਲ ਐਮ.ਐਲ. ਸ਼ਰਮਾ ਨੇ ਦਾਇਰ ਕੀਤੀ ਹੈ ਜੋ ਕਿ ਇਸ ਤੋਂ ਪਹਿਲਾਂ ਵੀ ਪੈਗਾਸਸ ਮਾਮਲੇ ਵਿੱਚ ਪਟੀਸ਼ਨ ਦਾਇਰ ਕਰ ਚੁੱਕੇ ਹਨ। ਉਨ੍ਹਾਂ ਕਿਹਾ ਹੈ ਕਿ ਇਸ ਸੌਦੇ ਨੂੰ ਸੰਸਦ ਦੀ ਮਨਜ਼ੂਰੀ ਨਹੀਂ ਸੀ, ਤੇ ਇਸ ਲਈ ਇਹ ਰੱਦ ਹੋਣਾ ਚਾਹੀਦਾ ਹੈ ਅਤੇ ਪੈਸੇ ਮੁੜਨੇ ਚਾਹੀਦੇ ਹਨ। ਉਨ੍ਹਾਂ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਹੈ ਕਿ ਮੋਦੀ ਸਰਕਾਰ ਉੱਪਰ ਅਪਰਾਧਕ ਕੇਸ ਦਰਜ ਕਰਨ, ਪੈਗਾਸਸ ਖ਼ਰੀਦਣ ਅਤੇ ਇਸ ਰਾਹੀਂ ਲੋਕਾਂ ਦੇ ਪੈਸੇ ਦੀ ਕਥਿਤ ਦੁਰਵਰਤੋਂ ਦੀ ਜਾਂਚ ਬਾਰੇ ਢੁੱਕਵੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

**ਕੇਂਦਰ ਸਰਕਾਰ ਦਾ ਪੱਖ**

ਸਰਕਾਰੀ ਸੂਤਰ ਨੇ ਕਿਹਾ ਕਿ ਪੈਗਾਸਸ ਸਾਫ਼ਟਵੇਅਰ ਨਾਲ ਸੰਬੰਧਤ ਮਾਮਲੇ ਦੀ ਨਿਗਰਾਨੀ ਸੁਪਰੀਮ ਕੋਰਟ ਦੀ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਦੀ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਸੂਤਰ ਨੇ ਕਿਹਾ ਕਿ ਸੇਵਾਮੁਕਤ ਸੁਪਰੀਮ ਕੋਰਟ ਜੱਜ ਆਰ.ਵੀ. ਰਵਿੰਦਰਨ ਦੀ ਨਿਗਰਾਨੀ ਹੇਠ ਸਥਾਪਤ ਜਾਂਚ ਕਮੇਟੀ ਨੇ 2 ਜਨਵਰੀ ਨੂੰ ਅਖ਼ਬਾਰ ਵਿੱਚ ਇੱਕ ਇਸ਼ਤਿਹਾਰ ਵੀ ਪ੍ਰਕਾਸ਼ਿਤ ਕਰਵਾਇਆ ਸੀ, ਜਿਸ ਵਿੱਚ ਉਨ੍ਹਾਂ ਲੋਕਾਂ ਤੋਂ ਫ਼ੋਨ ਜਮਾਂ ਕਰਵਾਉਣ ਦੀ ਮੰਗ ਕੀਤੀ ਗਈ ਸੀ, ਜੋ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਫ਼ੋਨਾਂ ਦੀ ਪੈਗਾਸਸ ਜ਼ਰੀਏ ਜਾਸੂਸੀ ਹੋਈ ਹੈ ।

ਵਿਵਾਦਤ ਇਜ਼ਰਾਈਲੀ ਜਾਸੂਸੀ ਸਾਫ਼ਟਵੇਅਰ ਪੈਗਾਸਸ ਰਾਹੀਂ ਵਿਰੋਧੀ ਨੇਤਾਵਾਂ, ਸੁਪਰੀਮ ਕੋਰਟ ਦੇ ਜੱਜਾਂ, ਫ਼ੌਜੀ ਅਧਿਕਾਰੀਆਂ, ਨੌਕਰਸ਼ਾਹਾਂ, ਪੱਤਰਕਾਰਾਂ, ਵਕੀਲਾਂ, ਸਮਾਜਿਕ ਕਾਰਕੁੰਨਾਂ ਦੇ ਫ਼ੋਨ ਟੈਪ ਕੀਤੇ ਜਾਣ ਦੇ ਮਾਮਲੇ ਵਿੱਚ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਵਾਰ-ਵਾਰ ਹਲਫ਼ਨਾਮਾ ਦੇ ਕੇ ਕਿਹਾ ਸੀ ਕਿ ਉਸ ਨੇ ਇਹ ਸਾਫ਼ਟਵੇਅਰ ਨਹੀਂ ਖ਼ਰੀਦਿਆ, ਜਦੋਂ ਕਿ ਸਾਫ਼ਟਵੇਅਰ ਬਣਾਉਣ ਵਾਲੀ ਇਜ਼ਰਾਈਲੀ ਕੰਪਨੀ ਲਗਾਤਾਰ ਕਹਿ ਰਹੀ ਸੀ ਕਿ ਉਹ ਇਹ ਸਾਫ਼ਟਵੇਅਰ ਸਿਰਫ਼ ਸਰਕਾਰਾਂ ਨੂੰ ਹੀ ਵੇਚਦੀ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਪੰਜਾਬ ਆਰਥਿਕ ਤੇ...

ਜਦੋਂ ਬਾਹਰਲੇ ਮੁਲਕਾਂ ਤੋਂ ਪ੍ਰਵਾਸੀ ਆਪਣੇ ਰਿਸ਼ਤੇਦਾਰਾਂ ਲਈ ਮਦਦ ਭੇਜਦੇ ਸਨ, ਆਪਣੀ ਜਾਇਦਾਦ ਬਣਾਉਂਦੇ ਸਨ, ਪੰਜਾਬ ਵਿੱਚ ਆਪਣੇ ਕਾਰੋਬਾਰ ਖੋਲਦੇ ਸਨ। ਪਰ ਇਹ ਵਰਤਾਰਾ ਮੌਜੂਦਾ ਸਰਕਾਰਾਂ ਦੇ ਭੈੜੇ ਵਰਤਾਅ ਅਤੇ ਪ੍ਰਬੰਧ ਕਾਰਨ ਲਗਭਗ ਬੰਦ ਹੋ ਚੁੱਕਾ ਹੈ।

ਪੰਜਾਬ ਨੇ '47 ਵਿੱਚ ਕੀ ਕੁਝ ਨਹੀਂ ਗੁਆਇਆ? ਵੰਡ ਹੋਈ। ਇੱਧਰਲੇ ਉੱਧਰਲੇ ਲੱਖਾਂ ਮਰੇ, ਲੱਖਾਂ ਉੱਜੜੇ। ਔਰਤਾਂ ਉਧਾਲੀਆਂ ਗਈਆਂ, ਬੱਚੇ ਅਨਾਥ ਹੋਏ। ਪੰਜਾਬ ਨੇ ਢਾਈ ਦਰਿਆ ਗਵਾ ਲਏ। ਆਰਥਿਕਤਾ ਹਾਲੋਂ ਬੇਹਾਲ ਹੋ ਗਈ।

ਇਹ ਇਤਿਹਾਸਕਾਰ ਸੁਗਾਤਾ ਬੋਸ ਨੇ ਆਪਣੀ ਪੁਸਤਕ 'ਦੀ ਨੇਸ਼ਨ ਐਜ਼ ਮਦਰ ਐਂਡ ਅਦਰ ਵਿਜ਼ਨਜ਼ ਆਫ਼ ਨੈਸ਼ਨਲਹੁਡ' ਵਿੱਚ ਲਿਖਿਆ ਹੈ ਕਿ 1947 ਦੇ ਫ਼ਸਾਦਾਂ ਵਿੱਚ ਇੱਕ ਮਿਲੀਅਨ (10 ਲੱਖ) ਲੋਕ (ਮੁਸਲਮਾਨ, ਸਿੱਖ, ਹਿੰਦੂ) ਮਾਰੇ ਗਏ। ਦਸ ਮਿਲੀਅਨ (ਇੱਕ ਕਰੋੜ) ਲੋਕਾਂ ਨੂੰ ਸਰਹੱਦਾਂ ਪਾਰ ਕੇ ਘਰੋਂ ਬੇਘਰ ਹੋਣਾ ਪਿਆ।

ਸਾਲ 1947 ਵਿੱਚ ਪੰਜਾਬ ਵਿੱਚ ਹਰ ਵਰਗ, ਧਰਮ, ਕਬੀਲੇ, ਜਾਤ ਦੇ ਲੋਕ ਵਸਦੇ ਸਨ। ਆਪਸੀ ਮਿਲਵਰਤਣ ਸੀ। ਖੁੱਲਾ-ਡੁੱਲਾ ਵਾਤਾਵਰਣ ਸੀ। ਸਾਲ 1941 ਦੀ ਮਰਦਮਸ਼ੁਮਾਰੀ ਅਨੁਸਾਰ ਇੱਥੇ ਦੀ ਅਬਾਦੀ 3 ਕਰੋੜ 40 ਲੱਖ ਸੀ, ਜਿਨਾਂ ਵਿੱਚ ਮੁਸਲਮਾਨ 53.2 ਫ਼ੀਸਦੀ, ਹਿੰਦੂ ਸਮੇਤ ਦਲਿਤ 29.1 ਫ਼ੀਸਦੀ, ਸਿੱਖ 14.9 ਫ਼ੀਸਦੀ ਅਤੇ ਇਸਾਈ 1.9 ਫ਼ੀਸਦੀ ਸੀ। ਬਟਵਾਰੇ ਕਾਰਨ ਖਿੱਚੀ ਲਕੀਰ ਨੇ ਘੱਟ ਗਿਣਤੀਆਂ ਨੂੰ ਦੁੜਾਇਆ, ਘਰੋਂ ਬੇਘਰ ਕੀਤਾ, ਔਰਤਾਂ ਦੇ ਬਲਾਤਕਾਰਾਂ ਅਤੇ ਉਧਾਲਿਆਂ ਨੇ ਮਨੁੱਖ ਨੂੰ ਸ਼ਰਮਸਾਰ ਕੀਤਾ। ਇਹ ਦੰਗੇ, ਯੱਕਦਮ ਨਹੀਂ ਹੋਏ, ਇਹ ਕਰਵਾਏ ਗਏ, ਜਿਨਾਂ ਨੂੰ ਸਿਆਸਤਦਾਨਾਂ ਦੀ ਸ਼ਹਿ ਸੀ। ਮੁਸਲਿਮ ਲੀਗ, ਅਕਾਲੀਆਂ, ਆਰ.ਐੱਸ.ਐੱਸ. ਅਤੇ ਹਿੰਦੂ ਮਹਾਂਸਭਾ ਨੇ ਆਪੋ-ਆਪਣੇ ਹਿਤ ਪੂਰਨ ਦੀ ਖ਼ਾਤਰ ਹਥਿਆਰਬੰਦ ਗੁੰਡਿਆਂ, ਕ੍ਰਿਮੀਨਲਾਂ, ਸਾਬਕਾ ਸੈਨਿਕਾਂ ਅਤੇ ਸਿੱਖਿਅਤ ਮੁਬਾਲੀਆਂ ਨੂੰ ਵਰਤਿਆ। ਉਸ ਵੇਲੇ ਦੇ ਗਵਰਨਰ ਈਵਾਨ ਜਿਨਕਿਨਸ ਅਨੁਸਾਰ ਇਸ ਸ਼ਕਤੀ ਸੰਘਰਸ਼ ਵਿੱਚ ਹਿੰਦੂ, ਸਿੱਖ, ਮੁਸਲਿਮ ਸਾਰੇ ਹੀ ਜੁਝੇ ਅਤੇ ਪੰਜਾਬ ਦੇ 29 ਜ਼ਿਲੇ ਪ੍ਰਭਾਵਤ ਹੋਏ। ਸ਼ਾਇਦ ਇਹ ਦੁਨੀਆਂ ਦਾ ਇੱਕ ਵੱਡਾ ਸ਼ਰਮਨਾਕ ਦੁਖਾਂਤ ਸੀ। ਸਮਾਂ ਬੀਤਿਆ, ਪੰਜਾਬ ਦੇ ਲੋਕਾਂ ਸੌਖਾ ਸਾਹ ਲਿਆ। ਢਾਈ ਸੂਬਿਆਂ ਵਾਲਾ ਪੰਜਾਬ, ਬੋਲੀ ਦੇ ਅਧਾਰ 'ਤੇ ਫਿਰ 1966 ਵਿੱਚ ਵੰਡਿਆ ਗਿਆ। ਹਰਿਆਣਾ ਹੋਂਦ ਵਿੱਚ ਆਇਆ। ਫ਼ਿਰਕਾਪ੍ਰਸਤ ਕੇਂਦਰੀ ਹਾਕਮਾਂ ਪੰਜਾਬ ਨੂੰ ਰਾਜਧਾਨੀ ਚੰਡੀਗੜ ਤੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵਿਰਵਾ ਕੀਤਾ। ਪੰਜਾਬ ਦੇ ਹਿੱਸੇ ਦਾ ਪਾਣੀ ਖੋਹ ਲਿਆ। ਪਾਣੀ ਦੇ ਮਸਲੇ ਨੂੰ ਅਦਾਲਤੀ ਚੱਕਰਾਂ ਵਿੱਚ ਪਾ ਦਿੱਤਾ ਗਿਆ।

**ਸੁਪਨੇ ਗੁਆਏ**

ਸਮਾਂ ਬੀਤਿਆ, ਪੰਜਾਬ ਦੇ ਲੋਕਾਂ ਥੋੜਾ ਸੌਖਾ ਸਾਹ ਲਿਆ। ਸਾਲ 1965 ਦੇ ਹਰੇ ਇਨਕਲਾਬ ਨੇ ਪੰਜਾਬੀਆਂ ਨੂੰ ਨਵਾਂ ਸੁਪਨਾ ਦਿੱਤਾ। ਪਰ ਖਾਦਾਂ, ਕੀੜੇਮਾਰ ਦਵਾਈਆਂ ਦੀ ਬੇਹੱਦ ਵਰਤੋਂ ਅਤੇ ਝੋਨੇ ਦੀ ਫ਼ਸਲ ਨੇ ਪੰਜਾਬ ਦਾ ਪਾਣੀ ਅਤੇ ਸਿਹਤ ਖ਼ਤਰੇ ਵਿੱਚ ਪਾ ਦਿੱਤੀ। ਕਿਸਾਨ ਕਰਜ਼ਈ ਹੋਏ। ਪੰਜਾਬੀਆਂ ਦੇਸ਼ ਦਾ ਢਿੱਡ ਭਰਿਆ, ਆਪ ਤਬਾਹ ਹੋਏ। ਹਰੇ ਇਨਕਲਾਬ ਦੀ ਪੰਜਾਬ ਨੂੰ ਦੇਣ ਕੈਂਸਰ ਹੀ ਨਹੀਂ, ਕਮਜ਼ੋਰ ਬੱਚਿਆਂ ਦੀ ਪੈਦਾਇਸ਼ ਅਤੇ ਜਨਨ ਪ੍ਰਕਿਰਿਆ ਦੀ ਕਮੀ ਬਣੀ ਹੈ, ਜਿਸ ਨਾਲ਼ ਖਿੱਤੇ ਵਿੱਚ ਸੁਡੌਲ ਜੁੱਸਿਆਂ ਅਤੇ ਤਾਕਤਵਰ ਸਰੀਰਾਂ ਦੀ ਘਾਟ ਦਿਸਣ ਲੱਗੀ ਹੈ।

**ਆਰਥਿਕ ਪੱਖੋਂ ਕਮਜ਼ੋਰ ਹੋਇਆ ਸੂਬਾ**

ਪੰਜਾਬ ਇਸ ਵੇਲੇ ਆਰਥਿਕ ਪੱਖੋਂ ਕਮਜ਼ੋਰ ਸੂਬਾ ਬਣਿਆ ਹੈ। ਦੇਸ਼ ਵਿੱਚ ਇਹ ਆਰਥਿਕ ਪੱਖੋਂ 16ਵੇਂ ਥਾਂ ਹੈ ਅਤੇ ਜੀ.ਡੀ.ਪੀ. ਵਿੱਚ ਇਸਦੀ ਰੈਂਕਿੰਗ 19ਵੀਂ ਹੈ। ਸਾਲ 2020 ਵਿੱਚ ਪੰਜਾਬ ਦੀ ਬੇਰੁਜ਼ਗਾਰੀ ਦੀ ਦਰ 30.7 ਫ਼ੀਸਦੀ ਤੋਂ 33.6 ਫ਼ੀਸਦੀ ਹੋ ਗਈ ਹੈ। ਭਾਰਤ ਵਿੱਚ ਜਦਕਿ ਬੇਰੁਜ਼ਗਾਰੀ ਵਸੋਂ ਦੀ ਦਰ 4.8 ਫ਼ੀਸਦੀ ਹੈ ਜਦਕਿ ਪੰਜਾਬ ਵਿੱਚ ਇਹ ਦਰ 7.3 ਫ਼ੀਸਦੀ ਹੈ ਜੋ ਕਿ ਆਪਣੇ ਖਿੱਤੇ ਵਿੱਚ ਸਭ ਤੋਂ ਜ਼ਿਆਦਾ ਹੈ। ਉਪਰੰਤ ਹਰਿਆਣਾ ਦਾ ਨੰਬਰ ਹੈ ਜਿੱਥੇ 6.4 ਫ਼ੀਸਦੀ ਅਤੇ ਚੰਡੀਗੜ ਵਿੱਚ 6.3 ਫ਼ੀਸਦੀ ਜਦਕਿ ਹਿਮਾਚਲ ਵਿੱਚ ਇਹ ਦਰ 3.7 ਫ਼ੀਸਦੀ ਹੈ। ਇਹ ਅੰਕੜੇ 27 ਜੁਲਾਈ 2021 ਨੂੰ ਇਕੱਤਰ ਕੀਤੇ ਗਏ ਸਨ। ਪੰਜਾਬ ਵਿੱਚ ਬੇਰੁਜ਼ਗਾਰੀ ਦਰ ਵਿੱਚ ਵਾਧਾ ਘਾਟੇ ਦੀ ਖੇਤੀ, ਖੇਤੀ ਖੇਤਰਾਂ ਵਿੱਚ ਫ਼ਸਲਾਂ ਦੀ ਡਾਇਵਰਸੀਫੀਕੇਸ਼ਨ ਨਾ ਹੋਣਾ ਅਤੇ ਗ਼ੈਰ ਖੇਤੀ ਖੇਤਰ ਵਿੱਚ ਨੌਕਰੀਆਂ ਦੀ ਕਮੀ ਹੈ। ਪਿਛਲੇ ਦੋ ਦਹਾਕਿਆਂ ਵਿਚਲੀਆਂ ਪੰਜਾਬ ਸਰਕਾਰ ਦੀਆਂ ਸਿੱਖਿਆ ਨੀਤੀਆਂ ਇਸਦਾ ਕਾਰਨ ਹੈ, ਜਿਸ ਵਿੱਚ ਹੱਥੀਂ ਕਿੱਤਾ ਸਿਖਲਾਈ ਅਤੇ ਚੰਗੇਰੀ-ਉਚੇਰੀ ਸਿੱਖਿਆ ਦੀ ਘਾਟ ਕਾਰਨ ਹੈ। ਉੱਪਰੋਂ ਸੂਬੇ ਦੇ ਸਿਆਸਤਦਾਨਾਂ ਦੀ, ਸੂਬੇ ਦੇ ਲੋਕਾਂ ਪ੍ਰਤੀ ਲਗਾਅ ਵਿੱਚ ਕਮੀ, ਸੂਬੇ ਲਈ ਕੁਝ ਕਰ ਗੁਜ਼ਰਨ ਦੀ ਤਾਂਘ ਵਿੱਚ ਕਮੀ ਅਤੇ ਲੋਕਾਂ ਪ੍ਰਤੀ ਪ੍ਰਤੀਬੱਧਤਾ ਵਿੱਚ ਘਾਟ ਸੂਬੇ ਨੂੰ ਨਿਵਾਣਾਂ ਵੱਲ ਲੈ ਜਾਣ ਦਾ ਕਾਰਨ ਬਣਦੀ ਜਾ ਰਹੀ ਹੈ। ਸੂਬੇ ਵਿੱਚ ਯੋਗ ਪ੍ਰਬੰਧਨ ਦੀ ਘਾਟ, ਮਾਫ਼ੀਏ ਦੇ ਬੋਲਬਾਲੇ ਨੇ ਵੀ ਪੰਜਾਬ ਪਿੰਜ ਸੁੱਟਿਆ ਹੈ। ਜਿਸਦਾ ਕਾਰਨ ਭੈੜੀ ਸਿੱਖਿਆ, ਭ੍ਰਿਸ਼ਟਾਚਾਰ ਨੂੰ ਗਿਣਿਆ ਜਾ ਰਿਹਾ ਹੈ। ਪੰਜਾਬ ਉੱਤੇ ਮੰਨਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਚੋਣਾਂ ਉਪਰੰਤ 2.82 ਲੱਖ ਕਰੋੜ ਰੁਪਇਆ ਕਰਜ਼ਾ ਹੋਏਗਾ, ਕਿਉਂਕਿ ਪੰਜਾਬ ਦੇ ਹਾਕਮਾਂ ਨੇ ਗ਼ੈਰ-ਜ਼ਰੂਰੀ ਰਿਆਇਤਾਂ ਦੀ ਛਹਿਬਰ ਲਾ ਕੇ, ਪਹਿਲੋਂ ਹੀ ਕਰਜ਼ਾਈ ਸੂਬੇ ਨੂੰ ਹੋਰ ਵੀ ਕਰਜ਼ੇ ਹੇਠ ਦੱਬ ਦਿੱਤਾ ਹੈ।

ਪੰਜਾਬ ਦਾ ਉਦਯੋਗ ਤਬਾਹੀ ਕੰਢੇ ਹੈ। ਬਟਾਲਾ ਦੀ ਫਾਊਂਡਰੀ ਇੰਡਸਟਰੀ ਖ਼ਤਮ ਹੋ ਗਈ ਹੈ, ਜਲੰਧਰ ਦਾ ਖੇਡ ਉਦਯੋਗ ਹੋਰ ਸੂਬਿਆਂ ਨੇ ਹਥਿਆ ਲਿਆ। ਗੋਬਿੰਦਗੜ ਮੰਡੀ ਦੀਆਂ ਸਟੀਲ ਰੋਲਿੰਗ ਫੈਕਟਰੀਆਂ ਦਾ ਬੁਰਾ ਹਾਲ ਹੋ ਗਿਆ। ਲੁਧਿਆਣਾ ਦਾ ਹੌਜ਼ਰੀ ਉਦਯੋਗ ਕਰੋਨਾ ਦੀ ਭੇਟ ਚੜ ਗਿਆ। ਲੁਧਿਆਣਾ ਦੀ ਬਾਈਸਾਈਕਲ ਇੰਡਸਟਰੀ ਨੂੰ ਗ੍ਰਹਿਣ ਲੱਗ ਗਿਆ। ਇਸ ਸਮੇਂ ਭਾਵੇਂ 1,94,000 ਸਮਾਲ ਸਕੇਲ ਯੂਨਿਟ ਅਤੇ 586 ਵੱਡੇ ਅਤੇ ਦਰਮਿਆਨੇ ਦਰਜੇ ਦੇ ਉਦਯੋਗ ਪੰਜਾਬ ਵਿੱਚ ਹਨ ਪਰ ਇਹ ਇੰਡਸਟਰੀ ਸਾਲ 2018-19 ਦੀ ਇੱਕ ਰਿਪੋਰਟ ਅਨੁਸਾਰ 25 ਫ਼ੀਸਦੀ ਜੀ.ਡੀ.ਪੀ. ਪੈਦਾ ਕਰਦੀ ਹੈ। ਭਾਵੇਂ ਕਿ ਇਹ ਸੂਬਾ ਭਾਰਤ ਦੇ ਸੂਤੀ ਕੱਪੜੇ ਦਾ 25 ਫ਼ੀਸਦੀ ਪੈਦਾ ਕਰਦਾ ਹੈ। ਸੂਤੀ ਕੱਪੜੇ ਦੇ ਉਦਯੋਗ ਅਬੋਹਰ, ਮਲੋਟ, ਫਗਵਾੜਾ, ਅੰਮ੍ਰਿਤਸਰ ਆਦਿ ਸ਼ਹਿਰਾਂ ਵਿੱਚ ਹਨ ਅਤੇ ਇਸ ਇੰਡਸਟਰੀ ਵੱਲੋਂ 2 ਮਿਲੀਅਨ ਲੋਕਾਂ ਨੂੰ ਸਿੱਧਾ-ਅਸਿੱਧਾ ਰੁਜ਼ਗਾਰ ਵੀ ਦਿੱਤਾ ਹੈ। ਪਰ ਇਸਦੇ ਉਲਟ ਸੂਬੇ ਦੀਆਂ ਕੁਲ 22 ਸ਼ੂਗਰ ਮਿੱਲਾਂ ਜਿਹਨਾਂ ਵਿੱਚੋਂ 15 ਸਹਿਕਾਰੀ ਖੇਤਰ ਅਤੇ 7 ਪ੍ਰਾਈਵੇਟ ਹਨ। ਇਹਨਾਂ ਵਿੱਚ 6 ਸਹਿਕਾਰੀ ਮਿੱਲਾਂ ਬੰਦ ਹਨ, ਜਦਕਿ ਬਾਕੀ ਸ਼ੂਗਰ ਮਿੱਲਾਂ ਨੇ ਕਰੋੜਾਂ ਰੁਪਏ ਦੇ ਬਕਾਏ ਕਿਸਾਨਾਂ ਦੇ ਦੇਣੇ ਹਨ। ਅੰਕੜਿਆਂ ਅਨੁਸਾਰ ਘਾਟੇ ਵਿੱਚ ਚੱਲਦੀਆਂ ਇਹ ਮਿੱਲਾਂ 31-1-21 ਨੂੰ 16,883 ਕਰੋੜ ਦੀਆਂ ਕਿਸਾਨਾਂ ਦੀਆਂ ਦੇਣਦਾਰ ਹਨ। ਪੰਜਾਬ ਦੀ ਡੇਰੀ (ਦੁੱਧ ਅਤੇ ਹੋਰ ਉਤਪਾਦਨ) ਨੇ ਪੰਜਾਬ ਅਤੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਕਰਨ ਦਾ ਬੀੜਾ ਚੁੱਕਿਆ ਹੈ, ਪਰ ਕਿਸਾਨ ਇਸ ਧੰਦੇ ਦਾ ਪੂਰਾ ਲਾਹਾ ਨਹੀਂ ਲੈ ਸਕੇ।

ਦਰਦ ਪੰਜਾਬੀਆਂ ਦਾ

ਪੰਜਾਬ ਦੇ ਲੋਕਾਂ ਦਾ ਦਰਦ ਅੱਜ ਅੱਖਾਂ ਵਿੱਚੋਂ ਛਲਕਦਾ ਹੈ। ਉਨਾਂ ਅੱਗੇ ਕੋਈ ਸੁਖਾਵਾਂ ਰਾਹ ਨਹੀਂ ਹੈ। ਦਿੱਲੀ ਦਰਬਾਰ ਪੰਜਾਬ ਦੇ ਲੋਕਾਂ ਨਾਲ਼ ਧੱਕਾ-ਧ੍ਰੋਹ ਕਰਦਾ ਹੈ। ਕਿਉਂ ਨਹੀਂ ਸਰਹੱਦੀ ਸੂਬੇ ਪੰਜਾਬ ਨੂੰ ਪਾਕਿਸਤਾਨੀ ਪੰਜਾਬ ਨਾਲ਼ ਵਪਾਰ ਖੋਲਣ ਦੀ ਆਗਿਆ ਮਿਲਦੀ, ਜਿਸ ਨਾਲ਼ ਇਸਦੀ ਆਰਥਿਕਤਾ ਵਧੇ ਫੁੱਲੇ। ਕਿਉਂ ਨਹੀਂ ਸਰਹੱਦੀ ਸੂਬਾ ਹੋਣ ਨਾਤੇ ਇੱਥੇ ਆਧੁਨਿਕ ਬੁਨਿਆਦੀ ਸਹੂਲਤਾਂ ਮਿਲਦੀਆਂ। ਕਿਉਂ ਨਹੀਂ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਸੂਬਿਆਂ ਵਿੱਚ ਪਏ ਪਾਣੀ ਦੇ ਝਗੜੇ ਨੂੰ ਹੱਲ ਕਰਕੇ ਪੰਜਾਬ ਨੂੰ ਇਨਸਾਫ਼ ਮਿਲਦਾ ਅਤੇ ਰਾਜਸਥਾਨ ਨੂੰ ਗ਼ੈਰ ਵਾਜਿਬ ਦਿੱਤਾ ਜਾ ਰਿਹਾ ਪਾਣੀ ਦੇ ਹਿੱਸੇ ਦਾ ਮੁੱਲ ਜੋ ਅਰਬਾਂ-ਖ਼ਰਬਾਂ ਬਣਦਾ ਹੈ, ਉਹ ਪੰਜਾਬ ਨੂੰ ਦੁਆਇਆ ਜਾਂਦਾ। ਕਿਉਂ ਨਹੀਂ ਪੰਜਾਬ ਵਿੱਚ ਖੇਤੀ ਅਧਾਰਤ ਵੱਡੇ ਉਦਯੋਗ ਲਗਾ ਕੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਸੁਧਾਰੀ ਜਾਂਦੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਜਾਂਦਾ।

**ਮਤਰੇਆ ਸਲੂਕ**

ਅਸਲ ਵਿੱਚ ਅਣਖੀ ਸੂਬਾ ਪੰਜਾਬ, ਕੇਂਦਰ ਦੀਆਂ ਮਾੜੀਆਂ ਨੀਤੀਆਂ ਦੇ ਸਦਾ ਵਿਰੋਧ ਵਿੱਚ ਖੜਿਆ ਹੈ। ਦੇਸ਼ ਵਿੱਚ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਦੇਸ਼ ਵਿੱਚ ਐਮਰਜੈਂਸੀ ਵੇਲੇ ਵੀ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਕਿਸਾਨਾਂ ਦੀ ਜ਼ਮੀਨ ਹਥਿਆਉਣ ਅਤੇ ਧੰਨ ਕੁਬੇਰਾਂ ਹੱਥ ਫੜਾਉਣ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਸੰਘੀ ਘੁੱਟਣ ਵਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵੇਲੇ ਵੀ। ਪੰਜਾਬ ਦੇਸ਼ ਲਈ ਸਦਾ ਰਾਹ ਦਸੇਰਾ ਬਣਿਆ ਤੇ ਇਸੇ ਕਰਕੇ ਉਹ ਹਾਕਮਾਂ ਦੀਆਂ ਅੱਖਾਂ ਵਿੱਚ ਰੜਕਦਾ ਰਿਹਾ ਹੈ। ਬਾਵਜੂਦ ਇਹ ਤੱਥ ਪ੍ਰਵਾਨ ਕਰਦਿਆਂ ਵੀ ਕਿ ਪੰਜਾਬ ਤੇ ਪੰਜਾਬੀਆਂ ਦਾ ਦੇਸ਼ ਦੀ ਆਜ਼ਾਦੀ ਵਿੱਚ ਵੱਡਾ ਯੋਗਦਾਨ ਸੀ ਅਤੇ ਹੁਣ ਵੀ ਪੰਜਾਬ ਅਤੇ ਪੰਜਾਬੀ ਦੇਸ਼ ਦੀਆਂ ਸਰਹੱਦਾਂ ਦੇ ਮਜ਼ਬੂਤ ਪਹਿਰੇਦਾਰ ਹਨ।

**ਅਣਗੌਲਿਆ ਪੰਜਾਬ**

ਪਰ ਇਸ ਸਭ ਕੁਝ ਦੇ ਬਾਵਜੂਦ ਪੰਜਾਬ ਅਣਗੌਲ਼ਿਆ ਜਾ ਰਿਹਾ ਹੈ। ਇਸਦਾ ਖ਼ੁਸ਼ਨੁਮਾ ਰੰਗ, ਬਦਰੰਗ ਹੋ ਰਿਹਾ ਹੈ। ਇਸਦੀ ਚਮਕ ਮੱਠੀ ਪੈ ਰਹੀ ਹੈ। ਸਵਾਲ ਪੈਦਾ ਹੋਣ ਲੱਗ ਪਿਆ ਹੈ ਕਿ ਕੀ ਘੁੱਗ ਵਸਦਾ ਪੰਜਾਬ ਮਾਰੂਥਲ ਬਣਾ ਦਿੱਤਾ ਜਾਏਗਾ? ਕੀ ਇਸ ਧਰਤੀ ਦੇ ਲੋਕ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ' ਵਾਲਾ ਹਰਮਨ ਪਿਆਰਾ ਗੀਤ ਜਿਉਂਦਾ ਰੱਖ ਸਕਣਗੇ?

## ਸਾਡਾ ਸੀ. ਐਮ. ਸਾਡੀ...

ਜੋ ਵੱਡੇ ਵੱਡੇ ਲੀਡਰ ਅੱਜ ਲੋਕਾਂ ਦੇ ਦਰਵਾਜ਼ੇ ਤੱਕ ਜਾ ਰਹੇ ਹਨ ਕੀ ਉਹ ਚੋਣਾਂ ਤੋਂ ਬਾਅਦ ਵੀ ਜਾਣਗੇ? ਨਾ ਹੀ ਅਸੀਂ ਕਦੇ ਕਿਸੇ ਨੂੰ ਇਹ ਸਵਾਲ ਪੁੱਛਿਆ ਹੈ ਕਿ ਚੋਣਾਂ ਤੋਂ ਬਾਅਦ ਵੀ ਤੁਸੀਂ ਸਾਡੀਆਂ ਸਮੱਸਿਆਵਾਂ ਹੱਲ ਕਰਨ ਦੇ ਲਈ ਸਾਡੇ ਇਲਾਕੇ ਵਿੱਚ ਆਵੋਗੇ ਜਾ ਨਾ!

ਕੁਦਰਤੀ ਵਾਤਾਵਰਨ ਨੂੰ ਲੋਕਾਂ ਦੀਆਂ ਲੋੜਾਂ ਨੇ ਗੰਧਲਾ ਕਰ ਸੁੱਟਿਆ ਹੈ ਤੇ ਮਨੁੱਖੀ ਵਾਤਾਵਰਨ ਨੂੰ ਇਨਾਂ ਰਾਜਨੀਤਕ ਲੋਕਾਂ ਨੇ ਗੰਧਲਾ ਕਰ ਦਿੱਤਾ ਹੈ। ਸਮੇਂ ਦੀ ਪੁਕਾਰ ਵਿੱਚ ਜੇਕਰ ਮਿੱਟੀ ਪਾਣੀ ਹਵਾ ਨੂੰ ਸਾਫ਼ ਕਰਨ ਦੀ ਮੰਗ ਹੈ ਉੱਥੇ ਹੀ ਇਹ ਮੰਗ ਵੀ ਹੈ ਕਿ ਇਨਾਂ ਸਿਆਸੀ ਲੀਡਰਾਂ ਤੋਂ ਆਪਣੀ ਭੋਲੀ ਜਨਤਾ ਨੂੰ ਕਿਵੇਂ ਬਚਾਇਆ ਜਾਵੇ। ਜਿਨਾਂ ਦੀ ਸਾਰ ਕੇਵਲ ਚੋਣਾਂ ਦੇ ਦੌਰਾਨ ਹੀ ਲਈ ਜਾਂਦੀ ਹੈ ਉਸ ਤੋਂ ਬਾਅਦ ਪੰਜ ਸਾਲ ਇਨਾਂ ਨੂੰ ਪੁੱਛਿਆ ਵੀ ਨਹੀਂ ਜਾਂਦਾ। ਜੋ ਆਪਣਾ ਜ਼ਮੀਰ ਵੇਚ ਕੇ ਪਾਰਟੀਆਂ ਛੱਡਦੇ ਫਿਰਦੇ ਹਨ ਅਤੇ ਝੂਠ ਦੀ ਰਾਜਨੀਤੀ ਕਰਦੇ ਹਨ ਅਤੇ ਸ਼ਰੇਆਮ ਲੋਕਾਂ ਨੂੰ ਬੇਵਕੂਫ਼ ਬਣਾ ਰਹੇ ਹਨ ਅਜਿਹੇ ਲੋਕਾਂ ਉੱਤੇ ਵਿਸ਼ਵਾਸ ਕਾਇਮ ਕਰਨਾ ਸਾਡੀ ਸਭ ਤੋਂ ਵੱਡੀ ਬੇਵਕੂਫ਼ੀ ਹੈ। ਵੋਟ ਪਾਉਣੀ ਹੈ ਜੀ ਸਦਕੇ ਪਾਓ ਪਰ ਹੱਕਾਂ ਦੀ ਰਖਵਾਲੀ ਲਈ ਆਪਣੇ ਅਧਿਕਾਰਾਂ ਦੀ ਵੀ ਸਹੀ ਵਰਤੋਂ ਕਰਨੀ ਸਿੱਖੋ।

ਸਾਡਾ ਸੀ. ਐਮ., ਸਾਡੀ ਪਾਰਟੀ ਕਹਿਣ ਨਾਲੋਂ ਸਾਡਾ ਪੰਜਾਬ ਸਾਡੇ ਮਸਲੇ ਆਖੋਗੇ ਤਾਂ ਪੰਜਾਬ ਪੰਜਾਬੀਅਤ ਅਤੇ ਸਿੱਖ ਇਤਿਹਾਸ ਉੱਤੇ ਪਹਿਰਾ ਦੇ ਸਕੋਗੇ। ਨਹੀਂ ਤਾਂ ਫੇਰ ਨਾ ਹੀ ਸਾਡਾ ਸੀ. ਐਮ. ਕਦੇ ਸਾਡਾ ਬਣੇਗਾ ਤੇ ਨਾ ਹੀ ਸਾਨੂੰ ਕਿਸੇ ਪਾਰਟੀ ਨੇ ਕੋਈ ਅਹੁਦਾ ਦੇਣਾ ਹੈ।

ਪੰਜਾਬ ਦੇ ਨੌਜਵਾਨਾਂ ਨੂੰ ਜਜ਼ਬਾਤੀ ਕਰ ਕੇ ਜੋ ਇਹ ਖੇਡ ਸਿਆਸਤਦਾਨਾਂ ਨੇ ਚਲਾਈ ਹੋਈ ਹੈ, ਕੀ ਕਦੇ ਇਨਾਂ ਲੀਡਰਾਂ ਨੇ ਉਨਾਂ ਨੌਜਵਾਨਾਂ ਦੇ ਘਰਾਂ ਵਿੱਚ ਜਾ ਕੇ ਵੀ ਪੁੱਛਿਆ ਹੈ ਕਿ ਇਨਾਂ ਨੌਜਵਾਨਾਂ ਨੂੰ ਅਸਲ ਵਿੱਚ ਚਾਹੀਦਾ ਕੀ ਹੈ? ਮੈਨੂੰ ਤੇ ਕਈ ਵਾਰ ਇਹ ਸਮਝ ਨਹੀਂ ਆਉਂਦੀ ਜਦੋਂ ਪਾਰਟੀ ਦੇ ਚੋਣ ਨਿਸ਼ਾਨ ਗਲਾਂ ਵਿੱਚ ਪਾਏ ਜਾਂਦੇ ਤਾਂ ਜੈਕਾਰੇ ਕਿਉਂ ਛੱਡੇ ਜਾਂਦੇ ਹਨ, ਇਹੋ ਜਿਹਾ ਕਿਹੜਾ ਭਲਵਾਨੀ ਦਾ ਕੰਮ ਕੀਤਾ ਹੁੰਦਾ ਜੋ ਪਹਿਲਾਂ ਹੀ ਦਲ-ਬਦਲੂ ਹਨ, ਜੈਕਾਰਾ ਕਿਉਂ ਤੇ ਕਦੋਂ ਲਾਇਆ ਜਾਂਦਾ ਸੀ ਇਸ ਦਾ ਇਲਮ ਸਿਆਸੀ ਲੀਡਰ ਭੁੱਲ ਚੁੱਕੇ ਹਨ। ਜੋ ਲੋਕ ਆਪਣੀਆਂ ਪਾਰਟੀਆਂ ਦੇ ਨਾ ਹੋ ਸਕੇ ਉਹ ਲੋਕਾਂ ਦੇ ਕਦੋਂ ਹੋ ਜਾਣਗੇ। ਜੋ ਲੋਕ ਮੌਕਾ ਦੇਖ ਕੇ ਪਾਰਟੀ ਬਦਲ ਦਿੰਦੇ ਹਨ ਇਸੇ ਤਰਾਂ ਕੱਲ ਨੂੰ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੇਖ ਕੇ ਰਾਹ ਬਦਲ ਲੈਣਗੇ। ਮੇਰਾ ਕਿਸੇ ਵੀ ਪਾਰਟੀ ਨਾਲ਼ ਕੋਈ ਸਰੋਕਾਰ ਜਾਂ ਵਾਹ ਵਾਸਤਾ ਨਹੀਂ ਹੈ ਪਰ ਫਿਰ ਵੀ ਸਿੱਖ ਕੌਮ ਦੀ ਅਸਲ ਨੁਮਾਇੰਦਗੀ ਕਰਨ ਵਾਲਾ ਸਿੱਖ ਸਿਆਸੀ ਲੀਡਰ ਸਰਦਾਰ ਸਿਮਰਨਜੀਤ ਸਿੰਘ ਮਾਨ ਹੀ ਨਜ਼ਰ ਆਉਂਦੇ ਹਨ ਜੋ ਅਸਲ ਸਿੱਖੀ ਲਈ ਲੜ ਰਹੇ ਹਨ। ਚੋਣਾਂ ਵਿੱਚ ਹਾਰ ਤੇ ਜਿੱਤ ਚੱਲਦੀ ਹੈ ਪਰ ਅਸਲ ਯੋਧਾ ਉਹ ਹੀ ਅਖਵਾਉਂਦਾ ਹੈ ਜੋ ਚੰਗੇ ਮਾੜੇ ਸਮੇਂ ਵਿੱਚ ਵੀ ਆਪਣੀ ਪਾਰਟੀ ਦੇ ਨਾਲ਼ ਅਤੇ ਆਪਣੇ ਅਸਲ ਮਨਸੂਬਿਆਂ ਦੇ ਨਾਲ਼ ਜੁੜਿਆ ਰਹਿੰਦਾ ਹੈ।

## ਬੇਔਲਾਦ

ਕਿ ਨਵਤੇਜ ਨੂੰ ਜਨਮ ਤੋਂ ਹੀ ਇਸ ਤਰਾਂ ਦਾ ਨੁਕਸ ਹੈ ਕਿ ਉਹ ਭਾਵੇਂ ਕੋਈ ਇਲਾਜ ਕਰਾਵੇ ਪਰ ਬੱਚਾ ਪੈਦਾ ਨਹੀਂ ਕਰ ਸਕਦਾ। ਡਾਕਟਰਾਂ ਨੇ ਹੋਰ ਕਈ ਤਰੀਕੇ ਸੁਝਾਏ ਪਰ ਉਨਾਂ ਨੇ ਬੱਚਾ ਗੋਦ ਲੈਣ ਨੂੰ ਹੀ ਤਰਜੀਹ ਦਿੱਤੀ।

ਕੁਝ ਚਿਰ ਪਿੱਛੋਂ ਨਵਤੇਜ ਨੂੰ ਵੀ ਅੰਦਰ ਬੁਲਾਇਆ ਗਿਆ, ਸਾਹਮਣੇ ਨੀਤੂ ਨੂੰ ਦੇਖ ਉਸਦਾ ਸਰੀਰ ਸਿਰ ਤੋਂ ਪੈਰਾਂ ਤੱਕ ਬਰਫ਼ ਹੋ ਗਿਆ। ਜ਼ਿੰਦਗੀ ਦੇ ਇਸ ਮੋੜ 'ਤੇ ਨੀਤੂ ਨਾਲ਼ ਸਾਹਮਣਾ ਹੋਵੇਗਾ ਉਸਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ। ਨੀਤੂ ਨੂੰ ਸਤਿ ਸ੍ਰੀ ਅਕਾਲ ਆਖ ਉਸਨੇ ਹੱਥ ਜੋੜੇ, ਪਰ ਇਸ ਤਰਾਂ ਜੋੜੇ ਜਿਵੇਂ ਕੋਈ ਅਪਰਾਧੀ ਜੱਜ ਸਾਹਮਣੇ ਸਜ਼ਾ ਸੁਣਨ ਤੋਂ ਪਹਿਲਾਂ ਰਹਿਮ ਦੀ ਅਪੀਲ ਕਰ ਰਿਹਾ ਹੋਵੇ। ਨੀਤੂ ਨੇ ਬੜੀ ਸਾਦਗੀ ਤੇ ਠਰੰਮੇ ਨਾਲ਼ ਫ਼ਾਈਲ ਉਸਦੇ ਅੱਗੇ ਕਰਦਿਆਂ ਕਿਹਾ 'ਤੁਹਾਡੀ ਪਤਨੀ ਦੇ ਦਸਤਖ਼ਤ ਹੋ ਚੁੱਕੇ ਹਨ ਬੱਸ ਤੁਹਾਡੇ ਬਾਕੀ ਹਨ'। ਜਿੱਥੇ-ਜਿੱਥੇ ਦਸਤਖ਼ਤ ਕਰਨ ਨੂੰ ਕਿਹਾ ਗਿਆ ਨਵਤੇਜ ਚਾਬੀ ਦਿੱਤੇ ਖਿਡੌਣੇ ਵਾਂਗ ਕਰਦਾ ਰਿਹਾ। ਬਾਕੀ ਦੀ ਕਾਰਵਾਈ ਆਸ਼ਰਮ ਵਿੱਚ ਕਰ ਲਵਾਂਗੇ। ਆਓ ਚੱਲੀਏ, ਕਹਿੰਦਿਆਂ ਨੀਤੂ ਨੇ ਫ਼ਾਈਲ ਚੁੱਕ ਲਈ। ਹੁਣ ਤੱਕ ਬੁੱਤ ਬਣੇ ਹੋਏ ਨਵਤੇਜ ਨੇ ਨੀਤੂ ਵੱਲ ਦੇਖਕੇ ਫੇਰ ਹੱਥ ਜੋੜੇ, ਬੜੀ ਮੁਸ਼ਕਿਲ ਨਾਲ਼ ਮੂੰਹੋਂ ਬੋਲ ਕੱਢਿਆ। ਮੈਂ ਮੇਰੀ.. ਮੇਰੀ ਬਦਨਸੀਬੀ ਅੱਜ ਮੈਨੂੰ ਇੱਥੇ ਲੈ ਆਈ। ਨੀਤੂ ਨੇ ਉਸਦੀ ਗੱਲ ਨੂੰ ਟੋਕਿਆ, 'ਬਦਨਸੀਬ ਤਾਂ ਉਹ ਹੁੰਦੇ ਨੇ ਨਵਤੇਜ ਸਿੰਘ ਜੀ ਜਿਨਾਂ ਨੂੰ ਬਿਪਤਾ ਪਈ ਤੇ ਉਨਾਂ ਦਾ ਰੱਬ ਵੀ 'ਕੱਲਿਆਂ ਛੱਡ ਜਾਂਦਾ। ਤੁਸੀਂ ਤਾਂ ਬੜੇ ਖ਼ੁਸ਼ਨਸੀਬ ਹੋ ਕਿ ਤੁਹਾਡੀ ਪਤਨੀ ਨੇ ਇਸ ਹਾਲਤ ਵਿੱਚ ਵੀ ਤੁਹਾਡਾ ਸਾਥ ਦਿੱਤਾ। ਨਵਤੇਜ ਨੂੰ ਦੇਣ ਲਈ ਪਾਣੀ ਦਾ ਗਿਲਾਸ ਨੀਤੂ ਨੇ ਰਮਨ ਨੂੰ ਫੜਾਉਂਦਿਆਂ ਕਿਹਾ ਜਦੋਂ ਇਹ ਠੀਕ ਮਹਿਸੂਸ ਕਰਨ ਤਾਂ ਆਪਾਂ ਚੱਲਾਂਗੇ ਮੈਂ ਬਾਹਰ ਉਡੀਕ ਕਰਦੀ ਹਾਂ। ਕੁਝ ਚਿਰ ਪਿੱਛੋਂ ਸਵੈਮਾਣ ਨਾਲ਼ ਭਰੀ ਨੀਤੂ ਅਨਾਥ ਆਸ਼ਰਮ ਦੇ ਵਰਾਂਡੇ ਵਿੱਚ ਤੁਰੀ ਜਾ ਰਹੀ ਸੀ। ਪਿੱਛੇ-ਪਿੱਛੇ ਨਵਤੇਜ ਆਪਣੀ ਪਤਨੀ ਨਾਲ਼ ਸਿਰ ਸੁੱਟੀ ਤੁਰਿਆ ਆ ਰਿਹਾ ਸੀ। ਉਸਦੇ ਆਪਣੇ ਬੋਲ ਉਸਦੇ ਸਿਰ ਵਿੱਚ ਹਥੌੜੇ ਵਾਂਗ ਵੱਜ ਰਹੇ ਸੀ 'ਮੈਂ ਸਾਰੀ ਉਮਰ ਬੇਔਲਾਦ ਨੀ ਰਹਿਣਾ ਚਾਹੁੰਦਾ'।

## ਰੁੱਖ

ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ,
ਕੁਝ ਰੁੱਖ ਲੱਗਦੇ ਮਾਵਾਂ।
ਕੁਝ ਰੁੱਖ ਨੂੰਹਾਂ ਧੀਏ ਲੱਗਦੇ,
ਕੁਝ ਰੁੱਖ ਵਾਂਗ ਭਰਾਵਾਂ।
ਕੁਝ ਰੁੱਖ ਮੇਰੇ ਬਾਬੇ ਵਾਕਣ,
ਪੱਤਰ ਟਾਵਾਂ ਟਾਵਾਂ।
ਕੁਝ ਰੁੱਖ ਮੇਰੀ ਦਾੜੀ ਵਰਗੇ,
ਚੂਰੀ ਪਾਵਾਂ ਕਾਵਾਂ।
ਕੁਝ ਰੁੱਖ ਯਾਰਾਂ ਵਰਗੇ ਲੱਗਦੇ,
ਚੁੰਮਾਂ ਤੇ ਗਲ਼ ਲਾਵਾਂ।
ਇੱਕ ਮੇਰੀ ਮਹਿਬੂਬਾ ਵਾਕਣ,
ਮਿੱਠਾ ਅਤੇ ਦੁਖਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਐ,
ਮੋਢੇ ਚੁੱਕ ਖਿਡਾਵਾਂ।
ਕੁਝ ਰੁੱਖ ਮੇਰਾ ਦਿਲ ਕਰਦਾ ਐ,
ਚੁੰਮਾਂ ਤੇ ਮਰ ਜਾਵਾਂ।
ਕੁਝ ਰੁੱਖ ਜਦ ਵੀ ਰਲ਼ ਕੇ ਝੂਮਣ,
ਤੇਜ ਵਗਣ ਜਦ ਵਾਵਾਂ।
ਸਾਵੀ ਬੋਲੀ ਸਭ ਰੁੱਖਾਂ ਦੀ,
ਦਿਲ ਕਰਦਾ ਲਿਖ ਜਾਵਾਂ।
ਮੇਰਾ ਵੀ ਇਹ ਦਿਲ ਕਰਦਾ ਐ,
ਰੁੱਖ ਦੀ ਜੂਨੇ ਆਵਾਂ।
ਜੇ ਤੁਸਾਂ ਮੇਰਾ ਗੀਤ ਹੈ ਸੁਣਨਾ,
ਮੈਂ ਰੁੱਖਾਂ ਵਿੱਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਉਂ ਰੁੱਖਾਂ ਦੀਆਂ ਛਾਵਾਂ।

**ਸ਼ਿਵ ਕੁਮਾਰ ਬਟਾਲਵੀ**

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅੱਠਵੀਂ ਕਿਸ਼ਤ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਅਕਤੂਬਰ ਭਾਵ ਕੱਤਕ ਦਾ ਮਹੀਨਾ ਸੀ। ਜੰਡਿਆਲਾ ਸ਼ੇਰ ਖਾਂ ਦੇ ਇੱਕ ਖੇਤ ਵਿੱਚ ਦੋ ਆਦਮੀ ਸ਼ਹਿਤੂਤ ਦੇ ਰੁੱਖ ਹੇਠ ਬੈਠੇ ਛੱਲੀਆਂ ਚੱਬ ਰਹੇ ਸਨ ਤੇ ਆਪਸ ਵਿੱਚ ਗੱਲਾਂ ਕਰ ਰਹੇ ਸਨ। ਚਾਰੇ ਪਾਸੇ ਹਰਿਆਲੀ ਹੀ ਹਰਿਆਲੀ ਸੀ। ਜਿੱਧਰ ਨਜ਼ਰ ਮਾਰੋ ਉੱਧਰ ਹੀ ਮੱਕੀ, ਕਪਾਹ, ਗੰਨੇ ਤੇ ਬਾਜਰੇ ਦੀ ਫ਼ਸਲ ਲਹਿਰਾ ਰਹੀ ਸੀ। ਲੁੱਟੇ ਪੁੱਟੇ ਪੰਜਾਬ ਵਿੱਚ ਪਤਾ ਨਹੀਂ ਕਿੰਨੇ ਸਾਲ ਬਾਅਦ ਖੇੜਾ ਆਇਆ ਸੀ ਤੇ ਕਿਸਾਨਾਂ ਨੂੰ ਆਪਣੀ ਜਨਮ ਭੂਮੀ ਦਾ ਸੁੰਦਰ ਰੂਪ ਦੇਖਣਾ ਨਸੀਬ ਹੋਇਆ ਸੀ। ਡੰਗਰ ਪਸ਼ੂ ਚਰ ਰਹੇ ਸਨ ਤੇ ਪਾਲੀ ਉੱਚੀਆਂ ਹੇਕਾਂ ਵਿੱਚ ਬੜੇ ਉਤਸ਼ਾਹ ਨਾਲ਼ ਗਾ ਰਹੇ ਸਨ :-

ਜੱਗਾ ਜੱਟ ਨੀਂ ਕਿਸੇ ਨਾ ਬਣ ਜਾਣਾ,
ਘਰ-ਘਰ ਪੁੱਤ ਜੰਮਦੇ।'

ਗੀਤ ਦੇ ਬੋਲ ਕੰਨਾਂ ਵਿੱਚ ਪਏ ਤਾਂ ਦੋਹੇਂ ਜਣੇ ਛੱਲੀ ਖਾਣਾ ਤੇ ਗੱਲਾਂ ਮਾਰਨੀਆਂ ਬੰਦ ਕਰਦੇ ਇੱਕ ਦੂਜੇ ਵੱਲ ਦੇਖਣ ਲੱਗ ਪਏ। ਜਦੋਂ ਤੱਕ ਗੀਤ ਦੇ ਬੋਲ ਹਵਾ ਵਿੱਚ ਗੂੰਜਦੇ-ਲਹਿਰਾਉਂਦੇ ਰਹੇ, ਉਹ ਸ਼ਾਂਤ ਤੇ ਅਹਿਲ ਬੈਠੇ ਇੱਕ ਦੂਜੇ ਵੱਲ ਤੱਕਦੇ ਤੇ ਮੁਸਕਰਾਉਂਦੇ ਰਹੇ। ਗੀਤ ਦੇ ਬੋਲ ਪੰਜਾਬ ਦੇ ਦਿਲ ਦੀ ਧੜਕਨ ਸੀ ਜਿਹੜੇ ਅਨਿਆਂ ਤੇ ਅੱਤਿਆਚਾਰ ਸਾਹਵੇਂ ਗਰਦਨ ਝੁਕਾਉਣ ਦੇ ਬਜਾਏ ਉਸਦਾ ਮੁਕਾਬਲਾ ਕਰਨ ਤੇ ਸੂਰਮਾ ਬਣਨ ਦੀ ਪ੍ਰੇਰਨਾ ਦਿੰਦੇ ਸਨ। ਪੰਜਾਬ ਦੇ ਦਿਲ ਦੀ ਇਹ ਧੜਕਨ ਉਨਾਂ ਦੋਹਾਂ ਦੇ ਦਿਲ ਦੀ ਧੜਕਨ ਵੀ ਸੀ ਤੇ ਉਨਾਂ ਦੀ ਗੱਲਬਾਤ ਦਾ ਵਿਸ਼ਾ ਵੀ ਇਹੀ ਸੀ। ਉਹ ਦੋਹੇਂ, ਭੂਪ ਸਿੰਘ ਤੇ ਵਾਰਿਸ ਸ਼ਾਹ ਸਨ।

'ਮੈਂ ਇਹ ਘਟਨਾ ਕਦੀ ਨਹੀਂ ਭੁੱਲ ਸਕਾਂਗਾ ਤੇ ਇਸ ਨਾਲ਼ ਮੇਰੇ ਦਿਲ ਜੋ ਠੇਸ ਲੱਗੀ, ਉਸਦਾ ਫੱਟ ਕਦੀ ਨਹੀਂ ਭਰ ਸਕੇਗਾ।' ਜਦੋਂ ਗੀਤ ਦੇ ਬੋਲ ਕੰਨਾਂ ਵਿੱਚ ਪਏ ਸਨ, ਵਾਰਿਸ ਸ਼ਾਹ ਭੂਪ ਸਿੰਘ ਨੂੰ ਇਹ ਗੱਲ ਸੁਣਾ ਰਿਹਾ ਸੀ। ਇੱਕ ਘਟਨਾ ਜਿਸ ਨੂੰ ਉਹ ਭੁੱਲ ਨਹੀਂ ਸੀ ਸਕਿਆ, ਪਹਿਲਾਂ ਵੀ ਸੁਣਾ ਚੁੱਕਿਆ ਸੀ। ਉਹ ਇੰਜ ਸੀ : 'ਤੈਨੂੰ ਪਤਾ ਏ ਨਾ, ਪਾਕ ਪਟਨ ਸ਼ਰੀਫ਼ ਵਿੱਚ ਸਾਡੇ ਖ਼ਾਨਦਾਨੀ ਪੀਰ ਹਾਫ਼ਿਜ਼ ਗੁਲਾਮ ਮੁਰਤਜਾ ਰਹਿੰਦੇ ਨੇ?' ਵਾਰਿਸ ਨੇ ਪੁੱਛਿਆ।

'ਹਾਂ, ਪਤਾ ਏ।'ਭੂਪ ਸਿੰਘ ਨੇ ਉੱਤਰ ਦਿੱਤਾ।

'ਤਾਲੀਮ ਹਾਸਲ ਕਰਕੇ ਜਦੋਂ ਮੈਂ ਕਸੂਰ ਤੋਂ ਪਿੰਡ ਵਾਪਸ ਆਇਆ ਤਾਂ ਦਿਲ ਵਿੱਚ ਖ਼ਿਆਲ ਆਇਆ ਕਿ ਪਾਕ ਪਟਨ ਸ਼ਰੀਫ਼ ਦੀ ਜ਼ਿਆਰਤ ਕਰ ਆਵਾਂ। ਖ਼ਿਆਲ ਆਉਂਦਿਆਂ ਹੀ ਮੈਂ ਘਰੋਂ ਤੁਰ ਪਿਆ। ਰਸਤੇ ਵਿੱਚ ਠੱਠਾ ਜਾਹਿਦਾ ਨਾਂ ਦਾ ਇੱਕ ਪਿੰਡ ਪੈਂਦਾ ਏ। ਉੱਥੇ ਪਹੁੰਚਦਿਆਂ-ਪਹੁੰਚਦਿਆਂ ਰਾਤ ਪੈ ਗਈ, ਜਿਹੜੀ ਮੈਂ ਉੱਥੇ ਤਕੀਏ ਵਿੱਚ ਬਿਤਾਈ। ਤਕੀਏ ਦੇ ਨੇੜੇ ਹੀ ਇੱਕ ਖੂਹ ਸੀ। ਸਵੇਰ ਹੋਈ ਤਾਂ ਪਿੰਡ ਦੀਆਂ ਕੁੜੀਆਂ ਖੂਹ ਤੋਂ ਪਾਣੀ ਭਰਨ ਆਈਆਂ। ਇਨਾਂ ਕੁੜੀਆਂ ਦੀ ਟੋਲੀ ਵਿੱਚ ਇੱਕ ਕੁੜੀ ਏਡੀ ਬਾਂਕੀ ਮੁਟਿਆਰ ਸੀ, ਜਿੱਦਾਂ ਹੂਰ ਜ਼ਮੀਨ ਉੱਪਰ ਉੱਤਰ ਆਈ ਹੋਏ। ਦੇਖਦਿਆਂ ਹੀ ਮੈਨੂੰ ਉਸ ਨਾਲ਼ ਇਸ਼ਕ ਹੋ ਗਿਆ।'

'ਕੀ ਨਾਂ ਸੀ ਉਸਦਾ?'

'ਮੈਂ ਨਾਂ ਥੋੜਾ ਈ ਪੁੱਛਿਆ ਸੀ।'

'ਪਿੱਛੋਂ ਤਾਂ ਪਤਾ ਲੱਗ ਈ ਗਿਆ ਹੋਊ?'

'ਹਾਂ, ਪਿੱਛੋਂ ਪਤਾ ਲੱਗ ਗਿਆ ਸੀ, ਉਸਦਾ ਨਾਂ ਭਾਗ ਭਰੀ ਸੀ। ਕਿਸੇ ਨੇ ਦੱਸਿਆ ਕਿ ਉਹ ਅਰਾਈਂ ਵੱਲ ਦੇ ਕਿਸੇ ਜੱਟ ਦੀ ਧੀ ਏ...ਪਰ ਦਿਲ ਨਾ ਜਾਤ ਦੇਖਦਾ ਏ, ਨਾ ਨਾਂ ਪੁੱਛਦਾ ਏ। ਉਹ ਤਾਂ ਬਸ ਸੂਰਤ ਸੀਰਤ ਤੇ ਮਰ ਮਿਟਦਾ ਏ। ਜਿਵੇਂ ਪਰਵਾਨੇ ਨੂੰ ਸ਼ਮਾਂ ਨਾਲ਼ ਇਸ਼ਕ ਹੈ, ਉਵੇਂ ਦਿਲ ਨੂੰ ਹੁਸਨ ਨਾਲ਼ ਇਸ਼ਕ ਹੈ। ਉਹ



ਕਿਸੇ ਬੰਧਨ ਨੂੰ ਨਹੀਂ ਮੰਨਦਾ।'

'ਪਰ ਤੂੰ ਤਾਂ ਸਿਰਫ਼ ਸੂਰਤ ਦੇਖ ਕੇ...।

ਅਲਹੋਲ ਸਿੱਖ ਰਾਖੀ ਪ੍ਰਣਾਲੀ ਅਧੀਨ ਨਹੀਂ, ਲਾਹੌਰ ਸਰਕਾਰ ਦੇ ਅਧੀਨ ਸਨ ਪਰ ਉਹ ਪੂਰੀ ਤਰਾਂ ਸੁਰੱਖਿਅਤ ਸਨ। ਸਾਈਂ ਦੀ ਖ਼ੁਦਾ ਪ੍ਰਸਤੀ ਤੇ ਇਨਸਾਨ ਪ੍ਰਸਤੀ ਦਾ ਪ੍ਰਭਾਵ ਦੂਰ ਦੂਰ ਤੱਕ ਫੈਲਿਆ ਹੋਇਆ ਸੀ। ਲੋਕੀਂ ਉਨਾਂ ਦੀ ਇੱਜ਼ਤ ਕਰਦੇ ਸਨ। ਉਨਾਂ ਦੇ ਮਕਬਰੇ ਦੀ ਸਹਾਇਤਾ ਕਰਨਾ ਆਪਣਾ ਧਾਰਮਿਕ ਫਰਜ਼ ਮੰਨਦੇ ਸਨ। ਉਨਾਂ ਦੇ ਮਕਬਰੇ ਵਿੱਚ ਅਨਾਥ ਬੱਚਿਆਂ ਦੀ ਪਾਲਨਾ ਹੁੰਦੀ ਸੀ। ਆਮ ਲੋਕਾਂ ਨੂੰ ਇਨਾਂ ਬੱਚਿਆਂ ਨਾਲ਼ ਦਿਲੀ ਹਮਦਰਦੀ ਸੀ। ਇਸ ਲਈ ਉਨਾਂ ਦਾ ਇਨਾਂ ਦੀ ਮਦਦ ਕਰਨਾ ਸੁਭਾਵਿਕ ਸੀ। ਉਹ ਲੋਕ ਵੀ ਜਿਹੜੇ ਇਨਾਂ ਬੱਚਿਆਂ ਨੂੰ ਅਨਾਥ ਬਣਾਉਣ ਦੇ ਜ਼ਿੰਮੇਵਾਰ ਸਨ, ਇਨਾਂ ਦੀਆਂ ਦੁਆਵਾਂ ਨਾਲ਼ ਜੰਨਤ ਜਾਣ ਦੇ ਖ਼ਾਹਿਸ਼ਮੰਦ ਸਨ। ਜ਼ਕਰੀਆ ਖਾਂ, ਯਹੀਆ ਖਾਂ ਤੇ ਮੀਰ ਮੰਨੂੰ ਵੀ ਸਾਈਂ ਜਹੀਰ ਬਖ਼ਸ਼ ਦੇ ਮਕਤਬ ਨੂੰ ਆਪਣੇ ਖਜ਼ਾਨੇ ਵਿੱਚੋਂ ਹਮੇਸ਼ਾ ਮਦਦ ਘੱਲਦੇ ਰਹੇ ਸਨ। ਉਹੀ ਮਦਦ ਮੁਗ਼ਲਾਨੀ ਬੇਗਮ ਵੀ ਭੇਜ ਰਹੀ ਸੀ। ਹੁਣ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸ਼ਾਹ ਨਵਾਜ ਨੂੰ ਹਰਾ ਕੇ ਲਾਹੌਰ ਆਪਣੇ ਕਬਜੇ ਵਿੱਚ ਕੀਤਾ ਤੇ ਪੀਰਾਂ ਫ਼ਕੀਰਾਂ ਨੂੰ ਖ਼ੈਰਾਤ ਵੰਡੀ ਤਾਂ ਉਸੇ ਖ਼ੈਰਾਤ ਦਾ ਇੱਕ ਵੱਡਾ ਹਿੱਸਾ ਇਸ ਮਕਤਬ ਨੂੰ ਵੀ ਭੇਜਿਆ। ਜਿਹੜੇ ਭਾਂਤ-ਭਾਂਤ ਦੇ ਡਾਕੂ ਲੁਟੇਰੇ ਪੈਦਾ ਹੋ ਗਏ ਸਨ, ਉਹ ਵੀ ਅਲਹੌਰ ਦੇ ਮਕਤਬ ਵੱਲ ਅੱਖ ਚੁੱਕ ਕੇ ਦੇਖਣ ਦੀ ਹਿੰਮਤ ਨਹੀਂ ਸਨ ਕਰਦੇ। ਬੱਚਿਆਂ ਦੀ ਗਿਣਤੀ ਹੁਣ ਘੱਟ ਹੋ ਗਈ ਸੀ, ਉਨਾਂ ਦੀ ਪੜਾਈ ਤੇ ਦੇਖਭਾਲ ਦਾ ਕੰਮ ਜਿਵੇਂ ਦਾ ਤਿਵੇਂ ਚੱਲ ਰਿਹਾ ਸੀ। ਉਸ ਵਿੱਚ ਜ਼ਰਾ ਵੀ ਫ਼ਰਕ ਨਹੀਂ ਸੀ ਆਇਆ।

ਅੰਮ੍ਰਿਤਸਰ ਵਿੱਚ ਦੀਵਾਨ ਦੀ ਸਮਾਪਤੀ ਤੋਂ ਬਾਅਦ ਭੂਪ ਸਿੰਘ ਆਪਣੇ ਘਰ ਜਾਣ ਦੇ ਬਜਾਏ ਲਾਹੌਰ ਪਹੁੰਚਿਆ। ਨੀਲੇ ਰੰਗ ਦਾ ਤਹਿਮਤ ਤੇ ਨੀਲੇ ਰੰਗ ਦਾ ਲੰਮਾ ਚੋਲਾ ਪਾ ਕੇ ਉਸਨੇ ਸੂਫ਼ੀ ਦਰਵੇਸ਼ ਦਾ ਭੇਸ ਬਣਾਇਆ ਹੋਇਆ ਸੀ। ਇਸ ਵਾਰੀ ਉਸਦੇ ਹੱਥ ਵਿੱਚ ਘੁੰਗਰੂਆਂ ਵਾਲਾ ਗੋਲ ਕੁਲਾ ਡੰਡਾ ਨਹੀਂ, ਕਬੀਰ ਪੰਥੀ ਲੋਟਾ ਸੀ। ਦਸ ਬਾਰਾਂ ਕੋਹ ਦਾ ਪੈਂਡਾ ਕਰਕੇ ਜਦੋਂ ਉਹ ਲਾਹੌਰ ਪਹੁੰਚਿਆ, ਰਾਤ ਘਿਰ ਆਈ ਸੀ। ਮਕਤਬ ਨੇ ਹਨੇਰੇ ਦੀ ਚਾਦਰ ਲਪੇਟੀ ਹੋਈ ਸੀ। ਸਾਈਂ ਜਹੀਰ ਬਖ਼ਸ਼ ਆਪਣੇ ਕਮਰੇ ਵਿੱਚ ਇਕੱਲੇ ਬੈਠੇ ਕੋਈ ਧਾਰਮਕ ਪੁਸਤਕ ਪੜ ਰਹੇ ਸਨ। ਉਹਨਾਂ ਦੀ ਉਮਰ ਅੱਸੀ ਸਾਲ ਦੇ ਆਸ ਪਾਸ ਸੀ। ਭਰਵੱਟਿਆਂ ਤੇ ਪਲਕਾਂ ਦੇ ਵਾਲ ਚਿੱਟੇ ਹੋ ਗਏ ਸਨ, ਪਰ ਨਜ਼ਰ ਅਜੇ ਠੀਕ ਸੀ। ਉਹ ਦੀਵੇ ਦੀ ਰੋਸ਼ਨੀ ਵਿੱਚ ਵੀ ਆਸਾਨੀ ਨਾਲ਼ ਪੜ ਰਹੇ ਸਨ। ਸੂਫ਼ੀ ਦਰਵੇਸ਼ ਨੇ ਅੰਦਰ ਆ ਕੇ ਮੱਥਾ ਟੇਕਿਆ ਤਾਂ ਸਾਈਂ ਜਹੀਰ ਬਖ਼ਸ਼ ਨੇ ਉਸਨੂੰ ਤੁਰੰਤ ਪਛਾਣ ਲਿਆ ਤੇ ਆਪਣੇ ਕੋਲ਼ ਬਿਠਾਅ ਕੇ ਪੁੱਛਿਆ 'ਸੁਣਾਅ ਭੂਪੇ ਸ਼ਾਹ ਕਿੱਧਰੋਂ ਆਉਣੇ ਹੋਏ?'

'ਅੰਮ੍ਰਿਤਸਰੋਂ ਆ ਰਿਹਾਂ ਜੀ।'

'ਦੀਵਾਲੀ ਮਨਾ ਕੇ ਆਇਆ ਏਂ?'

'ਹਾਂ ਜੀ। ਦੀਵਾਲੀ ਮਨਾ ਕੇ।'

'ਹੁਣ ਕਿੱਧਰ ਦੇ ਇਰਾਦੇ ਨੇ?'

'ਲਾਹੌਰ ਜਾਵਾਂਗਾ ਜੀ।'

'ਲਾਹੌਰ!' ਜਹੀਰ ਬਖ਼ਸ਼ ਨੇ ਸਿਰ ਹਿਲਾਉਂਦਿਆਂ ਹੋਇਆਂ ਦੁਹਰਾਇਆ ਤੇ ਜ਼ਰਾ ਰੁਕ ਕੇ ਅੱਗੇ ਕਿਹਾ, 'ਸੁਣਿਆਂ ਏ ਮੁਗ਼ਲਾਨੀ ਬੇਗਮ ਨੇ ਆਪਣੀ ਬੇਟੀ ਦੀ ਕੁੜਮਾਈ ਅਬਦਾਲੀ ਦੇ ਬੇਟੇ ਤੈਮੂਰ ਨਾਲ਼ ਕਰਕੇ ਲਾਹੌਰ ਦਾ ਸੰਬੰਧ ਕੰਧਾਰ ਨਾਲ਼ ਜੋੜ ਦਿੱਤਾ ਏ।'

'ਸੁਣਿਆਂ ਮੈਂ ਵੀ ਏ।' ਭੂਪ ਸਿੰਘ ਨੇ ਇੱਕ ਨਜ਼ਰ ਜਹੀਰ ਬਖ਼ਸ਼ ਵੱਲ ਦੇਖਿਆ ਤੇ ਆਪਣੇ ਲੋਟੇ ਉਪਰ ਝੁਕ ਕੇ ਕਿਹਾ, 'ਪਰ ਇਹ ਸੰਬੰਧ ਕੱਚੇ ਧਾਗੇ ਵਿੱਚ ਵੱਝਿਆ ਹੋਇਆ ਏ, ਛੇਤੀ ਹੀ ਟੁੱਟ ਜਾਏਗਾ।'

'ਠੀਕ ਕਹਿ ਰਿਹੈਂ ਤੂੰ? ਛੇਤੀ ਟੁੱਟ ਜਾਏਗਾ!'

(ਚਲਦਾ...)

## ਤਿਹਾੜ ਜੇਲ ਅੰਦਰ...

ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਕੈਨੇਡਾ ਭਰ ਦੇ ਸਿੱਖ ਗੁਰਦੁਆਰਿਆਂ ਦਾ ਤਾਲਮੇਲ ਕਰ ਰਹੇ ਭਾਈ ਮਨਿੰਦਰ ਸਿੰਘ ਨੇ ਕਿਹਾ :'ਭਾਈ ਜਗਤਾਰ ਸਿੰਘ ਜੌਹਲ ਹਿੰਦੁਸਤਾਨ ਵਿੱਚ ਆਪਣੀ ਜ਼ਬਰਦਸਤੀ ਕੈਦ ਦੌਰਾਨ ਸਿੱਖ ਪੰਥ ਲਈ ਸਿੱਖ ਵਿਰੋਧ ਦੀ ਇੱਕ ਚਮਕਦਾਰ ਉਦਾਹਰਣ ਰਹੇ ਹਨ। ਦੁਨੀਆਂ ਭਰ ਦੇ ਸਿੱਖ ਨੌਜਵਾਨ ਜੱਗੀ ਦੀਆਂ ਨਵੀਆਂ ਤਸਵੀਰਾਂ ਅਤੇ ਵੀਡੀਓਜ਼ ਦੀ ਬੇਸਬਰੀ ਨਾਲ ਉਡੀਕ ਕਰਦੇ ਹਨ ਕਿਉਂਕਿ ਉਹ ਜੱਗੀ ਨੂੰ ਆਪਣੇ ਆਪ ਵਿੱਚ ਦੇਖਦੇ ਹਨ ਅਤੇ ਸਮਝਦੇ ਹਨ ਕਿ ਇਹ ਕਿੰਨੀ ਅਸਾਨੀ ਨਾਲ ਉਨਾਂ ਅਤੇ ਸਿੱਖ ਪੰਥ ਦੀ ਗੁਲਾਮੀ ਦਾ ਰਾਜ ਪੰਜਾਬ ਦੇ ਕਬਜ਼ੇ ਵਿੱਚ ਹੈ। ਭਾਈ ਜਗਤਾਰ ਸਿੰਘ ਨੇ ਆਪਣੇ ਚਿਹਰੇ 'ਤੇ ਮੁਸਕਰਾਹਟ ਦੇ ਨਾਲ ਭਾਰਤ ਸਰਕਾਰ ਦੇ ਤਸ਼ੱਦਦ ਅਤੇ ਭਿਆਨਕ ਸਥਿਤੀਆਂ ਦਾ ਸਾਹਮਣਾ ਕੀਤਾ ਹੈ ਅਤੇ ਉਨਾਂ ਦਾ ਇਰਾਦਾ ਹੋਰ ਵੀ ਮਜ਼ਬੂਤ ਹੁੰਦਾ ਜਾ ਰਿਹਾ ਹੈ। ਅਸੀਂ ਦੁਨੀਆ ਭਰ ਦੇ ਸਿੱਖ ਗੁਰਦੁਆਰਿਆਂ ਅਤੇ ਸੰਸਥਾਵਾਂ ਨੂੰ ਇਸ ਅੰਤਰਰਾਸ਼ਟਰੀ ਦਿਹਾੜੇ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੇ ਹਾਂ ਅਤੇ ਸਾਡੇ ਵੀਰ ਭਾਈ ਜਗਤਾਰ ਸਿੰਘ ਜੌਹਲ ਵੱਲੋਂ ਕਾਰਵਾਈ ਕਰਨ ਦਾ ਸੱਦਾ ਦਿੰਦੇ ਹਾਂ।

ਕੈਲੀਫੋਰਨੀਆ ਸਿੱਖ ਯੂਥ ਅਲਾਇੰਸ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਜ਼ਿਕਰ ਕੀਤਾ :

'ਜਗਤਾਰ ਸਿੰਘ ਜੌਹਲ ਦਾ ਅਗਵਾ ਮਨੁੱਖੀ ਸਨਮਾਨ ਦੀ ਘੋਰ ਉਲੰਘਣਾ ਹੈ। ਬਦਕਿਸਮਤੀ ਨਾਲ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਭਾਰਤ ਦੀ ਨਿਆਂ ਪ੍ਰਣਾਲੀ ਨੂੰ ਸਾਰੀਆਂ ਆਲੋਚਨਾਵਾਂ ਅਤੇ ਅਸਹਿਮਤੀ ਨੂੰ ਦਬਾਉਣ ਲਈ ਇੱਕ ਸਾਧਨ ਵਜੋਂ ਵਰਤਿਆ ਗਿਆ ਹੈ। ਅਗਲੇ ਮਹੀਨੇ ਸਿੱਖ ਕੌਮ ਵੱਲੋਂ ਜਗਤਾਰ ਸਿੰਘ ਜੌਹਲ ਦਾ ਵਿਸ਼ਵ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਅਸੀਂ ਆਲਮੀ ਭਾਈਚਾਰੇ ਦੇ ਨਾਲ ਪ੍ਰਾਰਥਨਾ ਵਿੱਚ ਸ਼ਾਮਲ ਹੋਣ ਲਈ ਬਹੁਤ ਹੀ ਉਤਸ਼ਾਹਿਤ ਹਾਂ ਕਿਉਂਕਿ ਉਸਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਸਾਡੇ ਯਤਨ ਜਾਰੀ ਹਨ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਹਰਮੀਤ ਸਿੰਘ ਨੇ ਕਿਹਾ ਕਿ 'ਸਿੰਘ ਸਭਾ ਸਾਊਥਾਲ ਅੰਤਰਰਾਸ਼ਟਰੀ ਜਾਪ ਵਿੱਚ ਹਿੱਸਾ ਲੈ ਕੇ ਖੁਸ਼ ਹੈ ਅਸੀਂ ਹਰ ਮਹੀਨੇ ਇਹ ਪ੍ਰੋਗਰਾਮ ਉਹਨਾਂ ਸਿੱਖ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ ਸਮਰਥਨ ਦੇਣਾ ਜਾਰੀ ਰੱਖਣ ਲਈ ਕਰਦੇ ਹਾਂ ਅਤੇ ਮੁਹਿੰਮਾਂ ਵਿੱਚ ਸਾਡੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਸੰਗਤ ਸਾਰੇ ਹਿੱਸਾ ਲੈਣਾ ਅਤੇ ਸਮਰਥਨ ਦਿਖਾਉਣਾ ਪਸੰਦ ਕਰਦੇ ਹਨ'। ਅਰਦਾਸ ਸਮਾਗਮ ਵਿਚ ਸ਼ਾਮਿਲ ਹੋਣ ਦੀ ਪ੍ਰਵਾਨਗੀ ਦੇਣ ਵਾਲੇ ਹੁਣ ਤੱਕ ਦੇ ਗੁਰਦੁਆਰਿਆਂ ਦੀ ਸੂਚੀ : ਸਿੰਘ ਸਭਾ ਗੁਰਦੁਆਰਾ ਸਾਊਥਾਲ, ਸਿੰਘ ਸਭਾ ਗੁਰਦੁਆਰਾ ਸਲੋਹ, ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ, ਗੁਰੂ ਅਰਜਨ ਦੇਵ ਜੀ ਗੁਰਦੁਆਰਾ ਡਰਬੀ, ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਕੋਵੈਂਟਰੀ, ਸਿੰਘ ਸਭਾ ਗੁਰਦੁਆਰਾ ਵਟਫੋਰਡ, ਸੈਂਟਰਲ ਗੁਰਦੁਆਰਾ ਸਿੰਘ ਸਭਾ, ਗਲਾਸਗੋਰਡ, ਗੁਰਦੁਆਰਾ ਲੂਟਨ, ਗੁਰੂ ਨਾਨਕ ਗੁਰਦੁਆਰਾ ਲੈਸਟਰ, ਸਿੰਘ ਸਭਾ ਗੁਰਦੁਆਰਾ ਹਿਚਿਨ, ਸਿੰਘ ਸਭਾ ਗੁਰਦੁਆਰਾ ਨਿਊਕੈਸਲ, ਗੁਰੂ ਨਾਨਕ ਪ੍ਰਕਾਸ਼ ਕੋਵੈਂਟਰੀ, ਗੁਰਦੁਆਰਾ ਖਾਲਸਾ ਦਰਬਾਰ ਸਾਊਥੈਮਪਟਨ, ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਸੈਂਡ, ਗੁਰੂ ਨਾਨਕ ਗੁਰਦੁਆਰਾ ਕਾਲਡਮੋਰ, ਗੁਰੂ ਨਾਨਕ ਗੁਰਦੁਆਰਾ ਕਾਲਡਮੋਰ, ਵਲਸਾਲ ਗੁਰੁਦਵਾਰ ਗੁਰੂ ਨਾਨਕ ਦੇਵ ਜੀ ਲੈਸਟਰ, ਗੁਰੂ ਤੇਗ ਬਹਾਦੁਰ ਹਡਰਸਫੀਲਡ, ਸਿੰਘ ਸਭਾ ਗੁਰਦੁਆਰਾ ਕਰੋਇਡਨ, ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ, ਗੁਰਦੁਆਰਾ ਓਡਬੀ, ਲੈਸਟਰ, ਗੁਰੂ ਨਾਨਕ ਗੁਰਦੁਆਰਾ ਬੈਡਫੋਰਡ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ, ਸੈਕਰਾਮੈਂਟੋ, ਕੈਲੀਫੋਰਨੀਆ, ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ, ਸਰੀ ਕੈਨੇਡਾ, ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ ਕੈਨੇਡਾ, ਗੁਰਦੁਆਰਾ ਸਾਹਿਬ ਦੁਖ ਨਿਵਾਰਨ, ਸਰੀ ਕੈਨੇਡਾ, ਗੁਰਦੁਆਰਾ ਖਾਲਸਾ ਦਰਬਾਰ, ਵੈਨਕੂਵਰ ਕੈਨੇਡਾ, ਗੁਰਦੁਆਰਾ ਨਿਊ ਸੁਖਨਗਰ, ਵੈਸਟ ਕੈਨੇਡਾ ਗੁਰਦੁਆਰਾ ਕਲਗੀਧਰ ਦਰਬਾਰ, ਐਬਟਸਫੋਰਡ ਕੈਨੇਡਾ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਐਬਟਸਫੋਰਡ ਕੈਨੇਡਾ, ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ, ਟੋਰਾਂਟੋ ਕੈਨੇਡਾ, ਸਿੱਖ ਸਪਿਰਿਚੁਅਲ ਸੈਂਟਰ, ਰੈਕਸਡੇਲ ਕੈਨੇਡਾ, ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, ਬਰੈਂਪਟਨ ਕੈਨੇਡਾ, ਗੁਰਦੁਆਰਾ ਸਿੱਖ ਸੰਗਤ, ਗੁਰੂ ਸਿੰਘ ਕੈਨੇਡਾ, ਸ੍ਰੀ ਗੁਰੂ ਨਾਨਕ ਦੇਵ ਜੀ ਸਭਾ ਮਾਲਟਨ, ਮਿਸੀਸਾਗਾ ਕੈਨੇਡਾ, ਗੁਰੂ ਨਾਨਕ ਮਿਸ਼ਨ ਸੈਂਟਰ, ਬਰੈਂਪਟਨ ਕੈਨੇਡਾ ਗਲੇਨਵੁੱਡ ਗੁਰਦੁਆਰਾ ਸਾਹਿਬ ਸਿਡਨੀ, ਆਸਟ੍ਰੇਲੀਆ ਦਾ ਸਿੱਖ ਗ੍ਰਾਮਰ ਸਕੂਲ ਸਿਡਨ, ਟਾਲਾਵੌਂਗ ਰੋਡ ਰੌਸ ਹਿੱਲ।

## ਮਾਮਲਾ ਸੰਤੋਖ ਸਿੰਘ...

ਸੰਤੋਖ ਸਿੰਘ ਦਾ ਪਰਿਵਾਰ 8-10 ਦਿਨ ਲਗਾਤਾਰ ਥਾਣੇ ਜਾਂਦਾ ਰਿਹਾ ਅਤੇ ਪੁਲਿਸ ਵਲੋਂ ਪਰਿਵਾਰ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਜਾਂਦਾ ਸੀ ਕਿ ਉਸ ਨੂੰ ਪੁੱਛਗਿੱਛ ਤੋਂ ਬਾਅਦ ਜਲਦ ਛੱਡ ਦਿੱਤਾ ਜਾਵੇਗਾ।ਪਰਿਵਾਰ ਵਲੋਂ ਹਾਈਕੋਰਟ ਦਾ ਦਰਵਾਜਾ ਖੜਕਾਇਆ ਗਿਆ । ਹਾਈਕੋਰਟ ਵਲੋਂ 23 ਫਰਵਰੀ 1998 ਨੂੰ ਉਕਤ ਕੇਸ ਸੀ. ਬੀ. ਆਈ. ਨੂੰ ਰੈਫਰ ਕਰ ਦਿੱਤਾ ਗਿਆ । ਸੀ. ਬੀ. ਆਈ. ਵਲੋਂ ਆਪਣੀ ਜਾਂਚ ਤੋਂ ਬਾਅਦ ਇੰਸਪੈਕਟਰ ਮੇਜਰ ਸਿੰਘ ਖ਼ਿਲਾਫ਼ 28 ਅਗਸਤ 1998 ਨੂੰ ਕੇਸ ਦਰਜ ਕਰ ਲਿਆ ਗਿਆ ਅਤੇ ਇੰਸਪੈਕਟਰ ਮੇਜਰ ਸਿੰਘ ਖ਼ਿਲਾਫ਼ ਧਾਰਾ-364 ਅਤੇ 344 ਦੇ ਤਹਿਤ 21 ਅਪ੍ਰੈਲ 1999 ਨੂੰ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਗਈ।। ਉਧਰ ਮੇਜਰ ਸਿੰਘ ਵਲੋਂ ਉਕਤ ਮਾਮਲੇ 'ਚ ਸੁਪਰੀਮ ਕੋਰਟ ਵਿਚ ਰਿੱਟ ਪਟੀਸ਼ਨ ਦਾਇਰ ਕਰ ਦਿੱਤੀ ਗਈ ਅਤੇ ਕਰੀਬ 18 ਸਾਲ ਉਕਤ ਮਾਮਲਾ ਠੰਢੇ ਬਸਤੇ 'ਚ ਪਿਆ ਰਿਹਾ। ਪਿਛਲੇ ਸਾਲ ਹਾਈਕੋਰਟ ਵਲੋਂ 2 ਮਹੀਨਿਆਂ 'ਚ ਉਕਤ ਮਾਮਲੇ ਦਾ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਗਏ ਸਨ । ਇਸ ਮਾਮਲੇ ਵਿਚ ਸੰਤੋਖ ਸਿੰਘ ਦੀ ਮਾਤਾ ਸਵਰਨ ਕੌਰ ਵਲੋਂ ਮੁਆਵਜੇ ਲਈ ਅਦਾਲਤ 'ਚ ਅਪੀਲ ਦਾਇਰ ਕੀਤੀ ਗਈ, ਪਰ ਸੀ. ਬੀ. ਆਈ. ਅਦਾਲਤ ਵਲੋਂ ਮੁਆਵਜੇ ਸਬੰਧੀ ਕੇਸ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਭੇਜ ਦਿੱਤਾ ਗਿਆ।

ਸੰਤੋਖ ਸਿੰਘ ਦੇ ਦੂਜੇ ਭਰਾ ਗੁਰਭੇਜ ਸਿੰਘ ਦੀ ਮੁਕਾਬਲੇ 'ਚ ਹੋ ਚੁੱਕੀ ਹੈ ਮੌਤ ਸੰਤੋਖ ਸਿੰਘ ਦੀ ਮਾਤਾ ਸਵਰਨ ਕੌਰ ਦਾ ਕਹਿਣਾ ਹੈ ਕਿ ਉਸ ਦੇ 4 ਲੜਕੇ ਅਤੇ ਇਕ ਲੜਕੀ ਹੈ । ਉਸ ਦੇ ਦੂਜੇ ਲੜਕੇ ਗੁਰਭੇਜ ਸਿੰਘ ਨੂੰ ਵੀ ਪੁਲਿਸ ਵਲੋਂ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ, ਜਦਕਿ ਤੀਜਾ ਲੜਕਾ ਹਰਭਜਨ ਸਿੰਘ ਫ਼ੌਜ ਵਿਚੋਂ ਸੇਵਾ-ਮੁਕਤ ਹੋ ਚੁੱਕਾ ਹੈ ਅਤੇ ਚੌਥਾ ਲੜਕਾ ਗੁਰਮੇਜ ਸਿੰਘ ਬਿਜਲੀ ਬੋਰਡ ਵਿਚ ਨੌਕਰੀ ਕਰ ਰਿਹਾ ਹੈ।

# ਪੰਜਾਬੀ ਰਾਜਸੀ ਵਾਗਡੋਰ ਉਨਾਂ ਨੇਤਾਵਾਂ ਦੇ ਹੱਥ ਸੌਂਪਣ ਜੋ ਪੰਜਾਬ ਦੇ ਮੁੱਦੇ ਹੱਲ ਕਰਨ

**ਡਾ. ਸੁਖਦੇਵ ਸਿੰਘ ਝੰਡ**

ਭਾਰਤ ਦੇ ਪੰਜ ਰਾਜਾਂ ਪੰਜਾਬ, ਉੱਤਰ-ਪ੍ਰਦੇਸ਼, ਉੱਤਰਾਖੰਡ, ਗੋਆ ਤੇ ਮਨੀਪੁਰ ਵਿੱਚ ਫ਼ਰਵਰੀ ਮਹੀਨੇ ਦੌਰਾਨ ਅਤੇ ਮਾਰਚ ਦੇ ਪਹਿਲੇ ਹਫ਼ਤੇ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਸਮੇਂ ਇਨਾਂ ਸਾਰੇ ਰਾਜਾਂ ਵਿੱਚ ਹੀ ਚੋਣ-ਸਰਗਰਮੀਆਂ ਸਿਖ਼ਰਾਂ 'ਤੇ ਹਨ ਪਰ ਪੰਜਾਬ ਅਤੇ ਉੱਤਰ-ਪ੍ਰਦੇਸ਼ ਵਿੱਚ ਇਨਾਂ ਦੀ ਖ਼ਾਸ ਹੀ ਸਰਗਰਮੀ ਵੇਖਣ ਵਿੱਚ ਆ ਰਹੀ ਹੈ, ਕਿਉਂਕਿ ਇਹ ਦੋਵੇਂ ਸੂਬੇ ਵਧੇਰੇ ਵਿਧਾਨ ਸਭਾ ਸੀਟਾਂ ਵਾਲੇ ਹਨ। ਭਾਰਤ ਦੇ ਸਭ ਤੋਂ ਵੱਧ 403 ਵਿਧਾਨ ਸਭਾ ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਅਖਿਲੇਸ਼ ਯਾਦਵ ਨੇ ਮੌਜੂਦਾ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਅਤੇ ਉਸ ਦੀ ਭਾਰਤੀ ਜਨਤਾ ਪਾਰਟੀ ਦੀ ਨੀਂਦਰ ਹਰਾਮ ਕੀਤੀ ਹੋਈ ਹੈ ਅਤੇ ਉੱਧਰ ਪੰਜਾਬ ਦੀਆਂ 117 ਸੀਟਾਂ ਉੱਪਰ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ 2017 ਦੀਆਂ ਚੋਣਾਂ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ ਆਮ ਆਦਮੀ ਪਾਰਟੀ ('ਆਪ') ਤੋਂ ਇਲਾਵਾ ਇਸ ਵਾਰ ਬੀਜੇਪੀ ਆਪਣੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰੇ ਹੋ ਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ਼ ਮਿਲ ਕੇ) ਚੋਣ ਲੜ ਰਹੀ ਹੈ। ਇਨਾਂ ਪਾਰਟੀਆਂ ਤੋਂ ਇਲਾਵਾ ਕਿਸਾਨ ਵੀ ਸਮਾਜ ਦੇ ਹੋਰ ਵਰਗਾਂ ਨੂੰ ਨਾਲ਼ ਲੈ ਕੇ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਪਹਿਲੀ ਵਾਰ ਚੋਣ ਮੈਦਾਨ ਵਿੱਚ ਕੁੱਦੇ ਹਨ। ਪੰਜਾਬ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਵਿਚਕਾਰ ਇਸ ਵੇਲੇ ਚੋਣਾਂ ਦਾ ਪੂਰਾ ਘਮਸਾਣ ਮੱਚਿਆ ਹੋਇਆ ਹੈ। ਬਾਕੀ ਰਹਿੰਦੇ ਤਿੰਨ ਸੂਬਿਆਂ ਉੱਤਰਾਖੰਡ, ਮਨੀਪੁਰ ਅਤੇ ਗੋਆ ਵਿੱਚ ਕ੍ਰਮਵਾਰ 70, 60 ਅਤੇ 40 ਸੀਟਾਂ ਹੀ ਹਨ। ਇੱਥੇ ਅਸੀਂ ਕੇਵਲ ਪੰਜਾਬ ਦੀ 2022 ਵਿਧਾਨ ਸਭਾ ਚੋਣ ਬਾਰੇ ਹੀ ਗੱਲ ਕਰਾਂਗੇ।

ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਦੀ ਗੱਲ ਕਰਨੀ ਜ਼ਰੂਰੀ ਬਣਦੀ ਹੈ ਜਿਸ ਵਿੱਚ ਪੰਜਾਬ ਦੇ ਮੁੱਦਿਆਂ ਨਾਲ਼ੋਂ ਇਸ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਦੀ ਦੌੜ ਸਭ ਤੋਂ ਅਹਿਮ ਮੁੱਦਾ ਬਣਿਆ ਹੋਇਆ ਹੈ। ਦਿੱਲੀ ਬੈਠੀ ਇਸਦੀ 'ਹਾਈ-ਕਮਾਂਡ' ਜੋ ਇਸ ਸਮੇਂ ਬਿਲਕੁਲ 'ਲੋਅ-ਕਮਾਂਡ' ਜਾਂ 'ਨੋ-ਕਮਾਂਡ' ਸਾਬਤ ਹੋ ਰਹੀ ਹੈ ਵੱਲੋਂ ਪੰਜਾਬ ਦੀਆਂ ਹਿੰਦੂ, ਸਿੱਖ ਤੇ ਦਲਿਤ ਵੋਟਾਂ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਮੌਜੂਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੌਜੂਦਾ ਮੁੱਖ-ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਦੇ ਤਿੰਨ ਚਿਹਰੇ ਐਲਾਨ ਦਿੱਤੇ ਗਏ ਹਨ। ਇਨਾਂ ਵਿੱਚੋਂ ਸੁਨੀਲ ਜਾਖੜ ਤਾਂ ਇਸ ਦੌੜ ਵਿੱਚੋਂ ਪਹਿਲਾਂ ਹੀ ਲਾਂਭੇ ਹੋ ਗਏ ਹਨ ਅਤੇ ਉਹ ਵਿਧਾਨ ਸਭਾ ਮੈਂਬਰ ਦੇ ਉਮੀਦਵਾਰ ਵੀ ਨਹੀਂ ਹਨ, ਪਰ ਮੌਜੂਦਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਮੁੱਖ ਮੰਤਰੀ ਵਿਚਕਾਰ ਇਸ ਮੰਤਵ ਲਈ 100 ਮੀਟਰ ਵਾਲੀ 'ਸਪਰਿੰਟ' ਲੱਗੀ ਹੋਈ ਹੈ। ਉਹ ਦੋਵੇਂ ਇੱਕ ਦੂਸਰੇ ਨੂੰ ਨੀਵਾਂ ਵਿਖਾ ਕੇ ਆਪਣੇ ਆਪ ਨੂੰ 'ਮੁੱਖ ਚਿਹਰਾ' ਪੇਸ਼ ਕਰਨ ਦੀ ਦੌੜ ਵਿੱਚ ਹਨ। ਨਵਜੋਤ ਸਿੱਧੂ ਆਪਣਾ 'ਪੰਜਾਬ ਮਾਡਲ' ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਉੱਪਰ ਬੜੇ ਜ਼ੋਰ-ਸ਼ੋਰ ਨਾਲ਼ ਪੇਸ਼ ਕਰ ਰਹੇ ਹਨ ਅਤੇ ਦੂਜੇ ਬੰਨੇ ਚਰਨਜੀਤ ਚੰਨੀ ਮੁੱਖ ਮੰਤਰੀ ਵਜੋਂ ਆਪਣੀ 111 ਦਿਨਾਂ ਦੀ 'ਕਾਰਗੁਜ਼ਾਰੀ' ਨੂੰ ਆਪਣੀ ਅਹਿਮ ਪ੍ਰਾਪਤੀ ਦਰਸਾ ਰਹੇ ਹਨ।

ਕਾਂਗਰਸ ਪਾਰਟੀ ਵੱਲੋਂ ਹੁਣ ਤੱਕ 86 ਵਿਧਾਨ ਸਭਾ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਗਏ ਹਨ ਅਤੇ ਬਾਕੀਆਂ ਉੱਪਰ ਅਜੇ ਰੇੜਕਾ ਚੱਲ ਰਿਹਾ ਹੈ। ਇਸ ਐਲਾਨ ਤੋਂ ਨਾਰਾਜ਼ ਹੋ ਕੇ ਇਸਦੇ ਕਈ ਮੰਤਰੀ ਤੇ ਵਿਧਾਇਕ ਦੂਸਰੀਆਂ ਰਾਜਨੀਤਕ ਪਾਰਟੀਆਂ ਵਿੱਚ ਜਾ ਚੁੱਕੇ ਹਨ ਜਿਨਾਂ ਦੇ ਵਿਸਥਾਰ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੈ। ਅਲਬੱਤਾ, ਇਸਦੇ ਕਪੂਰਥਲਾ ਸੀਟ ਤੋਂ ਐਲਾਨੇ ਗਏ ਉਮੀਦਵਾਰ ਰਾਣਾ ਗੁਰਜੀਤ ਸਿੰਘ ਆਪਣੇ ਪੁੱਤਰ ਇੰਦਰਬੀਰ ਰਾਣਾ ਨੂੰ ਸੁਲਤਾਨਪੁਰ ਲੋਧੀ ਤੋਂ ਸੀਟ ਨਾ ਦੇਣ ਕਾਰਨ ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਨੂੰ ਬਿਲਕੁਲ ਵਾਜਿਬ ਸਮਝ ਰਹੇ ਹਨ ਜਿਸਦਾ ਕਪੂਰਥਲਾ ਜ਼ਿਲੇ ਦੇ ਹੋਰ ਉਮੀਦਵਾਰਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਚੰਨੀ ਦੇ 'ਭਣੇਵੇਂ' (ਸਾਲੀ ਦੇ ਮੁੰਡੇ) ਭੁਪਿੰਦਰ ਸਿੰਘ ਹਨੀ ਦੇ ਘਰ 'ਤੇ ਪਏ ਈ.ਡੀ. ਦੇ ਛਾਪੇ ਨੇ ਉਨਾਂ ਦੀ ਆਪਣੀ ਅਤੇ ਕਾਂਗਰਸ ਦੀ ਸਥਿਤੀ ਹੋਰ ਵੀ ਖ਼ਰਾਬ ਕਰ ਦਿੱਤੀ ਹੈ। ਉੱਧਰ ਸਿੱਧੂ ਸਾਹਿਬ ਇਕੱਲੇ ਹੀ ਆਪਣੇ 'ਪੰਜਾਬ ਮਾਡਲ' ਦਾ ਰਾਗ਼ ਅਲਾਪ ਰਹੇ ਹਨ ਅਤੇ ਉਹ ਟੀਮ ਵਜੋਂ ਕਿਸੇ ਨੂੰ ਵੀ ਆਪਣੇ ਨਾਲ਼ ਲੈਣਾ ਮੁਨਾਸਬ ਨਹੀਂ ਸਮਝ ਰਹੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਿੱਧੂ ਸਾਹਿਬ ਦਾ ਇਹ 'ਪੰਜਾਬ ਮਾਡਲ' ਪੰਜਾਬ ਦੇ ਮੁੱਦਿਆਂ ਦੀ ਸਹੀ ਤਰਜਮਾਨੀ ਕਰਦਾ ਹੈ ਪਰ ਉਨਾਂ ਇਕੱਲੇ ਹੀ ਇਸ ਨੂੰ ਲੈ ਕੇ ਚੱਲਣਾ ਉਨਾਂ ਦੇ ਰਾਹ ਵਿੱਚ ਰੋੜਾ ਸਾਬਤ ਹੋ ਰਿਹਾ ਹੈ। ਇਹ ਸਭ ਕਹਿਣ ਤੋਂ ਭਾਵ ਹੈ ਕਿ ਪੰਜਾਬ ਦੀ ਕਾਂਗਰਸ ਪਾਰਟੀ ਵਿੱਚ ਇਸ ਸਮੇਂ 'ਸੱਭ ਅੱਛਾ' ਨਹੀਂ ਹੈ ਅਤੇ ਜੇਕਰ ਇਹ ਇੰਜ ਹੀ ਚੱਲਦਾ ਰਿਹਾ ਤਾਂ ਇਹ ਇਸ ਪਾਰਟੀ ਲਈ ਭਾਰੀ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

ਹੁਣ ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕੀਤੀ ਜਾਏ ਤਾਂ ਇਨਾਂ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰਾਂ ਦਾ ਸਭ ਤੋਂ ਪਹਿਲਾਂ ਐਲਾਨ ਕਰਨ ਵਾਲੀ ਅਤੇ ਆਪਣੀ ਚੋਣ-ਮੁਹਿੰਮ ਆਰੰਭ ਕਰਨ ਵਾਲੀ ਇਹ ਪਹਿਲੀ ਪਾਰਟੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਚੱਲ ਰਹੇ 'ਸੰਯੁਕਤ ਕਿਸਾਨ ਮੋਰਚੇ' ਦੌਰਾਨ ਹੀ ਇਸ ਨੇ ਆਪਣੀਆਂ ਚੋਣ-ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਨਾਂ ਦਾ ਉਦੋਂ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ। ਉਨਾਂ ਵੱਲੋਂ ਇਸ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫ਼ਲੇ ਨੂੰ ਕਈ ਥਾਂਵਾਂ 'ਤੇ ਘੇਰਿਆ ਗਿਆ ਸੀ ਅਤੇ ਇੱਕ ਜਗਾ ਤਾਂ ਕਿਸਾਨਾਂ ਵੱਲੋਂ ਉਨਾਂ ਦੇ ਉੱਪਰ ਜੁੱਤੀ ਸੁੱਟਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਚੱਲ ਰਹੇ ਇਸ ਰੌਲ਼ੇ-ਗੌਲ਼ੇ ਦੌਰਾਨ ਵੀ ਉਨਾਂ ਨੇ ਆਪਣੇ ਉਮੀਦਵਾਰ ਐਲਾਨਣੇ ਜਾਰੀ ਰੱਖੇ ਸਨ ਪਰ ਉਹ ਆਪਣੀ ਚੋਣ-ਮੁਹਿੰਮ ਨੂੰ ਬਹੁਤਾ ਵਧਾ ਨਹੀਂ ਸਕੇ ਸਨ।

ਇਸ ਦੌਰਾਨ ਹੀ ਉਨਾਂ ਦੇ ਅਤਿ-ਕਰੀਬੀ 'ਰਿਸ਼ਤੇਦਾਰ' (ਸਾਲੇ) ਬਿਕਰਮ ਸਿੰਘ ਮਜੀਠੀਆ ਦੇ ਵਿਰੁੱਧ ਅੱਠ ਸਾਲ ਪੁਰਾਣੇ ਦਰਜ ਹੋਏ ਨਸ਼ਾ-ਤਸਕਰੀ ਦੇ ਕੇਸ ਨੂੰ ਲੈ ਕੇ ਚਰਨਜੀਤ ਚੰਨੀ ਦੀ ਅਗਵਾਈ ਵਿੱਚ ਚੱਲ ਰਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਮੁੱਖ ਰੱਖਦਿਆਂ ਐੱਫ.ਆਈ.ਆਰ. ਦਰਜ ਕਰਵਾਈ ਗਈ ਜਿਸ ਉੱਪਰ ਐਕਸ਼ਨ ਲੈਣ ਲਈ ਸਰਕਾਰ ਵੱਲੋਂ ਬਣਾਈ ਗਈ 'ਸਿੱਟ' (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਕੀਤੀ ਜਾਣ ਵਾਲੀ ਕਾਰਵਾਈ ਤੋਂ ਡਰਦਿਆਂ ਮਜੀਠੀਆ ਸਾਹਿਬ 'ਰੂਪੋਸ਼' ਹੋ ਗਏ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਮਿਲੀ 'ਅਸਥਾਈ ਜ਼ਮਾਨਤ' (ਇੰਟਰਿਮ ਰੀਲੀਫ਼) ਤੋਂ ਬਾਅਦ ਹੀ ਪ੍ਰਗਟ ਹੋਏ। ਹੁਣ ਉਸੇ ਅਦਾਲਤ ਵੱਲੋਂ ਇਹ ਜ਼ਮਾਨਤ ਰੱਦ ਕਰਨ ਤੋਂ ਬਾਅਦ ਉਨਾਂ ਦੀਆਂ ਮੁਸ਼ਕਲਾਂ ਵਿੱਚ ਹੋਰ ਵਾਧਾ ਹੋਇਆ ਹੈ। ਕਿੱਥੇ ਤਾਂ ਉਨਾਂ ਬਾਰੇ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਨਵਜੋਤ ਸਿੰਘ ਸਿੱਧੂ ਦੇ ਵਿਰੁੱਧ ਚੋਣ ਲੜਨ ਦੀਆਂ ਗੱਲਾਂ ਚੱਲ ਰਹੀਆਂ ਸਨ ਅਤੇ ਕਿੱਥੇ ਹੁਣ ਉਨਾਂ ਲਈ ਆਪਣੇ ਮਜੀਠਾ ਚੋਣ-ਹਲਕੇ ਵਿੱਚ ਚੋਣ-ਪ੍ਰਚਾਰ ਕਰਨਾ ਵੀ ਮੁਸ਼ਕਲ ਹੋ ਜਾਵੇਗਾ। ਇਸ ਸਾਰੇ ਘਟਨਾ-ਕ੍ਰਮ ਨਾਲ਼ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਨਾਂ ਚੋਣਾਂ ਵਿੱਚ ਤਕੜਾ ਝਟਕਾ ਲੱਗਾ ਹੈ।

ਤੀਸਰੀ ਮੁੱਖ ਰਾਜਸੀ ਪਾਰਟੀ 'ਆਪ' ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਆਪਣੇ ਮੁੱਖ ਮੰਤਰੀ ਦਾ ਚਿਹਰਾ ਬੜੇ ਨਾਟਕੀ ਢੰਗ ਨਾਲ਼ ਪੇਸ਼ ਕੀਤਾ ਹੈ ਜਿਸਦੀ ਦੂਸਰੀਆਂ ਪਾਰਟੀਆਂ ਵੱਲੋਂ ਕਾਫ਼ੀ ਚਰਚਾ ਹੋ ਰਹੀ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਤਾਂ ਇਸ ਨੂੰ 'ਨਿਰੋਲ ਡਰਾਮਾ' ਕਰਾਰ ਦਿੱਤਾ ਹੈ। ਉਨਾਂ ਦਾ ਕਹਿਣਾ ਹੈ ਕਿ ਇੰਨੀਆਂ ਥੋੜੇ ਸਮੇਂ ਵਿੱਚ ਪ੍ਰਾਪਤ ਹੋਈਆਂ 22 ਲੱਖ ਫ਼ੋਨ-ਕਾਲਾਂ ਜਾਂ ਫ਼ੋਨ-ਸੁਨੇਹਿਆਂ ਦੇ ਭਾਰੀ ਡਾਟੇ ਨੂੰ ਪ੍ਰਾਸੈੱਸ ਕਰਨ ਲਈ ਘੱਟੋ-ਘੱਟ ਛੇ ਮਹੀਨੇ ਦਾ ਸਮਾਂ ਚਹੀਦਾ ਹੈ ਅਤੇ 'ਆਪ' ਵਾਲਿਆਂ ਦੇ 'ਸ਼ਾਤਰ ਦਿਮਾਗ਼ਾਂ ਤੇ ਕੰਪਿਊਟਰਾਂ' ਨੇ ਇਸ ਨੂੰ ਚਾਰ ਦਿਨਾਂ ਵਿੱਚ ਹੀ ਹੰਗਾਲ ਕੇ ਰੱਖ ਦਿੱਤਾ ਹੈ। ਉਨਾਂ ਦਾ ਇਹ ਵੀ ਕਹਿਣਾ ਹੈ ਕਿ ਇਹ 'ਖੇਡ' ਤਾਂ ਆਮ ਆਦਮੀ ਪਾਰਟੀ ਦੇ 'ਖਿਡਾਰੀਆਂ' ਵਿਚਕਾਰ ਹੀ ਸੀ ਅਤੇ ਇਸ ਵਿੱਚ ਸਿੱਧੂ ਕਿੱਥੋਂ ਆ ਗਿਆ ? ਉਨਾਂ ਨੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਇਨਾਂ ਸਵਾਲਾਂ ਦੇ ਜਵਾਬ ਦੇਣ ਲਈ ਵੀ ਕਿਹਾ ਹੈ।

ਕੁਝ ਵੀ ਹੋਵੇ, ਪਾਰਟੀ ਵੱਲੋਂ ਭਗਵੰਤ ਮਾਨ ਦਾ ਨਾਂ ਮੁੱਖ ਮੰਤਰੀ ਦੇ ਚਿਹਰੇ ਵਜੋਂ ਐਲਾਨੇ ਜਾਣ ਤੋਂ ਬਾਦ ਇਸਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪਿਛਲੇ ਦਿਨੀਂ ਹੋਏ ਜਾਂ ਕਈ ਏਜੰਸੀਆਂ ਵੱਲੋਂ ਕਰਵਾਏ ਗਏ 'ਪ੍ਰੀ-ਪੋਲ ਸਰਵਿਆਂ' ਵਿੱਚ ਵੀ ਆਮ ਆਦਮੀ ਪਾਰਟੀ ਦਾ ਨਾਂ ਹੋਰ ਸਿਆਸੀ ਪਾਰਟੀਆਂ ਤੋਂ ਉੱਪਰ ਹੋਣ ਕਾਰਨ ਵੀ ਇਸਦੇ ਵਰਕਰ ਭਾਰੀ ਉਤਸ਼ਾਹ ਵਿੱਚ ਹਨ ਅਤੇ ਉਹ ਪਾਰਟੀ ਉਮੀਦਵਾਰਾਂ ਦੇ ਲਈ ਚੋਣ-ਪ੍ਰਚਾਰ ਵਿੱਚ ਰੁੱਝ ਗਏ ਹਨ। ਇਸਦੇ ਨਾਲ਼ ਹੀ ਕਈ ਹੋਰਨਾਂ ਪਾਰਟੀਆਂ ਦੇ ਨੇਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਉਨਾਂ ਨੂੰ ਇਸ ਪਾਰਟੀ ਵੱਲੋਂ ਟਿਕਟਾਂ ਦੇ ਕੇ ਨਿਵਾਜਿਆ ਗਿਆ ਹੈ। ਇਸਦੇ ਨਾਲ਼ ਹੀ ਇਹ ਦੋਸ਼ ਵੀ ਲੱਗ ਰਿਹਾ ਹੈ ਕਿ ਉਨਾਂ ਨੇਤਾਵਾਂ ਕੋਲ਼ੋਂ ਭਾਰੀ ਰਕਮਾਂ ਵਸੂਲ ਕੇ ਉਨਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਅਤੇ ਇਸਦੇ ਰੋਸ ਵਜੋਂ ਕਈ ਪਾਰਟੀ ਨੇਤਾ ਅਤੇ ਵਰਕਰ ਦੂਸਰੀਆਂ ਰਾਜਸੀ ਪਾਰਟੀਆਂ ਵਿੱਚ ਸ਼ਾਮਲ ਹੋ ਗਏ ਹਨ। 'ਸੰਯੁਕਤ ਸਮਾਜ ਮੋਰਚਾ' (ਜਿਸਦਾ ਜ਼ਿਕਰ ਅੱਗੇ ਕੀਤਾ ਜਾਏਗਾ) ਦੇ ਪ੍ਰਮੁੱਖ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਵੀ ਬੀਤੇ ਦਿਨੀਂ ਇਸ ਸੰਬੰਧੀ ਇੱਕ ਬਿਆਨ ਆਇਆ ਸੀ। ਕਿਸਾਨਾਂ ਤੇ ਹੋਰ ਵਰਗਾਂ ਦਾ ਇਹ ਸਾਂਝਾ ਮੋਰਚਾ 'ਆਪ' ਦੇ ਚੱਲਦੇ 'ਚੋਣ-ਰੱਥ' ਦੇ ਰਸਤੇ ਵਿੱਚ ਰੁਕਾਵਟਾਂ ਖੜੀਆਂ ਜ਼ਰੂਰ ਕਰੇਗਾ, ਕਿਉਂਕਿ ਇਹ ਦੋਵੇਂ ਹੀ ਸਥਾਪਤੀ-ਵਿਰੋਧੀ ਵੋਟਾਂ ਉੱਪਰ ਆਪਣੀ ਭਾਰੀ ਟੇਕ ਰੱਖ ਰਹੇ ਹਨ।

ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਜੋ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਨਾਲ਼ ਮਿਲ ਕੇ ਪੰਜਾਬ ਵਿੱਚ ਚੋਣਾਂ ਲੜਦੀ ਸੀ, ਹੁਣ ਇਸ ਤੋਂ ਵੱਖ ਹੋ ਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ 'ਪੰਜਾਬ ਲੋਕ ਕਾਂਗਰਸ ਅਤੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦੇ 'ਸੰਯੁਕਤ ਅਕਾਲੀ ਦਲ' ਨਾਲ਼ ਮਿਲ ਕੇ ਇਹ ਚੋਣ ਲੜ ਰਹੀ ਹੈ। ਇਹ 'ਤਿਕੜੀ' ਆਪਣੇ ਇਸ ਸਾਂਝੇ ਯਤਨ ਵਿੱਚ ਕਿੰਨੀ ਕੁ ਕਾਮਯਾਬ ਹੁੰਦੀ ਹੈ, ਇਹ ਤਾਂ 10 ਮਾਰਚ ਨੂੰ ਹੀ ਪਤਾ ਲੱਗੇਗਾ। ਅਲਬੱਤਾ, ਇਸਦੇ ਵੱਲੋਂ ੫ ਜਨਵਰੀ ਨੂੰ ਫ਼ਿਰੋਜ਼ਪੁਰ ਵਿੱਚ ਰੱਖੀ ਗਈ 'ਭਾਰੀ ਰੈਲੀ' ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸੰਬੋਧਨ ਕਰਨਾ ਸੀ, ਮੀਂਹ-ਕਣੀ ਵਾਲੇ ਮੌਸਮ ਜਾਂ ਕਿਸੇ ਹੋਰ ਕਾਰਨ 'ਖ਼ਾਲੀ ਕੁਰਸੀਆਂ ਵਾਲੀ ਰੈਲੀ' ਸਾਬਤ ਹੋ ਜਾਣ ਕਰਕੇ ਇਸਦੇ ਸਿਤਾਰੇ ਕੁਝ ਮੱਧਮ ਹੀ ਵਿਖਾਈ ਦਿੰਦੇ ਹਨ। ਪੰਜਾਬ ਦੇ ਕਿਸਾਨਾਂ ਵਿੱਚ ਬੀ.ਜੇ.ਪੀ. ਦੇ ਵਿਰੁੱਧ ਅਜੇ ਵੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ 19 ਨਵੰਬਰ 2021 ਨੂੰ ਕੀਤੇ ਗਏ ਐਲਾਨ ਅਤੇ ਉਸ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਪ੍ਰਾਪਤ ਹੋਈ ਚਿੱਠੀ ਜਿਸ ਵਿੱਚ ਤਿੰਨੇ ਕਾਲ਼ੇ ਕਾਨੂੰਨ ਰੱਦ ਹੋਣ ਦੇ ਨਾਲ਼-ਨਾਲ਼ ਉਨਾਂ ਦੀਆਂ ਹੋਰ ਮੰਗਾਂ, ਜਿਵੇਂ ਐੱਮ.ਐੱਸ.ਪੀ. ਲਈ ਕਮੇਟੀ ਦਾ ਗਠਨ ਕਰਨਾ, ਕਿਸਾਨਾਂ ਦੇ ਵਿਰੁੱਧ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਰੱਦ ਕਰਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ, ਜਿਸਦਾ ਪੁੱਤਰ ਅਸ਼ੀਸ਼ ਮਿਸ਼ਰਾ ਦਾ ਲਖੀਮਪੁਰ ਖੀਰੀ ਕਤਲ ਕਾਂਡ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੋਣਾ ਸਾਬਤ ਹੋ ਚੁੱਕਾ ਹੈ, ਨੂੰ ਕੇਂਦਰੀ ਮੰਤਰੀ-ਮੰਡਲ ਵਿੱਚੋਂ ਬਾਹਰ ਕੱਢਣਾ ਸ਼ਾਮਲ ਹਨ, ਅਜੇ ਤੱਕ ਕੇਂਦਰ ਸਰਕਾਰ ਵੱਲੋਂ ਨਹੀਂ ਮੰਨੀਆਂ ਗਈਆਂ ਅਤੇ ਉਹ ਇਸਦੇ ਵਿਰੋਧ ਵਿੱਚ 31 ਜਨਵਰੀ ਨੂੰ 'ਵਾਅਦਾਖਿਲ਼ਾਫ਼ੀ-ਦਿਵਸ' ਮਨਾਉਣ ਜਾ ਰਹੇ ਹਨ। ਇਸ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਦੀਆਂ ਪਾਰਟੀਆਂ ਦਾ ਬੀ.ਜੇ.ਪੀ. ਨਾਲ਼ ਗਠਜੋੜ ਵੀ ਬਹੁਤ ਲੋਕਾਂ ਨੂੰ ਪਸੰਦ ਨਹੀਂ ਹੈ ਜਿਸ ਵਿੱਚ ਉਨਾਂ ਨੂੰ ਦੋਹਾਂ ਨੂੰ ਕ੍ਰਮਵਾਰ 35 ਅਤੇ 17 ਸੀਟਾਂ ਦਿੱਤੀਆਂ ਗਈਆਂ ਹਨ ਅਤੇ ਵਡੇਰਾ ਹਿੱਸਾ ੬੫ ਬੀ.ਜੇ.ਪੀ. ਵੱਲੋਂ ਆਪਣੇ ਕੋਲ਼ ਰੱਖੀਆਂ ਗਈਆਂ ਹਨ। ਇਨਾਂ ਵਿੱਚੋਂ ਕੁਝ ਕੁ (5-6) ਬੈਂਸ ਭਰਾਵਾਂ ਦੀ 'ਲੋਕ ਇਨਸਾਫ਼ ਪਾਰਟੀ' ਨੂੰ ਦੇਣ ਦਾ ਲਾਰਾ ਵੀ ਲਾਇਆ ਗਿਆ ਸੀ ਪਰ ਉਨਾਂ ਵੱਲੋਂ ਵਧੇਰੇ ਸੀਟਾਂ ਦੀ ਮੰਗ ਹੋਣ ਕਾਰਨ ਉਹ ਵੇਲੇ ਸਿਰ ਹੀ ਇਸ ਗੱਠਜੋੜ ਤੋਂ ਲਾਂਭੇ ਹੋ ਗਏ ਹਨ।

ਸਭ ਤੋਂ ਅਹਿਮ ਗੱਲ ਜੋ ਇਨਾਂ ਚੋਣਾਂ ਵਿੱਚ ਹੋ ਰਹੀ ਹੈ, ਉਹ ਹੈ ਕਿਸਾਨਾਂ ਵੱਲੋਂ ਆਪਣੀ ਸਿਆਸੀ ਜਥੇਬੰਦੀ 'ਸੰਯੁਕਤ ਸਮਾਜ ਮੋਰਚਾ' ਬਣਾ ਕੇ ਚੋਣ-ਮੈਦਾਨ ਵਿੱਚ ਆਉਣਾ। ਦਿੱਲੀ ਦੀਆਂ ਬਰੂਹਾਂ 'ਤੇ 'ਸੰਯੁਕਤ ਕਿਸਾਨ ਮੋਰਚਾ' ਜਿਸ ਵਿੱਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸ਼ਾਮਲ ਸਨ, ਵੱਲੋਂ ਸਾਲ ਤੋਂ ਉੱਪਰ ਚਲਾਏ ਗਏ ਕਿਸਾਨ ਅੰਦਲਨ ਦੀ ਭਾਰੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਉਨਾਂ ਵਿੱਚੋਂ 22 ਜਥੇਬੰਦੀਆਂ ਦੇ ਮੈਂਬਰਾਂ ਦੇ ਜ਼ੋਰ ਪਾਉਣ 'ਤੇ ਅਜੋਕੇ ਸਿਸਟਮ ਨੂੰ ਬਦਲਣ ਲਈ ਪੰਜਾਬ ਦੀ ਰਾਜਨੀਤੀ ਵਿੱਚ ਦਾਖ਼ਲ ਹੋਣ ਦਾ ਫ਼ੈਸਲਾ ਲਿਆ ਗਿਆ। ਭਾਵੇਂ ਬਾਕੀ ਦੀਆਂ 10 ਜਥੇਬੰਦੀਆਂ ਇਸਦੇ ਹੱਕ ਵਿੱਚ ਨਹੀਂ ਸਨ, ਪਰ ਉਨਾਂ ਵੱਲੋਂ ਵੀ ਇਸਦਾ ਬਹੁਤਾ ਵਿਰੋਧ ਨਹੀਂ ਕੀਤਾ ਗਿਆ। ਅਲਬੱਤਾ, ਉਨਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਉਨਾਂ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਵੋਟ ਪਾ ਸਕਦੇ ਹਨ। ਪਰ ਇਸ ਮੋਰਚੇ ਦੇ ਕਨਵੀਨਰ ਬਲਬੀਰ ਸਿੰਘ ਰਾਜੇਵਾਲ ਦਾ ਮੱਤ ਹੈ ਕਿ ਉਨਾਂ ਜਥੇਬੰਦੀਆਂ ਦੇ ਮੈਂਬਰ ਵੀ ਮੋਰਚੇ ਦੇ ਉਮੀਦਵਾਰਾਂ ਨੂੰ ਹੀ ਆਪਣੀਆਂ ਵੋਟਾਂ ਪਾਉਣਗੇ, ਕਿਉਂਕਿ ਉਹ ਬੀ.ਜੇ.ਪੀ. ਜਾਂ ਹੋਰ ਰਵਾਇਤੀ ਪਾਰਟੀਆਂ ਦੇ ਹੱਕ ਵਿੱਚ ਕਦੇ ਨਹੀਂ ਭੁਗਤ ਸਕਦੇ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਉਨਾਂ ਵਿੱਚੋਂ ਕੁਝ ਆਪਣੀ ਵੋਟ ਕਿਸੇ ਨੂੰ ਵੀ ਨਾ ਪਾਉਣ।

ਸੰਯੁਕਤ ਸਮਾਜ ਮੋਰਚਾ ਜੋ ਕਿਸਾਨਾਂ ਤੋਂ ਇਲਾਵਾ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ਼ ਲੈ ਕੇ ਚੱਲਣ ਦਾ ਦਾਅਵਾ ਕਰ ਰਿਹਾ ਹੈ, ਨੇ ਹੁਣ ਤੱਕ 100 ਦੇ ਲਗਭਗ ਸੀਟਾਂ ਉੱਪਰ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ ਅਤੇ ਉਨਾਂ ਦੀ ਸਹਿਯੋਗੀ ਪਾਰਟੀ ਹਰਿਆਣੇ ਦੇ ਲੀਡਰ ਗੁਰਨਾਮ ਸਿੰਘ ਚੰਡੂਨੀ ਨੇ ਵੀ 10 ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤਰਾਂ ਹੁਣ ਇਸ ਗੱਠਜੋੜ ਵੱਲੋਂ ਹੁਣ ਕੁਝ ਕੁ ਸੀਟਾਂ ਉੱਪਰ ਹੀ ਆਪਣੇ ਉਮੀਦਵਾਰ ਐਲਾਨਣੇ ਬਾਕੀ ਹਨ। ਚੋਣ ਕਮਿਸ਼ਨ ਵੱਲੋਂ ਇਸ ਮੋਰਚੇ ਵੱਲੋਂ ਰਜਿਸਟ੍ਰੇਸ਼ਨ ਲਈ ਦਿੱਤੀ ਗਈ ਅਰਜ਼ੀ ਵਿੱਚ ਕੁਝ ਇਤਰਾਜ਼ ਲਗਾਏ ਗਏ ਹਨ ਜਿਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਇਹ ਦੂਰ ਹੋ ਜਾਂਦੇ ਹਨ ਤਾਂ ਇਸ ਮੋਰਚੇ ਨੂੰ ਆਪਣਾ ਮਨ-ਭਾਉਂਦਾ ਚੋਣ-ਨਿਸ਼ਾਨ 'ਟਰੈਕਟਰ' ਵੀ ਮਿਲ ਸਕਦਾ ਹੈ ਪਰ ਚੰਡੂਨੀ ਸਾਹਿਬ ਦੀ ਪਾਰਟੀ ਦਾ ਚੋਣ-ਨਿਸ਼ਾਨ ਇਸਦੇ ਨਾਲੋਂ ਵੱਖਰਾ ਹੋਵੇਗਾ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਕਿਸਾਨਾਂ ਦੀਆਂ ਇਹ ਦੋਵੇਂ ਪਾਰਟੀਆਂ ਪਹਿਲੀ ਵਾਰ ਚੋਣ-ਮੈਦਾਨ ਵਿੱਚ ਆਈਆਂ ਹਨ ਅਤੇ ਇਨਾਂ ਨੂੰ ਚੋਣਾਂ ਲੜਨ ਦਾ ਤਜਰਬਾ ਨਹੀਂ ਹੈ। ਦੋਹਾਂ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ।

ਉੱਧਰ ਕੋਰੋਨਾ ਦੇ ਨਵੇਂ ਸਰੂਪ 'ਓਮੀਕਰੋਨ' ਦੀ ਆਮਦ ਨਾਲ਼ ਚੋਣ ਕਮਿਸ਼ਨ ਵੱਲੋਂ ਚੋਣ-ਰੈਲੀਆਂ ਉੱਪਰ 31 ਜਨਵਰੀ ਤੱਕ ਪਾਬੰਦੀ ਵਧਾ ਦਿੱਤੀ ਸੀ ਜਿਸ ਵਿੱਚ ਉਮੀਦਵਾਰ ਆਪਣੇ ਪ੍ਰਚਾਰ ਲਈ ਚਾਰ ਹੋਰ ਸਹਿਯੋਗੀਆਂ ਪੰਜ-ਪੰਜ ਦੇ ਗਰੁੱਪਾਂ ਨਾਲ਼ ਘਰੋ-ਘਰੀ ਵੋਟਾਂ ਕਹਿਣ ਲਈ ਜਾ ਸਕਦੇ ਸਨ। 25 ਜਨਵਰੀ ਤੋਂ ਨਾਮਜ਼ਦਗੀਆਂ ਭਰਨ ਲਈ ਵੀ ਉਮੀਦਵਾਰਾਂ ਨੂੰ ਕੇਵਲ ਦੋ ਗੱਡੀਆਂ ਉੱਪਰ ਹੀ ਆਪਣੇ ਸਹਿਯੋਗੀਆਂ ਨਾਲ਼ ਆਉਣ ਲਈ ਕਿਹਾ ਗਿਆ ਸੀ ਅਤੇ ਉਹ ਪਹਿਲੀਆਂ ਚੋਣਾਂ ਵਾਂਗ ਇਸ ਵਾਰ ਗੱਡੀਆਂ ਦੇ ਵੱਡੇ ਕਾਫ਼ਲੇ ਵਿੱਚ ਆ ਕੇ ਆਪਣਾ ਸ਼ਕਤੀ-ਪ੍ਰਦਰਸ਼ਨ ਨਹੀਂ ਕਰ ਸਕਦੇ। ਕੋਰੋਨਾ ਦੇ ਮੌਜੂਦਾ ਹਾਲਾਤ ਨੂੰ ਮੁੱਖ ਰੱਖਦਿਆਂ ਹੋ ਸਕਦਾ ਹੈ ਕਿ ਇਹ ਪਾਬੰਦੀਆਂ ਚੋਣਾਂ ਦੇ ਅਗਲੇ ਦਿਨਾਂ ਵਿੱਚ ਵੀ ਜਾਰੀ ਰਹਿਣ ਅਤੇ ਇਹ ਵੀ ਹੋ ਸਕਦਾ ਹੈ ਕਿ ਉਮੀਦਵਾਰਾਂ ਨੂੰ ਆਪਣੇ ਪ੍ਰਚਾਰ ਲਈ ਥੋੜੀ ਜਿਹੀ ਢਿੱਲ ਵੀ ਮਿਲ ਜਾਏ, ਜਿਸਦੀ ਬਹੁਤੀ ਉਮੀਦ ਨਹੀਂ ਹੈ।

ਇਸ ਤਰਾਂ ਅਸੀਂ ਵੇਖਦੇ ਹਾਂ ਕਿ ਇਨਾਂ ਅਸੈਂਬਲੀ ਚੋਣਾਂ ਵਿੱਚ ਪ੍ਰਸਥਿਤੀਆਂ ਪਹਿਲਾਂ ਨਾਲ਼ੋਂ ਬਿਲਕੁਲ ਵੱਖਰੀਆਂ ਹਨ। ਪਹਿਲਾਂ ਚੋਣ-ਮੁਕਾਬਲੇ ਦੋ ਪਾਰਟੀਆਂ ਵਿੱਚ ਸਿੱਧੇ ਜਾਂ ਫਿਰ ਵੱਧ ਤੋਂ ਵੱਧ ਤਿਕੋਣੇ ਹੁੰਦੇ ਸਨ ਪਰ ਇਸ ਵਾਰ ਇਹ ਪੰਜ-ਕੋਣੇ ਤਾਂ ਹਰੇਕ ਵਿਧਾਨ ਸਭਾ ਸੀਟ ਉੱਪਰ ਹੋਣਗੇ ਹੀ ਹੋਣਗੇ। ਲੁਧਿਆਣੇ ਵਰਗੇ ਸ਼ਹਿਰ ਅਤੇ ਹੋਰ ਕਈ ਥਾਂਵਾਂ 'ਤੇ ਜਿੱਥੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਵੀ ਚੋਣ ਲੜ ਰਹੀ ਹੈ, ਇਹ ਛੇ-ਕੋਣੇ ਵੀ ਹੋ ਸਕਦੇ ਹਨ। ਇਨਾਂ ਤੋਂ ਇਲਾਵਾ ਰਵਾਇਤੀ ਪਾਰਟੀਆਂ ਦੇ ਰੁੱਸੇ ਹੋਏ ਉਮੀਦਵਾਰ ਜੋ ਪਾਰਟੀ ਟਿਕਟਾਂ ਨਾ ਮਿਲਣ ਕਾਰਨ ਅਜ਼ਾਦ ਉਮੀਦਵਾਰਾਂ ਵਜੋਂ ਇਹ ਚੋਣ ਲੜ ਰਹੇ ਹਨ, ਇਸ ਚੋਣ ਨੂੰ ਹੋਰ ਬਹੁ-ਕੋਣੇ ਬਣਾ ਦੇਣਗੇ। ਇਸ ਲਈ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਹੈ ਕਿ ਉਹ ਇਸ ਵਾਰ ਬਹੁਤ ਸੋਚ ਸਮਝ ਕੇ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਹੀ, ਯੋਗ, ਇਮਾਨਦਾਰ ਅਤੇ ਮਿਹਨਤੀ ਉਮੀਦਵਾਰਾਂ ਨੂੰ ਵੋਟ ਪਾ ਕੇ ਉਨਾਂ ਨੂੰ ਅੱਗੇ ਲਿਆਉਣ ਅਤੇ ਪੰਜਾਬ ਦੀ ਰਾਜਸੀ ਵਾਗਡੋਰ ਉਨਾਂ ਨੇਤਾਵਾਂ ਦੇ ਹੱਥ ਸੌਂਪਣ ਜੋ ਪੰਜਾਬ ਦੇ ਮੁੱਦੇ ਹੱਲ ਕਰਨ ਦੇ ਸਮਰੱਥ ਹੋਣ।

# ਸੁਹਾਗਣ ਜਾਂ ਅਭਾਗਣ



**ਹਰਕੀਰਤ ਕੌਰ**
੯੭੭੯੧੧੮੦੬੬

ਤੇਰੇ ਕੋਲ਼ੋਂ ਸ਼ੀਟ ਤੇ ਹੇਠਾਂ ਹੋ ਕੇ ਨਹੀਂ ਬੈਠਾ ਜਾਂਦਾ ਕਿੱਡੀ ਸਿਰੀ ਕੱਢੀ ਬਾਹਰ। ਧੌਣ ਨੀਵੀਂ ਕਰਕੇ ਬਹਿ.... ਜੇਹੜੇ ਤੂੰ ਬੇਗਾਨੇ ਬੰਦੇ ਝਾਕਦੀ ਨਾ ਤੈਨੂੰ ਘਰ ਜਾ ਕੇ ਦੱਸਦਾਂ ਪਤਾ... ਕਿਵੇਂ ਬੈਠੀ ਦਾ ਮੋਟਰਸਾਈਕਲ ਤੇ। ਏਨਾਂ ਸੁਣਦੇ ਹੀ ਹਰਵੰਤ ਦਾ ਕਾਲਜਾ ਕੰਬਣ ਲੱਗ ਗਿਆ। ਉਹ ਕੁਝ ਬੋਲ ਨਾ ਸਕੀ। ਬਸ ਜਿੰਨਾ ਸੁੰਗੜ ਕੇ ਬੈਠ ਸਕਦੀ ਸੀ, ਬੈਠ ਗਈ, ਤੁਰਦੇ ਗਏ ਤਾਂ ਅੱਗੇ ਫਾਟਕ ਬੰਦ ਸੀ..... ਹਰਵੰਤ ਨੂੰ ਮੋਟਰਸਾਇਕਲ ਤੇ ਸੂੰਗੜ ਕੇ ਬੈਠੀ ਨੂੰ ਵੇਖ ਲਾਗੇ ਖਲੋਤੇ ਲੋਕ ਹੱਸਣ ਜਿਹਾ ਲੱਗੇ। ਹੱਸਦੇ ਵੀ ਕਿਉਂ ਨਾ ਉਹ ਬੈਠੀ ਹੀ ਏਦਾਂ ਸੀ ਕਿ ਵੇਖਣ ਵਾਲੇ ਦਾ ਆਪ ਮੁਹਾਰੇ ਹਾਸਾ ਨਿਕਲ ਜਾਵੇ।

ਗੁਲਜ਼ਾਰ ਸਿੰਘ ਨੇ ਆਸਾ ਪਾਸਾ ਭਾਂਪ ਲਿਆ, ਏਨੇ ਨੂੰ ਰੇਲਗੱਡੀ ਆਈ ਤੇ ਸਾਰਿਆਂ ਨੇ ਪਹਿਲਾਂ ਈ ਆਪਣੇ ਆਪਣੇ ਵਾਹਨਾਂ ਨੂੰ ਰੇਸ ਦੇਣੀ ਸ਼ੁਰੂ ਕਰ ਦਿੱਤੀ, ਫਾਟਕ ਖੁੱਲ ਗਿਆ, ਸਾਰੇ ਰਾਹੀ ਇੱਕ ਦੂਜੇ ਤੋਂ ਪਹਿਲਾਂ ਲੰਘਣ ਦੀ ਆੜ ਵਿੱਚ ਸਨ, ਚਲੋ ਫ਼ਾਟਕ ਪਾਰ ਕੀਤਾ ਤੇ ਸਾਰੇ ਆਪੋ-ਆਪਣੇ ਰਸਤੇ ਨੂੰ ਪੈ ਗਏ। ਪੱਧਰੇ ਰਸਤੇ ਤੇ ਪੈਂਦਿਆਂ ਹੀ ਗੁਲਜ਼ਾਰ ਸਿੰਘ ਕਹਿਣ ਲੱਗਾ, ਜਿਹੜਾ ਤੂੰ ਲੋਕਾਂ ਨਾਲ਼ ਮਸ਼ਕਰੀਆਂ ਵਿੱਚ ਹੱਸਦੀ ਏ ਨਾ, ਘਰ ਚੱਲ ਤੇਰੇ ਲੱਛਣ ਮੈਂ ਹਟਾਉਂਦਾ। ਘਰ ਪਹੁੰਚਦਿਆਂ ਹੀ ਉਸਨੇ ਤੂਤ ਦੀ ਛਮਕ ਫੜੀ ਤੇ ਉਸਦਾ ਸਾਰਾ ਪਿੰਡਾ ਆਲੂ ਵਾਂਗ ਛਿੱਲ ਦਿੱਤਾ।

ਹਰਵੰਤ ਇੱਕ ਬਹੁਤ ਭਲੀਮਾਣਸ ਜਨਾਨੀ ਸੀ, ਰੱਬ ਨੇ ਕਰਮਾਮਾਰੀ ਨੂੰ ਹੁਸਨ ਤਾਂ ਰੱਜ ਕੇ ਦਿੱਤਾ, ਪਰ ਹੁਸਨ ਹੰਢਾ ਸਕੇ ਉਹ ਕਿਸਮਤ ਦੇਣੀ, ਭੁੱਲ ਗਿਆ। ਉਸਦਾ ਰੰਗ ਚਿੱਟਾ ਦੁੱਧ ਸੀ, ਮਾਪਿਆਂ ਦੀ ਵੱਡੀ ਧੀ, ਹੱਥ ਲਾਇਆਂ ਵੀ ਮੈਲੀ ਹੁੰਦੀ ਸੀ। ਪਤਲਾ ਪਤੰਗ ਸਰੀਰ ਤੇ ਤਿੱਖੇ ਨੈਣ ਨਕਸ਼, ਏਨੀ ਸਨੁੱਖੀ ਕਿ ਕਿਸੇ ਦੇ ਮੱਥੇ ਨਾ ਲੱਗਦੀ, ਜਿਹੜਾ ਆਉਂਦਾ ਹੱਸ ਕੇ ਹਰਵੰਤ ਦੀ ਮਾਂ ਨੂੰ ਕਹਿ ਜਾਂਦਾ ਨੀ ਭੈਣਜੀ ਹਰਵੰਤ ਦਾ ਫ਼ਿਕਰ ਨਾ ਕਰਿਆ ਕਰ ਇਹਦੇ ਤੇ ਰੂਪ ਨੂੰ ਵੇਖ ਈ ਕੋਈ ਤਕੜਾ ਸਾਕ ਹੋ ਜਾਣਾ। ਲੋਕਾਂ ਦੀਆਂ ਗੱਲਾਂ ਸੁਣ ਹਰਵੰਤ ਦੀ ਮਾਂ ਵੀ ਖੁਸ਼ ਹੋ ਜਾਂਦੀ ਤੇ ਹਰਵੰਤ ਵੀ ਸੋਚਦੀ ਸ਼ਾਇਦ ਸੱਚੀ ਉਸ ਲਈ ਕੋਈ ਰਾਜਕੁਮਾਰ ਹੀ ਆਊ। ਹਰਵੰਤ ਦਾ ਘਰ ਬਾਰ ਏਨਾ ਖਾਸ ਤਾਂ ਨਹੀਂ ਸੀ , ਪਰ ਪਿਉ ਦੀ ਡੂਢ ਕੁ ਕਿੱਲਾ ਪੈਲੀ ਹੋਣ ਕਰਕੇ ਚੰਗਾ ਡੰਗ ਸਾਰੀ ਜਾਦੇਂ ਸਨ। ਬਾਰਵੀਂ ਤੋਂ ਬਾਅਦ ਹਰਵੰਤ ਪ੍ਰਾਈਵੇਟ ਬੀ. ਏ ਵੀ ਕਰੀ ਜਾਂਦੀ ਸੀ, ਆਪਣੀ ਪੜਾਈ ਦਾ ਖ਼ਰਚਾ ਉਹ ਟਿਊਸ਼ਨ ਪੜਾ ਕੇ ਕੱਢ ਲੈਂਦੀ, ਵਧੀਆ ਸਮਾਂ ਗੁਜ਼ਰ ਰਿਹਾ ਸੀ, ਅਚਾਨਕ ਹਰਵੰਤ ਦੇ ਪਿਤਾ ਦੀ ਸਿਹਤ ਬਹੁਤ ਖ਼ਰਾਬ ਹੋ ਗਈ, ਡਾਕਟਰਾਂ ਨੇ ਉਸਨੂੰ ਹਾਰਟ ਅਟੈਕ ਦੀ ਸ਼ਕਾਇਤ ਦੱਸੀ, ਹੁਣ ਘਰ ਦੇ ਖ਼ਰਚੇ ਦੇ ਨਾਲ਼ ਨਾਲ਼ ਪਿਉ ਦੀ ਬੀਮਾਰੀ ਦਾ ਖ਼ਰਚਾ ਵੀ ਸਿਰ ਆਣ ਪਿਆ। ਭਰਾ ਤੇ ਇੱਕ ਛੋਟੀ ਭੈਣ ਹਾਲੇ ਸਕੂਲ ਹੀ ਜਾਂਦੇ ਸਨ, ਘਰ ਵਿੱਚ ਕਾਫ਼ੀ ਤੰਗੀ ਆ ਗਈ, ਹਰਵੰਤ ਦਾ ਪਿਉ ਵੀ ਜਿਆਦਾ ਢਿੱਲਾ ਮੱਠਾ ਰਹਿਣ ਲੱਗਾ। ਜਿਹੜਾ ਵੀ ਭੈਣ-ਭਰਾ ਹਰਵੰਤ ਦੇ ਪਿਉ ਦਾ ਪਤਾ ਲੈਣ ਆਉਂਦਾ,ਇੱਕੋ ਸਲਾਹ ਦਿੰਦਾ, ਵੇਖ ਭਾਈ ਰੱਬ ਤੈਨੂੰ ਤੰਦਰੁਸਤੀ ਬਖ਼ਸ਼ੇ, ਪਰ ਸਵਾਸਾਂ ਦਾ ਤਾਂ ਘੜੀ ਦਾ ਨਹੀਂ ਪਤਾ, ਜਵਾਨ ਧੀ ਏ, ਕੋਈ ਘਰ ਲੱਭ ਤੇ ਹਰਵੰਤ ਦਾ ਭਾਰ ਹੌਲਾ ਕਰ, ਪੜੀ ਲਿਖੀ ਏ ਸੋਹਣੀ ਸਨੁੱਖੀ ਵੀ ਰੱਜ ਕੇ ਏ ਹੱਸ ਕੇ ਕਿਸੇ ਵੀ ਸਾਕ ਲੈ ਜਾਣਾ। ਹਰਵੰਤ ਦੇ ਮਾਂ ਬਾਪ ਨੇ ਆਪਸ ਵਿੱਚ ਸਲਾਹ ਕੀਤੀ ਤੇ ਰਿਸ਼ਤੇਦਾਰਾਂ ਨੂੰ ਹਰਵੰਤ ਲਈ ਰਿਸ਼ਤਾ ਲੱਭਣ ਲਈ ਕਿਹਾ। ਇੱਕ ਦੋ ਥਾਂ ਦੱਸ ਪਈ , ਪਰ ਕਿਸੇ ਨੂੰ ਜਚਿਆ ਨਹੀਂ, ਫਿਰ ਇੱਕ ਦਿਨ ਹਰਵੰਤ ਦੀ ਦੂਰ ਦੀ ਮਾਸੀ ਇੱਕ ਰਿਸ਼ਤਾ ਲੈ ਕੇ ਆਈ, ਮੰਡਾ ਦੁਬਈ ਰਹਿੰਦਾ ਸੀ, ਅੱਠ ਕਿੱਲੇ ਜ਼ਮੀਨ ਦੇ ਵੀ ਸੀ, ਮੁੰਡਾ ਵੀ ਕੱਲਾ-ਕੱਲਾ ਸੀ, ਘਰਦਿਆਂ ਨੂੰ ਘਰ-ਬਾਰ ਤਾਂ ਠੀਕ ਲੱਗਾ, ਸੋਚਿਆ ਮੁੰਡੇ ਨੂੰ ਵੀ ਝਾਤੀ ਮਾਰ ਲਈਏ, ਮੁੰਡਾ ਵੇਖਣ ਗਏ ਤਾਂ ਮੁੰਡਾ ਪੱਕੇ ਰੰਗ ਸੀ, ਕੋਈ ਬਾਹਲੀ ਫੱਬਤ ਵੀ ਨਹੀਂ ਸੀ, ਹਰਵੰਤ ਦੇ ਪਿਉ ਨੂੰ ਮੁੰਡਾ ਨਾ ਜਚਿਆ । ਜਦੋਂ ਘਰ ਆਕੇ ਸਲਾਹ ਕੀਤੀ ਤਾਂ ਵਿਚੋਲਣ ਕਹਿਣ ਲੱਗੀ 'ਅੱਠ ਕਿੱਲੇ ਮੂੰਹ ਨਾ ਆਖਣੇ.... ਕੋਈ ਮਖ਼ੌਲ ਥੋੜੀ ਆ.... ਰੰਗ ਨੂੰ ਕੀ ਕਰਨਾ..... ਕੁੜੀ ਸੁੱਖ ਭੋਗੂ। ਇਸ ਤਰਾਂ ਗੱਲਾਂ 'ਚ ਲਾ ਕੇ ਕੁੜੀ ਮੁੰਡੇ ਨੂੰ ਵਿਖਾਉਣ ਦਾ ਦਿਨ ਮਿੱਥਿਆ ਗਿਆ। ਜਦ ਹਰਵੰਤ ਨੇ ਪਹਿਲੀ ਵਾਰ ਗੁਲਜ਼ਾਰ ਨੂੰ ਵੇਖਿਆ ਤਾਂ ਵਿਆਹ ਨੂੰ ਲੈ ਕੇ ਸਜਾਏ ਸਾਰੇ ਸੁਪਨੇ ਬਿਖਰਦੇ ਜਿਹੇ ਨਜ਼ਰ ਆਏ। ਪਿਉ ਦੀ ਬੀਮਾਰੀ ਦੇ ਚੱਲਦਿਆਂ ਉਹ ਆਪਣੇ ਦਿਲ ਦੀ ਗੱਲ ਰੱਖ ਸਕੇ , ਉਸ ਲਈ ਦਿਲ ਨਹੀਂ ਸੀ ਮੰਨਦਾ। ਆਖ਼ਰਕਾਰ ਹਰਵੰਤ ਦਾ ਵਿਆਹ ਗੁਲਜ਼ਾਰ ਸਿੰਘ ਨਾਲ਼ ਹੋ ਗਿਆ। ਕੋਈ ਏਡਾ ਵੱਡਾ ਵਿਆਹ ਨਹੀਂ ਸੀ, ਹਰਵੰਤ ਦੇ ਪਿਉ ਨੇ ਬਸ ਡੰਗ ਈ ਸਾਰਿਆ ਸੀ। ਅੱਜ ਹਰਵੰਤ ਦੇ ਵਿਆਹ ਦੀ ਪਹਿਲੀ ਰਾਤ ਸੀ, ਗੁਲਜ਼ਾਰ ਸ਼ਰਾਬ ਨਾਲ਼ ਰੱਜਿਆ ਕਮਰੇ ਵਿੱਚ, ਸ਼ਰਾਬ ਦੀ ਬੋ ਨਾਲ਼ ਹਰਵੰਤ ਦਾ ਸਾਹ ਨਹੀਂ ਸੀ ਨਿੱਕਲ ਰਿਹਾ। ਔਖੇ-ਸੌਖੇ ਰਾਤ ਕੱਢੀ ਸਵੇਰੇ ਆਪਣਾ ਆਪ ਸਮੇਟਿਆ ਤੇ ਨਹਾ ਧੋ ਤਿਆਰ ਹੋ ਗਈ। ਅੱਜ ਦਾਜ ਦਾ ਵਖਾਲਾ ਪਾਉਣਾ ਸੀ, ਕੋਈ ਖ਼ਾਸ ਸੋਹਣਾ ਲੀੜਾ ਲੱਤਾ ਨਹੀਂ ਸੀ ਉਸ ਵਿੱਚ । ਹਰਵੰਤ ਦੀ ਸੱਸ ਮੂੰਹ ਨੱਕ ਜਿਹਾ ਮਰੋੜਦੀ ਕਹਿੰਦੀ, ਗੋਰਾ ਚੰਮ ਈ ਏ ਪੱਲੇ ਕਰਤੂਤ ਨਹੀਂ ਕੋਈ। ਹੋਰ ਬੁੜੀਆਂ ਵਿੱਚ ਹਰਵੰਤ ਦਾ ਮਜ਼ਾਕ ਜਿਹਾ ਬਣਾ , ਸੱਸ ਸਾਰਿਆਂ ਨੂੰ ਭਾਜੀ ਦੇਣ ਸਬਾਤ ਵੱਲ ਹੋ ਤੁਰੀ। ਹਰਵੰਤ ਨੇ ਏਦਾਂ ਦਾ ਵਿਵਹਾਰ ਕਦੇ ਨਹੀਂ ਸੀ ਵੇਖਿਆ, ਉਸਨੂੰ ਸਾਰੇ ਬਹੁਤ ਰੁੱਖੇ-ਰੁੱਖੇ ਲੱਗੇ । ਹਾਲੇ ਸੱਸ ਬੋਲ ਕੇ ਹਟੀ ਹੀ ਸੀ ਕਿ ਗੁਲਜ਼ਾਰ ਸਿੰਘ ਆ ਕੇ ਹਰਵੰਤ ਦੇ ਦੁਆਲੇ ਹੋ ਗਿਆ, ਅੱਠ ਕਿੱਲੇ ਆਉਂਦੇ ਮੈਨੂੰ ਇੱਕ ਕੜਾ ਵੀ ਨਾ ਸਰਿਆ ਫ਼ਕੀਰਾਂ ਕੋਲ਼ੋ। ਹਰਵੰਤ ਬੁੱਤ ਬਣੀ ਸਭ ਸੁਣੀ ਜਾ ਰਹੀ ਸੀ। ਅਗਲੇ ਦਿਨ ਹਰਵੰਤ ਨੇ ਫੇਰਾ ਪਾਉਣ ਜਾਣਾ ਸੀ। ਧੀਆਂ ਵਿਆਹ ਤੋਂ ਅਗਲੇ ਦਿਨ ਈ ਬਹੁਤ ਸਿਆਣੀਆਂ ਹੋ ਜਾਂਦੀਆਂ। ਹਰਵੰਤ ਨੇ ਵੀ ਸਾਰਾ ਕੁਝ ਢਿੱਡ ਵਿੱਚ ਪਾਇਆ ਤੇ ਹੱਸਦੀ-ਹੱਸਦੀ ਪੇਕੇ ਫੇਰਾ ਪਾ ਆਈ। ਮਾਂ ਨੇ ਸਹੁਰੇ ਘਰ ਬਾਰੇ ਪੁੱਛਿਆ ਤਾਂ ਹਰਵੰਤ ਨੇ ਸਿਫ਼ਤਾਂ ਕਰਨ ਵਿੱਚ ਕੋਈ ਕਸਰ ਨਾ ਛੱਡੀ। ਧੀ ਦੀਆਂ ਗੱਲਾਂ ਸੁਣ ਮਾਂ ਪਿਉ ਦੇ ਕਾਲਜੇ ਠੰਡ ਪੈ ਗਈ। ਹੁਣ ਹਰਵੰਤ ਵਾਪਿਸ ਆਪਣੇ ਸਹੁਰੇ ਘਰ ਆ ਗਈ । ਆਉਂਦਿਆਂ ਹੀ ਉਸਨੂੰ ਰਸੋਈ ਚਾੜ ਦਿੱਤਾ ਗਿਆ। ਸਾਰਾ ਦਿਨ ਘਰ ਦਾ ਕੰਮ ਕਰਦੀ ਹਰਵੰਤ ਆਪਣੀ ਕਿਸਮਤ ਨੂੰ ਰੋਂਦੀ, ਰਾਤ ਨੂੰ ਗੁਲਜ਼ਾਰ ਆਪਣੀ ਹਵਸ ਪੂਰੀ ਕਰਦਾ। ਸਾਲ ਦੇ ਅੰਦਰ-ਅੰਦਰ ਹੀ ਹਰਵੰਤ ਦਾ ਪਿਤਾ ਅਕਾਲ ਚਲਾਣਾ ਕਰ ਗਿਆ, ਹਰਵੰਤ ਤੇ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਗਿਆ ਹੋਵੇ। ਉਹ ਪਿਉ ਦੀ ਬੀਮਾਰੀ ਤੇ ਘਰ ਦੇ ਹਾਲਾਤ ਵੇਖਦਿਆਂ ਕਦੇ ਆਪਣੇ ਦਿਲ ਦੀ ਗੱਲ ਕਿਸੇ ਨੂੰ ਨਾ ਦੱਸਦੀ। ਆਪਣੀ ਹੱਡੀ ਹੰਢਾਉਂਦੀ ਉਹ ਦਿਨ ਪੂਰੇ ਕਰ ਰਹੀ ਸੀ। ਹਾਲੇ ਪਿਉ ਦਾ ਸੰਸਕਾਰ ਹੀ ਹੋਇਆ ਤੇ ਗੁਲਜ਼ਾਰ ਸਿੰਘ ਨੇ ਘਰ ਜਾਣ ਦੀ ਕਾਹਲੀ ਪਾ ਦਿੱਤੀ। ਉਹ ਹਰਵੰਤ ਨੂੰ ਵੀ ਨਾਲ਼ ਹੀ ਲੈਕੇ ਜਾਣ ਦੀ ਤਾਕ ਵਿੱਚ ਸੀ, ਪਰ ਲੋਕਾਂ ਦਾ ਭੈਅ ਰੱਖਦਾ ਕੁਝ ਕਹਿ ਨਾ ਸਕਿਆ । ਇੱਕ ਦੋ ਦਿਨ ਰੁਕਣ ਤੋਂ ਬਾਅਦ ਜਦੋਂ ਹਰਵੰਤ ਵਾਪਿਸ ਸਹੁਰੇ ਗਈ ਤਾਂ ਦੋਵੇਂ ਮਾਂ ਪੁੱਤਾਂ ਦੇ ਮੂੰਹ ਬਣੇ ਵੇਖ, ਹਰਵੰਤ ਸਮਝ ਗਈ ਕਿ ਉਹ ਇਸ ਨਾਲ਼ ਪੇਕੇ ਰਹਿਣ ਕਰਕੇ ਗੁੱਸੇ ਹਨ। ਗੁਲਜ਼ਾਰ ਨੇ ਹਰਵੰਤ ਨੂੰ ਆਉਂਦਿਆਂ ਬਾਹੋਂ ਫੜਿਆ ਤੇ ਧੂਹ ਕੇ ਕੰਧ ਨਾਲ਼ ਮਾਰਿਆ, ਹਰਵੰਤ ਦੀਆਂ ਚੀਕਾਂ ਲਾਗਲੇ ਗਲੀ ਗਵਾਂਢ ਵੀ ਸੁਣ ਗਈਆਂ,

ਗੁਲਜ਼ਾਰ ਨੂੰ ਵੇਖ ਹਰਵੰਤ ਦੇ ਸੀਨੇ ਤੇ ਭਾਬੜ ਮਚ ਰਹੇ ਸਨ, ਜਿਵੇਂ ਕਹਿ ਰਹੀ ਹੋਵੇ 'ਵੇ ਕਸਾਈਆ ਆਪਣੇ ਪਿਉ ਵਰਗੇ ਸਹੁਰੇ ਦਾ ਸਿਵਾ ਤਾਂ ਠੰਡਾ ਹੋ ਲੈਣ ਦੇ, ਤੂੰ ਇਹਨਾਂ ਕਰਮਾਂ ਦਾ ਫਲ ਕਿੱਥੇ ਦੇਵੇਂਗਾ'

ਹਰਵੰਤ ਰੂਪੋਂ-ਕਰੂਪ ਹੋ ਗਈ ਸੀ, ਤਰਾਂ-ਤਰਾਂ ਦੀਆਂ ਦੂਸ਼ਣ ਬਾਜੀਆਂ ਸਹਿੰਦੀ, ਮਾਰ ਕੁੱਟ ਜਰਦੀ ਹਰਵੰਤ ਨੇ ਇੱਕ ਧੀ ਨੂੰ ਜਨਮ ਦਿੱਤਾ, ਜਿਸ ਕਰਕੇ ਉਸ ਨਾਲ਼ ਹੋਰ ਵੀ ਬੁਰਾ ਵਿਵਹਾਰ ਹੋਣ ਲੱਗਾ। ਉਸ ਨੂੰ ਕੁਲਹਿਣੀ ਕਹਿ ਕੇ ਪੁਕਾਰਿਆ ਜਾਣ ਲੱਗਾ। ਇੱਕ ਦਿਨ ਏਦਾਂ ਦਾ ਵੀ ਆਇਆ ਕਿ ਗੁਲਜ਼ਾਰ ਨੇ ਸ਼ਰਾਬ ਦੇ ਨਸ਼ੇ ਵਿੱਚ ਆ ਕੇ ਆਪਣੀ ਨਿੱਕੀ ਜਿੰਨੀ ਜਵਾਕੜੀ ਨੂੰ ਮੰਜੇ ਤੋਂ ਥੱਲੇ ਭੁੰਆ ਕੇ ਮਾਰਿਆ, ਹਰਵੰਤ ਦੀ ਵੇਖਦੇ ਸਾਰ ਹੀ ਜਾਨ ਨਿਕਲ ਗਈ। ਹਰਵੰਤ ਨੂੰ ਗੁਲਜ਼ਾਰ ਇਨਸਾਨ ਨਹੀਂ ਹੈਵਾਨ ਲੱਗਦਾ ਸੀ। ਪਹਿਲਾਂ ਉਹ ਘਰੋਂ ਬਾਹਰ ਰਹਿ ਕੇ ਨਸ਼ਾ ਕਰਦਾ ਸੀ, ਪਰ ਹੁਣ ਉਹ ਆਪਣੇ ਸ਼ਰਾਬੀ ਯਾਰਾਂ ਨੂੰ ਘਰ ਲਿਆਉਣ ਲੱਗਾ, ਉਸਦੇ ਯਾਰ ਹਰਵੰਤ ਵੱਲ ਗੰਦੀ ਨਜ਼ਰ ਨਾਲ਼ ਵੇਖਦੇ। ਹਰਵੰਤ ਜਦੋਂ ਕਦੇ ਸਬਜ਼ੀ ਭਾਜੀ ਫੜਾਉਣ ਜਾਂਦੀ ਤਾਂ ਉਸਦੇ ਯਾਰ ਉਸਦੇ ਹੱਥਾਂ ਨਾਲ਼ ਛੇੜ-ਛਾੜ ਕਰ ਜਾਂਦੇ। ਹਰਵੰਤ ਏ ਸਭ ਸਹਿਣ ਨਹੀਂ ਸੀ ਕਰ ਪਾ ਰਹੀ, ਇੱਕ ਦਿਨ ਉਸਨੇ ਹਾਰ ਕੇ ਗੁਲਜ਼ਾਰ ਨੂੰ ਇਹ ਗੱਲ ਦੱਸ ਹੀ ਦਿੱਤੀ ਕਿ ਉਸਦੇ ਯਾਰ ਮੇਰੇ ਉੱਤੇ ਗੰਦੀ ਨਜ਼ਰ ਰੱਖਦੇ ਹਨ, ਫਿਰ ਕੀ ਸੀ ਗੁਲਜ਼ਾਰ ਤੇ ਉਸਦੀ ਮਾਂ ਨੂੰ ਤਾਂ ਇੱਕ ਨਵਾਂ ਬਹਾਨਾ ਮਿਲ ਗਿਆ ਸੀ ਹਰਵੰਤ ਨੂੰ ਤੰਗ ਕਰਨ ਦਾ, ਹੁਣ ਗੁਲਜ਼ਾਰ ਰੋਜ਼ ਲਾਹਣ ਡੱਫ਼ ਕੇ ਆਪਣੇ ਯਾਰਾਂ ਦੇ ਸਾਹਮਣੇ ਹਰਵੰਤ ਦੀ ਮਾਰ ਕੁਟਾਈ ਕਰਦਾ। ਹਰਵੰਤ ਦੀ ਕੁੜੀ ਪੰਜਾਂ ਛੇਆਂ ਸਾਲਾਂ ਦੀ ਹੋ ਚੁੱਕੀ ਸੀ, ਉਹ ਅੰਦਰ ਦਰਵਾਜ਼ੇ ਵਿੱਚ ਲੁਕ ਕੇ ਸਭ ਵੇਖਦੀ ਰਹਿੰਦੀ। ਇੱਕ ਦਿਨ ਹਰਵੰਤ ਦੀ ਸੱਸ ਗ਼ੁਸਲਖ਼ਾਨੇ ਵਿੱਚੋਂ ਤਿਲਕ ਕੇ ਡਿੱਗ ਗਈ ਤੇ ਉਸਦੀ ਪੱਟ ਕੋਲ਼ੋ ਲੱਤ ਟੁੱਟ ਗਈ ਇੱਕ ਡਿਸਕ ਵੀ ਹਿੱਲ ਗਈ, ਉਹ ਹੁਣ ਮੰਜੇ ਵੱਸ ਹੋ ਗਈ, ਪਰ ਰੱਬ ਦੀ ਮੂਰਤ ਹਰਵੰਤ ਨੇ ਉਸਦੀ ਬਹੁਤ ਸੇਵਾ ਕਰਦੀ, ਹੁਣ ਵਿੱਚੋਂ-ਵਿੱਚੋਂ ਸੱਸ ਨੂੰ ਆਪਣੇ ਕਰਮਾਂ ਤੇ ਪਛਚਾਤਾਪ ਹੋਣ ਲੱਗਾ, ਪਰ ਆਕੜ ਮਾਰੀ ਹਾਲੇ ਵੀ ਹਰਵੰਤ ਕੋਲ਼ੋਂ ਮੁਆਫ਼ੀ ਨਾ ਮੰਗਦੀ। ਮਾਂ ਦੀ ਦਿਨ ਰਾਤ ਸੇਵਾ ਕਰਦਾ ਵੇਖ ਵੀ ਗੁਲਜ਼ਾਰ ਦੇ ਵਿਵਹਾਰ ਵਿੱਚ ਰਤਾ ਫ਼ਰਕ ਨਾ ਪਿਆ। ਉਹ ਰੋਜ਼ ਆਉਂਦਾ ਤੇ ਹਰਵੰਤ ਦੇ ਹੱਡ ਸੇਕ ਫੇਰ ਈ ਰੋਟੀ ਖਾਂਦਾ। ਹਰਵੰਤ ਆਪਣੀ ਕਿਸਮਤ ਨੂੰ ਕੋਸਦੀ ਉਹਨਾਂ ਸੁੱਜੇ ਹੱਥਾਂ ਨਾਲ਼ ਈਰਖਾ ਪਿੰਡੇ ਨੂੰ ਸੇਕ ਦਿੰਦੀ। ਮਾਂ ਨੂੰ ਤੜਫਦਿਆਂ ਵੇਖ ਧੀ ਮਾਂ ਨੂੰ ਕਹਿ ਦਿੰਦੀ ਮਾਂ ਇਸ ਤੋਂ ਚੰਗਾ ਤੇ ਬਾਪੂ ਨਾ ਈ ਹੁੰਦਾ। ਏਨਾ ਸੁਣ ਹਰਵੰਤ ਧੀ ਨੂੰ ਫਿਰ ਕਹਿੰਦੀ ਨਾ ਪੁੱਤ ਤੇਰਾ ਬਾਪ ਏ ਮੈਂ ਉਸਦੀ ਸੁਹਾਗਣ ਆ। ਏਨਾ ਕਹਿ ਹਰਵੰਤ ਨੇ ਧੀ ਨੂੰ ਤਾਂ ਚੁੱਪ ਕਰਵਾ ਦਿੱਤਾ ਪਰ ਆਪ ਉਹ ਸਮਝ ਨਹੀਂ ਸੀ ਪਾ ਰਹੀ ਸੀ ਕਿ ਉਹ ਸੁਹਾਗਣ ਹੈ ਜਾਂ ਅਭਾਗਣ।

---

# ਸੁਪਨੇ 'ਚ ਪਿੰਡ ਦੀ ਦੁਪਹਿਰ

**ਹਰਪ੍ਰੀਤ ਬਰਾੜ ਸਿੱਧੂ**

ਜੇਠ ਦੀ ਪਿੰਡਾ ਲੂਹ ਲੈਣ ਵਾਲੀ ਗਰਮੀ ਵਿੱਚ ਚੰਦਰੀ ਨੀਂਦ ਵੀ ਬਹੁਤੀ ਸੋਹਣੀ ਆਉਂਦੀ ਆ। ਸਾਝਰੇ-ਸਾਝਰੇ ਕੰਮ ਨਿਬੇੜ, ਮੈਂ ਬਾਹਰਲੀ ਬੈਠਕ ਦਾ ਬੂਹਾ ਖੋਲ ਅੰਦਰ ਪੈ ਗਈ। ਬੱਤੀ ਤਾਂ ਅੱਜ ਫੇਰ ਗੁੱਲ ਸੀ, ਨਿੱਤ ਦਾ ਹੀ ਕੰਮ ਹੋ ਗਿਆ ਹੁਣ ਤਾਂ। ਸ਼ੁਕਰ ਆ ਹਵਾ ਸੋਹਣੀ ਚੱਲਦੀ ਪਈ ਸੀ ਤੇ ਸਾਹ ਸੌਖਾ ਆ ਰਿਹਾ। ਸੂਤੀ ਚੁੰਨੀ ਨਾਲ਼ ਮੂੰਹ ਸਿਰ ਢੱਕ ਅਜੇ ਪਈ ਹੀ ਸੀ ਕਿ ਨੀਂਦ ਨੇ ਘੇਰਾ ਪਾ ਲਿਆ। ਥੋੜੀ ਚਿਰ ਬਾਅਦ ਹਵਾ ਵੀ ਰੁਕ ਗਈ। ਮੈਂ ਵੀ ਪਾਸਾ ਵੱਟ ਘੇਸਲ ਮਾਰ ਕੇ ਪਈ ਹੀ ਰਹੀ। ਸਾਰਾ ਸਰੀਰ ਮੁੜਕੋ-ਮੁੜਕੀ ਹੋਣ ਲੱਗਾ। ਫੇਰ ਕਿੱਧਰੋ ਇੱਕ ਬੁੱਲਾ ਆਇਆ ਤੇ ਸਾਰਾ ਸਰੀਰ ਠੰਡਾ ਠਾਰ ਕਰ ਦਿੱਤਾ। ਸੋਚਿਆ ਸ਼ਾਇਦ ਕਿਸੇ ਨੇਕ ਬੰਦੇ ਦੀ ਰੱਬ ਨੇ ਡਿਊਟੀ ਲਾ ਦਿੱਤੀ ਆ।

ਕੁਝ ਚਿਰ ਬਾਅਦ ਬਲਦਾਂ ਦੀਆਂ ਟੱਲੀਆਂ ਅਤੇ ਗੱਡੇ ਦੀ ਆਵਾਜ ਆਉਣ ਲੱਗੀ। ਮੈਂ ਮਨ ਹੀ ਮਨ ਸੋਚਿਆ ਕਿ ਬਿੰਦਰੀ ਹੋਊ, ਅੱਜ ਪੱਠਿਆਂ ਨੂੰ ਕੁਵੇਲਾ ਕਰ ਬੈਠਾ ਹੋਣਾ। ਤੇ ਫੇਰ ਬਿੰਦਰੀ ਤੇ ਤਾਈ ਪ੍ਰਸ਼ਿੰਨੀ ਦੇ ਉੱਚੀ-ਉੱਚੀ ਹੱਸਣ ਦੀਆਂ ਆਵਾਜਾਂ ਆਉਣ ਲੱਗੀਆਂ। ਤਾਈ ਵੀ ਕਿਹੜਾ ਕਦੇ ਟਿਕਦੀ ਆ ਤੇ ਨਾ ਕੁੜੀ ਨੂੰ ਟਿਕਣ ਦਿੰਦੀ ਆ। ਹੁਣ ਨਿੱਕੀ ਡੱਬੀ ਵਾਲੇ ਖੇਸ ਲਾਈ ਬੈਠੀਆਂ। ਤਾਈ ਜਦੋਂ ਨਾਲ਼ ਵਗਾਉਂਦੀ ਆ ਤਾਂ ਇੰਜ ਲੱਗਦਾ ਜਿਵੇਂ ਬੇੜੀ ਪਾਣੀ ਉੱਤੇ ਤਰ ਰਹੀ ਹੋਵੇ। ਬਿੰਦਰੀ ਤਾਂ ਲੱਗਾ ਤੁਰ ਗਿਆ ਸੀ ਪਰ ਤਾਈ ਦੀ ਖੱਡੀ ਦੀ ਚੱਕ-ਨੱਪ ਦੀ ਆਵਾਜ ਅਤੇ ਹੱਥੇ ਨਾਲ਼ ਬੰਨੇ ਘੁੰਗਰੂ, ਟਿਕੀ ਦੁਪਹਿਰ ਵਿੱਚ ਇੱਕ ਵੱਖਰਾ ਹੀ ਸੰਗੀਤ ਪੇਸ਼ ਕਰ ਰਹੇ ਸਨ।



ਹੁਣ ਕੁੱਤੇ ਪਤਾ ਨਹੀਂ ਕਿੱਥੋਂ ਟਊਂ-ਟਊਂ ਕਰਨ ਲੱਗ ਪਏ ਆ। ਜ਼ਰੂਰ ਕਿਸੇ ਅਣਜੱਕੇ ਜਵਾਕ ਨੇ ਰੋੜਾ ਮਾਰਿਆ ਹੋਊ। ਪਤਾ ਨਹੀਂ ਕੀ ਮਿਲਦਾ ਜਵਾਕਾਂ ਨੂੰ ਵੀ ਦਰਵੇਸ਼ਾ ਨੂੰ ਦੁਖੀ ਕਰ ਕੇ। ਫੇਰ ਕੁਝ ਚਿਰ ਬਾਅਦ ਭੌਂਕਦੇ ਭੌਂਕਦੇ ਕੁੱਤੇ ਚੁੱਪ ਕਰ ਗਏ। ਜ਼ਰੂਰ ਹੀ ਸੱਥ ਵਿੱਚ ਤਾਸ਼ ਖੇਡਦਾ ਬਾਬਾ ਰੋਡੂ ਉੱਠਿਆ ਹੋਊ। ਉਹਨੇ ਆਵਦੇ ਡੋਲੂ ਵਿੱਚੋਂ ਬੱਚੀ-ਖੁੱਚੀ ਲੱਸੀ ਪਾ ਦਿੱਤੀ ਹੋਊ। ਕੀ ਪਤਾ ਇੱਕ ਅੱਧੀ ਰੋਟੀ ਵੀ ਹੋਵੇ। ਬਾਬੇ ਦਾ ਵੀ ਪੱਕਾ ਨੇਮ ਆ, ਸਵੇਰੇ ਹੀ ਸੱਥ ਵਿੱਚ ਆ ਬੈਠਦਾ ਤੇ ਆਥਣੇ ਰੋਟੀ ਵੇਲੇ ਘਰੇ ਵੜਦਾ। ਹਰ ਸਵੇਰੇ ਵੱਡਾ ਡੋਲੂ ਲੱਸੀ ਦਾ ਤੇ ਰੋਟੀਆਂ ਦਰਵੇਸ਼ਾ ਲਈ ਲੈ ਕੇ ਤੁਰਦਾ। ਬਾਕੀ ਘਰੇ ਕਿਸੇ ਬੰਦੇ ਨੂੰ ਲੱਸੀ ਮਿਲੇ ਨਾ ਮਿਲੇ ਪਰ ਬਾਬਾ ਸੱਥ ਵਿੱਚ ਰੱਖੇ ਕੂੰਡਿਆਂ ਵਿੱਚ ਲੱਸੀ ਪਉਣੀ ਨੀ ਭੁੱਲਦਾ।

ਅਜੇ ਕੁੱਝ ਚਿਰ ਸ਼ਾਂਤੀ ਨਾਲ਼ ਅੱਖ ਲੱਗੀ ਹੀ ਸੀ ਕਿ ਮੇਲੋ ਤੇ ਬੰਤੀ ਦੇ ਲੜਣ ਦੀਆ ਆਵਾਜ਼ਾਂ ਕੰਨੀ ਪੈਣ ਲੱਗੀਆਂ। ਅੱਜ ਫੇਰ ਪਾਥੀਆਂ ਕਰਕੇ ਹੀ ਲੜੀਆਂ ਹੋਣਗੀਆਂ। ਇੱਕ ਦੂਜੇ ਦੀਆਂ ਪਾਥੀਆਂ ਤੇ ਦੋਵੇਂ ਦਾਅ ਲਾਉਣ ਤੋਂ ਬਾਜ ਨਹੀਂ ਆਉਂਦੀਆਂ, ਤਾਂਹੀ ਤਿੱਖੜ ਦੁਪਹਿਰੇ ਪੱਥਕਣ ਵਿੱਚ ਗੇੜੇ ਮਾਰਦੀਆਂ ਰਹਿੰਦੀਆਂ। ਕੋਈ ਪੁੱਛਣ ਵਾਲਾ ਹੋਵੇ ਕਿ ਏਵੇਂ ਕਿ ਘਰ ਜੋੜ ਲਓਂਗੀਆਂ। ਪਰ ਕੌਣ ਭੂੰਡਾਂ ਦੀ ਖੱਖਰ ਵਿੱਚ ਹੱਥ ਪਾਵੇ। ਚੱਲ ਮਨਾਂ ਉੱਠ ਹੀ ਖੜ ਅੱਜ ਨੀਂਦ ਨਹੀਂ ਤੇਰੇ ਕਰਮਾਂ ਵਿੱਚ। ਪਰ ਅੱਖਾਂ ਕਿੱਥੇ ਸਾਥ ਦਿੰਦੀਆਂ। ਪਤਾ ਨਹੀਂ ਕੀ ਘੂਕੀ ਚੜੀ ਆ ਕਿ ਖੁੱਲਦੀਆਂ ਹੀ ਨਹੀਂ।

ਅਜੇ ਉਹਨਾਂ ਦੇ ਲੜਣ ਦੀਆਂ ਆਵਾਜ਼ਾਂ ਮੱਧਮ ਵੀ ਨਹੀਂ ਹੋਈਆਂ ਸਨ ਕਿ ਇਹ ਮੇਰੇ ਸਿਰ ਕੋਲ ਪਤਾ ਨਹੀਂ ਕਿ ਟਣ-ਟਣ ਹੋਈ ਜਾਂਦੀ ਆ। ਪਾਸਾ ਪਰਤ ਕੇ ਸਾਰੀਆਂ ਆਵਾਜ਼ਾਂ ਦੱਬਣ ਦੀ ਕੋਸ਼ਿਸ਼ ਕੀਤੀ ਪਰ ਟਣ-ਟਣ ਤਾਂ ਬੰਦ ਹੋਣ ਦਾ ਨਾਮ ਹੀ ਨਹੀਂ ਲੈ ਰਹੀ। ਸੂਤ ਦਾ ਮੰਜਾ ਵੀ ਅੱਜ ਤਾਂ ਨਰਮ ਨਰਮ ਲੱਗੀ ਜਾਂਦਾ। ਆਖ਼ਰ ਹੱਥ ਮਾਰ ਕੇ ਟੋਲ਼ਣ ਲੱਗੀ ਕਿ ਇਹ ਕੀ ਸ਼ੈਅ ਆ, ਚੁੱਪ ਹੀ ਨਹੀਂ ਹੁੰਦੀ। ਹੱਥ ਵਿੱਚ ਮੋਬਾਇਲ ਆ ਗਿਆ। ਹੈਂਅ ਆਹ ਕੀ, ਨਾ ਤਾਂ ਪਿੰਡ ਸੀ ਨਾ ਬੈਠਕ, ਨਾ ਕੋਈ ਤਿੱਖੜ ਗਰਮੀ, ਨਾ ਬਿੰਦਰੀ ਨਾ ਤਾਈ ਤੇ ਨਾ ਹੀ ਕੋਈ ਆਵਾਜ਼। ਇਹ ਤਾਂ ਦੇਸ਼ ਵੀ ਨਹੀਂ ਦੂਰ ਪ੍ਰਦੇਸ ਹੈ ਤੇ ਮੈਂ ਹਾਂ, ਅੱਜ ਕੁਝ ਧੀਮੀ ਰਫ਼ਤਾਰ ਵਿੱਚ ਜਿਉਂ ਰਹੀ, ਹਫ਼ਤੇ ਦੇ ਆਖ਼ਰੀ ਦਿਨਾਂ ਦਾ ਅਨੰਦ ਲੈਂਦੀ ਹੋਈ।

ਇੰਜ ਜਾਪਿਆ ਜਿਵੇਂ ਮੇਰੀ ਰੂਹ ਪਿਛਲੀ ਸਦੀ ਵਿੱਚ ਗੇੜਾ ਮਾਰ ਆਈ। ਅਜਿਹੀ ਦੁਪਹਿਰ ਤਾਂ ਹੁਣ ਪਿੰਡਾਂ ਵਿੱਚ ਵੀ ਹੈ ਨਹੀਂ।

---

## ਕੋਰੜਾ ਛੰਦ

ਨਫ਼ਰਤ ਜ਼ਹਿਰਾਂ, ਸੀਨੇ ਵਿੱਚ ਰੱਖਦੇ।
ਮੁੱਖ ਉੱਤੇ ਹਾਸੇ, ਅੰਦਰੋਂ ਨੇ ਭੱਖਦੇ।
ਪੈਂਤਰੇ ਲੜਾਉਂਦੇ, ਨਿੱਤ ਨਵੀਂ ਚਾਲ ਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਕਰਦੇ ਨੇ ਪਾਪ, ਪਾਪੀ ਸਾਂਝੇ ਪਾਪ ਦੇ।
ਸੂਰਤਾਂ ਤੋਂ ਬੜੇ, ਬੀਬੇ ਰਾਣੇ ਜਾਪਦੇ।
ਰੱਖਦੇ ਨਕਾਬ, ਸੱਚਿਆਂ ਦੇ ਨਾਲ਼ ਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਹੱਡ ਬੀਤੀ ਮਿੱਤਰੋ, ਕਹਾਣੀ ਚੁਣਲੋ।
ਕਾਵਿ ਨਾਲ਼ ਜੁੜਦਾ, ਕੋਈ ਹਾਣੀ ਚੁਣਲੋ।
ਯਾਰ-ਯਾਰ ਕਹਿੰਦੇ, ਮਾੜੀ ਸੁਰ-ਤਾਲ ਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਝੂਠੀਆਂ ਦੀ ਝੂਠੀ, ਗੱਲ ਜਿੱਥੇ ਚੱਲਦੀ।
ਸੱਚਿਆਂ ਦੀ ਦਾਲ਼, ਨਹੀਂ ਓਥੇ ਗਲਦੀ।
ਮੌਕਾ ਵੇਖ ਬਾਜ਼ੀ, ਆਪਣੀ ਸੰਭਾਲਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਆਪਣੇ ਹੀ ਹੱਥ, ਹੁੰਦੀਆਂ ਨੇ ਇੱਜ਼ਤਾਂ।
ਰੱਖੀਏ ਨਾ ਮਾੜੀਆਂ, ਕਦੇ ਵੀ ਨਿਝਤਾਂ।
ਨਫ਼ਰਤਾਂ ਬੀਜਕੇ, ਪਿਆਰ ਭਾਲਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਚੰਗੇ ਕੰਮ ਕਰੋ, ਚੰਗਿਆਈ ਮਿਲਦੀ।
ਖ਼ੁਸ਼ੀ ਵਿੱਚ ਰੂਹ, ਫੁੱਲਾਂ ਵਾਂਗ ਖਿਲਦੀ।
ਫੱਸਦੇ ਨੇ ਆਪ ਹੀ, ਵਿਛਾਏ ਜਾਲ਼ ਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।
ਛੱਡ ਖਹਿੜਾ ਕੇਸਰਾ, ਕਿਓਂ ਮਨ ਫੂਕਦੈਂ।
ਆਪੇ ਓਹੀ ਭਰੂ, ਜਿਹੜਾ ਕੂੜ ਕੂਕਦੈ।
ਆਸਰੇ ਤੂੰ ਤੱਕ, ਸਦਾ ਹੀ ਦਿਆਲ ਦੇ।
ਈਰਖਾ ਦਵੈਤ, ਮਾੜੇ ਬੰਦੇ ਪਾਲਦੇ।

**ਸ਼ੇਰੂ ਕੇਸਰ**

# ਕਦੋਂ ਰੁਕੇਗੀ ਦਿੱਲੀ 'ਚ ਦਰਿੰਦਗੀ



**ਹਰਕੀਰਤ ਕੌਰ**
9779118066

ਦਿੱਲੀ ਭਾਰਤ ਦਾ ਦਿਲ, ਭਾਰਤ ਦੀ ਰਾਜਧਾਨੀ। ਇੱਕ ਅਜਿਹਾ ਸ਼ਹਿਰ ਜਿੱਥੇ ਭਾਰਤ ਦੇ ਕਾਨੂੰਨ ਦੇ ਸਭ ਤੋਂ ਵੱਡੇ ਅਦਾਰੇ ਹਨ। ਅਜਿਹੀ ਜਗਾ ਜਿੱਥੇ ਭਾਰਤ ਦੀ ਹਕੂਮਤ ਰਹਿੰਦੀ ਹੈ। ਇੱਕ ਅਜਿਹਾ ਸਥਾਨ ਜਿੱਥੇ ਦੇਸ਼ ਦੇ ਵੱਡੇ ਫ਼ੈਸਲੇ ਲਏ ਜਾਂਦੇ ਹਨ। ਦਿਨ ਰਾਤ ਚਹਿਲ-ਪਹਿਲ ਤੇ ਤਮਾਮ ਲੋਕਾਂ ਨਾਲ਼ ਖਚਾ-ਖਚ ਭਰਿਆ ਇਹ ਸ਼ਹਿਰ ਜਿੰਨਾ ਵੱਡਾ ਮਾਣ ਆਪਣੇ ਕੋਲ਼ ਰੱਖੀ ਬੈਠਾ ਹੈ, ਸਮਾਂ ਗਵਾਹ ਹੈ ਕਿ ਉਨੇ ਜਿਆਦਾ ਘਿਨੌਣੇ ਕੰਮ ਇਸ ਧਰਤੀ 'ਤੇ ਹੁੰਦੇ ਰਹੇ। ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਹੋਵੇ, ਚਾਹੇ ਚੁਰਾਸੀ ਦਾ ਖ਼ੂਨ-ਖ਼ਰਾਬਾ, ਚਾਹੇ ਔਰਤਾਂ ਦੀਆਂ ਇੱਜ਼ਤਾਂ ਲੀਰੋ-ਲੀਰ ਹੋਣੀਆਂ ਹੋਣ, ਮੌਤ, ਅਪਮਾਨ, ਸਰੀਰਕ, ਮਾਨਸਿਕ ਹਰ ਤਰਾਂ ਦਾ ਜ਼ੁਲਮ ਇਸ ਧਰਤੀ 'ਤੇ ਹੋਇਆ ਹੈ।

ਇੱਕ ਅਜਿਹਾ ਸ਼ਹਿਰ ਜਿੱਥੇ ਲੋਕ ਆਪਣੀਆਂ ਬੇਟੀਆਂ ਨੂੰ ਰਾਤ ਬਾਹਰ ਇੱਕਲਿਆਂ ਜਾਣ ਤੋਂ ਰੋਕਦੇ ਹਨ। ਇੱਕ ਅਜਿਹਾ ਸ਼ਹਿਰ ਜਿੱਥੇ ਔਰਤ ਬਿਲਕੁਲ ਵੀ ਮਹਿਫ਼ੂਜ਼ ਨਹੀਂ। ਇਹ ਸਾਡੇ ਦੇਸ਼ ਦੀ ਜਮੀਨੀ ਹਕੀਕਤ ਹੈ, ਅਸੀਂ ਕਿੰਨਾ ਵੀ ਕਹਿ ਲਈਏ ਕਿ ਭਾਰਤ ਨੇ ਬਹੁਤ ਤਰੱਕੀ ਕਰ ਲਈ ਪਰ ਸਭ ਫੋਕਾ ਦਿਖਾਵਾ। ਅੱਜ ਵੀ ਅਸੀਂ ਗ਼ੁਲਾਮ ਹਾਂ, ਸੌੜੀ ਸੋਚ ਤੇ ਕੁਚੱਜੀ ਵਿਚਾਰਧਾਰਾ ਦੇ ਚੱਲਦਿਆਂ ਨਿਰਭਿਆ ਵਰਗੀਆਂ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਅੱਜ ਤੱਕ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀਆਂ ਹਨ। ਹਵਸ ਦੇ ਭੁੱਖੇ ਲਾਲਚੀ ਭੇੜੀਏ ਕਿਸੇ ਵੀ ਰਾਹ ਜਾਂਦੀ ਧੀ ਦੀ ਜ਼ਿੰਦਗੀ ਨਾਲ਼ ਖਿਲਵਾੜ ਕਰ ਜਾਂਦੇ ਹਨ ਤੇ ਸਾਡਾ ਕਾਨੂੰਨ ਸਿਰਫ਼ ਮੂੰਹ ਚੁੱਕੀ ਵੇਖਦਾ ਰਹਿੰਦਾ ਹੈ। ਪਤਾ ਨਹੀਂ ਕਿੰਨੇ ਕੁ ਮਾਂ ਬਾਪ ਆਪਣੀਆਂ ਜਾਨੋ ਪਿਆਰੀਆਂ ਧੀਆਂ ਨੂੰ ਗਵਾ ਚੁੱਕੇ ਹਨ। ਇਸੇ ਤਰਾਂ ਇੱਕ ਤਾਜ਼ਾ ਮਸਲਾ 26 ਜਨਵਰੀ ਦੇ ਦਿਨ ਸਾਹਮਣੇ ਆਇਆ। ਜਿੱਥੇ ਪੂਰਾ ਦੇਸ਼ ਗਣਤੰਤਰ ਦਿਵਸ ਮਨਾ ਰਿਹਾ ਸੀ, ਉੱਥੇ ਦਿੱਲੀ ਦੀਆਂ ਗਲੀਆਂ ਵਿੱਚ ਇੱਕ ਕੁੜੀ ਦੀ ਇੱਜ਼ਤ ਤਾਰ-ਤਾਰ ਹੋ ਰਹੀ ਸੀ। ਮੈਨੂੰ ਲੱਗਦਾ ਕਿ ਇਸ ਤੋਂ ਵੱਡੀ ਤ੍ਰਾਸਦੀ ਸਾਡੇ ਦੇਸ਼ ਦੇ ਕਾਨੂੰਨ ਲਈ ਹੋਰ ਕੋਈ ਨਹੀਂ ਹੋ ਸਕਦੀ ਕਿ ਜਿਸ ਦਿਨ ਅਸੀਂ ਇਨਾਂ ਕਾਨੂੰਨਾਂ ਦੇ ਹੋਂਦ ਵਿੱਚ ਆਉਣ ਦਾ



ਜਸ਼ਨ ਮਨਾ ਰਹੇ ਸੀ, ਉਸੇ ਦਿਨ ਉਸੇ ਸ਼ਹਿਰ ਵਿੱਚ ਉਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸੀ। ਦਿੱਲੀ ਵਿੱਚ 20 ਸਾਲਾ ਇੱਕ ਕੁੜੀ ਨੂੰ ਅਗਵਾ ਕਰ ਕੇ ਪਹਿਲਾਂ ਸਮੂਹਕ ਜਬਰ ਜਿਨਾਹ ਕੀਤਾ ਗਿਆ ਅਤੇ ਫਿਰ ਉਸ ਨਾਲ਼ ਬਦਸਲੂਕੀ ਅਤੇ ਵਾਲ ਕੱਟ ਕੇ ਸੜਕਾਂ 'ਤੇ ਘੁਮਾਇਆ ਗਿਆ। ਇਸ ਦਾ ਇੱਕ ਸ਼ਰਮਨਾਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਕੁਝ ਔਰਤਾਂ ਵੀ ਦਿਖਾਈ ਦੇ ਰਹੀਆਂ ਹਨ।

ਇਸ ਮਸਲੇ ਵਿੱਚ ਇੱਕ ਔਰਤ ਉੱਪਰ ਇੱਕ ਨਹੀਂ ਬਲਕਿ ਪਤਾ ਨਹੀਂ ਕਿੰਨੇ ਕੁ ਜ਼ੁਲਮ ਢਾਹੇ ਗਏ। ਸਮੂਹਿਕ ਜਬਰ ਜਿਨਾਹ ਕੀਤਾ ਗਿਆ, ਮਾਰ ਕੁਟਾਈ ਕੀਤੀ ਗਈ, ਇੱਥੇ ਹੀ ਬਸ ਨਹੀਂ ਉਸਦੀ ਮਰਜ਼ੀ ਤੋਂ ਬਿਨਾਂ ਉਸ ਦੇ ਕੇਸ ਕਤਲ ਕੀਤੇ ਗਏ। ਕਈ ਅਜਿਹੀਆਂ ਹਰਕਤਾਂ ਕੀਤੀਆਂ ਗਈਆਂ ਜਿੰਨਾ ਸਾਹਮਣੇ ਇਨਸਾਨੀਅਤ ਸ਼ਰਮਸ਼ਾਰ ਹੋ ਜਾਂਦੀ, ਕਿਸ ਤਰਾਂ ਦਾ ਭਾਣਾ ਵਰਤਿਆ ਕਿ ਉਸ ਔਰਤ ਤੇ ਇਨਾ ਜ਼ੁਲਮ ਢਾਹ ਕੇ ਫਿਰ ਉਸਦਾ ਮੂੰਹ ਕਾਲਾ ਕਰ ਦੁਨੀਆਂ ਵਿੱਚ ਜਲੂਸ ਕੱਢਿਆ ਗਿਆ, ਜਿੱਥੇ ਇੱਕ ਪਾਸੇ ਦਿੱਲੀ ਵਿੱਚ ਪ੍ਰੇਡ ਹੋ ਰਹੀ ਹੋਵੇਗੀ, ਭਾਰਤ ਦੇ ਗੌਰਵ ਦੀਆਂ ਝਲਕੀਆਂ ਕੱਢੀਆਂ ਜਾ ਰਹੀਆਂ ਹੋਣਗੀਆਂ ਉੱਥੇ ਦੂਸਰੇ ਪਾਸੇ ਇੱਕ ਔਰਤ ਦੀ ਪਰੇਡ ਹੋ ਰਹੀ ਸੀ, ਜਿਸ ਨੂੰ ਦੁਨੀਆਂ ਸਾਹਮਣੇ ਅਪਮਾਨਿਤ ਕੀਤਾ ਜਾ ਰਿਹਾ ਸੀ।

ਇਸ ਤੋਂ ਇਲਾਵਾ ਸਾਡੇ ਸਮਾਜ ਦਾ ਇੱਕ ਹੋਰ ਚਿਹਰਾ ਸਾਨੂੰ ਵੇਖਣ ਨੂੰ ਮਿਲਿਆ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ। ਇਸ ਮਸਲੇ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਵਿੱਚ ਔਰਤਾਂ ਦੀ ਗਿਣਤੀ ਜਿਆਦਾ ਹੈ ਜੋ ਕਿ ਤਮਾਮ ਦੇਸ਼ ਦੁਨੀਆਂ ਦੇ ਔਰਤ ਜਗਤ ਨੂੰ ਸ਼ਰਮਿੰਦਾ ਕਰਦੀ ਹੈ। ਜੇਕਰ ਔਰਤ, ਔਰਤ ਦੇ ਹੱਕ ਵਿੱਚ ਭੁਗਤ ਜਾਵੇ ਤਾਂ ਔਰਤਾਂ ਉੱਪਰ ਹੋਣ ਵਾਲੇ ਬਹੁਤ ਸਾਰੇ ਜ਼ੁਲਮਾਂ ਨੂੰ ਠੱਲ ਪਾਈ ਜਾ ਸਕਦੀ ਹੈ, ਭਾਵੇਂ ਉਹ ਘਰੇਲੂ ਹੋਣ ਚਾਹੇ ਸਮਾਜਿਕ। ਦੂਸਰਾ ਪੱਖ ਜੋ ਇੱਥੇ ਵੇਖਣ ਨੂੰ ਮਿਲਿਆ ਕਿ ਉਸ ਲੜਕੀ ਦੇ ਬਿਨਾ ਮਰਜ਼ੀ ਤੋਂ ਕੇਸ ਕਤਲ ਗਏ, ਜੋ ਕਿ ਉਸਦੀ ਧਾਰਮਿਕ ਸੁਤੰਤਰ ਉੱਪਰ ਸੱਟ ਸੀ। ਇਹ ਇੱਕ ਅਜਿਹੀ ਘਟਨਾ ਹੈ ਜਿਸਨੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਨੂੰ ਝੰਜੋੜ ਦਿੱਤਾ। ਇਹ ਕੋਈ ਪਹਿਲੀ ਘਟਨਾ ਨਹੀਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਨਿੱਤ ਆਪਣੀ ਪੱਤ ਲੀਰੋ ਲੀਰ ਕਰਵਾਉਂਦੀਆਂ ਹਨ, ਹੈਰਾਨਗੀ ਦੀ ਗੱਲ ਵੇਖੋ ਇੱਕ ਔਰਤ ਉੱਪਰ ਜ਼ੁਲਮ ਕੀਤਾ ਜਾਂਦਾ, ਫਿਰ ਉਸਦਾ ਸਾਥ ਦੇਣ ਦੀ ਬਜਾਇ ਉਸਨੂੰ ਸਮਾਜ ਤੋਂ ਬਿਲਕੁਲ ਅਲੱਗ ਕਰ ਦਿੱਤਾ ਜਾਂਦਾ, ਉਸ ਵੱਲ ਇਸ ਨਜ਼ਰ ਨਾਲ਼ ਦੇਖਿਆ ਜਾਂਦਾ ਕਿ ਜੇਕਰ ਉਸ ਨਾਲ਼ ਬਲਾਤਕਾਰ ਹੋਇਆ ਤਾਂ ਉਸ ਵਿੱਚ ਵੀ ਉਸਦਾ ਕਸੂਰ ਹੈ। ਪਹਿਲਾਂ ਸਰੀਰਕ ਤਸ਼ਦੱਦ, ਫਿਰ ਮਾਨਸਿਕ ਤੇ ਹਾਲੇ ਅਸੀਂ ਆਪਣੇ ਦੇਸ਼ ਨੂੰ ਇੱਕ ਸੱਭਿਅਕ ਦੇਸ਼ ਕਹਿੰਦੇ ਹਾਂ।

ਇਹ ਸਵਾਲ ਹੈ ਤਮਾਮ ਉਨਾਂ ਕਾਨੂੰਨ ਦੇ ਰਖਵਾਲਿਆਂ ਲਈ ਕਿ ਕਿਉਂ ਉਹ ਅਸਫ਼ਲ ਰਹਿੰਦੇ ਨੇ ਇੱਕ ਨਿਰੋਆ ਸਮਾਜ ਸਿਰਜਣ ਵਿੱਚ। ਕਿਉਂ ਦਿੱਲੀ ਦੀ ਦਰਿੰਦਗੀ ਕਦੇ ਠੱਲਦੀ ਨਹੀਂ। ਕਿਉਂ ਮਨੁੱਖੀ ਅਧਿਕਾਰਾਂ ਦਾ ਪਤਨ ਸ਼ਰੇਆਮ ਹੁੰਦਾ ਹੈ ? ਕਿਉਂ ਇੱਕ ਔਰਤ ਕੋਲ਼ ਜਿਉਣ ਦਾ ਹੱਕ ਖੋਹ ਲਿਆ ਜਾਂਦਾ ਹੈ ਤੇ ਛੱਡ ਦਿੱਤਾ ਜਾਂਦਾ ਹੈ ਉਸਨੂੰ ਅਧਮੋਈ ਜ਼ਿੰਦਗੀ ਜਿਉਣ ਲਈ।

ਇਹ ਘਟਨਾ ਧਾਰਮਿਕ ਸਮਾਜਿਕ ਭਾਵਨਾਵਾਂ ਨੂੰ ਧੁਰ ਅੰਦਰ ਤੱਕ ਹਿਲਾਉਣ ਵਾਲੀ ਘਟਨਾ ਹੈ। ਜੇਕਰ ਸਮਾਜ ਤੇ ਧਰਮ ਦੇ ਸਿਰਮੌਰ ਆਗੂਆਂ ਨੇ ਇਸ ਮਸਲੇ ਬਾਰੇ ਸੰਜੀਦਗੀ ਨਾਲ਼ ਨਾ ਸੋਚਿਆ ਤਾਂ ਉਨਾਂ ਨੂੰ ਵੀ ਹੋਰਾਂ ਵਾਂਗ ਆਮ ਲੋਕਾਂ ਵਾਂਗ ਬੈਠ ਜਾਣਾ ਚਾਹੀਦਾ ਹੈ।

ਅਸੀਂ ਇਸ ਸਮਾਜ ਦਾ ਹਿੱਸਾ ਹਾਂ, ਤਮਾਸ਼ਬੀਨ ਨਾ ਬਣੀਏ ਦਿੱਲੀ ਵਿੱਚ ਲੱਗੀ ਅੱਗ ਦਾ ਸੇਕ ਅੱਜ ਤੱਕ ਸਾਡੇ ਹੱਡਾਂ ਨੂੰ ਲੂਸਦਾ ਹੈ, ਯਾਦ ਰੱਖਿਓ ਅੱਜ ਕਿਸੇ ਦੀ ਧੀ ਭੈਣ ਇਨਾਂ ਜ਼ੁਲਮਾਂ ਦੀ ਸ਼ਿਕਾਰ ਹੋਈ ਹੈ, ਕੱਲ ਨੂੰ ਪਤਾ ਨਹੀਂ ਕਿਸਦੀ ਵਾਰੀ ਆ ਜਾਵੇ। ਆਪਣੀ ਜ਼ਿੰਮੇਵਾਰੀ ਸਮਝੀਏ, ਸਰਕਾਰਾਂ ਨੂੰ, ਕਾਨੂੰਨ ਨੂੰ, ਸਮਾਜ ਨੂੰ, ਧਰਮਾਂ ਨੂੰ ਉਨਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਈਏ।

ਆਪਣੇ ਆਪ ਨੂੰ ਕਾਨੂੰਨ ਦੇ ਰਖਵਾਲੇ, ਲੋਕਾਂ ਦੇ ਸੇਵਕ ਕਹਿਣ ਵਾਲਿਆਂ ਨੂੰ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਉਹ ਦੇਸ਼ ਜਿਸਦੀ ਰਾਜਧਾਨੀ ਵਿੱਚ ਹੀ ਔਰਤਾਂ ਮਹਿਫ਼ੂਜ਼ ਨਹੀਂ ਕਿਵੇਂ ਇੱਕ ਚੰਗਾ ਲੋਕਤੰਤਰੀ ਦੇਸ਼ ਅਖਵਾ ਸਕਦਾ ਹੈ ? ਇਨਾਂ ਜ਼ੁਲਮਾਂ ਦੀ ਅੱਗ ਨੂੰ ਸਿਆਣਪ, ਸੁਚੱਜੀ ਅਗਵਾਈ ਰੂਪੀ ਪਾਣੀ ਪਾ ਬੁਝਾਇਆ ਜਾ ਸਕਦਾ ਹੈ ਨਹੀਂ ਤਾਂ ਇਹ ਸਵਾਲ ਹਮੇਸ਼ਾ ਮੂੰਹ ਅੱਡੀ ਖੜਾ ਜਵਾਬ ਮੰਗਦਾ ਰਹੇਗਾ ਕਿ ਆਖ਼ਰ ਕਦੋਂ ਰੁੱਕੇਗੀ ਦਿੱਲੀ ਵਿੱਚ ਦਰਿੰਦਗੀ ?



# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)


# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**